BIG BAZAAR
Grocery, Sweets & Catering
*Fresh Vegetables Every Thursday
*Book your catering now.
Baljinder S. Ben
Ph: 317-640-2400
Like our Facebook page: BigBazaarIndianGrocery

Mela
INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400

5425 E. Thompson Rd., Indianapolis IN 46237

You dont marry the person you can live with
You marry the person you can't live without
ROKAA USA.com
Coming Soon

Buying/Selling in Michigan
All types of Residential & Commercial properties. Gas Stations, Liquor Stores, Hotels, Plazas, Truck Terminals etc.
CANTON REALTY
Raj S. Shergill
Broker
5820 N Canton Center Rd, Suite 145
734-751-4455 (Cell)
Rajsshergill@Yahoo.com



Twenty-Fourth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 27; July 8, 2023
20451 N. Plum Grove Rd., Palatine, IL 60074
Ph:847-359-0746, Fax:847-705-9388


# ਭਗਵੰਤ ਮਾਨ ਨੇ ਹੁਣ ਮੁਖਤਾਰ ਅੰਸਾਰੀ ਦਾ ਮਸਲਾ ਛੇੜਿਆ

## ਪੰਜਾਬ ਦੇ ਅਸਲ ਮਸਲੇ ਵਿਸਾਰਨ ਦੇ ਦੋਸ਼ ਲੱਗੇ

**ਚੰਡੀਗੜ੍ਹ:** ਪੰਜਾਬ 'ਚ ਮੁਖ਼ਤਾਰ ਅੰਸਾਰੀ ਮਾਮਲੇ ਉਤੇ ਸਿਆਸਤ ਭਖ ਗਈ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਦੀ ਰੂਪਨਗਰ ਜੇਲ੍ਹ 'ਚ ਯੂ.ਪੀ. ਦੇ ਗੈਂਗਸਟਰ ਮੁਖਤਾਰ ਅੰਸਾਰੀ ਦੇ ਆਰਾਮਪ੍ਰਸਤ ਠਹਿਰਾਅ ਅਤੇ ਸੁਪਰੀਮ ਕੋਰਟ 'ਚ ਕੇਸ ਲੜਨ ਵਾਸਤੇ ਵਕੀਲਾਂ ਦੀ ਫੀਸ ਉਤੇ ਖਰਚੇ 55 ਲੱਖ ਰੁਪਏ ਸਾਬਕਾ ਮੁੱਖ ਮੰਤਰੀ ਤੇ ਮੌਜੂਦਾ ਭਾਜਪਾ ਆਗੂ ਕੈਪਟਨ ਅਮਰਿੰਦਰ ਸਿੰਘ ਅਤੇ ਉਸ ਸਮੇਂ ਦੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਤੋਂ ਵਸੂਲਣ ਦਾ ਐਲਾਨ ਕਰ ਦਿੱਤਾ ਹੈ। ਉਧਰ, ਕੈਪਟਨ ਅਤੇ ਰੰਧਾਵਾ ਇਸ ਨੂੰ ਮੁੱਖ ਮੰਤਰੀ ਦਾ ਅਨਜਾਣਪੁਣੇ ਵਾਲਾ ਕਦਮ ਦੱਸ ਰਹੇ ਹਨ। ਇਸ ਤੋਂ ਬਾਅਦ ਭਗਵੰਤ ਮਾਨ ਨੇ ਰੰਧਾਵਾ ਨੂੰ ਤੁਰੰਤ ਨੋਟਿਸ ਜਾਰੀ ਕਰ ਕੇ ਸਪਸ਼ਟ ਕਰ ਦਿੱਤਾ ਹੈ ਕਿ ਸਰਕਾਰ ਕੋਲ ਕਾਨੂੰਨੀ ਤੌਰ ਉਤੇ ਇਹ ਹੱਕ ਹੈ ਤੇ ਉਹ ਟਲਣ ਵਾਲੇ ਨਹੀਂ।




ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਨੇ ਕੁਝ ਸਮਾਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਨ ਦਾ ਮਸਲਾ ਵੱਡੇ ਪੱਧਰ 'ਤੇ ਉਠਾਇਆ ਸੀ ਅਤੇ ਸਭ ਇਹੀ ਕਹਿ ਰਹੇ ਸਨ ਕਿ ਉਹ ਲੋਕਾਂ ਦਾ ਧਿਆਨ ਪੰਜਾਬ ਦੇ ਅਸਲ ਮਾਮਲਿਆਂ ਤੋਂ ਲਾਂਭੇ ਕਰਨ ਲਈ ਅਜਿਹੇ ਮਸਲੇ ਇਕ-ਇਕ ਕਰ ਕੇ ਉਭਾਰਨ ਦਾ ਯਤਨ ਕਰ ਰਹੇ ਹਨ। ਉਂਝ, ਇਹ ਪਹਿਲੀ ਵਾਰ ਹੈ ਜਦੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖਿਲਾਫ ਸਿੱਧਾ ਮੋਰਚਾ ਖੋਲ੍ਹਿਆ ਹੈ। ਮਾਨ ਦਾ ਦੋ-ਟੂਕ ਕਹਿਣਾ ਹੈ ਕਿ ਜੇ ਪੈਸੇ ਨਾ ਮੋੜੇ ਤਾਂ ਇਹ ਵਸੂਲੀ ਇਨ੍ਹਾਂ ਆਗੂਆਂ ਦੀ ਪੈਨਸ਼ਨ ਅਤੇ ਹੋਰ ਸਹੂਲਤਾਂ ਵਿਚੋਂ ਕੱਟ ਲਈ ਜਾਵੇਗੀ। ਸਿਆਸੀ ਹਲਕਿਆਂ 'ਚ ਚਰਚਾ ਹੈ ਕਿ ਪੈਨਸ਼ਨ ਅਤੇ ਹੋਰ ਸਹੂਲਤਾਂ ਰੋਕ ਕੇ 55 ਲੱਖ ਦੀ ਵਸੂਲੀ ਕਰਨ ਅੱਗੇ ਕਾਫੀ ਕਾਨੂੰਨੀ ਪੇਚੀਦਗੀਆਂ ਹਨ।

ਚੇਤੇ ਰਹੇ ਕਿ ਗੈਂਗਸਟਰ ਤੋਂ ਸਿਆਸਤਦਾਨ ਬਣਿਆ ਮੁਖਤਾਰ ਅੰਸਾਰੀ 2019 ਤੋਂ 2021 ਤੱਕ ਰੋਪੜ ਜੇਲ੍ਹ ਵਿਚ ਰਿਹਾ ਜਿਸ ਨੂੰ ਟਰਾਂਜ਼ਿਟ ਰਿਮਾਂਡ 'ਤੇ ਉੱਤਰ ਪ੍ਰਦੇਸ਼ 'ਚੋਂ ਲਿਆਂਦਾ ਗਿਆ ਸੀ। ਉਸ ਦੀ ਰੋਪੜ ਜੇਲ੍ਹ 'ਚ ਮੌਜੂਦਗੀ ਕਾਇਮ ਰੱਖਣ ਲਈ ਤਤਕਾਲੀ ਅਮਰਿੰਦਰ ਸਰਕਾਰ ਨੇ ਵਕੀਲਾਂ ਦੀ ਫੀਸ 'ਤੇ 55 ਲੱਖ ਰੁਪਏ ਖਰਚੇ ਸਨ। ਜਿਉਂ ਹੀ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਗੈਂਗਸਟਰ ਅੰਸਾਰੀ ਨਾਲ ਸਬੰਧਿਤ ਅਦਾਲਤੀ ਕੇਸ ਦੇ 55 ਲੱਖ ਰੁਪਏ ਦਾ ਖਰਚਾ ਸਰਕਾਰੀ ਖਜ਼ਾਨੇ 'ਚੋਂ ਨਹੀਂ ਦਿੱਤਾ ਜਾਵੇਗਾ ਬਲਕਿ ਇਸ ਦੀ ਵਸੂਲੀ ਕੈਪਟਨ ਤੇ ਰੰਧਾਵਾ ਤੋਂ ਕੀਤੀ ਜਾਵੇਗੀ ਤਾਂ ਪੰਜਾਬ ਦੀ ਸਿਆਸਤ ਵਿਚ ਇਕਦਮ ਉਬਾਲ ਆ ਗਿਆ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਮੁੱਖ ਮੰਤਰੀ ਜਦੋਂ ਪੈਸੇ ਵਸੂਲਣ ਦੀ ਪ੍ਰਕਿਰਿਆ ਸ਼ੁਰੂ ਕਰਨਗੇ ਤਾਂ ਉਹ ਇਸ ਮਾਮਲੇ ਨੂੰ ਹਾਈ ਕੋਰਟ ਵਿਚ ਲੈ ਕੇ ਜਾਣਗੇ। ਰੰਧਾਵਾ ਨੇ ਕਿਹਾ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਖਿਲਾਫ ਚਰਿੱਤਰ ਹਾਨੀ ਦੇ ਇਲਜ਼ਾਮਾਂ ਤਹਿਤ ਮਾਣਹਾਨੀ ਦਾ ਕੇਸ ਦਾਇਰ ਕਰਨਗੇ। ਉਨ੍ਹਾਂ ਬਤੌਰ ਜੇਲ੍ਹ ਮੰਤਰੀ ਅਮਰਿੰਦਰ ਸਿੰਘ ਨੂੰ ਲਿਖੇ ਪੱਤਰ ਦੇ ਹਵਾਲੇ ਨਾਲ ਕਿਹਾ ਕਿ ਵਕੀਲਾਂ ਨੂੰ ਹਾਇਰ ਕੀਤੇ ਜਾਣ ਦਾ ਫੈਸਲਾ ਗ੍ਰਹਿ ਵਿਭਾਗ ਕਰਦਾ ਹੈ ਅਤੇ ਇਸ 'ਚ ਉਨ੍ਹਾਂ ਦੀ ਕੋਈ ਭੂਮਿਕਾ ਨਹੀਂ।

(ਬਾਕੀ ਸਫਾ 6 'ਤੇ)

# ਭਾਜਪਾ ਦਲ-ਬਦਲੂਆਂ 'ਤੇ ਮਿਹਰਬਾਨ ਹੋਈ

**ਚੰਡੀਗੜ੍ਹ:** 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਵਿਚ ਪੱਕੇ ਪੈਰੀਂ ਹੋਣ ਲਈ ਭਾਜਪਾ ਨੇ ਟਿੱਲ ਲਾਇਆ ਹੋਇਆ ਹੈ। ਇਸ ਮੁਹਿੰਮ ਤਹਿਤ ਪੰਜਾਬ ਦੀਆਂ ਰਵਾਇਤੀ ਧਿਰਾਂ (ਕਾਂਗਰਸ-ਅਕਾਲੀ ਦਲ) ਦੇ ਸੀਨੀਅਰ ਆਗੂਆਂ ਦੀ ਦਲ-ਬਦਲੀ ਕਰਵਾ ਕੇ ਭਾਜਪਾ ਵਿਚ ਸ਼ਾਮਲ ਕਰਨ ਅਤੇ ਉਨ੍ਹਾਂ ਨੂੰ ਵੱਡੀਆਂ ਅਹੁਦੇਦਾਰੀਆਂ ਵੰਡਣ ਦਾ ਸਿਲਸਲਾ ਜਾਰੀ ਹੈ। ਭਾਜਪਾ ਨੇ ਹਾਲ ਹੀ ਵਿਚ ਕਾਂਗਰਸ ਛੱਡ ਕੇ ਆਏ ਸੁਨੀਲ ਜਾਖੜ ਨੂੰ ਸੂਬਾ ਪ੍ਰਧਾਨ ਥਾਪ ਦਿੱਤਾ ਹੈ। ਭਾਜਪਾ ਹਾਈ ਕਮਾਨ ਦੇ ਇਸ ਫੈਸਲੇ ਨੇ ਸਥਾਨਕ ਆਗੂਆਂ ਵਿਚ ਹਲਚਲ ਮਚਾ ਦਿੱਤੀ ਹੈ।



ਇਸ ਤੋਂ ਪਹਿਲਾਂ ਵੀ ਕਾਂਗਰਸ ਅਤੇ ਅਕਾਲੀ ਦਲ ਤੋਂ ਆਏ ਆਗੂਆਂ ਨੂੰ ਜਥੇਬੰਦਕ ਢਾਂਚੇ ਵਿਚ ਵੱਡੀਆਂ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ ਸਨ। ਇਸੇ ਕਾਰਨ ਭਾਜਪਾ ਦੀ ਸੂਬਾਈ ਪ੍ਰਧਾਨਗੀ ਲਈ ਭਗਵਾਂ ਪਾਰਟੀ 'ਚ ਟਕਸਾਲੀ ਆਗੂਆਂ ਤੇ ਕਾਂਗਰਸ ਛੱਡ ਕੇ ਭਗਵੇਂ ਰੰਗ 'ਚ ਰੰਗੇ ਆਗੂਆਂ ਦਰਮਿਆਨ ਖਿੱਚੋਤਾਣ ਚੱਲ ਰਹੀ ਸੀ। ਚਰਚਾ ਹੈ ਕਿ ਸੂਬਾਈ ਲੀਡਰਸ਼ਿਪ ਟਕਸਾਲੀ ਆਗੂਆਂ ਨੂੰ ਪਿੱਛੇ ਕਰ ਦਲ-ਬਦਲੂਆਂ ਨੂੰ ਵੱਡੀਆਂ ਜ਼ਿੰਮੇਵਾਰੀਆਂ ਸੌਂਪਣ ਤੋਂ ਔਖੀ ਹੈ। ਟਕਸਾਲੀ ਆਗੂ ਤਰੁਣ ਚੁੱਘ ਸਣੇ ਅੱਧੀ ਦਰਜਨ ਤੋਂ ਵੱਧ ਆਗੂ ਪ੍ਰਧਾਨ ਦੇ ਅਹੁਦੇ ਲਈ ਦੌੜ ਵਿਚ ਸਨ। ਚਰਚਾ ਹੈ ਕਿ ਲੰਘੇ ਦਿਨਾਂ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਗੁਰਦਾਸਪੁਰ ਰੈਲੀ 'ਚ ਪ੍ਰਭਾਵਸ਼ਾਲੀ ਇਕੱਠ ਨਾ ਹੋਣ ਕਰ ਕੇ ਹਾਈ ਕਮਾਨ ਨੇ ਲੀਡਰਸ਼ਿਪ ਵਿਚ ਤੁਰੰਤ ਤਬਦੀਲੀ ਦਾ ਫੈਸਲਾ ਕੀਤਾ ਸੀ। ਅਸਲ ਵਿਚ ਪਾਰਟੀ ਪੰਜਾਬ ਵਿਚ ਹਰ ਹਾਲ ਆਪਣੀ ਸਥਿਤੀ ਮਜ਼ਬੂਤ ਦੇਖਣਾ ਚਾਹੁੰਦੀ ਹੈ।

ਇਹ ਗੱਲ ਵੀ ਸਾਹਮਣੇ ਆਈ ਸੀ ਕਿ ਪੰਜਾਬ ਦੇ ਸਿਆਸੀ ਮਾਮਲਿਆਂ ਦੀ ਨਿਗਰਾਨੀ ਕਰ ਰਹੇ ਕੇਂਦਰੀ ਮੰਤਰੀਆਂ ਵੱਲੋਂ ਪੰਜਾਬ ਦੀ ਲੀਡਰਸ਼ਿਪ ਦੀ ਵਾਗਡੋਰ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋਣ ਵਾਲੇ ਕੱਦਾਵਰ ਆਗੂ ਨੂੰ ਸੌਂਪਣ ਦੀ ਵਕਾਲਤ ਕੀਤੀ ਸੀ। ਇਸ ਤੋਂ ਪਹਿਲਾਂ ਵੀ ਭਾਜਪਾ ਨੇ ਕੌਮੀ ਤੇ ਸੂਬਾਈ ਕਾਰਜਕਾਰਨੀ ਅਤੇ ਸੂਬਾਈ ਅਹੁਦੇਦਾਰਾਂ ਵਿਚ ਕਾਂਗਰਸ ਛੱਡਣ ਵਾਲੇ ਆਗੂਆਂ ਨੂੰ ਅਹੁਦਿਆਂ ਦੇ ਕੇ ਖੁਸ਼ ਕਰਨ ਦਾ ਯਤਨ ਕੀਤਾ ਸੀ। ਸੰਸਦੀ ਚੋਣਾਂ 'ਚ ਇਕ ਸਾਲ ਤੋਂ ਵੀ ਘੱਟ ਸਮਾਂ ਹੋਣ ਕਾਰਨ ਭਾਜਪਾ ਵੱਲੋਂ ਪਾਰਟੀ ਨੂੰ ਪੰਜਾਬ 'ਚ ਪੱਕੇ ਪੈਰੀਂ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਇਸੇ ਤਹਿਤ ਹੀ ਕੇਂਦਰੀ ਮੰਤਰੀਆਂ ਦੀ ਸੂਬੇ ਵਿਚ ਲਗਾਤਾਰ ਆਮਦ ਹੋ ਰਹੀ ਹੈ।

ਚੇਤੇ ਰਹੇ ਕਿ ਭਾਜਪਾ ਆਪਣੇ ਟਕਸਾਲੀ ਆਗੂਆਂ ਨੂੰ ਵੱਡੀਆਂ ਜ਼ਿੰਮੇਵਾਰੀਆਂ ਤੋਂ ਦੂਰ ਹੀ ਰੱਖ ਰਹੀ ਹੈ। ਇਥੋਂ ਤੱਕ ਕਿ ਸੰਗਰੂਰ ਅਤੇ ਜਲੰਧਰ ਸੰਸਦੀ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਦੌਰਾਨ ਵੀ ਭਗਵਾ ਧਿਰ ਨੇ ਦਲ-ਬਦਲੂਆਂ ਨੂੰ ਪਹਿਲ ਦਿੱਤੀ ਅਤੇ ਚੋਣ ਮੈਦਾਨ ਵਿਚ ਉਤਾਰਿਆ। ਭਾਜਪਾ ਦਾ ਇਹ ਤਜਰਬਾ ਸਫਲ ਵੀ ਰਿਹਾ। ਇਸ

(ਬਾਕੀ ਸਫਾ 6 'ਤੇ)


India Palace Restaurant
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
Amber Indian Restaurant
Restaurant-Fine Indian Cuisine
12510 N. Meridian St., Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com
Best Buy Motors
1805 Elmwood, Lafayette, IN 47904
Ph: 765-449-0490
Www.bestbuymotorsin.com
University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

Buying Or Selling Home In Chicagoland And Suburbs ?
We Can Help You With
Buying Selling
Investing Managing
Call For More Info:
+1 847-322-5832
www.pradeepsinghrealtor.com
ishowhomes@yahoo.com
20 S Roselle Rd Schaumburg IL 60193
Pradeep Singh
Realtor (14 Years of Experience)

RAJVEER GILL
847-907-1525
Regal Jewels
NEW SPECIALS EVERY MONTH
22KT GOLD & DIAMONDS
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣਾ ਸਟੋਰ
2625 W. Devon Ave. Chicago, IL 60659
773-262-4377 773-517-0574
www.RegalJewels.com

ਸ੍ਰੀ ਹਰਕ੍ਰਿਸ਼ਨ ਧਿਆਈਐ ਜਿਸ ਡਿਠੇ ਸਭ ਦੁਖ ਜਾਏ॥

# ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ ਹੋਵੇ



## ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੁਰਬ ਸਬੰਧੀ

# ਵਿਸ਼ੇਸ਼ ਸਮਾਗਮ

## ਗੁਰਦੁਆਰਾ ਦੀਵਾਨ ਐਵੇਨਿਊ, ਸ਼ਿਕਾਗੋ

*(2341 W. Devon Ave., Chicago IL 60659)*

ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕੀਤਾ ਜਾ ਰਿਹਾ ਹੈ। ਆਪ ਸਭ ਨੂੰ ਪ੍ਰਕਾਸ਼ ਪੁਰਬ ਸਮਾਗਮ ਵਿਚ ਪਰਿਵਾਰ ਸਮੇਤ ਪਹੁੰਚ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਹੈ ਜੀ

## ਪ੍ਰੋਗਰਾਮ ਦਾ ਵੇਰਵਾ

**14 ਜੁਲਾਈ, 2023 (ਸ਼ੁਕਰਵਾਰ)**

ਅਰੰਭ ਸ੍ਰੀ ਅਖੰਡ ਪਾਠ ਸਵੇਰੇ 8:30 ਵਜੇ

**16 ਜੁਲਾਈ, 2023 (ਐਤਵਾਰ)**

ਭੋਗ ਸ੍ਰੀ ਅਖੰਡ ਪਾਠ ਸਵੇਰੇ 9 ਵਜੇ

ਕੀਰਤਨ: 9 ਤੋਂ ਦੁਪਹਿਰ 12 ਵਜੇ ਤਕ

*ਲੰਗਰ ਦੀ ਸੇਵਾ 12:30 ਵਜੇ* , ਸੰਗਤ ਨੂੰ ਹਲਦੀਰਾਮ ਦੀਆਂ ਮਠਿਆਈਆਂ ਦੇ ਡੱਬੇ ਵੰਡੇ ਜਾਣਗੇ



*ਭਾਈ ਅਮਰਜੀਤ ਸਿੰਘ ਜੀ, ਭਾਈ ਤੀਰਥ ਸਿੰਘ ਜੀ ਅਤੇ ਭਾਈ ਗੁਰਵਿੰਦਰ ਸਿੰਘ ਜੀ।*

## ਪਾਠ, ਕੀਰਤਨ ਅਤੇ ਲੰਗਰ ਦੀ ਸੇਵਾ

ਰਵਿੰਦਰ ਕਪੂਰ, ਪਰਮਜੀਤ ਕਪੂਰ, ਗੁਰਲੀਨ ਕਪੂਰ ਅਤੇ ਅਮਨ ਕਪੂਰ ਵਲੋਂ

## ਹੋਰ ਜਾਣਕਾਰੀ ਲਈ ਸੰਪਰਕ ਕਰੋ:

**ਰਵਿੰਦਰ ਕਪੂਰ ਤੇ ਪਰਮਜੀਤ ਕਪੂਰ**

**ਫੋਨ: 847-387-2923**


Haldiram's Hawkins


**Biggest wholesaler in the USA**



**Prag International:** 1125 Howard Street. Elk Grove Village. IL 60007; Ph:- 847-979-5970

Wholesaler and Distributor Of: Haldiram, Hawkins, Prestige, Milton, Panasonic, Titu Folding Bed And Folding Mattress, Aman Kitchenware, Restaurant Equipment's , Pats And Pans For Home & Restaurants, Religious Items, Wedding Items, Blankets... And Many More...

# ਸੁਖਰਾਜ ਸਿੰਘ ਤੱਖੜ ਦੇ ਮਾਤਾ ਸਤਪਾਲ ਕੌਰ ਦਾ ਦੇਹਾਂਤ



**ਸ਼ਿਕਾਗੋ:** ਸੁਖਰਾਜ ਸਿੰਘ ਤੱਖੜ ਦੇ ਮਾਤਾ ਅਤੇ 'ਪੰਜਾਬ ਟਾਈਮਜ਼' ਸਲਾਹਕਾਰ ਕਮੇਟੀ ਦੇ ਮੈਂਬਰ ਜੈਦੇਵ ਸਿੰਘ ਭੱਠਲ ਦੀ ਸੱਸ ਮਾਤਾ ਸਤਪਾਲ ਕੌਰ ਦਾ ਬੀਤੀ 29 ਜੂਨ ਨੂੰ ਦੇਹਾਂਤ ਹੋ ਗਿਆ। ਉਹ 95 ਸਾਲਾਂ ਦੇ ਸਨ। ਉਨ੍ਹਾਂ ਦਾ ਜਨਮ ਵੰਡ ਤੋਂ ਪਹਿਲਾਂ ਲਾਇਲਪੁਰ (ਪਾਕਿਸਤਾਨ) ਵਿਖੇ ਮਾਤਾ ਬੇਅੰਤ ਕੌਰ ਅਤੇ ਚਰਨ ਸਿੰਘ ਦੇ ਘਰ ਹੋਇਆ ਸੀ। ਉਹ ਆਪਣੇ ਪਿੱਛੇ ਪੁੱਤਰ ਸੁਖਰਾਜ ਸਿੰਘ ਤੱਖੜ, ਨੂੰਹ ਜਸਵਿੰਦਰ ਸਿੰਘ ਤੱਖੜ, ਧੀ ਜਸਵਿੰਦਰ ਕੌਰ ਭੱਠਲ, ਜਵਾਈ ਜੈਦੇਵ ਸਿੰਘ ਭੱਠਲ ਅਤੇ ਦੋਹਤੇ ਦੇਵਜੋਤ ਸਿੰਘ, ਗੁਰਲਾਲ ਭੱਠਲ (ਪੂਨਮ ਕੌਰ ਭੱਠਲ) ਅਤੇ ਪੋਤਰਾ ਅਨੂਪ ਸਿੰਘ ਤੱਖੜ (ਮਨਪ੍ਰੀਤ ਕੌਰ ਤੱਖੜ) ਨੂੰ ਛੱਡ ਗਏ ਹਨ। ਮਾਤਾ ਸਤਪਾਲ ਕੌਰ ਦਾ ਅੰਤਿਮ ਸੰਸਕਾਰ 7 ਜੁਲਾਈ ਸ਼ੁੱਕਰਵਾਰ ਨੂੰ ਦੁਪਹਿਰ 12 ਤੋਂ 2 ਵਜੇ ਦਰਮਿਆਨ **Davenport Funeral Home 941 S. Old Rand Road Lake Zurich** ਵਿਖੇ ਹੋਵੇਗਾ। ਉਪਰੰਤ ਸਿੱਖ ਰਿਲੀਜੀਅਸ ਸੁਸਾਇਟੀ ਗੁਰਦੁਆਰਾ ਪੈਲਾਟਾਈਨ ਵਿਖੇ 3 ਤੋਂ 5 ਵਜੇ ਦਰਮਿਆਨ ਸਹਿਜ ਪਾਠ ਦਾ ਭੋਗ ਪਾਇਆ ਜਾਵੇਗਾ ਅਤੇ ਅੰਤਿਮ ਅਰਦਾਸ ਹੋਵੇਗੀ।

ਪਰਿਵਾਰ ਨਾਲ ਦੁਖ ਸਾਂਝਾ ਕਰਨ ਜਾਂ ਹੋਰ ਜਾਣਕਾਰੀ ਲਈ ਸੁਖਰਾਜ ਸਿੰਘ ਤੱਖੜ ਨਾਲ 847-732-7754 ਜਾਂ ਜੈਦੇਵ ਸਿੰਘ ਭੱਠਲ ਨਾਲ 847-732-7681 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਗੁਰਦੁਆਰਾ ਹੇਮਕੁੰਟ ਸਾਹਿਬ ਵਿਖੇ ਲੱਖ ਤੋਂ ਵੱਧ ਸ਼ਰਧਾਲੂਆਂ ਨੇ ਮੱਥਾ ਟੇਕਿਆ

**ਅੰਮ੍ਰਿਤਸਰ:** ਉੱਤਰਾਖੰਡ ਵਿਚ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਚੱਲ ਰਹੀ ਸਾਲਾਨਾ ਯਾਤਰਾ ਦੌਰਾਨ ਜੂਨ ਮਹੀਨੇ ਤੱਕ ਲਗਭਗ 1 ਲੱਖ 14 ਹਜ਼ਾਰ ਤੋਂ ਵੱਧ ਸ਼ਰਧਾਲੂ ਇੱਥੇ ਮੱਥਾ ਟੇਕ ਚੁੱਕੇ ਹਨ। ਇਹ ਖੁਲਾਸਾ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਦਿਨਾਂ ਵਿਚ ਸੰਗਤ ਵਿਚ ਯਾਤਰਾ ਪ੍ਰਤੀ ਭਾਰੀ ਉਤਸ਼ਾਹ ਹੈ ਅਤੇ ਸੰਗਤ ਵੱਡੀ ਗਿਣਤੀ ਵਿਚ ਪੁੱਜ ਰਹੀ ਹੈ ਤੇ ਮੌਸਮ ਵੀ ਸਾਫ ਚੱਲ ਰਿਹਾ ਹੈ। ਭਾਵੇਂ ਹਲਕਾ ਮੀਂਹ ਪੈ ਰਿਹਾ ਹੈ ਪਰ ਸੰਗਤ ਇਸ ਦਾ ਆਨੰਦ ਮਾਣ ਰਹੀ ਹੈ। ਇਹ ਯਾਤਰਾ 20 ਮਈ ਨੂੰ ਸ਼ੁਰੂ ਹੋਈ ਸੀ ਤੇ ਆਉਂਦੇ ਦਿਨਾਂ ਵਿਚ ਹੋਰ ਵੀ ਵੱਡੀ ਗਿਣਤੀ ਵਿਚ ਯਾਤਰੂਆਂ ਦੇ ਪੁੱਜਣ ਦੀ ਸੰਭਾਵਨਾ ਹੈ। ਪ੍ਰਬੰਧਕਾਂ ਨੇ ਦੱਸਿਆ ਕਿ ਇਹ ਯਾਤਰਾ ਅਕਤੂਬਰ ਦੇ ਪਹਿਲੇ ਹਫਤੇ ਤੱਕ ਚੱਲੇਗੀ।

## ਗੁਰਦੁਆਰਾ ਸੋਧ ਬਿੱਲ: ਮੁੱਖ ਮੰਤਰੀ ਮਾਨ ਨੂੰ ਪੱਖ ਰੱਖਣ ਦਾ ਇਕ ਹੋਰ ਮੌਕਾ

**ਅੰਮ੍ਰਿਤਸਰ:** ਗੁਰਦੁਆਰਾ ਸੋਧ ਬਿੱਲ ਰਾਹੀਂ ਗੁਰਧਾਮਾਂ ਦੇ ਕਾਰਜ ਵਿਚ ਦਖਲਅੰਦਾਜੀ ਕਰਨ ਦੇ ਦੋਸ਼ ਹੇਠ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਪਣਾ ਸਪੱਸ਼ਟੀਕਰਨ ਦੇਣ ਲਈ ਸ੍ਰੀ ਅਕਾਲ ਤਖਤ ਵਿਖੇ ਤਲਬ ਕੀਤਾ ਗਿਆ ਸੀ ਪਰ ਉਹ ਨਹੀਂ ਪੁੱਜੇ। ਮੁੱਖ ਮੰਤਰੀ ਨੂੰ ਆਪਣਾ ਸਪੱਸ਼ਟੀਕਰਨ ਦੇਣ ਲਈ 8 ਜੁਲਾਈ ਨੂੰ ਇਕ ਹੋਰ ਮੌਕਾ ਦਿੱਤਾ ਗਿਆ ਹੈ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਵੀ ਗੁਰਬਾਣੀ ਦੇ ਪ੍ਰਸਾਰਨ ਲਈ ਆਪਣਾ ਚੈਨਲ ਸ਼ੁਰੂ ਕਰਨ ਦੇ ਮਾਮਲੇ ਵਿਚ ਸਪੱਸ਼ਟੀਕਰਨ ਦੇਣ ਲਈ ਆਦੇਸ਼ ਦਿੱਤਾ ਗਿਆ ਹੈ। ਜਥੇਦਾਰ ਮੰਡ ਨੇ ਕਿਹਾ ਕਿ ਮੁੱਖ ਮੰਤਰੀ 8 ਜੁਲਾਈ ਨੂੰ ਅਕਾਲ ਤਖਤ ਵਿਖੇ 11 ਵਜੇ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਉਸੇ ਦਿਨ 12 ਵਜੇ ਅਕਾਲ ਤਖਤ ਵਿਖੇ ਪੇਸ਼ ਹੋਣ ਲਈ ਕਿਹਾ ਹੈ।


ਟਰੱਕ ਸ਼ਾਪ ਲੀਜ਼ 'ਤੇ ਉਪਲੱਬਧ ਹੈ

ਹਾਈਵੇਅ 10 ਟੈਕਸਸ 'ਤੇ ਇਕੋ ਇਮਾਰਤ ਵਿਚ ਟਰੱਕ ਸ਼ਾਪ, ਦੋ ਪੰਪ, ਟਰੱਕ ਵਾਸ਼ ਅਤੇ ਰੈਸਟੋਰੈਂਟ ਲੀਜ਼ 'ਤੇ ਉਪਲੱਬਧ ਹਨ

ਚਾਹਵਾਨ ਸੰਪਰਕ ਕਰਨ: 469-353-9516

**Truck Shop For Lease**

Truck Shop Truck Wash Restaurant with 2 Pump huge building is available for lease on Highway 10 Texas

**Contact: 469-353-9516**



**SUPER TRAVEL**

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*

For Emergency
Call anytime at
847-673-3825



*EARLY BIRD SALE!!!!*

*Etihad, Air India, KLM, Lufthansa, Delta, Qatar Airlines.*

Domestic fares available


# Matrimonials

## ਲੜਕੀ ਦੀ ਲੋੜ ਹੈ

Sikh Ahluwalia family Looking for Gursikh girl with educated background for their 36, 5' 8" son.Qualification BTech IT and PG in software development.Working as IT professional in New York based company. He is turbaned Gursikh boy having faith in Guru Granth Sahib ji. Current location- Hartford CT. Please contact us at whatsapp 91-8860131363. US number: 315 849 6562. Emailbid - richiewalia@gmail.com

25-28

---

Wanted suitable girl for Gursikh, turbuned Arora, divorced boy, 36 yrs., 5'9', MTech engineering. Owns commercial, residential property in India. Settled in US. Caste no bar.
Please Email: utakecare2@yahoo.com or call 1-618-402-4269

20-23

---

Looking for a suitable match for my Kamboj,Sikh brother height 5'8, 1995 born and raised in USA. Our parents hometown is from Amritsar. My brother has completed studies in criminal justice/business Management. Currently has well established business in Pennsylvania. We are a modern/traditional family looking for someone who will be a great fit for my brother preferably looking in USA only.
Please call or whatsapp 347-920-9033.

20-23

---

Verma family looking for a suitable match for their son. Age 31, Ht 5'10", USA citizen, divorsed (No Kid), well settled. Caste no bar. Please send biodata/pictures. Whatsapp: (224) 595-9926
inderjeetverma08@gmail.com

17-20

## ਲੜਕੇ ਦੀ ਲੋੜ ਹੈ

Jat Sikh well educated and well settled family seeking suitable match for their September, 2001 US born 5'4" daughter. Turban wearing keshadari boy and compatible humble family is preference but not limited to. She possesses AA degree in management and Supervision. Employed as Federal employee in Bay Area (California). Contact us @ Ph:510-861-6491 or
e-mail at: pgrrealty@gmail.com

26-29

---

Sikh Family is looking for USA Citizen match for their daughter 1988 born, 5'9", divorcee and has one child living with. Family belongs to Punjab Ludhiana. She has completed her nursing associate in India, currently not working as she is preparing for RN/IELTS.
Please contact us at 262-960-7366.

21-24

---

Ramgarhia,Dhiman Sikh Family looking for a suitable match for their August 10,1990 born, 5'2" daughter , working as a nurse assistant in USA in Michigan. Ghotar- Munday, Virdi. Please contact us at :- 7343532316 or binnumunday@gmail.com

---

Jatt Sikh family seeks suitable match for their daughter who has her MD and is currently working in the Bay Area (California) as a doctor. 37 yrs old (never married). 5'-5" tall. The boy should be settled in the Bay Area (California) with a university degree and professionally employed. Please contact 408-763-3949

20-23




**UMA TRAVELS**

**2541 West Devon Ave., Chicago, IL 60659**

**For Delhi Amritsar-Bombay Ahmedabad, Hydrabad-Madra**

**Call For Special Sale Fares**

**Call: 773-338-5603**

# ਕੈਨੇਡਾ: ਐੱਚ-1ਬੀ ਵੀਜ਼ਾ ਧਾਰਕਾਂ ਲਈ ਓਪਨ ਵਰਕ ਪਰਮਿਟ ਪ੍ਰੋਗਰਾਮ

**ਟੋਰਾਂਟੋ:** ਕੈਨੇਡਾ ਨੇ ਨਵੇਂ ਓਪਨ ਵਰਕ-ਪਰਮਿਟ ਪ੍ਰੋਗਰਾਮ ਦਾ ਐਲਾਨ ਕੀਤਾ ਹੈ, ਜਿਸ ਤਹਿਤ ਅਮਰੀਕਾ ਤੋਂ 10,000 ਐੱਚ-1ਬੀ ਵੀਜ਼ਾ ਧਾਰਕਾਂ ਨੂੰ ਕੈਨੇਡਾ ਆਉਣ ਤੇ ਕੰਮ ਕਰਨ ਦਾ ਮੌਕਾ ਮਿਲੇਗਾ। ਕੈਨੇਡਾ ਸਰਕਾਰ ਦੀ ਇਸ ਪੇਸ਼ਕਦਮੀ ਦਾ ਹਜ਼ਾਰਾਂ ਭਾਰਤੀ ਟੈੱਕ ਪੇਸ਼ੇਵਰਾਂ ਨੂੰ ਫਾਇਦਾ ਹੋਵੇਗਾ। ਕੈਨੇਡਾ ਨੂੰ ਵੱਖ-ਵੱਖ ਉਭਰਦੀਆਂ ਤਕਨੀਕਾਂ ਵਿਚ ਆਲਮੀ ਆਗੂ ਬਣਨ ਦੀ ਆਸ ਹੈ, ਜਿਸ ਕਰਕੇ ਉਹ ਪੇਸ਼ੇਵਰਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਨਾ ਚਾਹੁੰਦਾ ਹੈ। ਐੱਚ-1ਬੀ ਵੀਜ਼ਾ ਗੈਰ-ਪਰਵਾਸੀ ਵੀਜ਼ਾ ਹੈ, ਜੋ ਅਮਰੀਕੀ ਕੰਪਨੀਆਂ ਨੂੰ ਤਕਨੀਕੀ ਮੁਹਾਰਤ ਵਾਲੇ ਰੁਜ਼ਗਾਰ ਲਈ ਵਿਦੇਸ਼ੀ ਕਾਮੇ ਰੱਖਣ ਦੀ ਇਜਾਜ਼ਤ ਦਿੰਦਾ ਹੈ।

ਮੁਲਕ ਦੇ ਇਮੀਗਰੇਸ਼ਨ, ਰਫਿਊਜੀਜ਼ ਤੇ ਸਿਟੀਜ਼ਨਸ਼ਿਪ ਮੰਤਰੀ ਸ਼ੌਨ ਫਰੇਜ਼ਰ ਨੇ ਕਿਹਾ ਕਿ ਕੈਨੇਡਾ ਸਰਕਾਰ 16 ਜੁਲਾਈ ਤੱਕ ਓਪਨ ਵਰਕ-ਪਰਮਿਟ ਪ੍ਰੋਗਰਾਮ ਸ਼ੁਰੂ ਕਰੇਗੀ, ਜਿਸ ਤਹਿਤ 10 ਹਜ਼ਾਰ ਅਮਰੀਕੀ ਐੱਚ-1ਬੀ ਵੀਜ਼ਾ ਧਾਰਕਾਂ ਨੂੰ ਕੈਨੇਡਾ ਆਉਣ ਤੇ ਕੰਮ ਕਰਨ ਦੀ ਖੁੱਲ੍ਹ ਦਿੱਤੀ ਜਾਵੇਗੀ। ਮੰਤਰਾਲੇ ਨੇ ਇਕ ਬਿਆਨ ਵਿਚ ਕਿਹਾ ਕਿ ਇਸ ਪ੍ਰੋਗਰਾਮ ਤਹਿਤ ਐੱਚ-1ਬੀ ਵੀਜ਼ਾ ਧਾਰਕਾਂ ਦੇ ਪਰਿਵਾਰਕ ਮੈਂਬਰਾਂ ਨੂੰ ਵੀ (ਲੋੜ ਮੁਤਾਬਕ) ਸਟੱਡੀ ਜਾਂ ਵਰਕ ਪਰਮਿਟ ਮੁਹੱਈਆ ਕਰਵਾਇਆ ਜਾਵੇਗਾ।'' ਫਰੇਜ਼ਰ ਨੇ ਕਿਹਾ, ''ਅਸੀਂ ਇਮੀਗਰੇਸ਼ਨ ਨੂੰ ਲੈ ਕੇ ਉਤਸ਼ਾਹੀ



ਟੀਚੇ ਸੈੱਟ ਕੀਤੇ ਹਨ, ਕਿਉਂਕਿ ਇਹ ਸਿਰਫ ਅੰਕੜੇ ਨਹੀਂ, ਬਲਕਿ ਰਣਨੀਤਕ ਹਨ। ਕੈਨੇਡਾ ਦੀ ਇਸ ਪਲੇਠੀ ਇਮੀਗਰੇਸ਼ਨ ਟੈੱਕ ਪ੍ਰਤਿਭਾ ਰਣਨੀਤੀ ਨਾਲ ਸਾਡਾ ਟੀਚਾ ਉਨ੍ਹਾਂ ਲੋਕਾਂ ਨੂੰ ਦੇਸ਼ ਵਿਚ ਦਾਖਲਾ ਦੇਣਾ ਹੈ, ਜੋ ਕੈਨੇਡਾ ਨੂੰ ਉਭਰਦੀਆਂ ਤਕਨੀਕਾਂ ਦੀ ਵੰਨਗੀ ਵਿਚ ਆਲਮੀ ਆਗੂ ਬਣਾ ਸਕਣ।'' ਇਸ ਨਵੇਂ ਪ੍ਰੋਗਰਾਮ ਤਹਿਤ ਪ੍ਰਵਾਨਿਤ ਉਮੀਦਵਾਰਾਂ ਨੂੰ ਤਿੰਨ ਸਾਲ ਦੇ ਅਰਸੇ ਲਈ ਓਪਨ ਵਰਕ ਪਰਮਿਟ ਮਿਲੇਗਾ, ਜਿਸ ਦਾ ਮਤਲਬ ਕਿ ਉਹ ਕੈਨੇਡਾ ਵਿਚ ਕਿਤੇ ਵੀ ਕਿਸੇ ਵੀ ਰੁਜ਼ਗਾਰਦਾਤੇ ਕੋਲ ਕੰਮ ਕਰਨ ਦੇ ਯੋਗ ਹੋਣਗੇ। ਰਿਲੀਜ਼ ਮੁਤਾਬਕ ਐੱਚ-1ਬੀ ਵੀਜ਼ਾ ਧਾਰਕਾਂ ਦੇ ਜੀਵਨ ਸਾਥੀ ਤੇ ਆਸ਼ਰਿਤ ਵੀ ਆਰਜ਼ੀ ਰੈਜ਼ੀਡੈਂਟ ਵੀਜ਼ੇ ਦੇ ਯੋਗ ਹੋਣਗੇ। ਉਨ੍ਹਾਂ ਨੂੰ ਲੋੜ ਮੁਤਾਬਕ ਵਰਕ ਜਾਂ ਸਟੱਡੀ ਪਰਮਿਟ ਦਿੱਤਾ ਜਾਵੇਗਾ।

## 595 ਭਾਰਤੀਆਂ ਦੀਆਂ ਸਟੱਡੀ ਪਰਮਿਟ ਅਰਜ਼ੀਆਂ ਰੱਦ

**ਟੋਰਾਂਟੋ:** ਇਮੀਗ੍ਰੇਸ਼ਨ ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਦੇ ਅੰਕੜਿਆਂ ਅਨੁਸਾਰ ਭਾਰਤ ਤੋਂ ਕੁੱਲ 7,528 ਸਟੱਡੀ ਪਰਮਿਟ ਅਰਜ਼ੀਆਂ ਨੂੰ ਕੈਨੇਡੀਅਨ ਅਧਿਕਾਰੀਆਂ ਨੇ ਜਨਵਰੀ 2018 ਤੋਂ ਮਈ 2023 ਦਰਮਿਆਨ ਰੱਦ ਕੀਤਾ ਹੈ। ਅਜਿਹਾ ਇਨ੍ਹਾਂ ਅਰਜ਼ੀਆਂ ਦੇ ਫਰਜ਼ੀ ਹੋਣ ਦੇ ਸਬੂਤ ਮਿਲਣ ਬਾਅਦ ਕੀਤਾ ਗਿਆ। ਇਸ ਸਾਲ 31 ਮਈ ਤੱਕ ਭਾਰਤੀ ਵਿਦਿਆਰਥੀਆਂ ਦੀਆਂ ਕੁੱਲ ਅਰਜ਼ੀਆਂ ਵਿਚੋਂ 595 ਨੂੰ ਨਾਮਨਜ਼ੂਰ ਕੀਤਾ ਗਿਆ।

# ਪਾਕਿਸਤਾਨੀ ਜੇਲ੍ਹਾਂ 'ਚ 308 ਭਾਰਤੀ ਕੈਦੀ

**ਇਸਲਾਮਾਬਾਦ:** ਪਾਕਿਸਤਾਨ ਨੇ ਜੇਲ੍ਹਾਂ ਵਿਚ ਬੰਦ 308 ਭਾਰਤੀ ਕੈਦੀਆਂ ਦੀ ਸੂਚੀ ਇੱਥੇ ਸਥਿਤ ਭਾਰਤੀ ਹਾਈ ਕਮਿਸ਼ਨ ਨੂੰ ਸੌਂਪੀ, ਜਿਨ੍ਹਾਂ ਵਿਚ 42 ਆਮ ਕੈਦੀ ਅਤੇ 266 ਮਛੇਰੇ ਸ਼ਾਮਲ ਹਨ। ਇਸ ਸਬੰਧੀ ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਇਹ ਕਦਮ ਦੋਵਾਂ ਮੁਲਕਾਂ 'ਚ ਸਫ਼ਾਰਤੀ ਰਸਾਈ ਬਾਰੇ ਸਾਲ 2008 ਵਿਚ ਹੋਏ ਸਮਝੌਤੇ ਤਹਿਤ ਚੁੱਕਿਆ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਭਾਰਤ ਸਰਕਾਰ ਨੇ ਭਾਰਤ ਦੀਆਂ ਜੇਲ੍ਹਾਂ ਵਿਚ ਬੰਦ ਪਾਕਿਸਤਾਨੀ ਕੈਦੀਆਂ ਦੀ ਸੂਚੀ ਪਾਕਿਸਤਾਨ ਦੇ ਹਾਈ ਕਮਿਸ਼ਨ ਨੂੰ ਸੌਂਪੀ ਹੈ। ਇਸ ਸੂਚੀ ਮੁਤਾਬਕ ਭਾਰਤ ਦੀਆਂ ਜੇਲ੍ਹਾਂ ਵਿਚ ਕੁੱਲ 417 ਪਾਕਿ ਕੈਦੀ ਬੰਦ ਹਨ, ਜਿਨ੍ਹਾਂ ਵਿਚੋਂ 343 ਆਮ ਕੈਦੀ ਜਦਕਿ 74 ਮਛੇਰੇ ਸ਼ਾਮਲ ਹਨ। ਉਨ੍ਹਾਂ ਭਾਰਤ ਸਰਕਾਰ ਨੂੰ ਸਜ਼ਾ ਮੁਕੰਮਲ ਕਰ ਚੁੱਕੇ ਸਾਰੇ ਪਾਕਿਸਤਾਨੀ ਕੈਦੀਆਂ ਤੇ



ਮਛੇਰਿਆਂ ਦੀ ਰਿਹਾਈ ਤੇ ਮੁਲਕ ਵਾਪਸੀ ਦੀ ਅਪੀਲ ਕੀਤੀ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਭਾਰਤ ਤਰਜੀਹੀ ਆਧਾਰ 'ਤੇ ਸਾਰੇ ਮਾਨਵਤਾਵਾਦੀ ਮਸਲਿਆਂ ਦੇ ਹੱਲ ਪ੍ਰਤੀ ਵਚਨਬੱਧ ਰਿਹਾ ਹੈ।

# ਅਜੈ ਬੰਗਾ ਮਹਾਨ ਪਰਵਾਸੀਆਂ ਦੀ ਸੂਚੀ ਵਿਚ ਸ਼ਾਮਲ

**ਨਿਊ ਯਾਰਕ:** ਵਿਸ਼ਵ ਬੈਂਕ ਦੇ ਪ੍ਰਧਾਨ ਅਜੈ ਬੰਗਾ ਨੂੰ ਮੌਜੂਦਾ ਵਰ੍ਹੇ ਦੀ ਮਹਾਨ ਪਰਵਾਸੀਆਂ ਦੀ ਸੂਚੀ 'ਚ ਸ਼ਾਮਲ ਕੀਤਾ ਗਿਆ ਹੈ ਜਿਸ ਨੂੰ ਕਾਰਨੇਗੀ ਕਾਰਪੋਰੇਸ਼ਨ ਆਫ ਨਿਊ ਯਾਰਕ ਵੱਲੋਂ ਤਿਆਰ ਕੀਤਾ ਗਿਆ ਹੈ। ਅਮਰੀਕਾ ਅਤੇ ਉਸ ਦੀ ਜਮਹੂਰੀਅਤ ਨੂੰ ਆਪਣੇ ਯੋਗਦਾਨ ਅਤੇ ਕੰਮਾਂ ਰਾਹੀਂ ਮਜ਼ਬੂਤ ਕਰਨ ਵਾਲੇ ਪਰਵਾਸੀਆਂ ਨੂੰ ਇਸ ਸੂਚੀ 'ਚ ਸ਼ਾਮਲ ਕੀਤਾ ਜਾਂਦਾ ਹੈ। ਅਜੈ ਬੰਗਾ 'ਗਰੇਟ ਇਮੀਗਰੈਂਟਸ' ਦੀ ਸੂਚੀ 'ਚ ਇਸ ਵਰ੍ਹੇ ਸਨਮਾਨਿਤ ਹੋਣ ਵਾਲੇ ਇਕੱਲੇ ਭਾਰਤੀ ਹਨ। ਕਾਰਨੇਗੀ ਕਾਰਪੋਰੇਸ਼ਨ ਆਫ ਨਿਊ ਯਾਰਕ ਵੱਲੋਂ ਹਰ ਸਾਲ ਅਮਰੀਕਾ ਦੇ ਆਜ਼ਾਦੀ ਦਿਹਾੜੇ 'ਤੇ ਚਾਰ ਜੁਲਾਈ ਨੂੰ ਉੱਘੀ ਹਸਤੀਆਂ ਦਾ ਸਨਮਾਨ ਕੀਤਾ ਜਾਂਦਾ ਹੈ।




ਕਾਰਪੋਰੇਸ਼ਨ ਵੱਲੋਂ ਇਸ ਸਾਲ 33 ਮੁਲਕਾਂ ਦੇ 35 ਵਿਅਕਤੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ। ਇਸ ਸਾਲ ਸਨਮਾਨ ਪ੍ਰਾਪਤ ਕਰਨ ਵਾਲਿਆਂ 'ਚ ਵੀਅਤਨਾਮ 'ਚ ਜਨਮੇ ਅਕੈਡਮੀ ਐਵਾਰਡ ਜੇਤੂ ਅਦਾਕਾਰ ਕੀ ਹੁਏ ਕੁਆਨ, ਚਿੱਲੀ 'ਚ ਜਨਮੇ ਅਦਾਕਾਰ ਪੈਡਰੋ ਪਾਸਕਲ, ਵਿਸ਼ਵ ਵਪਾਰ ਜਥੇਬੰਦੀ ਦੇ ਡਾਇਰੈਕਟਰ ਜਨਰਲ ਅਤੇ ਨਾਇਜੀਰੀਆ 'ਚ ਜਨਮੇ ਨਗੋਜ਼ੀ ਓਕੋਂਜੋ-ਇਵੀਆਲਾ, ਅਮਰੀਕੀ ਕਾਂਗਰਸਮੈਨ ਟੈਡ ਲਿਊ ਅਤੇ ਗਰੈਮੀ ਐਵਾਰਡ ਜੇਤੂ ਗਾਇਕ ਐਂਜਲਿਕ ਕਿਡਜੋ ਆਦਿ ਸ਼ਾਮਲ ਹਨ। ਕਾਰਨੇਗੀ ਵੱਲੋਂ ਜਾਰੀ ਬਿਆਨ ਮੁਤਾਬਕ ਸ੍ਰੀ ਬੰਗਾ ਦਾ ਅਹਿਮ ਅਹੁਦਿਆਂ 'ਤੇ ਕੰਮ ਕਰਨ ਦਾ 30 ਸਾਲ ਦਾ ਤਜਰਬਾ ਹੈ ਅਤੇ ਵਿਸ਼ਵ ਬੈਂਕ ਦੇ ਅਹੁਦੇ 'ਤੇ ਤਾਇਨਾਤੀ ਦੌਰਾਨ ਉਨ੍ਹਾਂ ਵੱਲੋਂ ਕਈ ਸੁਧਾਰ ਵਾਲੀਆਂ ਨੀਤੀਆਂ ਲਾਗੂ ਕੀਤੇ ਜਾਣ ਦੀ ਆਸ ਹੈ। ਇਨ੍ਹਾਂ 'ਚ ਗਰੀਬੀ ਖਤਮ ਕਰਨ ਅਤੇ ਵਾਤਾਵਰਨ ਪਰਿਵਰਤਨ ਨਾਲ ਟਾਕਰੇ ਦੀਆਂ ਨੀਤੀਆਂ ਸ਼ਾਮਲ ਹਨ।

# ਦੂਜੀ ਵਿਸ਼ਵ ਜੰਗ ਲੜਨ ਵਾਲੇ ਰਾਜਿੰਦਰ ਢੱਟ ਦਾ ਸਨਮਾਨ

**ਲੰਡਨ:** ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੇ 10 ਡਾਊਨਿੰਗ ਸਟਰੀਟ 'ਚ ਬਰਤਾਨੀਆ-ਭਾਰਤ ਹਫਤੇ ਦੇ ਸਮਾਗਮ ਦੌਰਾਨ ਦੂਜਾ ਵਿਸ਼ਵ ਯੁੱਧ ਲੜਨ ਵਾਲੇ ਆਖਰੀ ਜਿਉਂਦੇ ਸਿੱਖ ਸੈਨਿਕਾਂ ਵਿਚੋਂ ਇਕ ਰਾਜਿੰਦਰ ਸਿੰਘ ਢੱਟ (101) ਨੂੰ 'ਪੁਆਇੰਟਸ ਆਫ ਲਾਈਟ' ਸਨਮਾਨ ਨਾਲ ਸਨਮਾਨਿਆ ਹੈ।

ਬ੍ਰਿਟਿਸ਼ ਭਾਰਤੀ ਜੰਗੀ ਯੋਧਿਆਂ ਦੀ ਸਹਾਇਤਾ ਲਈ ਬਣੀ 'ਅਨਡਿਵਾਈਡਿਡ ਇੰਡੀਅਨ ਐਕਸ-ਸਰਵਿਸਮੈੱਨਸ ਐਸੋਸੀਏਸ਼ਨ' ਚਲਾਉਣ ਤੇ ਉਨ੍ਹਾਂ ਵੱਲੋਂ ਦਿੱਤੀਆਂ ਗਈਆਂ ਸੇਵਾਵਾਂ ਲਈ ਸ੍ਰੀ ਢੱਟ ਦਾ ਸਨਮਾਨ ਕੀਤਾ ਗਿਆ ਹੈ।

ਸ੍ਰੀ ਢੱਟ 1963 ਤੋਂ ਦੱਖਣ-ਪੱਛਮੀ ਲੰਡਨ ਦੇ ਹੰਸਲੋਅ ਵਿਚ ਰਹਿ ਰਹੇ ਹਨ ਤੇ ਉਹ 1921 ਵਿਚ ਭਾਰਤ ਵਿਚ ਪੈਦਾ ਹੋਏ ਸਨ। ਉਨ੍ਹਾਂ ਅੰਗਰੇਜ਼ਾਂ ਦੇ ਰਾਜ ਦੌਰਾਨ ਸਾਂਝੀਆਂ ਫੌਜਾਂ ਨਾਲ ਰਲ ਕੇ ਜੰਗ ਲੜੀ ਸੀ। ਸ੍ਰੀ ਢੱਟ ਨੇ ਕਿਹਾ ਕਿ ਪ੍ਰਧਾਨ ਮੰਤਰੀ ਤੋਂ ਸਨਮਾਨ ਮਿਲਣਾ ਵੱਡੇ ਮਾਣ ਵਾਲੀ ਗੱਲ ਹੈ। ਸ੍ਰੀ ਢੱਟ ਨੂੰ 1943 'ਚ ਹਵਲਦਾਰ ਮੇਜਰ ਦੇ ਅਹੁਦੇ 'ਤੇ ਤਰੱਕੀ ਮਿਲੀ ਸੀ। ਉਹ ਕੋਹਿਮਾ 'ਚ ਜਪਾਨੀ ਸੈਨਾਵਾਂ ਖਿਲਾਫ ਲੜਨ ਲਈ ਸਾਂਝੀ ਫੌਜ ਦਾ ਹਿੱਸਾ ਸਨ। ਜੰਗ



ਮਗਰੋਂ ਉਹ ਭਾਰਤ ਪਰਤ ਆਏ ਸਨ ਪਰ ਬਾਅਦ 'ਚ ਉਹ ਪਰਿਵਾਰ ਨਾਲ ਲੰਡਨ ਵਸ ਗਏ ਸਨ। ਪ੍ਰਧਾਨ ਮੰਤਰੀ ਸੂਨਕ ਨੇ ਸ੍ਰੀ ਢੱਟ ਨੂੰ ਜ਼ਬਰਦਸਤ ਵਿਅਕਤੀ ਕਰਾਰ ਦਿੱਤਾ।

# ਮਨੁੱਖੀ ਤਸਕਰੀ ਰਾਹੀਂ 800 ਲੋਕਾਂ ਨੂੰ ਅਮਰੀਕਾ ਲਿਆਉਣ ਵਾਲੇ ਭਾਰਤੀ ਨਾਗਰਿਕ ਨੂੰ ਜੇਲ੍ਹ

**ਨਿਊ ਯਾਰਕ:** ਭਾਰਤੀ ਮੂਲ ਦੇ ਇਕ ਅਮਰੀਕੀ ਵਿਅਕਤੀ ਨੂੰ ਊਬਰ ਐਪ ਦੀ ਵਰਤੋਂ ਕਰਦਿਆਂ 800 ਭਾਰਤੀ ਨਾਗਰਿਕਾਂ ਨੂੰ ਮਨੁੱਖੀ ਤਸਕਰੀ ਜ਼ਰੀਏ ਅਮਰੀਕਾ ਲਿਆਉਣ ਦੇ ਦੋਸ਼ ਹੇਠ 45 ਮਹੀਨੇ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਨਿਆਂ ਵਿਭਾਗ ਨੇ ਇਕ ਬਿਆਨ ਜਾਰੀ ਕਰ ਕੇ ਕਿਹਾ ਕਿ ਰਾਜਿੰਦਰ ਪਾਲ ਸਿੰਘ ਉਰਫ ਜਸਪਾਲ ਗਿੱਲ (49) ਨੇ ਫਰਵਰੀ ਵਿਚ ਸੈਂਕੜੇ ਭਾਰਤੀ ਨਾਗਰਿਕਾਂ ਨੂੰ ਕੈਨੇਡੀਅਨ ਸਰਹੱਦ ਰਾਹੀਂ ਦੇਸ ਵਿਚ ਲਿਆਉਣ ਅਤੇ ਤਸਕਰੀ ਦੇ ਇਸ ਰੈਕੇਟ ਦਾ ਅਹਿਮ ਮੈਂਬਰ ਹੋਣ ਦੇ ਨਾਤੇ 500,000 ਤੋਂ ਵੱਧ ਡਾਲਰ ਵਸੂਲਣ ਦਾ ਦੋਸ਼ ਕਬੂਲ ਕਰ ਲਿਆ ਸੀ। ਕੈਲੀਫੋਰਨੀਆ ਦੇ ਰਹਿਣ ਵਾਲੇ ਰਾਜਿੰਦਰ ਪਾਲ ਨੂੰ ਅਮਰੀਕਾ ਦੀ ਜ਼ਿਲ੍ਹਾ ਅਦਾਲਤ ਨੇ ਸਜ਼ਾ ਸੁਣਾਈ ਹੈ। ਕਾਰਜਕਾਰੀ ਅਮਰੀਕੀ ਅਟਾਰਨੀ ਟੇਸਾ ਐਮ ਗੋਰਮਨ ਵੱਲੋਂ ਉਸ ਨੂੰ 45 ਮਹੀਨਿਆਂ ਦੀ ਸਜ਼ਾ ਸੁਣਾਈ ਗਈ ਹੈ। ਉਨ੍ਹਾਂ ਕਿਹਾ, ''ਚਾਰ ਸਾਲਾਂ ਤੋਂ ਵੱਧ ਸਮੇਂ ਵਿਚ ਸਿੰਘ ਨੇ ਉੱਤਰੀ ਸਰਹੱਦ ਰਾਹੀਂ ਅਮਰੀਕਾ ਵਿਚ 800 ਤੋਂ ਵੱਧ ਵਿਅਕਤੀਆਂ ਦੀ ਤਸਕਰੀ ਕੀਤੀ।''

ਉਨ੍ਹਾਂ ਕਿਹਾ ਕਿ ਸਿੰਘ ਨੇ ਅਮਰੀਕਾ ਵਿਚ ਬਿਹਤਰ ਜ਼ਿੰਦਗੀ ਦੀ ਉਮੀਦ ਨਾਲ ਆਏ ਭਾਰਤੀਆਂ ਨੂੰ ਇਸ ਸਾਜ਼ਿਸ਼ ਦਾ ਸ਼ਿਕਾਰ ਬਣਾਇਆ ਅਤੇ ਉਨ੍ਹਾਂ ਨੂੰ 70,000 ਡਾਲਰ ਦੇ ਕਰਜ਼ੇ ਹੇਠ ਦੱਬ ਦਿੱਤਾ। ਮਾਮਲੇ ਦੇ ਦਸਤਾਵੇਜ਼ਾਂ ਅਨੁਸਾਰ ਸਿੰਘ ਅਤੇ ਉਸ ਦੇ ਸਾਥੀਆਂ ਨੇ ਗੈਰ-ਕਾਨੂੰਨੀ ਤਰੀਕੇ ਨਾਲ ਕੈਨੇਡਾ ਤੋਂ ਸੀਏਟਲ ਪਹੁੰਚੇ ਲੋਕਾਂ ਨੂੰ ਹੋਰ ਥਾਵਾਂ 'ਤੇ ਲਿਜਾਣ ਲਈ ਊਬਰ ਦੀ ਵਰਤੋਂ ਕੀਤੀ। ਜਾਣਕਾਰੀ ਅਨੁਸਾਰ ਰਾਜਿੰਦਰ ਪਾਲ ਤੇ ਉਸ ਦੇ ਸਾਥੀ ਜੁਲਾਈ 2018 ਤੋਂ ਇਸ ਕੰਮ ਨੂੰ ਅੰਜਾਮ ਦੇ ਰਹੇ ਸਨ।

## ਅਮਰੀਕਾ ਵਿਚ ਪੰਜਾਬੀ ਨੌਜਵਾਨ ਗੁਰਪ੍ਰੀਤ ਸਿੰਘ ਸਿੱਧੂ ਦੀ ਮੌਤ

**ਸ਼ੇਰਪੁਰ:** ਅਮਰੀਕਾ ਦੇ ਸੂਬੇ ਕੈਲੀਫੋਰਨੀਆ ਵਿਚ ਸ਼ੇਰਪੁਰ ਦੇ ਇਕ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਗੁਰਪ੍ਰੀਤ ਸਿੰਘ ਸਿੱਧੂ (31) ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਗੁਰਪ੍ਰੀਤ ਸਿੰਘ ਅਮਰੀਕਾ ਜਾਣ ਤੋਂ ਪਹਿਲਾਂ ਪੰਜਾਬ ਵਿਚ ਟੈਕਸੀ ਚਲਾਉਂਦਾ ਸੀ।

ਪਰਿਵਾਰ ਅਨੁਸਾਰ ਦੋ ਕੁ ਮਹੀਨੇ ਪਹਿਲਾਂ ਉਹ ਅਮਰੀਕਾ ਵਿਚ ਪਹੁੰਚ ਗਿਆ ਸੀ ਤੇ ਉਸ ਦੇ ਜਾਣਕਾਰ ਪਰਿਵਾਰ ਨੇ ਉਸ ਨੂੰ ਸਟੋਰ ਵਿਚ ਕੰਮ ਵੀ ਦੇ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਗੁਰਪ੍ਰੀਤ ਦੀ ਆਪਣੇ ਪਿਤਾ ਰਣਜੀਤ ਸਿੰਘ ਸਿੱਧੂ ਨਾਲ ਗੱਲਬਾਤ ਵੀ ਹੋਈ ਸੀ। ਮਾਸਟਰ ਹਰਬੰਸ ਸਿੰਘ ਸ਼ੇਰਪੁਰ ਨੇ ਪੰਜਾਬ ਤੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਮ੍ਰਿਤਕ ਦੀ ਦੇਹ ਨੂੰ ਪੰਜਾਬ ਲਿਆਉਣ ਲਈ ਉਪਰਾਲੇ ਕੀਤੇ ਜਾਣ।

# ਧੋਖਾ ਕਰਨ ਵਾਲੇ ਟਰੈਵਲ ਏਜੰਟਾਂ ਦੀ ਸ਼ਾਮਤ ਆਈ



**ਜਲੰਧਰ:** ਜਾਅਲੀ ਦਸਤਾਵੇਜ਼ਾਂ ਦੇ ਆਧਾਰ ਉਤੇ 700 ਵਿਦਿਆਰਥੀਆਂ ਨੂੰ ਕੈਨੇਡਾ ਭੇਜਣ ਵਾਲੇ ਟਰੈਵਲ ਏਜੰਟ ਬ੍ਰਿਜੇਸ਼ ਮਿਸ਼ਰਾ ਦੀ ਗ੍ਰਿਫਤਾਰੀ ਪਿੱਛੋਂ ਜ਼ਿਲ੍ਹਾ ਪ੍ਰਸ਼ਾਸਨ ਟਰੈਵਲ ਏਜੰਟਾਂ ਖ਼ਿਲਾਫ ਸਖਤ ਹੋ ਗਿਆ ਹੈ। ਜਲੰਧਰ ਦੇ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਜ਼ਿਲ੍ਹੇ ਦੀਆਂ ਸਮੂਹ ਛੇ ਸਬ-ਡਿਵੀਜ਼ਨਾਂ ਵਿਚ ਇਮੀਗ੍ਰੇਸ਼ਨ ਫਰਮਾਂ ਦੀ ਪੜਤਾਲ ਲਈ ਚਾਰ ਮੈਂਬਰੀ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਹੈ।

ਹਰ ਸਬ-ਡਿਵੀਜ਼ਨ ਵਿਚ ਇਕ ਚਾਰ ਮੈਂਬਰੀ ਟੀਮ ਹੋਵੇਗੀ, ਜਿਸ ਵਿਚ ਐਸ.ਡੀ.ਐਮ, ਡੀ.ਐਸ.ਪੀ, ਥਾਣਾ ਮੁਖੀ ਅਤੇ ਤਹਿਸੀਲਦਾਰ ਮੈਂਬਰ ਵਜੋਂ ਸ਼ਾਮਲ ਹੋਣਗੇ। ਉਨ੍ਹਾਂ ਸਬੰਧਤ ਟੀਮਾਂ ਨੂੰ ਜ਼ਿਲ੍ਹੇ ਵਿਚ ਕੰਮ ਕਰ ਰਹੀਆਂ ਸਾਰੀਆਂ ਇਮੀਗ੍ਰੇਸ਼ਨ ਫਰਮਾਂ ਦੇ ਦਫਤਰਾਂ ਵਿਚ ਜਾ ਕੇ ਪੜਤਾਲ ਕਰਨ ਦੇ ਨਿਰਦੇਸ਼ ਦਿੱਤੇ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਾਰੀਆਂ ਫਰਮਾਂ ਨੂੰ ਪੰਜਾਬ ਟਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਐਕਟ 2014 ਤਹਿਤ ਨਿਰਧਾਰਤ ਨਿਯਮਾਂ ਦੀ ਸਖਤੀ ਨਾਲ ਪਾਲਣਾ ਕਰਨਾ ਯਕੀਨੀ ਬਣਾਉਣਾ ਚਾਹੀਦਾ ਹੈ, ਤਾਂ ਜੋ ਕੋਈ ਵੀ ਵਿਅਕਤੀ ਇਮੀਗ੍ਰੇਸ਼ਨ ਫਰਮਾਂ ਹੱਥੋਂ ਕਿਸੇ ਕਿਸਮ ਦੀ ਧੋਖਾਧੜੀ ਦਾ ਸ਼ਿਕਾਰ ਨਾ ਹੋ ਸਕੇ। ਸ੍ਰੀ ਸਾਰੰਗਲ ਨੇ ਸਮੂਹ ਐਸ.ਡੀ.ਐਮਜ਼ ਨੂੰ ਜ਼ਿਲ੍ਹੇ ਵਿਚ ਇਮੀਗ੍ਰੇਸ਼ਨ/ਟਰੈਵਲ ਕੰਸਲਟੈਂਟਾਂ ਦੀ ਤੁਰਤ ਜਾਂਚ ਸ਼ੁਰੂ ਕਰਨ ਅਤੇ ਆਪਣੀ ਚੈਕਿੰਗ ਰਿਪੋਰਟ 10 ਜੁਲਾਈ ਤੱਕ ਜਮ੍ਹਾਂ ਕਰਵਾਉਣ ਲਈ ਕਿਹਾ ਹੈ, ਜਿਸ ਮਗਰੋਂ ਇਕ ਸਾਂਝੀ ਰਿਪੋਰਟ ਸੂਬਾ ਸਰਕਾਰ ਕੋਲ ਭੇਜੀ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸੇ ਨੂੰ ਨਿਯਮਾਂ ਦੀ ਉਲੰਘਣਾ ਨਹੀਂ ਕਰਨ ਦਿੱਤੀ ਜਾਵੇਗੀ।

ਉਧਰ, ਬਠਿੰਡਾ ਜ਼ਿਲ੍ਹਾ ਪ੍ਰਸ਼ਾਸਨ ਨੇ ਪੰਜਾਬ ਟਰੈਵਲ ਪ੍ਰੋਫੈਸ਼ਨਲ ਐਕਟ ਤਹਿਤ ਜਾਰੀ ਲਾਇਸੈਂਸਾਂ 'ਚੋਂ ਸ਼ਿਕਾਇਤਾਂ ਮਿਲਣ ਮਗਰੋਂ ਸਾਲ 2020, 22 ਅਤੇ 23 ਦੌਰਾਨ ਕੁਲ 20 ਲਾਇਸੈਂਸ ਰੱਦ ਕੀਤੇ ਹਨ। ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਅਨੁਸਾਰ ਫਰਮ ਵੈਟਰਨ ਕੰਸਲਟੈਂਸੀ ਬਠਿੰਡਾ, ਪ੍ਰਾਈਮ ਐਜੂਕੇਸ਼ਨ ਐਂਡ ਇਮੀਗਰੇਸ਼ਨ ਕੰਸਲਟੈਂਸੀ ਬਠਿੰਡਾ, ਟਰੈਵਲਜ਼ ਏਜੰਟ ਐਂਡ ਟਰੈਵਲ ਏਜੰਸੀ, ਇਜ਼ੀਵੀਜ਼ਾ ਸਰਵਸਿਜ਼, ਸਾਈਂ ਟਰੈਵਲਜ਼ ਰਾਮਪੁਰਾ ਫੂਲ ਤੇ ਕੰਵਰ ਕੰਸਲਟੈਂਸੀ ਦਾ ਲਾਇਸੈਂਸ ਰੱਦ ਕੀਤਾ ਗਿਆ ਹੈ। ਇਸੇ ਤਰ੍ਹਾਂ ਕੈਜ਼ੂਅਲ ਪਲੱਸ ਇਮੀਗ੍ਰੇਸ਼ਨ ਅਜੀਤ ਰੋਡ, ਰੀਤ ਇਮੀਗ੍ਰੇਸ਼ਨ ਸਰਵਸਿਜ਼ ਬਠਿੰਡਾ, ਵਨ ਸਟੈਪ ਮੇਨ ਅਜੀਤ ਰੋਡ ਸਾਹਮਣੇ ਡਾ. ਕਾਲੜਾ ਬਠਿੰਡਾ ਅਤੇ ਜੋੜਾ ਐਂਡ ਸੰਨਜ਼ ਦਾ ਲਾਇਸੈਂਸ ਰੱਦ ਕੀਤਾ ਹੈ।

## ਮਿਸ਼ਰਾ ਨੂੰ ਲਿਆਉਣ ਦੀ ਕਾਰਵਾਈ ਸ਼ੁਰੂ ਕਰਾਂਗੇ: ਡੀ.ਸੀ.ਪੀ.

**ਜਲੰਧਰ:** ਡੀ.ਸੀ.ਪੀ. ਜਗਮੋਹਨ ਸਿੰਘ ਨੇ ਆਖਿਆ ਕਿ ਬ੍ਰਿਜੇਸ਼ ਮਿਸ਼ਰਾ ਖ਼ਿਲਾਫ਼ ਲੋੜੀਂਦੀ ਕਾਨੂੰਨੀ ਕਾਰਵਾਈ ਮੁਕੰਮਲ ਹੋਣ ਮਗਰੋਂ ਉਸ ਨੂੰ ਪੰਜਾਬ ਲਿਆਉਣ ਦੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਆਖਿਆ ਕਿ ਮਿਸ਼ਰਾ ਖ਼ਿਲਾਫ਼ ਲੁੱਕਆਊਟ ਨੋਟਿਸ ਜਾਰੀ ਕੀਤਾ ਗਿਆ ਅਤੇ ਜਲਦੀ ਹੀ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਜਾਵੇਗਾ। ਜਲੰਧਰ ਦੇ ਸੀ.ਪੀ. ਕੁਲਦੀਪ ਚਾਹਲ ਨੇ ਆਖਿਆ ਕਿ ਉਹ ਕੈਨੇਡਾ ਸਰਕਾਰ ਨਾਲ ਰਸਮੀ ਗੱਲਬਾਤ ਸ਼ੁਰੂ ਹੋਣ ਦਾ ਇੰਤਜ਼ਾਰ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਜਲਦੀ ਹੀ ਉਸ ਨੂੰ ਪੰਜਾਬ ਲਿਆਉਣ ਦੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ।

# ਪਾਕਿਸਤਾਨ 'ਚ ਗੁਰਦੁਆਰੇ ਦੀ ਮਰਿਆਦਾ ਭੰਗ ਕਰਨ ਖਿਲਾਫ ਰੋਹ

**ਅੰਮ੍ਰਿਤਸਰ:** ਅਕਾਲ ਤਖਤ ਦੇ ਨਵਨਿਯੁਕਤ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪਾਕਿਸਤਾਨ 'ਚ ਸੂਬਾ ਸਿੰਧ ਦੇ ਸ਼ਹਿਰ ਸੱਖਰ ਵਿਚ ਸ਼ਰਾਰਤੀ ਅਨਸਰਾਂ ਵੱਲੋਂ ਗੁਰਦੁਆਰਾ ਸਿੰਘ ਸਭਾ ਅੰਦਰ ਰਾਗੀ ਸਿੰਘਾਂ ਨਾਲ ਦੁਰਵਿਹਾਰ ਕਰਨ ਅਤੇ ਜਬਰੀ ਕੀਰਤਨ ਬੰਦ ਕਰਵਾਉਣ ਦੀ ਸਖਤ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਬੇਹਦ ਮੰਦਭਾਗੀ ਘਟਨਾ ਹੈ। ਮੁਲਜ਼ਮਾਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਐਡਵੋਕੇਟ ਧਾਮੀ ਨੇ ਪੁਲਿਸ ਵੱਲੋਂ ਮੁਲਜ਼ਮਾਂ ਨੂੰ ਨੂੰ ਛੱਡ ਦੇਣ 'ਤੇ ਵੀ ਇਤਰਾਜ਼ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਅੰਦਰ ਘੱਟ ਗਿਣਤੀ ਸਿੱਖਾਂ ਨਾਲ ਅਜਿਹੀ ਧੱਕੇਸ਼ਾਹੀ ਬਰਦਾਸ਼ਤ ਨਹੀਂ ਹੈ। ਪਾਕਿਸਤਾਨ 'ਚ ਕੁਝ ਦਿਨ ਪਹਿਲਾਂ ਇਕ ਸਿੱਖ ਦੁਕਾਨਦਾਰ ਦੀ ਹੱਤਿਆ ਕਰ ਦਿੱਤੀ ਗਈ ਸੀ ਅਤੇ ਹੁਣ ਗੁਰਦੁਆਰੇ ਅੰਦਰ ਸ਼ਰਾਰਤੀ ਅਨਸਰਾਂ





ਵੱਲੋਂ ਮਰਿਆਦਾ ਭੰਗ ਕੀਤੀ ਗਈ ਹੈ।

ਦੱਸ ਦਈਏ ਕਿ ਪਾਕਿਸਤਾਨ ਦੇ ਸਿੰਧ ਸੂਬੇ ਦੇ ਸ਼ਹਿਰ ਸੱਖਰ ਵਿਚ ਸ਼ਰਾਰਤੀ ਅਨਸਰਾਂ ਨੇ ਜਬਰਦਸਤੀ ਗੁਰਦੁਆਰਾ ਸਿੰਘ ਸਭਾ ਵਿਖੇ ਦਾਖਲ ਹੋ ਕੇ ਰਾਗੀ ਸਿੰਘਾਂ ਨਾਲ ਦੁਰਵਿਹਾਰ ਕੀਤਾ ਅਤੇ ਉਨ੍ਹਾਂ ਨੂੰ ਕੀਰਤਨ ਬੰਦ ਕਰਨ ਲਈ ਕਿਹਾ। ਇਤਿਹਾਸਕ ਗੁਰਦੁਆਰਾ ਸਾਹਿਬ ਵਿਖੇ ਮੌਜੂਦ ਕਈ ਸਥਾਨਕ ਸਿੱਖਾਂ ਅਤੇ ਹਿੰਦੂਆਂ ਨੇ ਦੋਸ਼ ਲਾਇਆ ਕਿ ਸ਼ਰਾਰਤੀ ਅਨਸਰਾਂ ਨੇ ਸਿੱਖਾਂ ਦੇ ਪਵਿੱਤਰ ਗੁਰੂ ਗ੍ਰੰਥ ਸਾਹਿਬ ਦੀ ਵੀ ਬੇਅਦਬੀ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੁਲਿਸ ਹਵਾਲੇ ਕੀਤੇ ਬਦਮਾਸ਼ਾਂ ਨੂੰ ਜਾਂਚ ਅਤੇ ਪੁੱਛ ਪੜਤਾਲ ਕੀਤੇ ਬਗੈਰ ਛੱਡ ਦਿੱਤਾ ਗਿਆ। ਸਿੱਖਾਂ ਅਤੇ ਹਿੰਦੂਆਂ ਨੇ ਪੁਲਿਸ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਇਸ ਘਟਨਾ ਸਬੰਧੀ ਨਾ ਤਾਂ ਐਫ.ਆਈ.ਆਰ. ਦਰਜ ਕੀਤੀ ਗਈ ਤੇ ਨਾ ਹੀ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਘੱਟ ਗਿਣਤੀ ਭਾਈਚਾਰੇ ਦੇ ਲੋਕ ਪਾਕਿਸਤਾਨ ਵਿਚ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ।

### ਸ਼੍ਰੋਮਣੀ ਕਮੇਟੀ ਕੇਂਦਰ ਤੱਕ ਪਹੁੰਚ ਕਰੇਗੀ: ਧਾਮੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪਾਕਿਸਤਾਨ ਅਤੇ ਹੋਰ ਦੇਸ਼ਾਂ ਅੰਦਰ ਸਿੱਖਾਂ ਵਿਰੁੱਧ ਵਾਪਰਦੀਆਂ ਘਟਨਾਵਾਂ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਵੱਲੋਂ ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਤੱਕ ਪਹੁੰਚ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਾਕਿਸਤਾਨ ਅੰਦਰ ਘੱਟ ਗਿਣਤੀ ਸਿੱਖਾਂ ਨਾਲ ਅਜਿਹੀ ਧੱਕੇਸ਼ਾਹੀ ਬਰਦਾਸ਼ਤ ਨਹੀਂ ਹੈ। ਇਸ ਦੌਰਾਨ ਨਿਹੰਗ ਜਥੇਬੰਦੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਨੇ ਵੀ ਘਟਨਾ ਦੀ ਨਿਖੇਧੀ ਕੀਤੀ ਹੈ।

# ਖਾਲਿਸਤਾਨੀ ਪੱਖੀਆਂ ਦੀ ਵਿਦੇਸ਼ਾਂ 'ਚ ਹੱਤਿਆ ਖਿਲਾਫ ਰੋਹ ਭਖਿਆ

**ਅੰਮ੍ਰਿਤਸਰ:** ਖਾਲਿਸਤਾਨ ਦੇ ਸੰਘਰਸ਼ ਨਾਲ ਜੁੜੇ ਵਿਅਕਤੀਆਂ ਨੂੰ ਵਿਦੇਸ਼ ਵਿਚ ਕਤਲ ਕੀਤੇ ਜਾਣ ਵਿਰੁੱਧ ਦਲ ਖਾਲਸਾ ਵੱਲੋਂ ਭਾਰਤੀ ਖੁਫੀਆ ਏਜੰਸੀ ਦੇ ਦਫਤਰ ਵੱਲ ਰੋਸ ਪ੍ਰਦਰਸ਼ਨ ਕਰਨ ਜਾਂਦੇ ਦਲ ਖਾਲਸਾ ਦੇ 86 ਕਾਰਕੁਨਾਂ ਨੂੰ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ।

ਇਸ ਤੋਂ ਪਹਿਲਾਂ ਸਿੱਖ ਜਥੇਬੰਦੀ ਵੱਲੋਂ ਕੈਨੇਡਾ ਵਿਚ ਕਤਲ ਕੀਤੇ ਗਏ ਹਰਦੀਪ ਸਿੰਘ ਨਿੱਜਰ ਨਮਿਤ ਸ੍ਰੀ ਅਖੰਡ ਪਾਠ ਦੇ ਭੋਗ ਸ੍ਰੀ ਦਰਬਾਰ ਸਾਹਿਬ ਸਮੂਹ ਵਿਚ ਪਾਏ ਗਏ। ਭੋਗ ਮਗਰੋਂ ਦਲ ਖਾਲਸਾ ਦੇ ਆਗੂ ਪਰਮਜੀਤ ਸਿੰਘ ਮੰਡ ਦੀ ਅਗਵਾਈ ਹੇਠ 100 ਨੌਜਵਾਨਾਂ ਦਾ ਇਕ ਜਥਾ ਭਾਰਤੀ ਖੁਫੀਆ ਏਜੰਸੀ 'ਰਾਅ' ਦੇ ਦਫਤਰ ਦੇ ਬਾਹਰ ਰੋਸ ਪ੍ਰਦਰਸ਼ਨ ਕਰਨ ਲਈ ਰਵਾਨਾ ਹੋਇਆ ਪਰ ਪੁਲਿਸ ਨੇ ਇਨ੍ਹਾਂ ਨੂੰ ਹੈਰੀਟੇਜ ਸਟ੍ਰੀਟ ਨੇੜੇ ਹੀ ਹਿਰਾਸਤ ਵਿਚ ਲੈ ਲਿਆ। ਦਲ ਖਾਲਸਾ ਵੱਲੋਂ ਇਥੇ ਦਰਬਾਰ ਸਾਹਿਬ ਸਮੂਹ ਵਿਚ ਕੈਨੇਡਾ 'ਚ ਕਤਲ ਕੀਤੇ ਗਏ ਹਰਦੀਪ ਸਿੰਘ ਨਿੱਜਰ ਨਮਿਤ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਸਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਅਕਾਲ ਤਖਤ ਵੱਲੋਂ ਗਿਆਨੀ ਮਲਕੀਅਤ ਸਿੰਘ ਅਤੇ ਪੰਥਕ ਜਥੇਬੰਦੀਆਂ ਦੇ ਆਗੂਆਂ ਨੇ ਸਮਾਗਮ ਵਿਚ ਸ਼ਿਰਕਤ ਕੀਤੀ ਅਤੇ ਭਾਈ ਨਿੱਜਰ ਨੂੰ ਸ਼ਹੀਦ ਦਾ ਦਰਜਾ ਦਿੱਤਾ। ਇਸ ਮੌਕੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਅਤੇ ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਦੋਸ਼ ਲਾਇਆ ਕਿ ਭਾਰਤੀ ਸੁਰੱਖਿਆ ਅਦਾਰੇ ਖਾਲਿਸਤਾਨੀ ਸਿੱਖਾਂ ਨੂੰ ਦੁਨੀਆ ਭਰ ਵਿਚ ਲੁਕਵੇਂ ਅਤੇ ਗੈਰ-ਕਾਨੂੰਨੀ ਢੰਗ ਨਾਲ ਖਤਮ ਕਰ ਰਹੇ ਹਨ, ਜਿਸ ਨੂੰ ਰੋਕਿਆ ਜਾਣਾ ਚਾਹੀਦਾ ਹੈ।

# ਬਹਿਬਲ ਗੋਲੀ ਕਾਂਡ ਦੀ ਸੁਣਵਾਈ ਟਲੀ

**ਫਰੀਦਕੋਟ:** ਬਹਿਬਲ ਗੋਲੀ ਕਾਂਡ ਕੇਸ ਦੀ ਇਥੇ ਵਧੀਕ ਸੈਸ਼ਨ ਜੱਜ ਰਾਜੀਵ ਕਾਲੜਾ ਦੀ ਅਦਾਲਤ ਵਿਚ ਸੁਣਵਾਈ ਹੋਈ। ਅਦਾਲਤ ਨੇ ਇਸ ਕੇਸ ਵਿਚ ਇਲਾਕਾ ਮੈਜਿਸਟਰੇਟ ਤੋਂ ਕੋਟਕਪੂਰਾ ਗੋਲੀ ਕਾਂਡ ਦੀ ਸਟੇਟਸ ਰਿਪੋਰਟ ਮੰਗੀ ਸੀ ਜੋ ਇਲਾਕਾ ਮੈਜਿਸਟਰੇਟ ਨੇ ਅਦਾਲਤ ਨੂੰ ਸੌਂਪ ਦਿੱਤੀ।

ਅਦਾਲਤ ਨੇ ਇਸ ਕੇਸ ਦੀ ਅਗਲੀ ਤਰੀਕ 29 ਜੁਲਾਈ ਨਿਰਧਾਰਿਤ ਕੀਤੀ ਹੈ। ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਅਤੇ ਸੁਹੇਲ ਸਿੰਘ ਬਰਾੜ ਅਦਾਲਤ ਵਿਚ ਪੇਸ਼ ਨਹੀਂ ਹੋਏ ਅਤੇ ਅਦਾਲਤ ਨੇ ਉਨ੍ਹਾਂ ਦੀ ਹਾਜਰੀ ਮੁਆਫ ਕਰ ਦਿੱਤੀ ਹੈ। ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਨੇ ਅਦਾਲਤ ਵਿਚ ਅਰਜ਼ੀ ਦੇ ਕੇ ਇਸ ਕੇਸ ਦੀ ਨਿੱਜੀ ਪੇਸ਼ੀ ਤੋਂ ਪੱਕੀ ਛੋਟ ਮੰਗੀ ਹੈ। ਹਾਲਾਂਕਿ ਜਾਂਚ ਟੀਮ ਅਤੇ ਪੰਜਾਬ ਸਰਕਾਰ ਨੇ ਸੈਣੀ ਦੀ ਇਸ ਮੰਗ ਦਾ ਵਿਰੋਧ ਕੀਤਾ।

ਅਦਾਲਤ ਸਾਬਕਾ ਡੀ.ਜੀ.ਪੀ. ਨੂੰ ਨਿੱਜੀ



ਪੇਸ਼ੀ ਤੋਂ ਪੱਕੀ ਛੋਟ ਦੇਣ ਦੇ ਫੈਸਲੇ ਬਾਰੇ 29 ਜੁਲਾਈ ਨੂੰ ਫੈਸਲਾ ਕਰੇਗੀ। ਕੋਟਕਪੂਰਾ ਗੋਲੀ ਕਾਂਡ ਦੀ ਫਾਈਲ ਵਧੀਕ ਸੈਸ਼ਨ ਜੱਜ ਕੋਲ ਪੁੱਜਣ ਤੋਂ ਬਾਅਦ ਇਨ੍ਹਾਂ ਦੋਹਾਂ ਕੇਸਾਂ ਦੀ ਇਕ ਸਾਰ ਸੁਣਵਾਈ ਸ਼ੁਰੂ ਹੋਣੀ ਹੈ। ਬਹਿਬਲ ਗੋਲੀ ਕਾਂਡ ਦੇ ਸੱਤ ਗਵਾਹਾਂ ਨੇ ਅਦਾਲਤ ਵਿਚ ਅਰਜ਼ੀ ਦੇ ਕੇ ਮੰਗ ਕੀਤੀ ਹੈ ਕਿ ਉਨ੍ਹਾਂ ਦੇ ਬਿਆਨ ਦੁਬਾਰਾ ਕਲਮਬੰਦ ਕਰਵਾਏ ਜਾਣ, ਕਿਉਂਕਿ ਸਾਬਕਾ ਜਾਂਚ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਉਨ੍ਹਾਂ ਦੇ ਬਿਆਨਾਂ ਨਾਲ ਕਥਿਤ ਛੇੜਛਾੜ ਕੀਤੀ ਹੈ।

# ਸਿੱਖ ਕਤਲੇਆਮ: ਜੀ.ਕੇ. 'ਤੇ ਟਾਈਟਲਰ ਖਿਲਾਫ ਜਬਰੀ ਸ਼ਿਕਾਇਤਕਰਤਾ ਬਣਨ ਦੇ ਦੋਸ਼



**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. 1984 ਦੇ ਸਿੱਖ ਕਤਲੇਆਮ ਮਾਮਲੇ 'ਚ ਜਗਦੀਸ਼ ਟਾਈਟਲਰ ਖਿਲਾਫ ਕੇਸ ਵਿਚ ਜਬਰੀ ਸ਼ਿਕਾਇਤਕਰਤਾ ਬਣਨ ਦੀ ਕੋਸ਼ਿਸ਼ ਕਰ ਰਹੇ ਹਨ। ਇਥੇ ਜਗਦੀਸ਼ ਟਾਈਟਲਰ ਖਿਲਾਫ ਰਾਊਜ਼ ਐਵੇਨਿਊ ਅਦਾਲਤ 'ਚ ਮਾਮਲੇ ਦੀ ਸੁਣਵਾਈ ਮਗਰੋਂ ਕਾਲਕਾ ਤੇ ਕਾਹਲੋਂ ਨੇ ਦੱਸਿਆ ਕਿ ਮਨਜੀਤ ਸਿੰਘ ਜੀ.ਕੇ. ਵੱਲੋਂ ਵਾਰ-ਵਾਰ ਅਦਾਲਤ ਵਿਚ ਖੁਦ ਨੂੰ ਸ਼ਿਕਾਇਤਕਰਤਾ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਦਾ ਅਦਾਲਤ ਨੇ ਗੰਭੀਰ ਨੋਟਿਸ ਲਿਆ ਹੈ। ਉਨ੍ਹਾਂ ਦੱਸਿਆ ਕਿ ਜੱਜ ਨੇ ਜੀ.ਕੇ. ਨੂੰ ਸਪਸ਼ਟ ਕਿਹਾ ਕਿ ਉਹ ਜਬਰਦਸਤੀ ਸ਼ਿਕਾਇਤਕਰਤਾ ਨਹੀਂ ਬਣ ਸਕਦੇ। ਜੇਕਰ ਸੀ.ਬੀ.ਆਈ. ਨੂੰ ਉਨ੍ਹਾਂ ਦੀ ਗਵਾਹੀ ਦੀ ਲੋੜ ਹੋਈ ਤਾਂ ਉਨ੍ਹਾਂ ਨੂੰ ਦੱਸ ਦਿੱਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਜੱਜ ਨੇ ਕੜਕੜਡੂਮਾ ਅਦਾਲਤ 'ਚ ਕੇਸ ਦਾ ਰਿਕਾਰਡ ਤਲਬ ਕਰ ਕੇ ਮਾਮਲੇ ਦੀ ਸੁਣਵਾਈ 6 ਜੁਲਾਈ ਲਈ ਮੁਲਤਵੀ ਕਰ ਦਿੱਤੀ।

### ਮਾਣਹਾਨੀ ਕੇਸ 'ਚ ਸਿਰਸਾ, ਕਾਲਕਾ ਤੇ ਕਾਹਲੋਂ ਨੂੰ ਸੰਮਨ

**ਨਵੀਂ ਦਿੱਲੀ:** ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੂੰ ਬਿਨਾਂ ਸਬੂਤਾਂ ਤੋਂ ਅਪਸ਼ਬਦ ਕਹਿਣ 'ਤੇ ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਨੇ ਮਾਣਹਾਨੀ ਦੇ ਦੋਸ਼ਾਂ ਤਹਿਤ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ, ਮੌਜੂਦਾ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੂੰ ਸੰਮਨ ਜਾਰੀ ਕੀਤੇ ਹਨ। ਜੀ.ਕੇ. ਨੇ ਦੋਸ਼ ਲਾਇਆ ਸੀ ਕਿ ਇਨ੍ਹਾਂ ਵਿਅਕਤੀਆਂ ਨੇ ਸਿਆਸੀ ਤੇ ਨਿੱਜੀ ਫਾਇਦੇ ਖਾਤਰ ਉਨ੍ਹਾਂ ਨੂੰ ਬਦਨਾਮ ਕੀਤਾ ਹੈ।

# ਵਿਸ਼ਵ ਸਿੱਖ ਇਕੱਤਰਤਾ 'ਚ ਗੁਰਮਤੇ ਰਾਹੀਂ ਕੀਤਾ ਸਾਂਝਾ ਫੈਸਲਾ

**ਆਨੰਦਪੁਰ ਸਾਹਿਬ:** ਵਿਸ਼ਵ ਸਿੱਖ ਇਕੱਤਰਤਾ ਵਿਚ ਗੁਰਮਤੇ ਰਾਹੀਂ ਸਾਂਝਾ ਫੈਸਲਾ ਲਿਆ ਗਿਆ ਅਤੇ ਗੁਰਮਤੇ ਵਿਚ ਕਿਹਾ ਗਿਆ ਹੈ ਕਿ 'ਸ੍ਰੀ ਅਕਾਲ ਤਖਤ ਸਾਹਿਬ ਦੀ ਸੇਵਾ ਸੰਭਾਲ ਲਈ ਇਕ ਨਿਸ਼ਕਾਮ ਅਤੇ ਖੁਦ ਮੁਖਤਿਆਰ ਜਥਾ ਸਿਰਜਿਆ ਜਾਵੇ ਜੋ ਸ੍ਰੀ ਅਕਾਲ ਤਖਤ ਸਾਹਿਬ ਦੀ ਸੇਵਾ ਸੰਭਾਲ ਗੁਰਮਤਾ ਸੰਸਥਾ ਮੁਤਾਬਕ ਕਰੇ।'


ਮੀਰੀ ਪੀਰੀ ਦੇ ਦਿਹਾੜੇ ਮੌਕੇ ਇੱਥੇ ਵਿਸ਼ਵ ਸਿੱਖ ਇਕੱਤਰਤਾ ਹੋਈ ਜਿਸ ਵਿਚ ਵੱਡੀ ਗਿਣਤੀ ਸੰਪਰਦਾਵਾਂ, ਜਥਿਆਂ ਅਤੇ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਪੰਥ ਰਵਾਇਤ ਨੂੰ ਸੁਰਜੀਤ ਕਰਨ ਦਾ ਯਤਨ ਕੀਤਾ ਗਿਆ। ਇਹ ਇਕੱਤਰਤਾ ਸੱਦਣ ਵਾਲੀਆਂ ਸ਼ਖਸੀਅਤਾਂ ਨੇ ਸਾਂਝੇ ਤੌਰ 'ਤੇ ਗੁਰਮਤੇ ਦੀ ਆਰੰਭਤਾ ਦੀ ਅਰਦਾਸ ਕੀਤੀ। ਉਪਰੰਤ ਉਨ੍ਹਾਂ ਸਾਖੀ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਹਾਜ਼ਰ ਜਥਿਆਂ ਤੇ ਸੰਸਥਾਵਾਂ ਦੇ ਨੁਮਾਇੰਦਿਆਂ ਵਿਚੋਂ ਪੰਥਕ ਰਵਾਇਤ ਅਨੁਸਾਰ ਪੰਜ ਸਿੰਘਾਂ ਦੀ ਚੋਣ ਕੀਤੀ। ਸਾਖੀ ਸਿੰਘਾਂ ਨੇ ਇਕ-ਇਕ ਕਰ ਕੇ ਪੰਜ ਸਿੰਘਾਂ ਦੇ ਨਾਮ ਲਏ ਤੇ ਉਨ੍ਹਾਂ ਬਾਰੇ ਸੰਗਤ ਕੋਲੋਂ ਇਤਰਾਜ਼ ਮੰਗੇ। ਇੰਝ ਵਿਸ਼ਵ ਸਿੱਖ ਇਕੱਤਰਤਾ ਦੌਰਾਨ ਸਾਰੇ ਜਥਿਆਂ ਦੇ ਵਿਚਾਰ ਸੁਣ ਕੇ ਗੁਰਮਤਾ ਸੋਧਣ ਦੀ ਸ਼ੁਰੂਆਤ ਇਨ੍ਹਾਂ ਪੰਜ ਸਿੰਘਾਂ ਵੱਲੋਂ ਕੀਤੀ ਗਈ। ਇਸ ਮੌਕੇ ਵਿਦੇਸ਼ਾਂ ਵਿਚੋਂ ਵੀ ਵੱਡੀ ਗਿਣਤੀ ਸਿੱਖ ਜਥਿਆਂ, ਸੰਸਥਾਵਾਂ ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦਿਆਂ ਨੇ ਪੰਜ ਸਿੰਘਾਂ ਕੋਲ ਆਪਣੇ ਵਿਚਾਰ ਪੇਸ਼ ਕੀਤੇ। ਪੰਜ ਸਿੰਘਾਂ ਨੇ ਸਾਰੇ ਬੁਲਾਰਿਆਂ ਦੇ ਵਿਚਾਰ ਸੁਣ ਕੇ ਆਪਸ ਵਿਚ ਚਰਚਾ ਕੀਤੀ ਤੇ ਗੁਰਮਤਾ ਸੋਧਿਆ।

# ਅੰਮ੍ਰਿਤਪਾਲ ਤੇ ਸਾਥੀਆਂ ਵੱਲੋਂ ਡਿਬਰੂਗੜ੍ਹ ਜੇਲ੍ਹ 'ਚ ਭੁੱਖ ਹੜਤਾਲ ਖਤਮ

**ਅੰਮ੍ਰਿਤਸਰ:** ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਅਤੇ ਸਾਥੀਆਂ ਨੇ ਪ੍ਰਸ਼ਾਸਨ ਵੱਲੋਂ ਮੰਗਾਂ ਪ੍ਰਵਾਨ ਕੀਤੇ ਜਾਣ ਮਗਰੋਂ ਆਪਣੀ ਭੁੱਖ ਹੜਤਾਲ ਸਮਾਪਤ ਕਰ ਦਿੱਤੀ ਹੈ। ਇਹ ਜਾਣਕਾਰੀ ਉਨ੍ਹਾਂ ਦੇ ਕੇਸ ਦੀ ਪੈਰਵੀ ਕਰ ਰਹੇ ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਦਿੱਤੀ।

ਉਨ੍ਹਾਂ ਦੱਸਿਆ ਕਿ ਅੰਮ੍ਰਿਤਪਾਲ ਸਿੰਘ ਨੇ ਆਪਣੇ ਪਿਤਾ ਨੂੰ ਜੇਲ੍ਹ 'ਚੋਂ ਫੋਨ ਕਰ ਕੇ ਦੱਸਿਆ ਹੈ ਕਿ ਪ੍ਰਸ਼ਾਸਨ ਨੇ ਬੰਦੀ ਸਿੱਖ ਨੌਜਵਾਨਾਂ ਦੀ ਆਪਣੇ ਘਰ ਫੋਨ ਕਰਨ ਦੇਣ ਦੀ ਮੰਗ ਪ੍ਰਵਾਨ ਕਰ ਲਈ ਹੈ। ਇਸ ਤੋਂ ਇਲਾਵਾ ਉਨ੍ਹਾਂ ਲਈ ਸਿੱਖ ਲਈ ਭੋਜਨ ਤਿਆਰ ਕਰਨ ਵਾਲਾ ਖਾਨਸਾਮਾ ਵੀ ਬਦਲ ਦਿੱਤਾ ਗਿਆ ਹੈ। ਅੰਮ੍ਰਿਤਪਾਲ ਦੇ ਪਿਤਾ ਨੇ ਦੋਸ਼ ਲਾਇਆ ਕਿ ਸਰਕਾਰਾਂ ਵੱਲੋਂ ਜੇਲ੍ਹ ਵਿਚ ਕੇਸ ਦੀ ਸੁਣਵਾਈ ਅਧੀਨ ਇਨ੍ਹਾਂ ਸਿੱਖ ਨੌਜਵਾਨਾਂ ਨੂੰ ਬੇਲੋੜਾ ਪਰੇਸ਼ਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਜਾਣਬੁੱਝ ਕੇ ਸਿੱਖ ਨੌਜਵਾਨਾਂ ਨੂੰ ਪੰਜਾਬ ਤੋਂ ਦੂਰ ਅਸਾਮ ਦੀ ਜੇਲ੍ਹ ਵਿਚ ਭੇਜਿਆ ਗਿਆ, ਜਿੱਥੋਂ ਦਾ ਅਮਲਾ ਨਾ ਸਿੱਖ ਰਵਾਇਤਾਂ ਤੋਂ ਜਾਣੂ ਹੈ ਤੇ ਨਾ ਹੀ ਪੰਜਾਬੀ ਭਾਸ਼ਾ ਸਮਝਦਾ ਹੈ। ਇਸ ਕਰਕੇ ਸਿੱਖ ਕੈਦੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਤੋਂ ਪਹਿਲਾਂ ਅੰਮ੍ਰਿਤਪਾਲ ਦੀ ਪਤਨੀ ਕਿਰਨਦੀਪ ਕੌਰ ਨੇ ਡਿਬਰੂਗੜ੍ਹ ਜੇਲ੍ਹ ਵਿਚ ਸਿੱਖ ਕੈਦੀਆਂ ਵੱਲੋਂ ਭੁੱਖ ਹੜਤਾਲ ਆਰੰਭਣ ਦੀ ਸੂਚਨਾ ਦਿੱਤੀ ਸੀ। ਉਸ ਨੇ ਦੋਸ਼ ਲਾਇਆ ਸੀ ਕਿ ਜੇਲ੍ਹ ਵਿਚ ਬੰਦ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਆਪਣੇ ਘਰਾਂ ਵਿਚ ਫੋਨ ਕਰਨ ਦੀ ਪ੍ਰਵਾਨਗੀ ਨਹੀਂ ਦਿੱਤੀ ਜਾ ਰਹੀ ਸੀ। ਉਸ ਨੇ ਇਹ ਵੀ ਦੱਸਿਆ ਕਿ ਜੇਲ੍ਹ ਵਿਚ ਸਿੱਖ ਕੈਦੀਆਂ



ਨੂੰ ਜੋ ਭੋਜਨ ਦਿੱਤਾ ਜਾਂਦਾ ਹੈ, ਉਸ ਵਿਚੋਂ ਤੰਬਾਕੂ ਵਰਗੇ ਪਦਾਰਥ ਮਿਲੇ ਹਨ। ਕਿਰਨਦੀਪ ਕੌਰ ਨੇ ਦੱਸਿਆ ਸੀ ਕਿ ਉਹ ਹਰ ਹਫਤੇ ਅੰਮ੍ਰਿਤਪਾਲ ਸਿੰਘ ਨੂੰ ਮਿਲਣ ਲਈ ਡਿਬਰੂਗੜ੍ਹ ਜੇਲ੍ਹ ਜਾਂਦੀ ਹੈ, ਇਸ ਹੜਤਾਲ ਬਾਰੇ ਉਸ ਨੂੰ ਇਸ ਹਫਤੇ ਹੀ ਪਤਾ ਲੱਗਿਆ ਸੀ। ਕਿਰਨਦੀਪ ਨੇ ਕਿਹਾ ਕਿ ਅਸਾਮ ਜੇਲ੍ਹ ਵਿਚ ਮੁਲਾਕਾਤ ਲਈ ਜਾਣ ਵਾਸਤੇ ਹਰ ਵਾਰ ਹਜ਼ਾਰਾਂ ਰੁਪਏ ਖਰਚ ਹੁੰਦੇ ਹਨ ਤੇ ਹਰ ਪਰਿਵਾਰ ਲਈ ਇਹ ਖਰਚਾ ਕਰ ਸਕਣਾ ਸੰਭਵ ਨਹੀਂ ਹੈ। ਜੇਕਰ ਫੋਨ 'ਤੇ ਗੱਲਬਾਤ ਦੀ ਆਗਿਆ ਮਿਲੇ ਤਾਂ ਇਹ ਖਰਚਾ ਬਚ ਸਕਦਾ ਹੈ।

ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਅਸਾਮ ਸਰਕਾਰ ਨੂੰ ਆਖਿਆ ਕਿ ਡਿਬਰੂਗੜ੍ਹ ਜੇਲ੍ਹ ਵਿਚ ਬੰਦ 'ਵਾਰਿਸ ਪੰਜਾਬ ਦੇ' ਦੇ ਸਿੱਖ ਕਾਰਕੁਨਾਂ ਨੂੰ ਜੇਲ੍ਹ ਵਿਚ ਆਟੇ 'ਚ ਤੰਬਾਕੂ ਪਾ ਕੇ ਦਿੱਤੇ ਜਾਣ ਦੇ ਮਾਮਲੇ ਦੀ ਜਾਂਚ ਕਰਵਾਈ ਜਾਵੇ।

### ਜਥੇਦਾਰ ਹਰਪ੍ਰੀਤ ਸਿੰਘ ਵੱਲੋਂ ਜੇਲ੍ਹ ਘਟਨਾ ਦੀ ਨਿਖੇਧੀ

**ਤਲਵੰਡੀ ਸਾਬੋ:** ਤਖਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਐਨ.ਐਸ.ਏ. ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀਆਂ ਨੂੰ ਖਾਣੇ ਵਿਚ ਤੰਬਾਕੂ ਮਿਲਣਾ ਇਕ ਕੋਝੀ ਤੇ ਅਤਿ ਨਿੰਦਣਯੋਗ ਘਟਨਾ ਹੈ। ਉਨ੍ਹਾਂ ਕਿਹਾ ਕਿ ਮੀਡੀਆ ਰਾਹੀਂ ਉਨ੍ਹਾਂ ਤੱਕ ਇਹ ਜਾਣਕਾਰੀ ਪਹੁੰਚੀ ਹੈ ਕਿ ਅੰਮ੍ਰਿਤਪਾਲ ਸਿੰਘ ਸਮੇਤ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਕੈਦੀਆਂ ਨੂੰ ਜੇਲ੍ਹ ਮੈਨੂਅਲ ਅਨੁਸਾਰ ਸਹੂਲਤਾਂ ਨਹੀਂ ਦਿੱਤੀਆਂ ਜਾ ਰਹੀਆਂ। ਉਨ੍ਹਾਂ ਕਿਹਾ ਕਿ ਸਿੱਖ ਕੈਦੀਆਂ ਨਾਲ ਇਹ ਵਰਤਾਰਾ ਸਹੀ ਨਹੀਂ ਹੈ। ਉਨ੍ਹਾਂ ਇਸ ਵਰਤਾਰੇ ਦੀ ਨਿਖੇਧੀ ਕਰਦਿਆਂ ਇਸ ਨੂੰ ਮੰਦਭਾਗਾ ਦੱਸਿਆ।

**Punjab Times**

**Established in 2000**
**24th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਾਂਝਾ ਸਿਵਲ ਕੋਡ ਘੱਟ ਗਿਣਤੀਆਂ ਲਈ ਮਾਰੂ ਕਰਾਰ

**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਾਂਝੇ ਸਿਵਲ ਕੋਡ ਦਾ ਵਿਰੋਧ ਕਰਦਿਆਂ ਕਿਹਾ ਕਿ ਇਹ ਤਜਵੀਜਤ ਕਾਨੂੰਨ ਰਵਾਇਤਾਂ, ਸਭਿਆਚਾਰ ਤੇ ਘੱਟ ਗਿਣਤੀਆਂ ਦੀ ਨਿਵੇਕਲੀ ਪਛਾਣ ਨੂੰ ਖੋਰਾ ਲਾਉਣ ਦੇ ਸਮਰੱਥ ਹੈ। ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਸਾਂਝੇ ਸਿਵਲ ਕੋਡ ਨੂੰ ਲੈ ਕੇ ਸਖਤ ਸਟੈਂਡ ਲੈਂਦਿਆਂ ਇਸ ਨੂੰ ਅਮਲ ਵਿਚ ਲਿਆਉਣ ਦਾ ਵਿਰੋਧ ਕੀਤਾ ਹੈ। ਧਾਮੀ ਨੇ ਇਹ ਟਿੱਪਣੀ ਅਜਿਹੇ ਮੌਕੇ ਕੀਤੀ ਹੈ ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਲੰਘੇ ਦਿਨੀਂ ਕਿਹਾ ਸੀ ਕਿ ਸਾਂਝੇ ਸਿਵਲ ਕੋਡ ਨੂੰ ਪੂਰੇ ਦੇਸ਼ ਵਿਚ ਲਾਗੂ ਕੀਤੇ ਜਾਣਾ ਘੱਟ ਗਿਣਤੀਆਂ ਤੇ ਕਬਾਇਲੀ ਭਾਈਚਾਰੇ ਲਈ ਖਤਰਨਾਕ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਦੇਸ਼ ਭਰ ਵਿਚ ਸਾਂਝਾ ਸਿਵਲ ਕੋਡ ਲਾਗੂ ਕਰਨ ਨੂੰ ਖਤਰਨਾਕ ਗਰਦਾਨਦਿਆਂ ਕਿਹਾ ਹੈ ਕਿ ਇਸ ਦੇ ਲਾਗੂ ਹੋਣ ਨਾਲ ਦੇਸ਼ ਵਿਚ ਘੱਟ ਗਿਣਤੀਆਂ ਤੇ ਕਬਾਇਲੀ ਭਾਈਚਾਰਿਆਂ 'ਤੇ ਮਾਰੂ ਅਸਰ ਪਏਗਾ। ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਅਕਾਲੀ ਦਲ ਨੇ ਹਮੇਸ਼ਾ ਸਾਰੇ ਦੇਸ਼ ਵਿਚ ਸਾਂਝਾ ਸਿਵਲ ਕੋਡ ਲਾਗੂ ਕਰਨ ਦਾ ਵਿਰੋਧ ਕੀਤਾ ਹੈ ਅਤੇ ਉਹ 22ਵੇਂ ਕਾਨੂੰਨ ਕਮਿਸ਼ਨ ਕੋਲ ਅਤੇ ਸੰਸਦ ਵਿਚ ਵੀ ਆਪਣੇ ਇਤਰਾਜ਼ ਰੱਖਣਗੇ। ਉਨ੍ਹਾਂ ਕਿਹਾ ਕਿ ਪਾਰਟੀ ਦਾ ਮੰਨਣਾ ਹੈ ਕਿ ਦੇਸ਼ ਵਿਚ ਸਿਵਲ ਕਾਨੂੰਨ ਵੱਖ-ਵੱਖ ਧਰਮਾਂ ਦੇ ਵਿਸ਼ਵਾਸ, ਧਾਰਨਾ, ਜਾਤੀ ਤੇ ਰਵਾਇਤਾਂ ਅਨੁਸਾਰ ਪ੍ਰਭਾਵਿਤ ਹੁੰਦੇ ਹਨ ਤੇ ਇਹ ਵੱਖ-ਵੱਖ ਧਰਮਾਂ ਵਿਚ ਵੱਖ-ਵੱਖ ਹੁੰਦੇ ਹਨ। ਅਕਾਲੀ ਆਗੂ ਨੇ ਕਿਹਾ ਕਿ ਇਨ੍ਹਾਂ ਧਾਰਨਾਵਾਂ ਦੀ ਸਮਾਜਿਕ ਢਾਂਚੇ ਦੇ ਨਾਲ ਅਨੇਕਤਾ ਵਿਚ ਏਕਤਾ ਦੇ ਵਿਚਾਰ ਅਨੁਸਾਰ ਰਾਖੀ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਇਸ ਤੱਥ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ ਕਿ ਸੰਵਿਧਾਨ ਘਾੜਿਆਂ ਨੇ ਸਾਂਝੇ ਸਿਵਲ ਕੋਡ ਨੂੰ ਮੌਲਿਕ ਅਧਿਕਾਰ ਦਾ ਰੁਤਬਾ ਨਹੀਂ ਦਿੱਤਾ।

ਇਸ ਨੂੰ ਸਾਂਝੀ ਸੂਚੀ ਵਿਚ ਰੱਖਿਆ ਗਿਆ ਤੇ ਇਹ ਸਰਕਾਰ ਲਈ ਨਿਰਦੇਸ਼ ਸਿਧਾਂਤਾਂ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਇਸ ਵਿਚ ਤਬਦੀਲੀ ਕਰਨਾ ਬਿਲਕੁਲ ਸਹੀ ਨਹੀਂ ਕਿਉਂਕਿ ਇਸ ਨਾਲ ਸਮਾਜ ਵਿਚ ਵਖਰੇਵੇਂ ਪੈਦਾ ਹੋਣਗੇ। ਡਾ. ਚੀਮਾ ਨੇ ਕਿਹਾ ਕਿ ਇਸ ਤੋਂ ਇਲਾਵਾ ਘੱਟ ਗਿਣਤੀ ਫਿਰਕਿਆਂ ਤੇ ਕਬਾਇਲੀ ਸਮਾਜ, ਜਿਨ੍ਹਾਂ ਦੇ ਆਪਣੇ ਨਿੱਜੀ ਕਾਨੂੰਨ ਹਨ, ਸਭ ਤੋਂ ਵੱਧ ਪ੍ਰਭਾਵਿਤ ਹੋਣਗੇ। ਉਨ੍ਹਾਂ ਕਿਹਾ ਕਿ ਜੇਕਰ ਕੋਈ ਪਰਸਨਲ ਕਾਨੂੰਨ ਵਿਤਕਰੇ ਭਰਪੂਰ ਹੈ ਤਾਂ ਇਸ ਵਿਚ ਸੋਧ ਕੀਤੀ ਜਾ ਸਕਦੀ ਹੈ, ਪਰ ਸਾਰੇ ਦੇਸ਼ ਲਈ ਸਾਂਝਾ ਸਿਵਲ ਕੋਡ ਲਾਗੂ ਕਰਨਾ ਗ਼ੈਰਵਾਜਬ ਹੈ।

ਅਕਾਲੀ ਆਗੂ ਨੇ ਜ਼ੋਰ ਦੇ ਕੇ ਕਿਹਾ ਕਿ 21ਵੇਂ ਕਾਨੂੰਨ ਕਮਿਸ਼ਨ ਨੇ ਇਹ ਨਿਚੋੜ ਕੱਢਿਆ ਸੀ ਕਿ ਸਾਂਝਾ ਸਿਵਲ ਕੋਡ ਗ਼ੈਰਵਾਜ਼ਬ ਹੈ ਤੇ ਇਸ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਸਿਫਾਰਸ਼ ਲੋਕਾਂ ਤੋਂ ਫੀਡਬੈਕ ਲੈਣ ਤੋਂ ਬਾਅਦ ਚੰਗੇ ਸੋਚ ਵਿਚਾਰ ਤੋਂ ਬਾਅਦ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ 22ਵਾਂ ਕਮਿਸ਼ਨ ਬਣਾ ਕੇ ਇਸ 'ਤੇ ਮੁੜ ਨਜ਼ਰਸਾਨੀ ਕਰਨ ਦੀ ਕੋਈ ਲੋੜ ਨਹੀਂ ਹੈ ਅਤੇ ਇਸ ਮਾਮਲੇ 'ਤੇ ਵਿਆਪਕ ਵਿਚਾਰ ਵਟਾਂਦਰੇ ਦੀ ਲੋੜ ਹੈ।

# ਖਾਲਿਸਤਾਨੀ ਸਮਰਥਕਾਂ ਵੱਲੋਂ ਕੌਂਸਲਖਾਨੇ ਨੂੰ ਅੱਗ ਲਾਉਣ ਦੀ ਕੋਸ਼ਿਸ਼

**ਨਿਊਯਾਰਕ:** ਖਾਲਿਸਤਾਨ ਸਮਰਥਕਾਂ ਵੱਲੋਂ ਸਾਂ ਫਰਾਂਸਿਸਕੋ ਸਥਿਤ ਭਾਰਤੀ ਕੌਂਸਲਖਾਨੇ ਨੂੰ ਅੱਗ ਲਾਉਣ ਦੀ ਕੋਸ਼ਿਸ਼ ਦੀ ਅਮਰੀਕੀ ਸਰਕਾਰ ਨੇ ਸਖਤ ਨਿਖੇਧੀ ਕਰਦਿਆਂ ਇਸ ਨੂੰ 'ਅਪਰਾਧਿਕ ਕਾਰਵਾਈ' ਕਰਾਰ ਦਿੱਤਾ ਹੈ। ਕੁਝ ਮਹੀਨਿਆਂ ਦੇ ਅੰਦਰ ਸਾਂ ਫਰਾਂਸਿਸਕੋ ਵਿਚ ਕਿਸੇ ਕੂਟਨੀਤਕ ਮਿਸ਼ਨ ਉਤੇ ਅਜਿਹਾ ਦੂਜਾ ਹਮਲਾ ਹੈ। ਖਾਲਿਸਤਾਨ ਸਮਰਥਕਾਂ ਨੇ ਟਵਿੱਟਰ 'ਤੇ 2 ਜੁਲਾਈ 2023 ਦੀ ਵੀਡੀਓ ਸਾਂਝੀ ਕੀਤੀ, ਜਿਸ ਵਿਚ ਕੁਝ ਲੋਕ ਸਾਂ ਫਰਾਂਸਿਸਕੋ ਵਿਚ ਭਾਰਤੀ ਕੌਂਸਲੇਟ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕਰਦੇ ਦੇਖੇ ਜਾ ਸਕਦੇ ਹਨ। ਵੀਡੀਓ ਵਿਚ ਹਿੰਸਾ ਦਾ ਜਵਾਬ ਹੈ ਵਰਗੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਵਿਚ ਕੈਨੇਡਾ ਸਥਿਤ ਖਾਲਿਸਤਾਨ ਟਾਈਗਰ ਫੋਰਸ (ਕੇ.ਟੀ.ਐੱਫ.) ਦੇ ਮੁਖੀ ਹਰਦੀਪ ਸਿੰਘ ਨਿੱਝਰ ਦੀ ਮੌਤ ਨਾਲ ਸਬੰਧਤ ਖਬਰਾਂ ਵੀ ਦਿਖਾਈਆਂ ਗਈਆਂ।

# ਪਹਿਲੇ ਦਸਤਾਰਧਾਰੀ ਪੁਲਿਸ ਅਫਸਰ 'ਵਰਕਸੇਫ ਬੀਸੀ' ਦੇ ਮੁਖੀ ਬਣੇ

**ਵੈਨਕੂਵਰ:** ਕੈਨੇਡਾ ਵਿਚ ਪਹਿਲੇ ਦਸਤਾਰਧਾਰੀ ਸਿੱਖ ਵਜੋਂ ਕੇਂਦਰੀ ਪੁਲਿਸ ਵਿਚ ਭਰਤੀ ਹੋਏ ਬਲਤੇਜ ਸਿੰਘ ਢਿੱਲੋਂ ਨੂੰ ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ 'ਵਰਕਸੇਫ ਬੀਸੀ' ਦਾ ਡਾਇਰੈਕਟਰ ਨਿਯੁਕਤ ਕੀਤਾ ਹੈ। ਉਹ ਤਿੰਨ ਸਾਲ ਇਸ ਅਹਿਮ ਅਹੁਦੇ 'ਤੇ ਰਹਿਣਗੇ।

'ਵਰਕਸੇਫ' ਸੂਬੇ ਦੇ ਹਰ ਤਰ੍ਹਾਂ ਦੇ ਕਾਮਿਆਂ ਦੀਆਂ ਕੰਮ ਵਾਲੀਆਂ ਥਾਵਾਂ ਉੱਤੇ ਸੁਰੱਖਿਆ ਪ੍ਰਬੰਧ ਠੀਕ ਹੋਣਾ ਯਕੀਨੀ ਬਣਾਉਂਦਾ ਹੈ ਅਤੇ ਕਿਸੇ ਹਾਦਸੇ ਦੀ ਹਾਲਤ ਵਿਚ ਕਾਮੇ ਦੇ ਅੰਗਹੀਣ ਹੋਣ ਕਾਰਨ ਉਸ ਦੇ ਭਵਿੱਖ ਦੀਆਂ ਲੋੜਾਂ ਪੂਰੀਆਂ ਕਰਨ ਵਿਚ ਮਦਦ ਕਰਦਾ ਹੈ। ਬਲਤੇਜ ਸਿੰਘ ਢਿੱਲੋਂ ਦੇ ਵਰਕਸੇਫ ਬੀਸੀ ਦੇ ਡਾਇਰੈਕਟਰ ਬਣਨ ਨਾਲ ਇਸ ਅਹੁਦੇ ਉਤੇ ਪਹਿਲੀ ਵਾਰ ਕਿਸੇ ਦੱਖਣ ਏਸ਼ਿਆਈ ਮੂਲ ਦੇ ਵਿਅਕਤੀ ਦੀ ਨਿਯੁਕਤੀ ਹੋਈ ਹੈ। ਉਹ ਜੂਨ 2026 ਤੱਕ ਇਸ ਅਹੁਦੇ 'ਤੇ ਰਹਿਣਗੇ, ਜਿਸ ਵਿਚ ਮੁੜ ਵਾਧਾ ਵਿਅਕਤੀ ਦੀ ਕਾਰਗੁਜ਼ਾਰੀ ਅਤੇ ਸਰਕਾਰ ਦੀ ਮਰਜ਼ੀ ਉਤੇ ਨਿਰਭਰ ਕਰੇਗਾ। ਪੁਲਿਸ 'ਚੋਂ ਸੇਵਾਮੁਕਤੀ ਤੋਂ ਬਾਅਦ 2017 'ਚ ਉਨ੍ਹਾਂ ਨੂੰ ਕਾਮਿਆਂ ਦੀ ਸੁਰੱਖਿਆ ਬਾਰੇ ਬਣੀ ਸੰਸਥਾ ਦੀ ਕਾਰਜਕਾਰਨੀ ਦਾ ਮੈਂਬਰ ਲਿਆ ਗਿਆ ਸੀ।

## ਇਰਾਕ 'ਚ ਬੰਦੀ ਪੰਜਾਬੀ ਔਰਤ ਘਰ ਪਰਤੀ

**ਅੰਮ੍ਰਿਤਸਰ:** ਠੱਗ ਟਰੈਵਲ ਏਜੰਟ ਵੱਲੋਂ ਧੋਖੇ ਨਾਲ 10 ਮਹੀਨੇ ਪਹਿਲਾਂ ਇਰਾਕ ਭੇਜੀ ਪੰਜਾਬੀ ਔਰਤ ਵਤਨ ਪਰਤ ਆਈ ਹੈ। ਉਸ ਦਾ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਹਵਾਈ ਅੱਡੇ 'ਤੇ ਸਵਾਗਤ ਕੀਤਾ। ਅੰਮ੍ਰਿਤਸਰ ਦੀ ਰਹਿਣ ਵਾਲੀ ਇਸ ਔਰਤ ਨੇ ਦੱਸਿਆ ਕਿ ਲਗਭਗ 10 ਮਹੀਨੇ ਪਹਿਲਾਂ ਉਹ ਧਾਰੀਵਾਲ ਦੇ ਕੇ ਏਜੰਟ ਰਾਹੀਂ ਇਰਾਕ ਗਈ ਸੀ, ਜਿਥੇ ਉਸ ਦੇ ਸਾਰੇ ਪੈਸੇ ਅਤੇ ਪਾਸਪੋਰਟ ਏਜੰਟ ਨੇ ਆਪਣੇ ਕੋਲ ਰੱਖ ਲਏ। ਉਸ ਕੋਲੋਂ 5 ਮਹੀਨੇ ਕੰਮ ਕਰਵਾਇਆ ਅਤੇ 4 ਮਹੀਨੇ ਬਿਨਾਂ ਕੰਮ ਤੋਂ ਰੱਖਿਆ ਗਿਆ। ਉਸ ਨੇ ਕਿਹਾ ਕਿ ਇੱਥੇ ਉਸ ਨੂੰ ਪੈਕਿੰਗ ਦਾ ਕੰਮ ਕਰਨ ਬਾਰੇ ਆਖਿਆ ਗਿਆ ਸੀ ਜਦੋਂ ਕਿ ਉਥੇ ਘਰਾਂ ਦੇ ਕੰਮ ਤੇ ਹੋਰ ਕਈ ਤਰ੍ਹਾਂ ਦੇ ਕੰਮ ਲਏ ਜਾਂਦੇ ਹਨ। ਉਸ ਕੋਲੋਂ ਸਵੇਰ 6 ਤੋਂ ਰਾਤ 10 ਵਜੇ ਤੱਕ ਕੰਮ ਲਿਆ ਜਾਂਦਾ ਸੀ। ਪੰਜ ਮਹੀਨੇ ਮਗਰੋਂ ਉਸ ਕੋਲੋਂ ਢਾਈ ਲੱਖ ਰੁਪਏ ਦੀ ਮੰਗ ਕੀਤੀ ਗਈ। ਉਸ ਨੇ ਕਿਸੇ ਰਾਹੀਂ ਅੰਮ੍ਰਿਤਸਰ ਸੰਪਰਕ ਕੀਤਾ ਅਤੇ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨਾਲ ਗੱਲ ਹੋਈ ਜਿਨ੍ਹਾਂ ਵਾਪਸੀ ਦਾ ਪ੍ਰਬੰਧ ਕੀਤਾ। ਉਸ ਨੇ ਦੱਸਿਆ ਕਿ ਉਥੇ ਹੋਰ ਵੀ ਕਈ ਪੰਜਾਬਣਾਂ ਅਜਿਹੇ ਮਾੜੇ ਹਾਲਾਤ ਦਾ ਸਾਹਮਣਾ ਕਰ ਰਹੀਆਂ ਹਨ।

# ਆਪ ਨੇ ਮੋਗਾ ਨਗਰ ਨਿਗਮ ਦਾ 'ਤਖਤਾ ਪਲਟਿਆ'

**ਮੋਗਾ:** ਨਗਰ ਨਿਗਮ 'ਚ ਕਾਂਗਰਸੀ ਮੇਅਰ ਨੀਤਿਕਾ ਭੱਲਾ ਖ਼ਿਲਾਫ਼ ਬੇਭਰੋਸਗੀ ਮਤਾ ਪਾਸ ਕਰਵਾਉਣ ਦੀ ਅਗਨੀ ਪ੍ਰੀਖਿਆ ਵਿਚ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਸਫਲ ਰਹੀ। ਇਥੇ ਕੌਂਸਲਰਾਂ ਵੱਲੋਂ ਕਾਂਗਰਸੀ ਮੇਅਰ ਨੀਤਿਕਾ ਭੱਲਾ ਖ਼ਿਲਾਫ਼ ਪੇਸ਼ ਕੀਤੇ ਬੇਭਰੋਸਗੀ ਮਤੇ ਉੱਤੇ ਬਹਿਸ ਦੌਰਾਨ ਨੀਤਿਕਾ ਭੱਲਾ ਨੂੰ 7 ਕੌਂਸਲਰਾਂ ਦਾ ਸਮਰਥਨ ਹੀ ਮਿਲ ਸਕਿਆ। ਕੁੱਲ 50 ਕੌਂਸਲਰਾਂ ਵਿਚੋਂ ਦੋ ਕੌਂਸਲਰ ਵਿਚੋਂ ਇਕ ਵਿਦੇਸ਼ ਵਿਚ ਹੈ ਅਤੇ ਦੂਜਾ ਕੌਂਸਲਰ ਗੈਰ ਹਾਜ਼ਰ ਰਿਹਾ। ਇਸ ਮੌਕੇ ਪੁਲਿਸ ਵੱਲੋਂ ਸਖਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ। ਇਸ ਪ੍ਰਕਿਰਿਆ ਦੌਰਾਨ ਆਮ ਲੋਕਾਂ ਦਾ ਨਿਗਮ ਅੰਦਰ ਦਾਖ਼ਲਾ ਬੰਦ ਰਿਹਾ। ਇਸ ਮੌਕੇ ਮੇਅਰ ਦੇ ਅਹੁਦੇ ਤੋਂ ਫਾਰਗ ਹੋਣ ਬਾਅਦ ਨੀਤਿਕਾ ਭੱਲਾ ਨੇ ਸਾਰੇ ਸ਼ਹਿਰ ਵਾਸੀਆਂ, ਕੌਂਸਲਰਾਂ ਤੇ ਸਾਰੀਆਂ ਸਿਆਸੀ ਪਾਰਟੀਆਂ ਦਾ ਧੰਨਵਾਦ ਕਰਦੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਆਪਣਾ ਕਰੀਬ ਸਵਾ ਦੋ ਸਾਲ ਕਾਰਜਕਾਲ ਇਮਾਨਦਾਰੀ ਨਾਲ ਨਿਭਾਇਆ ਹੈ। ਹਾਕਮ ਧਿਰ ਆਪਣੇ ਸਮਰਥਕ ਕੌਂਸਲਰਾਂ ਨੂੰ 3 ਦਿਨ ਪਹਿਲਾਂ ਹੀ ਬੱਸ ਰਾਹੀਂ ਹਿਮਾਚਲ ਪ੍ਰਦੇਸ਼ ਦੀ ਸੈਰ ਲਈ ਲੈ ਗਈ ਸੀ। ਇਹ ਬੱਸ ਸਿੱਧੀ ਨਗਰ ਨਿਗਮ ਦਫਤਰ ਵਿਚ ਪੁੱਜੀ। ਇਥੇ ਨਗਰ ਨਿਗਮ 'ਚ ਕੌਂਸਲਰਾਂ ਦੀ ਦਲ-ਬਦਲੀ ਨੇ ਪਿਛਲੀਆਂ ਸਾਰੀਆਂ ਚੋਣਾਂ ਦੇ ਰਿਕਾਰਡ ਤੋੜ ਦਿੱਤੇ ਹਨ। ਦੋ ਵਰ੍ਹੇ ਪਹਿਲਾਂ ਅਪਰੈਲ 2021 ਵਿਚ ਹੋਈਆਂ ਨਿਗਮ ਚੋਣਾਂ ਵਿਚ ਹਾਕਮ ਧਿਰ ਹਾਰ ਗਈ ਸੀ। ਕੁੱਲ 50 ਵਿਚੋਂ ਕਾਂਗਰਸ ਦੇ 20, ਅਕਾਲੀ ਦਲ ਦੇ 15, 'ਆਪ' ਦੇ 4, ਭਾਜਪਾ ਦਾ ਇਕ ਅਤੇ ਆਜ਼ਾਦ 10 ਉਮੀਦਵਾਰ ਜਿੱਤੇ ਸਨ।

# ਲੰਗਰ ਘਰ ਦੇ ਸੁੱਕੇ ਪ੍ਰਸ਼ਾਦਿਆਂ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਸ੍ਰੀ ਦਰਬਾਰ ਸਾਹਿਬ ਦੇ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿਚ ਬਚੇ ਹੋਏ ਸੁੱਕੇ ਪ੍ਰਸ਼ਾਦਿਆਂ ਦੀ ਵਿਕਰੀ ਦੀ ਰਕਮ ਵਿਚ ਹੋਏ ਘਪਲੇ ਦਾ ਮਾਮਲਾ ਹੁਣ ਸਿਆਸੀ ਰੰਗਤ ਲੈਂਦਾ ਜਾ ਰਿਹਾ ਹੈ। ਇਸ ਮਾਮਲੇ ਵਿਚ ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕਰ ਕੇ ਪ੍ਰਧਾਨ ਨੂੰ ਮਾਮਲਾ ਸਪਸ਼ਟ ਕਰਨ ਲਈ ਕਿਹਾ। ਮੁੱਖ ਮੰਤਰੀ ਵੱਲੋਂ ਕੀਤੇ ਗਏ ਟਵੀਟ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਟਵੀਟ ਕਰਕੇ ਮੁੱਖ ਮੰਤਰੀ ਨੂੰ ਮੋੜਵਾਂ ਜਵਾਬ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿਚ 2019 ਦੌਰਾਨ ਹੋਈਆਂ ਪ੍ਰਬੰਧਕੀ ਬੇਨੇਮੀਆਂ ਦਾ ਸੱਚ ਸੰਗਤ ਸਾਹਮਣੇ ਲਿਆਂਦਾ ਜਾਵੇਗਾ ਤੇ ਇਸ ਦੀ ਪਾਰਦਰਸ਼ਤਾ ਨਾਲ ਜਾਂਚ ਕਰ ਕੇ ਦੋਸ਼ੀਆਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ।

ਸ਼੍ਰੋਮਣੀ ਕਮੇਟੀ ਉੱਚ ਅਧਿਕਾਰੀਆਂ ਤੋਂ ਮਿਲੀ ਜਾਣਕਾਰੀ ਮੁਤਾਬਕ ਇਹ ਮਾਮਲਾ ਕਰੋਨਾ ਕਾਲ ਦੇ ਦੋ ਸਾਲਾਂ ਦੇ ਸਮੇਂ ਦਾ ਹੈ ਜਦੋਂ ਲੰਗਰ ਦੇ ਸੁੱਕੇ ਪ੍ਰਸ਼ਾਦਿਆਂ ਦੀ ਰਕਮ ਜਮ੍ਹਾਂ ਨਹੀਂ ਕਰਵਾਈ ਗਈ। ਲੰਗਰ ਦੇ ਸੁੱਕੇ ਹੋਏ ਅਤੇ ਬਚੇ ਹੋਏ ਇਹ ਪ੍ਰਸ਼ਾਦੇ ਟੈਂਡਰ ਰਾਹੀਂ ਵੇਚੇ ਜਾਂਦੇ ਹਨ। ਹਫਤੇ ਵਿਚ ਇਕ ਜਾਂ ਦੋ ਵਾਰ ਇਹ ਸੁੱਕੇ ਹੋਏ ਪ੍ਰਸ਼ਾਦੇ ਵੇਚੇ ਜਾਂਦੇ ਹਨ। ਇਸ ਤੋਂ ਇਲਾਵਾ ਲੰਗਰ ਦਾ ਬਚਿਆ ਸਾਮਾਨ ਵੀ ਇਸੇ ਤਰ੍ਹਾਂ ਵੇਚਿਆ ਜਾਂਦਾ ਹੈ। ਇਹ ਮਾਮਲਾ ਛੇ ਮਹੀਨੇ ਪਹਿਲਾਂ ਸਾਹਮਣੇ ਆਇਆ ਸੀ ਜਿਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਇਸ ਦੀ ਜਾਂਚ ਸ਼ੁਰੂ ਕਰਵਾਈ ਗਈ। ਫਿਲਹਾਲ ਇਸ ਦੀ ਜਾਂਚ ਸ਼੍ਰੋਮਣੀ ਕਮੇਟੀ ਦੇ ਫਲਾਇੰਗ ਵਿਭਾਗ ਵੱਲੋਂ ਕੀਤੀ ਜਾ ਰਹੀ ਹੈ।

ਇਸ ਮਾਮਲੇ ਵਿਚ ਹੁਣ ਤੱਕ ਦੋ ਸਟੋਰ ਕੀਪਰਾਂ ਨੂੰ ਮੁਅੱਤਲ ਕੀਤਾ ਗਿਆ ਹੈ। ਸੁੱਕੇ ਪ੍ਰਸ਼ਾਦਿਆਂ ਦੀ ਵਿਕਰੀ ਦੀ ਰਕਮ ਸਟੋਰ ਕੀਪਰ ਵੱਲੋਂ ਵਸੂਲੀ ਜਾਂਦੀ ਹੈ ਅਤੇ ਇੰਸਪੈਕਟਰ ਵੱਲੋਂ ਤਸਦੀਕ ਕੀਤੀ ਜਾਂਦੀ ਹੈ ਪਰ ਇਹ ਦੋਵੇਂ ਵਿਭਾਗਾਂ ਦੇ ਅਧਿਕਾਰੀਆਂ ਵੱਲੋਂ ਅਣਗਹਿਲੀ ਵਰਤੀ ਗਈ ਹੈ। ਇਸ ਮਾਮਲੇ ਵਿਚ ਲਗਭਗ 75 ਲੱਖ ਰੁਪਏ ਤੋਂ ਲੈ ਕੇ ਇਕ ਕਰੋੜ ਰੁਪਏ ਤੱਕ ਦਾ ਘਪਲਾ ਹੋਣ ਦਾ ਖਦਸ਼ਾ ਹੈ।

# ਭਗਵੰਤ ਮਾਨ ਨੇ ਹੁਣ ਮੁਖਤਾਰ ਅੰਸਾਰੀ ਦਾ ਮਸਲਾ ਛੇੜਿਆ

*(ਪਹਿਲੇ ਸਫੇ ਦੀ ਬਾਕੀ)*

ਗੌਰਤਲਬ ਕਿ ਮੁੱਖ ਮੰਤਰੀ ਨੇ ਅਪਰੈਲ ਮਹੀਨੇ ਅੰਸਾਰੀ ਮਾਮਲੇ ਵਿਚ 55 ਲੱਖ ਰੁਪਏ ਦੇ ਕਾਨੂੰਨੀ ਖਰਚੇ ਦੀ ਅਦਾਇਗੀ ਕਰਨ ਤੋਂ ਨਾਂਹ ਕਰ ਦਿੱਤੀ ਸੀ। ਅਮਰਿੰਦਰ ਸਰਕਾਰ ਸਮੇਂ ਇਸ ਮਾਮਲੇ 'ਚ ਸੀਨੀਅਰ ਵਕੀਲ ਦੀ ਇਕ ਪੇਸ਼ੀ 11 ਲੱਖ ਰੁਪਏ ਵਿਚ ਪਈ ਸੀ ਜਿਨ੍ਹਾਂ ਦਾ ਕੁੱਲ ਬਿੱਲ 55 ਲੱਖ ਰੁਪਏ ਬਣਿਆ ਸੀ। ਸਰਕਾਰ ਨੇ ਇਸ ਮਾਮਲੇ ਦੀ ਏ.ਡੀ.ਜੀ.ਪੀ. ਆਰ.ਐਨ. ਢੋਕੇ ਤੋਂ ਜਾਂਚ ਵੀ ਕਰਾਈ ਹੈ। ਇਸ ਜਾਂਚ ਵਿਚ ਸਿਆਸਤਦਾਨਾਂ ਨੂੰ ਕਲੀਨ ਚਿੱਟ ਦਿੱਤੀ ਗਈ ਹੈ ਜਦੋਂ ਕਿ ਜੇਲ੍ਹ ਦੇ ਛੋਟੇ ਅਧਿਕਾਰੀ ਕਟਹਿਰੇ ਵਿਚ ਖੜ੍ਹੇ ਕੀਤੇ ਗਏ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਕੈਪਟਨ ਅਤੇ ਰੰਧਾਵਾ ਵੱਲੋਂ ਗੈਂਗਸਟਰ ਮੁਖ਼ਤਾਰ ਅੰਸਾਰੀ ਬਾਰੇ ਕੁਝ ਪਤਾ ਨਾ ਹੋਣ ਦੇ ਦਾਅਵਿਆਂ ਦੀ ਸਚਾਈ ਸਾਰਿਆਂ ਸਾਹਮਣੇ ਲਿਆਉਣ ਲਈ ਰੰਧਾਵਾ ਵੱਲੋਂ 2021 'ਚ ਕੈਪਟਨ ਨੂੰ ਲਿਖੀ ਚਿੱਠੀ ਜਨਤਕ ਕੀਤੀ ਹੈ। ਇਹ ਚਿੱਠੀ ਮੁੱਖ ਮੰਤਰੀ ਨੇ ਟਵੀਟ ਰਾਹੀਂ ਜਾਰੀ ਕੀਤੀ ਹੈ। ਉਨ੍ਹਾਂ ਕਿਹਾ ਕਿ ਰੰਧਾਵਾ ਵੱਲੋਂ ਪਹਿਲੀ ਅਪਰੈਲ 2021 ਨੂੰ ਕੈਪਟਨ ਨੂੰ ਲਿਖੇ ਪੱਤਰ ਤੋਂ ਸਪੱਸ਼ਟ ਹੈ ਕਿ ਇਹ ਦੋਵੇਂ ਆਗੂ ਇਸ ਘਟਨਾ ਤੋਂ ਜਾਣੂ ਸਨ; ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਹ ਆਗੂ ਦਾਅਵਾ ਕਰ ਰਹੇ ਹਨ ਕਿ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਜੇਲ੍ਹ ਵਿਚ ਕੌਣ ਆਇਆ ਤੇ ਕੌਣ ਨਹੀਂ; ਅਸਲੀਅਤ ਇਹ ਹੈ ਕਿ ਅੰਸਾਰੀ ਨੂੰ ਬਚਾਉਣ ਦੀ ਸਾਜ਼ਿਸ਼ ਉਨ੍ਹਾਂ ਨੇ ਖ਼ੁਦ ਰਚੀ ਸੀ। ਇਸ ਲਈ ਹੁਣ ਉਹ ਸਬੂਤਾਂ ਰਾਹੀਂ ਇਨ੍ਹਾਂ ਆਗੂਆਂ ਦਾ ਅਸਲੀ ਚਿਹਰਾ ਲੋਕਾਂ ਸਾਹਮਣੇ ਲਿਆਉਣਗੇ।

## ਭਾਜਪਾ ਦਲ-ਬਦਲੂਆਂ 'ਤੇ ਮਿਹਰਬਾਨ ਹੋਈ

*(ਪਹਿਲੇ ਸਫੇ ਦੀ ਬਾਕੀ)*

ਪਿੱਛੋਂ ਭਗਵਾ ਧਿਰ ਨੇ ਇਸ ਮੁਹਿੰਮ ਨੂੰ ਅੱਗੇ ਜ਼ੋਰ-ਸ਼ੋਰ ਨਾਲ ਤੋਰਨ ਦਾ ਫੈਸਲਾ ਕੀਤਾ ਹੈ। ਸੁਨੀਲ ਜਾਖੜ ਬਾਰੇ ਤਾਜ਼ਾ ਫੈਸਲਾ ਵੀ ਇਸੇ ਮੁਹਿੰਮ ਦਾ ਹਿੱਸਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ
ਅੰਮ੍ਰਿਤਪਾਲ ਸਿੰਘ ਸੰਘਾ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਹਰਸਿਮਰਤ ਬਾਦਲ ਨੇ ਕੇਂਦਰ ਕੋਲ ਸਾਬਕਾ ਫੌਜੀਆਂ ਦੇ ਮਸਲੇ ਚੁੱਕੇ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੂੰ ਅਪੀਲ ਕੀਤੀ ਕਿ ਸਾਬਕਾ ਫੌਜੀਆਂ ਦੀ ਪੈਨਸ਼ਨ, ਫੈਮਿਲੀ ਪੈਨਸ਼ਨ ਤੇ ਅਪੰਗਤਾ ਪੈਨਸ਼ਨ ਸਮੇਤ ਸਾਰੇ ਮਸਲੇ ਹਮਦਰਦੀ ਨਾਲ ਵਿਚਾਰ ਕੇ ਜਲਦੀ ਤੋਂ ਜਲਦੀ ਹੱਲ ਕੀਤੇ ਜਾਣ।

ਰੱਖਿਆ ਮੰਤਰੀ ਨੂੰ ਲਿਖੇ ਪੱਤਰ ਵਿਚ ਸੰਸਦ ਮੈਂਬਰ ਨੇ ਕਿਹਾ ਕਿ ਸੈਨਿਕ ਵੈੱਲਫੇਅਰ ਏਕਤਾ ਸੁਸਾਇਟੀ ਤੇ ਐਕਸ ਸਰਵਿਸਮੈਨ ਵੈੱਲਫੇਅਰ ਆਰਗੇਨਾਈਜੇਸ਼ਨ ਵੱਲੋਂ ਉਨ੍ਹਾਂ ਨੂੰ ਮੰਗ ਪੱਤਰ ਸੌਂਪ ਕੇ 20 ਫਰਵਰੀ ਤੋਂ ਆਪਣੀਆਂ ਮੰਗਾਂ ਦੇ ਹੱਕ ਵਿਚ ਸੰਘਰਸ਼ ਕਰ ਰਹੇ ਸਾਬਕਾ ਫੌਜੀਆਂ ਦੀਆਂ ਪਰੇਸ਼ਾਨੀਆਂ ਬਾਰੇ ਦੱਸਿਆ ਹੈ। ਸੰਸਦ ਮੈਂਬਰ ਨੇ ਕਿਹਾ ਕਿ ਸਾਬਕਾ ਫੌਜੀ ਸਾਡਾ ਮਾਣ ਹਨ, ਜਿਨ੍ਹਾਂ ਵੱਲੋਂ ਨਿਭਾਈਆਂ ਸੇਵਾਵਾਂ ਦਾ ਕੋਈ ਮੁੱਲ ਨਹੀਂ ਤਾਰਿਆ ਜਾ ਸਕਦਾ। ਸ੍ਰੀਮਤੀ ਬਾਦਲ ਨੇ ਕਿਹਾ ਕਿ ਸਾਬਕਾ ਫੌਜੀਆਂ ਨੇ ਪੈਨਸ਼ਨ, ਫੈਮਿਲੀ ਪੈਨਸ਼ਨ ਤੇ ਅਪੰਗਤਾ ਪੈਨਸ਼ਨਾਂ ਵਿਚ ਤਰੁੱਟੀਆਂ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਜੇ.ਸੀ.ਓ. ਤੇ ਜਵਾਨ ਪਹਿਲਾਂ ਸੇਵਾਮੁਕਤ ਹੋਏ ਹਨ ਉਨ੍ਹਾਂ ਨੂੰ ਇਕ ਰੈਂਕ ਇਕ ਪੈਨਸ਼ਨ ਦਾ ਲਾਭ ਨਹੀਂ ਦਿੱਤਾ ਜਾ ਰਿਹਾ ਕਿਉਂਕਿ ਉਨ੍ਹਾਂ ਦੀਆਂ ਪੈਨਸ਼ਨਾਂ ਗਲਤ ਔਸਤ ਦੇ ਆਧਾਰ 'ਤੇ ਤੈਅ ਕੀਤੀਆਂ ਗਈਆਂ ਹਨ।

*ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ॥*
*ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥*



Satpal kaur

With profound grief and sorrow we inform the sad demise of our beloved
Sardarni Satpal Kaur
on Jne, 29, 2023

Visitation and Cremation services for Sardarni Satpal Kaur will be held on Friday July 7, 2024 from 12:00pm to 2:00pm at: Davenport Funeral Home 941 S. Old Rand Road, Lake Zurich.

Sehaj Path Bhog, Antim Ardass and Guru Ka Langar will be held on Friday , July 7 , from 3:00pm to 5:00pm at: Sikh Religious Society 1280 Winnetka St. Palatine.

## In Profound Grief

Sukhraj Singh Takher (Son)
Jaswinder Kaur Takher (Daughter in Law)
Jasvinder Kaur Bhattal (Daughter)
Jaidev Singh Bhattal (Son in Law)

Grandchildren;
Devjot Singh Bhattal, Gurlal Singh Bhattal (Poonam Kaur Bhattal), and Anoop Singh Takher (Manpreet Kaur Takher).


# Dhillon Travel Plaza
## Dhillon Road Service

Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ

ਪੰਜਾਬੀ ਢਾਬਾ



ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph: 571-606-0829, 317-242-9936

# Davenport Family Funeral Homes and Crematory

ਡੇਵਨਪੋਰਟ ਅੰਤਿਮ ਸੰਸਕਾਰ ਅਤੇ ਸ਼ਮਸ਼ਾਨਘਰ ਵਿਚ ਸਿੱਖ ਭਾਈਚਾਰੇ ਨਾਲ ਸਬੰਧਤ ਮ੍ਰਿਤਕਾਂ ਦਾ ਸਸਕਾਰ ਪੂਰੇ ਮਾਣ ਅਤੇ ਸੰਭਾਲ ਨਾਲ ਕੀਤਾ ਜਾਂਦਾ ਹੈ।



## ਵਿਸ਼ੇਸ਼ਤਾਵਾਂ

* ਆਨ ਸਾਈਟ ਸਸਕਾਰ
* ਵੱਡਾ ਅਤੇ ਸ਼ਾਨਦਾਰ ਚਰਚ
* ਬਾਕੀਆਂ ਨਾਲੋਂ ਘੱਟ ਰੇਟ
* ਕਮਰੇ ਉਪਲੱਬਧ

Davenport
FAMILY FUNERAL HOMES
And Crematory
Serving Families As We Would Want Ours Served
Barrington/Crystal Lake/Lake Zurich

ਅਸੀਂ ਪਰਿਵਾਰਾਂ ਦੀ ਉਸੇ ਤਰ੍ਹਾਂ ਸੇਵਾ ਕਰਦੇ ਹਾਂ ਜਿਵੇਂ ਅਸੀਂ ਆਪਣੇ ਪਰਿਵਾਰ ਲਈ ਚਾਹੁੰਦੇ ਹਾਂ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਲੇਕ ਜਿਊਰਿਕ (847) 550-4221, ਕ੍ਰਿਸਟਲ ਲੇਕ (815) 459-3411
ਵੈੱਬਸਾਈਟ: www.davenportfamily.com


Punjab Sports Club, Chicago
ਸੂਬੇਦਾਰ ਬਾਪੂ ਕਰਤਾਰ ਸਿੰਘ ਅਤੇ ਸਵਰਗੀ ਹਰਭਜਨ ਸਿੰਘ ਘੁਮਾਣ ਦੀ ਯਾਦ ਵਿਚ ਕਬੱਡੀ ਟੂਰਨਾਮੈਂਟ
Sports & Cultural Festival
Sunday August 6th, 2023
11AM to 7 PM
BUSSE WOODS, 5 ELK GROVE VILLAGE
Free Entry, Free Parking & Free Food, Free Mehandi Special For Ladies.
Jazzy B will perform with live band
Chief Guest
ਚੇਅਰਮੈਨ
ਦਰਸ਼ਨ ਸਿੰਘ ਧਾਲੀਵਾਲ
ਸੁਰਜੀਤ ਸਿੰਘ ਰੱਖੜਾ
ਜੇ ਪੀ ਖਹਿਰਾ
ਸਾਡੇ ਮੁੱਖ ਸਪਾਂਸਰ ਅਤੇ ਮਹਿਮਾਨ
ਬਚਨ ਸਿੰਘ ਗਿੱਲ
ਪਾਖਰ ਸਿੰਘ ਸਿੱਧੂ
ਕੁਲਵੰਤ ਢਿੱਲੋਂ
ਹਰਭਜਨ ਸਿੰਘ ਸੰਧਾਵਾਲੀਆ
ਜਗਦੀਸ਼ਰ ਸਿੰਘ
ਬਲਬੀਰ ਸਿੰਘ ਸੈਣੀ
ਗੁਰਦੇਵ ਸਿੰਘ
ਜਸਜੀਤ ਸਿੰਘ ਸਿੱਧੂ
ਗੁਰਦੇਵ ਸਿੰਘ ਜੌੜਾ
ਬੱਬੂ ਐਪਲਟਨ
ਜਗਜੀਤ ਢੀਂਡਸਾ
ਰਵੀ ਹੰਝਰਾ
ਗੁਰਵੀਰ ਸਿੰਘ
ਜਸਬੀਰ ਸਿੰਘ
ਡਾ. ਗੁਰਚਰਨ ਸਿੰਘ ਗਰੇਵਾਲ
ਨਰਿੰਦਰ ਸਿੰਘ ਮੁੰਦਰ
ਸਤਪਾਲ ਬੈਂਸਾਂ
ਕੁਲਜੀਤ ਗਿਲਜ਼ੀਆਂ
ਦੀਪਾ ਤੂਰ
ਗੈਰੀ ਤੂਰ
ਹਰਜਿੰਦਰ ਸਿੰਘ ਜਿੰਦੀ
ਭੁਪਿੰਦਰ ਸਿੰਘ ਟਿੰਕਾ
ਸੁਖਵਿਦਰ ਸਿੰਘ ਘੱਗਰ
ਜਰਨੈਲ ਸਿੰਘ ਮਿਆਣੀ
ਗੁਰਚਰਨ ਸਿੰਘ ਝੱਜ
ਜੈਦੇਵ ਸਿੰਘ ਭੱਠਲ
ਅਮਰੀਕ ਸਿੰਘ ਸ਼ਿਕਾਗੋ
ਸੈਮ ਢਿੱਲੋਂ
ਸ਼ਿੰਦਾ ਚੀਮਾ
ਬਲਵਿੰਦਰ ਨਿੱਕ
ਗੁਲਜ਼ਾਰ ਸਿੰਘ ਮੁਲਤਾਨੀ
ਡਾ. ਵਿਕਰਮ ਸਿੰਘ ਗਿੱਲ
ਬਡੀ ਢਿੱਲੋਂ
ਅਕੀਲ ਬਾਈ
ਤੀਰਥ ਸਿੰਘ ਗਾਖਲ (ਕਬੱਡੀ ਟੀਮ ਕੋਆਰਡੀਨੇਟਰ)
ਸਭਨਾਂ ਨੂੰ ਪਹੁੰਚਣ ਲਈ ਖੁੱਲ੍ਹਾ ਸੱਦਾ, ਆਓ ਤੇ ਮੇਲੇ ਦਾ ਅਨੰਦ ਮਾਣੋ ਤੇ ਰੌਣਕ ਵਧਾਓ
ਕਲੱਬ ਮੈਂਬਰ
ਸ. ਲਖਵੀਰ ਸਿੰਘ ਸਹੋਤਾ
ਸੰਤੋਖ ਸਿੰਘ ਘੁੰਮਣ
ਅਜੈਬ ਸਿੰਘ ਲੱਖਣ
ਸ. ਹੈਪੀ ਸਿੰਘ ਹੀਰ
ਡਾ. ਹਰਜਿੰਦਰ ਸਿੰਘ ਖਹਿਰਾ
ਸ. ਨਰਿੰਦਰ ਸਿੰਘ ਸਰਾਂ
ਸ. ਜਸਕਰਨ ਸਿੰਘ ਧਾਲੀਵਾਲ
ਰਜਿੰਦਰ ਦਿਆਲ
ਸ. ਹਰਵਿੰਦਰ ਸਿੰਘ ਬਿੱਲਾ
ਹਰਦੀਪ ਗਿੱਲ
ਪਰਮਿੰਦਰ ਸੈਂਬੀ
ਜਸਪਾਲ ਮਿੱਢਾ

## Directors of Event



ਅਮਰਜੀਤ ਢੀਂਡਸਾ | ਲਖਬੀਰ ਢੀਂਡਸਾ


# Guest of Honour




ਹੈਰੀ ਘੁਮਾਣ ਅਮਰਵੀਰ ਘੁਮਾਣ | ਅਮਰਜੀਤ ਸੰਧਰ | ਹਰਜਿੰਦਰ ਸਿੰਘ ਜੱਜ | ਅਮੋਲਕ ਸਿੰਘ ਗਾਖਲ | ਮਲਕੀਤ ਸਿੰਘ ਬੇਪਾਰਾਏ | ਡਾ. ਨਵਜੋਤ ਸਿੰਘ ਦਹੀਆ

## ਗਰੈਂਡ ਸਪਾਂਸਰ

## ਗੋਲਡ ਸਪਾਂਸਰ



ਜਥੇਦਾਰ ਤਾਰਾ ਸਿੰਘ ਸੱਲ੍ਹਾਂ | **Sallhan Brothers** **Grand Sponsors** | ਦਰਸ਼ਨ ਦਰੜ | ਗੁਰਿੰਦਰਜੀਤ ਸਿੰਘ ਗਰੇਵਾਲ | ਜੱਸੀ ਸਹੋਤਾ | ਬ੍ਰਿਜ ਸ਼ਰਮਾ | ਪਾਲ ਖਲੀਲ | ਲਵ ਮਿਨਹਾਸ | ਸ਼ਾਨ ਸਿੰਘ ਸਹੋਤਾ | ਪਰਮਿੰਦਰ ਸਿੰਘ ਗੋਲਡੀ | ਕੁਲਵਿੰਦਰ ਸਿੰਘ ਨਡਾਲਾ



ਦਲੀਪ ਸਿੰਘ ਢਿੱਲੋਂ | ਸਤੀਸ਼ ਭਾਰਦਵਾਜ | ਪਾਲ ਭਾਰਦਵਾਜ | ਅਜੀਤ ਸਿੰਘ | ਸੋਹਣ ਗਿੱਲ | ਸੰਨੀ ਧਾਮੀ | ਸੈਮ ਉੱਪਲ | ਹਰਿੰਦਰ ਧਾਲੀਵਾਲ | ਰੁਪਿੰਦਰ ਅਰੋੜਾ | ਸੁੱਖਾ ਬਲ | ਗੁਰਦੇਵ ਸਿੰਘ ਗਿੱਲ | ਪ੍ਰਿਤਪਾਲ ਘੋਤੜਾ | ਹਰਵਿੰਦਰ ਵਾਲੀਆ

## ਸਾਡੇ ਮੁੱਖ ਸਪਾਂਸਰ ਅਤੇ ਮਹਿਮਾਨ



ਬਲਵਿੰਦਰ ਸਿੰਘ | ਬੱਬੂ ਧਾਮੀ | ਭੋਲਾ ਸਿੰਘ ਧੰਮ | ਗੁਰਸਾਹਿਬ ਸਿੰਘ ਤੂਰ | ਭੁਪਿੰਦਰ ਸਿੰਘ ਸੋਢੀ | ਭੁਪਿੰਦਰ ਧਾਲੀਵਾਲ | ਜਸਵਿੰਦਰ ਸਿੰਘ ਬੁੱਢਾ ਦਲ | ਜਸਵੀਰ ਸਿੰਘ ਲਾਲੀ | ਜਸਬੀਰ ਸਿੰਘ ਸੰਧੂ | ਅਰਮਾਨ ਸਿੰਘ ਸੰਧੂ



ਨਿਧਾਨ ਸਹੋਤਾ, ਨਿਸ਼ਾਨ ਸਹੋਤਾ | ਗਗਨਦੀਪ ਸਿੰਘ, ਸੰਤੋਖ ਘੁੰਮਣ | ਚਰਨਜੀਤ ਕਾਹਲੋਂ | ਆਗਿਆਪਾਲ ਚਾਹਲ | ਪਰਮਜੀਤ ਮਹਿਰਾਜ | ਹਰਸ਼ ਪੋਪਲੀ | ਰਮਨ ਪੋਪਲੀ | ਭੁਪਿੰਦਰ ਸਿੰਘ | ਦੀਦਾਰ ਸਿੰਘ ਧਨੋਆ | ਮਨਦੀਪ ਸਿੰਘ ਘੋਤੜਾ



ਰਾਣਾ ਸਿੰਘ ਵਿਰਕ | ਰਿੰਪੀ ਖੱਟੜਾ | ਕੁਲਦੀਪ ਸਿੰਘ ਲੰਗ | ਧਰਮਿੰਦਰ ਖੱਟੜਾ | ਸਰਬਜੀਤ ਸਿੰਘ ਸਿੱਧੂ | ਬੌਬੀ ਖੱਟੜਾ | ਰਾਜਿੰਦਰ ਸਿੰਘ ਬੈਂਸ | ਸੱਤਾ ਖੱਟੜਾ | ਮਨਦੀਪ ਸਿੰਘ ਭੂਰਾ | ਸਤਵਿੰਦਰ ਸੱਤਾ | ਸਰਵਣ ਸਿੰਘ ਟਿਵਾਣਾ | ਜੱਸੀ ਧਾਲੀਵਾਲ | ਮੱਖਣ ਗਿੱਲ



ਪੰਜਾਬ ਸਪੋਰਟਸ ਕਲੱਬ ਮਿੱਡਵੈਸਟ ਦੇ ਅਹੁਦੇਦਾਰ



ਲਖਬੀਰ ਸਿੰਘ ਸੰਧੂ | ਜੈਰਾਮ ਸਿੰਘ ਕਾਹਲੋਂ

## ਸ਼ੇਰ-ਏ-ਪੰਜਾਬ ਸਪੋਰਟਸ ਕਲੱਬ



ਬਲਜੀਤ ਟਿਵਾਣਾ | ਜਸਵਿੰਦਰ ਗਿੱਲ | ਦੀਪਇੰਦਰ ਸਿੰਘ ਵਿਰਕ | ਹਨੀ ਖੰਗੂੜਾ | ਕਮਲਜੀਤ ਘੁਮਾਣ | ਜਿੰਦੀ ਖੰਗੂੜਾ | ਜਿੰਦਰ ਬੈਨੀਪਾਲ


Ghoman Group

SHER-E-PUNJAB SPORTS & CULTURAL SOCIETY




SERVING WISCONSIN & ILLINOIS STATE

JESSE SINGH
Ph: 847-606-3664

RE/MAX

E-Mail: J.SINGH@REMAX.COM, WEBSITE: JSINGH.REMAX.COM
REMAX SHOWCASE, LONG GROVE, IL 60060



# Punjab Sports Club, Chicago



ਸ਼ਮਸ਼ੇਰ ਬੋਪਾਰਾਏ, ਦਰਸ਼ਨ ਸਿੰਘ ਬਸਰਾਓਂ, ਤਰਲੋਚਨ ਸੰਘਾ, ਜਸਵਿੰਦਰ ਪਨਾਮ, ਜਸਬੀਰ ਸੁੱਗਾ, ਜਸਵੀਰ ਸੋਢੀ, ਜਸਵੀਰ ਸਿੰਘ ਡਿਪਟੀ, ਰੂਬੀ ਸਿੰਘ, ਹਰਵਿੰਦਰ ਸਿੰਘ ਬਬਲੂ, ਦੀਪਾ ਬੰਦੇਸ਼ਾ, ਅਮਰਦੇਵ ਸਿੰਘ ਬੰਦੇਸ਼ਾ, ਪਰਮਿੰਦਰ ਸਿੰਘ ਵਾਲੀਆ




ਬੇਅੰਤ ਸਿੰਘ ਬੋਪਾਰਾਏ, ਕੁਲਦੀਪ ਸਿੰਘ ਟਾਂਡਾ, ਸੁਰਜੀਤ ਮਾਵੀ, ਅਮਰੀਕ ਟਿਵਾਣਾ, ਲਖਬੀਰ ਸਿੰਘ ਸੀਹਰਾ, ਰਵਿੰਦਰ ਰਵੀ, ਚਰਨ ਸਿੰਘ ਛੀਨਾ, ਗਰੇਵਾਲ ਬ੍ਰਦਰਜ਼, ਰਾਣਾ ਸੇਖੋਂ, ਸਤੀਸ਼ ਖਟਾਣਾ, ਹਰਵਿੰਦਰ ਲਾਲੀ ਸਿੱਧੂ, ਸੁਰਜੀਤ ਸਿੰਘ ਤੂਰ, ਕਮਲ ਸੰਘਾ



ਬੌਬੀ ਤੇ ਮਨਜੀਤ ਸਿੰਘ, ਗੁਰਦਿਆਲ ਸਿੰਘ ਬਸਰਾਨ, ਹਰਗੁਰਮੁਖਪਾਲ ਸਿੰਘ, ਹਰਦਿਆਲ ਸਿੰਘ ਦਿਓਲ, ਬਾਬ ਹੁੰਦਲ, ਗੁਰਮੁਖ ਸਿੰਘ, ਲਖਵੀਰ ਜੌਹਲ, ਜਸਵਿੰਦਰ ਲੱਖਣ, ਲੱਖਾ ਸਿੰਘ, ਕੁਲਵਿੰਦਰ ਸਿੰਘ ਗਿੱਲ, ਸਿਕੰਦਰ ਬਿੱਟੂ, ਅਮਰਜੀਤ ਚੀਮਾ



ਬਲਕਾਰ, ਸੁਰਜੀਤ, ਦਰਸ਼ਨ, ਓਂਕਾਰ ਸਿੰਘ, ਹਰਭਜਨ, ਨਿਰਮਲ, ਸੰਨੀ ਸਿੰਘ, ਤਾਲੀ ਭੱਠਲ, ਸੰਨੀ ਵਰਮਾ, ਮਨਜੀਤ ਨਾਗਰਾ, ਲੱਭਾ ਸਿੰਘ ਇੰਡੀਆਨਾ, ਓਂਕਾਰ ਕਾਰੀ



ਸਨੀ ਕੁਲਾਰ, ਹਰਭਜਨ ਸਿੰਘ ਚਾਹਲ, ਬਲਜੀਤ ਗਿੱਲ ਅਤੇ ਧਰਮਿੰਦਰ ਗਿੱਲ, ਕੁਲਦੀਪ ਗਿੱਲ, ਮਹਾਂਬੀਰ ਚੀਮਾ, ਕੁਲਬੀਰ ਬੱਬੀ, ਅਜਮੇਰ ਸਿੰਘ ਇੰਡੀਆਨਾ, ਕੁਲਵਿੰਦਰ ਤੇ ਸੁੱਖੀ ਮਾਨ (ਅੰਬਰ ਪੈਲੇਸ), ਮਨਪ੍ਰੀਤ ਕੰਗ, ਦਲਜੀਤ ਚਾਹਲ, ਮਨਜੀਤ ਸਿੰਘ




ਹਰਜੀਤ ਸਿੰਘ ਗਿੱਲ, ਜਸਵਿੰਦਰ ਸਿੰਘ ਗਿੱਲ, ਨਾਜਰ ਸਿੰਘ ਗਿੱਲ, ਇੰਦਰਜੀਤ ਸਿੰਘ, ਜਿੰਮੀ ਬਰਾੜ, ਮੱਖਣ ਬੰਦੇਸ਼ਾ, ਮਲਕੀਤ ਉਪਲ, ਗੁਰਿੰਦਰ ਢਿੱਲੋਂ, ਗੁਰਮੁਖ ਸਿੰਘ ਭੁੱਲਰ, ਖੇਮ ਸਿੰਘ ਵਿਰਕ, ਰੇਸ਼ਮ ਸਿੰਘ ਖੱਖ, ਮਨਜੀਤ ਸਿੰਘ



ਗੁੱਲੂ ਵਿਰਕ, ਬਲਜੋਤ, ਜੱਗੂ ਸਹੋਤਾ, ਜੋਰਾ ਗਾਖਲ, ਕੁਲਵੀਰ ਹੋਠੀ, ਮਨਿੰਦਰ ਮੌਂਟੀ, ਕੁਲਵੰਤ ਸਿੰਘ ਨਾਗਰਾ, ਪ੍ਰਿੰਸ ਸ਼ਰਮਾ, ਰਾਹੁਲ, ਰਿੰਕੂ ਬੈਂਸਾਂ, ਸਵ. ਅਯੁਧਿਆ ਸਲਵਾਨ, ਪਰਦੀਪ ਸਲਵਾਨ



ਲਖਬੀਰ ਸਿੰਘ ਚੀਮਾ, ਸੋਨੂੰ ਗਡਾਨੀ, ਡੀ. ਛੀਨਾ, ਭਿੰਦਰ ਪੰਮਾ, ਮਨਜੀਤ ਸਿੰਘ ਢਿੱਲੋਂ, ਪੰਮਾ, ਹਰਜੀਤ ਸਿੰਘ, ਪਰਮਿੰਦਰ ਮੁਲਤਾਨੀ



ਰੰਮੀ ਗਰੇਵਾਲ, ਹਰਜਿੰਦਰ ਸਮਰਾ, ਬਲਦੇਵ ਸਿੰਘ ਗਿੱਲ, ਲਾਲੀ ਸਿੱਧੂ, ਗੁਰਪ੍ਰੀਤ ਸਿੱਧੂ, ਵਿਕਰਮ ਸੋਹੀ, ਟੋਨੀ ਸੰਘੇੜਾ, ਵਰਿੰਦਰ ਨਾਗਰਾ

## ਕਬੱਡੀ ਕੁਮੈਂਟੇਟਰ



ਕਾਲਾ ਰਸ਼ੀਨ



ਮੱਖਣ ਅਲੀ

# ਕੌਮੀ ਐਸ.ਸੀ. ਕਮਿਸ਼ਨ ਵੱਲੋਂ ਕਟਾਰੂਚੱਕ ਮਾਮਲੇ 'ਤੇ ਅਧਿਕਾਰੀ ਤਲਬ

**ਚੰਡੀਗੜ੍ਹ:** ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਪੰਜਾਬ ਤੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਦੇ ਮਾਮਲੇ ਵਿਚ ਪੰਜਾਬ ਦੇ ਸਿਵਲ ਤੇ ਪੁਲਿਸ ਅਧਿਕਾਰੀਆਂ ਨੂੰ ਤਲਬ ਕੀਤਾ ਹੈ। ਕਮਿਸ਼ਨ ਨੇ 31 ਜੁਲਾਈ ਨੂੰ ਪੰਜਾਬ ਦੇ ਅਧਿਕਾਰੀ ਦਿੱਲੀ ਰਿਪੋਰਟ ਦੇਣ ਲਈ ਸੱਦੇ ਹਨ।

ਕਮਿਸ਼ਨ ਦਾ ਕਹਿਣਾ ਹੈ ਕਿ ਪੰਜਾਬ ਦੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਉਪਰ ਜਿਨਸੀ ਸ਼ੋਸ਼ਣ ਦੇ ਦੋਸ਼ ਲਾਉਣ ਵਾਲੇ ਕੇਸ਼ਵ ਕੁਮਾਰ ਦੀ ਸ਼ਿਕਾਇਤ ਦਾ ਸਖਤ ਨੋਟਿਸ ਲੈਂਦਿਆਂ ਕਮਿਸ਼ਨ ਦੇ ਚੇਅਰਮੈਨ ਵਿਜੇ ਸਾਂਪਲਾ ਦੇ ਹੁਕਮਾਂ 'ਤੇ 5 ਮਈ ਨੂੰ ਪੰਜਾਬ ਸਰਕਾਰ ਦੇ ਅਧਿਕਾਰੀਆਂ ਨੂੰ ਨੋਟਿਸ ਜਾਰੀ ਕੀਤਾ ਸੀ ਅਤੇ ਉਨ੍ਹਾਂ ਨੂੰ ਕਾਰਵਾਈ ਦੀ ਰਿਪੋਰਟ ਸੌਂਪਣ ਅਤੇ ਪੀੜਤ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ ਕਿਹਾ ਸੀ, ਜਿਸ ਨੂੰ ਮੰਤਰੀ ਵੱਲੋਂ ਧਮਕੀਆਂ ਦੇ ਫੋਨ ਆ ਰਹੇ ਸਨ। ਕਮਿਸ਼ਨ ਦਾ ਕਹਿਣਾ ਹੈ ਕਿ 5 ਮਈ ਦੇ ਨੋਟਿਸ ਤੋਂ ਬਾਅਦ 25 ਮਈ ਅਤੇ 5 ਜੂਨ ਨੂੰ




ਇਕ ਹੋਰ ਨੋਟਿਸ ਦਿੱਤਾ ਗਿਆ ਸੀ। ਕਮਿਸ਼ਨ ਨੇ ਪੰਜਾਬ ਦੇ ਮੁੱਖ ਸਕੱਤਰ, ਪੰਜਾਬ ਡੀ.ਜੀ.ਪੀ. ਅਤੇ ਅੰਮ੍ਰਿਤਸਰ ਬਾਰਡਰ ਰੇਂਜ ਦੇ ਡੀ.ਆਈ.ਜੀ. ਨੂੰ 31 ਜੁਲਾਈ ਨੂੰ ਸਵੇਰੇ 11 ਵਜੇ ਕਮਿਸ਼ਨ ਸਾਹਮਣੇ ਪੇਸ਼ ਹੋਣ ਲਈ ਕਿਹਾ ਹੈ।

ਨਵੀਂ ਦਿੱਲੀ ਵਿਖੇ ਕਮਿਸ਼ਨ ਨੇ ਮਾਮਲੇ ਦੇ ਜਾਂਚ ਅਧਿਕਾਰੀ ਨੂੰ ਵੀ ਸੁਣਵਾਈ ਵਿਚ ਹਾਜ਼ਰ ਹੋਣ ਲਈ ਕਿਹਾ ਹੈ। ਕਮਿਸ਼ਨ ਨੇ ਅਧਿਕਾਰੀਆਂ ਨੂੰ ਤਾਜ਼ਾ ਕਾਰਵਾਈ ਦੀ ਰਿਪੋਰਟ ਅਤੇ ਸਬੰਧਤ ਫਾਈਲਾਂ, ਕੇਸ ਡਾਇਰੀਆਂ ਅਤੇ ਹੋਰ ਕਾਰਵਾਈਆਂ ਸਮੇਤ ਸਾਰੇ ਸਬੰਧਤ ਦਸਤਾਵੇਜ਼ ਲਿਆਉਣ ਲਈ ਵੀ ਕਿਹਾ ਹੈ।

### ਬਾਜਵਾ ਨੇ ਸ਼ਿਕਾਇਤਕਰਤਾ 'ਤੇ ਦਬਾਅ ਪਾਉਣ ਦਾ ਦੋਸ਼ ਲਾਇਆ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਦੋਸ਼ ਲਾਇਆ ਕਿ ਮੰਤਰੀ ਲਾਲ ਚੰਦ ਕਟਾਰੂਚੱਕ 'ਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲਾਉਣ ਵਾਲੇ ਸ਼ਿਕਾਇਤਕਰਤਾ ਨੂੰ ਪੁਲਿਸ ਰਾਹੀਂ ਡਰਾਇਆ ਧਮਕਾਇਆ ਗਿਆ ਹੈ। ਸ੍ਰੀ ਬਾਜਵਾ ਨੇ ਕਿਹਾ ਕਿ 'ਆਪ' ਸਰਕਾਰ ਵੱਲੋਂ ਇਸ ਮਾਮਲੇ ਦੀ ਜਾਂਚ ਲਈ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਦੀ ਜੋ ਕਾਰਗੁਜ਼ਾਰੀ ਹੁਣ ਤੱਕ ਰਹੀ ਹੈ, ਉਸ ਤੋਂ ਇਹ ਸਾਬਤ ਹੁੰਦਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਆਪਣੇ ਮੰਤਰੀ ਦਾ ਬਚਾਅ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਡੀ.ਆਈ.ਜੀ. (ਬਾਰਡਰ ਰੇਂਜ, ਅੰਮ੍ਰਿਤਸਰ) ਨਰਿੰਦਰ ਭਾਰਗਵ ਦੀ ਅਗਵਾਈ ਵਾਲੀ ਐਸ.ਆਈ.ਟੀ. ਅਸਲ ਵਿਚ ਜਿਨਸੀ ਅਪਰਾਧ ਦੇ ਦੋਸ਼ਾਂ ਦੀ ਜਾਂਚ ਲਈ ਨਹੀਂ ਬਣਾਈ ਗਈ ਬਲਕਿ ਇਸ ਸਿਟ ਦੇ ਪਿਛਲਾ ਮਕਸਦ ਸ਼ਿਕਾਇਤਕਰਤਾ 'ਤੇ ਦਬਾਅ ਪਾਉਣਾ ਸੀ ਤਾਂ ਜੋ ਉਹ ਆਪਣੀ ਸ਼ਿਕਾਇਤ ਵਾਪਸ ਲੈ ਲਵੇ।

# ਪਰਲਜ ਦੀਆਂ ਜਾਇਦਾਦਾਂ ਜ਼ਬਤ ਕਰਨ ਦਾ ਅਮਲ ਸ਼ੁਰੂ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਪਰਲਜ ਗਰੁੱਪ ਦੀ ਮਾਲਕੀ ਵਾਲੀਆਂ ਜਾਇਦਾਦਾਂ ਜ਼ਬਤ ਕਰਨ ਦੀ ਪ੍ਰਕਿਰਿਆ ਨੂੰ ਹਰੀ ਝੰਡੀ ਦੇ ਦਿੱਤੀ ਹੈ ਤਾਂ ਜੋ ਇਨ੍ਹਾਂ ਜਾਇਦਾਦਾਂ ਨੂੰ ਵੇਚ ਕੇ ਨਿਵੇਸ਼ਕਾਂ ਨੂੰ ਵਾਪਸ ਪੈਸਾ ਕੀਤਾ ਜਾ ਸਕੇ। ਮੁੱਖ ਮੰਤਰੀ ਨੇ ਮੁੱਖ ਸਕੱਤਰ ਅਤੇ ਡੀ.ਜੀ.ਪੀ. ਨੂੰ ਇਸ ਕੰਮ ਨੂੰ ਨਿਰਵਿਘਨ ਤੇ ਸਮਾਂਬੱਧ ਢੰਗ ਨਾਲ ਨੇਪਰੇ ਚਾੜ੍ਹਨ ਲਈ ਸਮੁੱਚੀ ਪ੍ਰਕਿਰਿਆ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰਨ ਦੇ ਨਿਰਦੇਸ਼ ਦਿੱਤੇ।




ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਤੋਂ ਲੁੱਟੇ ਗਏ ਇਕ-ਇਕ ਪੈਸੇ ਦੀ ਵਸੂਲੀ ਕਰੇਗੀ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਜ਼ਿਲ੍ਹਿਆਂ ਵਿਚ ਪਰਲਜ ਗਰੁੱਪ ਦੀਆਂ ਜਾਇਦਾਦਾਂ ਦੀ ਸ਼ਨਾਖਤ ਕੀਤੀ ਜਾ ਚੁੱਕੀ ਹੈ ਅਤੇ ਇਨ੍ਹਾਂ ਜਾਇਦਾਦਾਂ ਨੂੰ ਹਾਸਲ ਕਰਨ ਲਈ ਕਾਨੂੰਨੀ ਕਾਰਵਾਈ ਵੀ ਸ਼ੁਰੂ ਕਰ ਦਿੱਤੀ ਗਈ ਹੈ। ਭਗਵੰਤ ਮਾਨ ਨੇ ਕਿਹਾ ਕਿ ਮਾਲ ਰਿਕਾਰਡ ਵਿਚ ਰੈੱਡ ਐਂਟਰੀਆਂ ਕੀਤੀਆਂ ਗਈਆਂ ਹਨ ਤਾਂ ਜੋ ਕੋਈ ਵੀ ਇਸ ਜਾਇਦਾਦ ਨੂੰ ਵੇਚ ਜਾਂ ਖਰੀਦ ਨਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਇਸ ਗਰੁੱਪ ਨੇ ਸੂਬੇ ਦੇ ਲੋਕਾਂ ਨਾਲ ਬਹੁਤ ਵੱਡਾ ਧੋਖਾ ਕੀਤਾ ਹੈ, ਜਿਸ ਕਰਕੇ ਇਸ ਨੂੰ ਹਰ ਹਾਲ ਵਿਚ ਜਵਾਬਦੇਹ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਪ੍ਰਕਿਰਿਆ ਵਿਚ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਜ਼ਮੀਨੀ ਪੱਧਰ 'ਤੇ ਮਾਲ ਰਿਕਾਰਡ ਦੀ ਪਹਿਲਾਂ ਹੀ ਜਾਂਚ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਸ ਕਾਰਜ ਨੂੰ ਪਹਿਲ ਦੇ ਆਧਾਰ ਉਤੇ ਕੀਤਾ ਗਿਆ ਤਾਂ ਜੋ ਸਰਕਾਰ ਵੱਲੋਂ ਇਹ ਜਾਇਦਾਦ ਜ਼ਬਤ ਕੀਤੀ ਜਾ ਸਕੇ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਲੋਕਾਂ ਦਾ ਪੈਸਾ ਉਨ੍ਹਾਂ ਨੂੰ ਵਾਪਸ ਮੋੜਿਆ ਜਾਵੇ ਅਤੇ ਕੰਪਨੀ ਵਿਰੁੱਧ ਮਿਸਾਲੀ ਕਾਰਵਾਈ ਕੀਤੀ ਜਾਵੇ ਤਾਂ ਕਿ ਧੋਖਾਧੜੀ ਕਰਨ ਵਾਲੀਆਂ ਅਜਿਹੀਆਂ ਹੋਰ ਕੰਪਨੀਆਂ ਨੂੰ ਵੀ ਸਬਕ ਮਿਲ ਸਕੇ। ਚੇਤੇ ਰਹੇ ਕਿ ਵਿਜੀਲੈਂਸ ਬਿਊਰੋ ਨੇ ਪਰਲਜ ਗਰੁੱਪ ਦੀਆਂ ਜਾਇਦਾਦਾਂ ਨੂੰ ਖੁਰਦ ਬੁਰਦ ਕਰਨ ਵਾਲਿਆਂ ਖ਼ਿਲਾਫ਼ ਕਦਮ ਵਧਾਏ ਹਨ। ਜਾਣਕਾਰੀ ਅਨੁਸਾਰ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਭਗਵੰਤ ਮਾਨ ਨੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਜੇਕਰ ਆਮ ਆਦਮੀ ਪਾਰਟੀ ਸੱਤਾ ਵਿਚ ਆਈ ਤਾਂ ਲੋਕਾਂ ਨੂੰ ਲੁੱਟਣ ਵਾਲੀਆਂ ਚਿੱਟ ਫੰਡ ਕੰਪਨੀਆਂ ਦੀਆਂ ਜਾਇਦਾਦਾਂ ਵੇਚ ਕੇ ਉਨ੍ਹਾਂ ਦੇ ਪੈਸੇ ਵਾਪਸ ਕੀਤੇ ਜਾਣਗੇ।

# ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਦਾ ਦੇਹਾਂਤ

**ਪਟਿਆਲਾ:** ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਦਾ ਦਿਹਾਂਤ ਹੋ ਗਿਆ ਹੈ। ਜਾਣਕਾਰੀ ਅਨੁਸਾਰ ਬੀਤੀ 16 ਜੂਨ ਨੂੰ ਬੀਰ ਦਵਿੰਦਰ ਸਿੰਘ ਦੀ ਭੋਜਨ ਨਾਲੀ ਵਿਚ ਕੈਂਸਰ ਦੀ ਪੁਸ਼ਟੀ ਹੋਈ ਸੀ ਤੇ ਉਦੋਂ ਤੋਂ ਉਨ੍ਹਾਂ ਦੀ ਤਬੀਅਤ ਖਰਾਬ ਸੀ। ਉਨ੍ਹਾਂ ਦਾ ਪੀ.ਜੀ.ਆਈ. ਵਿਚ ਇਲਾਜ ਚੱਲ ਰਿਹਾ ਸੀ। ਜ਼ਿਕਰਯੋਗ ਹੈ ਕਿ ਬੀਰ ਦਵਿੰਦਰ ਸਿੰਘ 1971 ਤੋਂ 1977 ਤੱਕ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਰਹੇ ਸਨ। ਉਨ੍ਹਾਂ ਦੀ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਇੰਦਰਾ ਗਾਂਧੀ ਨਾਲ ਵੀ ਨੇੜਤਾ ਸੀ। ਉਹ ਮਾਸਕੋ ਅਤੇ ਪੂਰਬੀ ਯੂਰਪੀ ਸ਼ਹਿਰਾਂ ਵਿਚ ਘੁੰਮੇ ਫਿਰੇ ਤੇ ਜਾਣਕਾਰੀ ਹਾਸਲ ਕੀਤੀ। ਉਹ ਸੋਨੀਆ ਗਾਂਧੀ ਨਾਲ ਵੀ ਅਕਸਰ ਗੱਲਬਾਤ ਕਰਦੇ ਸਨ। ਕਾਂਗਰਸ ਹਾਈ ਕਮਾਨ ਨਾਲ ਉਨ੍ਹਾਂ ਦੀਆਂ ਮੁਲਾਕਾਤਾਂ ਅਤੇ ਖਰੜ ਤੋਂ ਟਿਕਟ ਨਾ ਮਿਲਣ 'ਤੇ ਕੈਪਟਨ ਅਮਰਿੰਦਰ ਨਾਲ ਹੋਏ ਗਿਲੇ-ਸ਼ਿਕਵੇ ਵੀ ਚਰਚਾ ਦਾ ਵਿਸ਼ਾ ਰਹੇ ਹਨ। ਸਾਲ 1980 ਵਿੱਚ ਬੀਰ ਦਵਿੰਦਰ ਸਿੰਘ ਕਾਂਗਰਸ ਦੀ ਟਿਕਟ 'ਤੇ ਸਰਹਿੰਦ ਹਲਕੇ ਤੋਂ ਪਹਿਲੀ ਵਾਰ ਵਿਧਾਇਕ ਬਣੇ। ਉਪਰੰਤ ਸਾਲ 2003 ਤੋਂ 2004 ਤੱਕ ਉਹ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਰਹੇ। 2002-2007 ਦੀ ਸਰਕਾਰ ਦੌਰਾਨ ਬੀਰ ਦਵਿੰਦਰ ਸਿੰਘ ਨੂੰ ਬੈਸਟ ਪਾਰਲੀਮੈਂਟੇਰੀਅਨ ਦਾ ਖਿਤਾਬ ਵੀ ਮਿਲਿਆ। ਇਸੇ ਸਮੇਂ ਦੌਰਾਨ ਉਨ੍ਹਾਂ ਖਰੜ ਵਿਧਾਨ ਸਭਾ ਹਲਕੇ ਦੀ ਨੁਮਾਇੰਦਗੀ ਕੀਤੀ ਸੀ। ਇਸ ਤੋਂ ਬਾਅਦ 2008 ਤੋਂ 2010 ਤੱਕ ਉਹ ਅਕਾਲੀ ਦਲ ਵਿਚ ਰਹੇ ਤੇ ਫਿਰ ਉਹ ਪੀ.ਪੀ.ਪੀ. ਪਾਰਟੀ ਤੇ ਅਕਾਲੀ ਦਲ ਯੂਨਾਈਟਿਡ ਦਾ ਵੀ ਹਿੱਸਾ ਰਹੇ। ਬੀਰ ਦਵਿੰਦਰ ਦੀ ਇੰਡੀਅਨ ਨੈਸ਼ਨਲ ਕਾਂਗਰਸ ਨਾਲ ਲੰਬਾ ਸਮਾਂ ਸਾਂਝ ਰਹੀ, ਪਰ ਇਸ ਦੌਰਾਨ ਉਨ੍ਹਾਂ ਦੀ ਕਈ ਮੁੱਦਿਆਂ ਨੂੰ ਲੈ ਕੇ ਕੈਪਟਨ ਅਮਰਿੰਦਰ ਸਿੰਘ ਨਾਲ ਤਣਾ-ਤਣੀ ਵੀ ਰਹੀ। ਇਸ ਮਗਰੋਂ 5 ਫਰਵਰੀ 2019 ਨੂੰ ਉਹ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਵਿਚ ਸ਼ਾਮਲ ਹੋ ਗਏ।



# ਮਿਸ ਯੂਨੀਵਰਸ ਹਰਨਾਜ਼ ਦੇ ਪਿਤਾ ਪ੍ਰੀਤਮ ਸੰਧੂ ਦਾ ਦੇਹਾਂਤ

**ਖਰੜ:** ਸਾਲ 2021 ਵਿਚ 'ਮਿਸ ਯੂਨੀਵਰਸ' ਦਾ ਖਿਤਾਬ ਜਿੱਤਣ ਵਾਲੀ ਹਰਨਾਜ਼ ਕੌਰ ਸੰਧੂ ਦੇ ਪਿਤਾ ਪ੍ਰੀਤਮ ਸਿੰਘ ਸੰਧੂ ਦਾ ਖਰੜ ਸਥਿਤ ਰਿਹਾਇਸ਼ 'ਤੇ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਗੁਰਦਾਸਪੁਰ ਜ਼ਿਲ੍ਹੇ ਦੀ ਬਟਾਲਾ ਸਬ-ਡਿਵੀਜ਼ਨ ਨਾਲ ਸਬੰਧਤ ਪ੍ਰੀਤਮ ਸਿੰਘ (57) ਕਈ ਸਾਲ ਪਹਿਲਾਂ ਖਰੜ ਆ ਕੇ ਵਸ ਗਏ ਸਨ। ਪਰਿਵਾਰ ਦੇ ਜਾਣਕਾਰਾਂ ਮੁਤਾਬਕ ਪ੍ਰੀਤਮ ਸੰਧੂ ਰਾਤ ਆਮ ਵਾਂਗ ਸੁੱਤੇ ਪਰ ਸਵੇਰੇ ਨਹੀਂ ਉਠੇ। ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਡਾਕਟਰਾਂ ਨੇ ਪਰਿਵਾਰਕ ਮੈਂਬਰਾਂ ਨੂੰ ਦੱਸਿਆ ਕਿ ਉਨ੍ਹਾਂ ਦੀ ਮੌਤ ਦਿਲ ਦਾ ਦੌਰਾ ਪੈਣ ਨਾਲ ਹੋਈ ਹੋਣ ਦੀ ਸੰਭਾਵਨਾ ਹੈ। ਹਰਨਾਜ਼ ਨੂੰ ਜਦ ਇਸ ਬਾਰੇ ਦੱਸਿਆ ਗਿਆ ਤਾਂ ਉਹ ਮੁੰਬਈ ਵਿਚ ਸੀ ਤੇ ਘਰ ਵਾਪਸ ਆ ਗਈ ਹੈ।

# ਪ੍ਰਾਈਵੇਟ ਥਰਮਲ ਪਲਾਂਟ ਖਰੀਦੇਗੀ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਵਿਚ ਕੋਲੇ ਉਤੇ ਆਧਾਰਿਤ ਬਿਜਲੀ ਉਤਪਾਦਨ ਵਧਾਉਣ ਲਈ ਇਕ ਪ੍ਰਾਈਵੇਟ ਥਰਮਲ ਪਲਾਂਟ ਖਰੀਦਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਇਹ ਜਾਣਕਾਰੀ ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕਰ ਕੇ ਦਿੱਤੀ। ਹਾਲਾਂਕਿ, ਉਨ੍ਹਾਂ ਥਰਮਲ ਪਲਾਂਟ ਬਾਰੇ ਕੋਈ ਜਾਣਕਾਰੀ ਨਸ਼ਰ ਨਹੀਂ ਕੀਤੀ, ਪਰ ਸੂਬਾ ਸਰਕਾਰ ਨੇ ਪ੍ਰਾਈਵੇਟ ਪਲਾਂਟ ਖਰੀਦਣ ਲਈ ਬੋਲੀ ਲਗਾ ਦਿੱਤੀ ਹੈ ਤੇ ਜਲਦੀ ਹੀ ਇਹ ਪ੍ਰਕਿਰਿਆ ਮੁਕੰਮਲ ਕਰ ਲਈ ਜਾਵੇਗੀ।

ਇਸ ਨਾਲ ਸੂਬੇ ਦਾ ਬਿਜਲੀ ਉਤਪਾਦਨ ਵਧਾ ਕੇ ਵਾਧੂ ਬਿਜਲੀ ਪੈਦਾ ਕਰਨ ਵਿਚ ਮਦਦ ਮਿਲੇਗੀ। ਸ੍ਰੀ ਮਾਨ ਨੇ ਕਿਹਾ ਕਿ ਇਸ ਵੇਲੇ ਲਹਿਰਾ ਮੁਹੱਬਤ ਤੇ ਰੋਪੜ ਵਿਚ ਸਰਕਾਰੀ ਮਾਲਕੀ ਵਾਲੇ ਥਰਮਲ ਪਲਾਂਟ 1760 ਮੈਗਾਵਾਟ ਬਿਜਲੀ ਪੈਦਾ ਕਰ ਰਹੇ ਹਨ। ਇਹ ਪਾਵਰ ਪਲਾਂਟ ਖਰੀਦਣ ਨਾਲ ਬਿਜਲੀ ਪੈਦਾਵਾਰ 'ਚ 540 ਮੈਗਾਵਾਟ ਦਾ ਹੋਰ ਵਾਧਾ ਹੋਵੇਗਾ। ਜਾਣਕਾਰੀ ਅਨੁਸਾਰ ਸੂਬਾ ਸਰਕਾਰ ਵੱਲੋਂ ਤਰਨ ਤਾਰਨ ਦੇ ਗੋਇੰਦਵਾਲ ਵਿਚਲੇ ਥਰਮਲ ਪਲਾਂਟ ਨੂੰ ਖਰੀਦਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਲਈ 12 ਕੰਪਨੀਆਂ ਨੇ ਬੋਲੀ ਦਿੱਤੀ ਹੈ, ਜਿਸ ਵਿੱਚੋਂ ਪਾਵਰਕੌਮ ਵੀ ਇੱਕ ਹੈ। ਗੌਰਤਲਬ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਪਿਛਲੇ ਮਹੀਨੇ ਐਲਾਨ ਕੀਤਾ ਸੀ ਕਿ ਪੰਜਾਬ ਸਰਕਾਰ ਪਹਿਲੀ ਵਾਰ ਪ੍ਰਾਈਵੇਟ ਥਰਮਲ ਪਲਾਂਟ ਖਰੀਦਣ ਲਈ ਨਿਲਾਮੀ ਪ੍ਰਕਿਰਿਆ 'ਚ ਹਿੱਸਾ ਲੈ ਰਹੀ ਹੈ। ਇਸ ਬਾਰੇ ਫ਼ੈਸਲਾ ਲੈਣ ਲਈ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੀ ਅਗਵਾਈ ਹੇਠ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਸੀ।



ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬੇ ਨੂੰ ਪਛਵਾੜਾ ਕੋਲਾ ਖਾਣ ਤੋਂ ਕੋਲੇ ਦੀ ਸਪਲਾਈ ਮੁੜ ਸ਼ੁਰੂ ਹੋਣ ਨਾਲ ਸੂਬੇ ਕੋਲ ਵਾਧੂ ਕੋਲਾ ਹੈ, ਜਿਸ ਦੀ ਵਰਤੋਂ ਇਨ੍ਹਾਂ ਥਰਮਲ ਪਲਾਂਟਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾਉਣ ਲਈ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਸਰਕਾਰੀ ਜਾਇਦਾਦਾਂ ਵੇਚੀਆਂ ਸਨ, ਪਰ 'ਆਪ' ਸਰਕਾਰ ਪ੍ਰਾਈਵੇਟ ਥਰਮਲ ਪਲਾਂਟ ਖਰੀਦਣ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਕੋਲ ਕੋਲੇ ਦੀ ਲੋੜੀਂਦੀ ਸਪਲਾਈ ਅਤੇ ਭੰਡਾਰ ਹੈ, ਜਿਸ ਰਾਹੀਂ ਇਨ੍ਹਾਂ ਪਲਾਂਟਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਝੋਨੇ ਦੇ ਸੀਜ਼ਨ ਦੌਰਾਨ ਵੀ ਸਾਰੇ ਸੈਕਟਰਾਂ ਨੂੰ ਨਿਰਵਿਘਨ ਅਤੇ ਨਿਯਮਿਤ ਬਿਜਲੀ ਸਪਲਾਈ ਕਰ ਰਹੀ ਹੈ। ਸ੍ਰੀ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਇਸ ਸਬੰਧੀ ਪਹਿਲਾਂ ਹੀ ਪੁਖਤਾ ਪ੍ਰਬੰਧ ਕੀਤੇ ਹੋਏ ਹਨ ਅਤੇ ਸੂਬੇ ਵਿੱਚ ਬਿਜਲੀ ਦੀ ਕੋਈ ਕਮੀ ਨਹੀਂ ਹੈ।

# ਨਵੀਂ ਤਕਨੀਕ ਆਸਰੇ ਜੇਲ੍ਹਾਂ 'ਚ ਮੋਬਾਈਲ ਦੀ ਵਰਤੋਂ ਰੋਕਣ ਦੀ ਤਿਆਰੀ

**ਅੰਮ੍ਰਿਤਸਰ:** ਗੈਂਗਸਟਰਾਂ ਅਤੇ ਅਪਰਾਧੀਆਂ ਵੱਲੋਂ ਜੇਲ੍ਹ ਵਿਚ ਬੈਠ ਕੇ ਮੋਬਾਈਲ ਫੋਨ ਨਾਲ ਸਰਹੱਦ ਪਾਰ ਤਸਕਰਾਂ ਤੇ ਗੈਂਗਸਟਰਾਂ ਨਾਲ ਨੈੱਟਵਰਕ ਚਲਾਇਆ ਜਾ ਰਿਹਾ ਹੈ ਜਿਸ ਨੂੰ ਰੋਕਣ ਲਈ ਸਰਕਾਰ ਵੱਲੋਂ ਇਥੇ ਜੇਲ੍ਹ ਵਿਚ ਹਾਰਮੋਨੀਅਸ ਟੈਲੀ ਕਾਲ ਬਲਾਕਿੰਗ ਸਿਸਟਮ ਸਥਾਪਤ ਕੀਤਾ ਗਿਆ ਹੈ। ਜੇਲ੍ਹਾਂ ਵਿਚ ਬੈਠ ਕੇ ਅਪਰਾਧੀਆਂ ਵੱਲੋਂ ਮੋਬਾਈਲ ਫੋਨ ਦੀ ਕੀਤੀ ਜਾ ਰਹੀ ਵਰਤੋਂ ਨੂੰ ਰੋਕਣ ਲਈ ਇਹ ਪ੍ਰਣਾਲੀ ਅੰਮ੍ਰਿਤਸਰ ਤੋਂ ਇਲਾਵਾ ਕਪੂਰਥਲਾ ਦੀ ਕੇਂਦਰੀ ਜੇਲ੍ਹ ਵਿਚ ਵੀ ਸਥਾਪਤ ਕੀਤੀ ਗਈ ਹੈ। ਇਹ ਹਾਰਮੋਨੀਅਸ ਕਾਲ ਬਲਾਕਿੰਗ ਪ੍ਰਣਾਲੀ ਨੂੰ ਹਾਲ ਹੀ ਵਿਚ ਸਥਾਪਤ ਕੀਤਾ ਗਿਆ ਹੈ ਅਤੇ ਫਿਲਹਾਲ ਇਸ ਦਾ ਟਰਾਇਲ ਚੱਲ ਰਿਹਾ ਹੈ।

ਕੇਂਦਰੀ ਜੇਲ੍ਹ ਦੇ ਅਧਿਕਾਰੀਆਂ ਨੇ ਆਖਿਆ ਕਿ ਇਹ ਪ੍ਰਣਾਲੀ ਜੇਲ੍ਹ ਵਿਚ ਬੰਦ ਅਪਰਾਧੀਆਂ ਦੇ ਮੋਬਾਈਲ ਫੋਨ ਦੀ ਵਰਤੋਂ ਨੂੰ ਰੋਕਣ ਵਿਚ ਸਹਾਈ ਸਾਬਤ ਹੋਵੇਗੀ। ਇਸ ਤੋਂ ਪਹਿਲਾਂ ਜੇਲ੍ਹ ਵਿਚ ਬੰਦ ਅਪਰਾਧੀ ਜੇਲ੍ਹ ਅੰਦਰ ਬੈਠ ਕੇ ਹੀ ਮੋਬਾਈਲ ਰਾਹੀਂ ਜੇਲ੍ਹ ਤੋਂ ਬਾਹਰ ਨੈੱਟਵਰਕ ਚਲਾ ਰਹੇ ਸਨ। ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਸੰਘਣੀ ਅਬਾਦੀ ਵਾਲੇ ਇਲਾਕੇ ਵਿਚ ਬਣੀ ਹੋਈ ਹੈ। ਇੱਥੇ ਅਕਸਰ ਸ਼ਰਾਰਤੀ ਅਨਸਰਾਂ ਵੱਲੋਂ ਜੇਲ੍ਹ ਦੇ ਬਾਹਰੋਂ ਨਸ਼ੀਲੇ ਪਦਾਰਥ, ਮੋਬਾਈਲ ਫੋਨ, ਸਿਗਰਟਾਂ ਆਦਿ



ਸਾਮਾਨ ਸੁੱਟਿਆ ਜਾਂਦਾ ਹੈ। ਇਹ ਘਟਨਾਵਾਂ ਜੇਲ੍ਹ ਪ੍ਰਸ਼ਾਸਨ ਲਈ ਵੱਡੀ ਸਮੱਸਿਆ ਹੈ। ਪਿਛਲੇ ਕੁਝ ਸਾਲਾਂ ਵਿਚ ਜੇਲ੍ਹ ਪ੍ਰਸ਼ਾਸਨ ਨੇ ਵੱਡੀ ਗਿਣਤੀ ਵਿਚ ਮੋਬਾਈਲ ਫੋਨ ਅਤੇ ਹੋਰ ਇਤਰਾਜ਼ਯੋਗ ਸਾਮਾਨ ਜ਼ਬਤ ਕੀਤਾ ਹੈ। ਮਿਲੇ ਅੰਕੜਿਆਂ ਮੁਤਾਬਕ ਪਿਛਲੇ ਸਾਲ ਜੇਲ੍ਹ ਪ੍ਰਸ਼ਾਸਨ ਨੇ ਜੇਲ੍ਹ ਕੰਪਲੈਕਸ ਵਿਚੋਂ 927 ਮੋਬਾਈਲ ਜ਼ਬਤ ਕੀਤੇ ਸਨ; ਇਸ ਸਾਲ ਹੁਣ ਤੱਕ 300 ਮੋਬਾਈਲ ਫੋਨ ਜ਼ਬਤ ਕੀਤੇ ਜਾ ਚੁੱਕੇ ਹਨ ਤੇ ਜੇਲ੍ਹ ਪ੍ਰਸ਼ਾਸਨ ਵੱਲੋਂ ਹੋਰ ਵੀ ਸਖਤੀ ਨਾਲ ਤਸਕਰੀ ਰੋਕਣ ਲਈ ਕਦਮ ਚੁੱਕੇ ਜਾਣਗੇ।

### ਜੇਲ੍ਹਾਂ ਵਿਚ ਤਲਾਸ਼ੀ ਮੁਹਿੰਮ ਲਗਾਤਾਰ ਜਾਰੀ

**ਅੰਮ੍ਰਿਤਸਰ:** ਜੇਲ੍ਹ ਸੁਪਰਡੈਂਟ ਸੁਰਿੰਦਰ ਸਿੰਘ ਨੇ ਪੁਸ਼ਟੀ ਕਰਦਿਆਂ ਕਿਹਾ ਕਿ ਇਸ ਪ੍ਰਣਾਲੀ ਦੀ ਸਥਾਪਨਾ ਨਾਲ ਕਈ ਪ੍ਰਮੁੱਖ ਟੈਲੀਕਾਮ ਕੰਪਨੀਆਂ ਦੇ ਮੋਬਾਈਲ ਫੋਨ ਸਿਗਨਲਾਂ ਨੂੰ ਰੋਕਣ ਵਿਚ ਮਦਦ ਮਿਲੀ ਹੈ। ਜੇਲ੍ਹ ਅਧਿਕਾਰੀ ਨੇ ਦੱਸਿਆ ਕਿ ਹੁਣ ਮੋਬਾਈਲ ਫੋਨ ਦੀ ਵਰਤੋਂ ਵਿਚ ਭਾਵੇਂ ਕਮੀ ਆਈ ਹੈ ਪਰ ਇਸ ਦਾ ਵੱਡਾ ਪ੍ਰਭਾਵ ਜੇਲ੍ਹ ਕੰਪਲੈਕਸ ਵਿਚੋਂ ਸਾਰੇ ਮੋਬਾਈਲ ਫੋਨਾਂ ਨੂੰ ਬਾਹਰ ਕੱਢੇ ਜਾਣ ਤੋਂ ਬਾਅਦ ਹੀ ਪਤਾ ਲੱਗੇਗਾ। ਜੇਲ੍ਹ ਪ੍ਰਸ਼ਾਸਨ ਵੱਲੋਂ ਜੇਲ੍ਹ ਵਿਚ ਲਗਾਤਾਰ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਹਾਰਮੋਨੀਅਸ ਕਾਲ ਬਲਾਕਿੰਗ ਪ੍ਰਣਾਲੀ 2 ਜੀ ਤੋਂ ਲੈ ਕੇ 5 ਜੀ ਤੱਕ ਦੇ ਮੋਬਾਈਲ ਨੈੱਟਵਰਕ ਦੇ ਸਾਰੇ ਸਿਗਨਲਾਂ ਨੂੰ ਰੋਕਦੀ ਹੈ।

ਪੰਜਾਬ ਟਾਈਮਜ਼

*ਸ਼ਨਿਚਰਵਾਰ, 8 ਜੁਲਾਈ, 2023*

# ਸਫਰ ਦੀਆਂ ਪੈੜਾਂ

ਪਾਠਕਾਂ-ਲੇਖਕਾਂ ਦੇ ਹਰਮਨ-ਪਿਆਰੇ 'ਪੰਜਾਬ ਟਾਈਮਜ਼' ਨੇ ਆਪਣੇ ਸਫਰ ਦੇ 24ਵੇਂ ਸਾਲ ਦਾ ਅੱਧਾ ਸਫਰ ਮੁਕਾ ਲਿਆ ਹੈ ਅਤੇ ਹੁਣ ਇਹ ਆਪਣੇ 25ਵੇਂ, ਸਿਲਵਰ ਜੁਬਲੀ ਸਫਰ ਵੱਲ ਸਾਬਤ ਕਦਮੀਂ ਅਹੁਲ ਰਿਹਾ ਹੈ। ਹੋਰ ਛੇਆਂ ਮਹੀਨਿਆਂ ਨੂੰ 'ਪੰਜਾਬ ਟਾਈਮਜ਼' ਦਾ ਇਹ ਸਫਰ 25ਵੇਂ ਵਰ੍ਹੇ ਵਿਚ ਪ੍ਰਵੇਸ਼ ਕਰ ਜਾਵੇਗਾ। ਇਹ ਸਫਰ ਪਰਚੇ ਦੇ ਕਰਤਾ-ਧਰਤਾ (ਮਰਹੂਮ) ਅਮੋਲਕ ਸਿੰਘ ਜੰਮੂ ਦੀ ਅਗਵਾਈ ਵਿਚ ਸ਼ੁਰੂ ਹੋਇਆ ਸੀ ਅਤੇ ਨਿਰਵਿਘਨ ਚੱਲਿਆ। ਉਨ੍ਹਾਂ ਦੇ ਬਣਾਏ ਕਾਫਲੇ ਦੀ ਬਦੌਲਤ ਅੱਜ ਵੀ 'ਪੰਜਾਬ ਟਾਈਮਜ਼' ਦਾ ਇਹ ਸਫਰ ਜਾਰੀ ਹੈ। ਇਸ ਕਾਫਲੇ ਦੀ ਕਮਾਈ ਕਰ ਕੇ ਹੀ ਪਰਚੇ ਦਾ ਇਹ ਸਫਰ ਕਰੋਨਾ ਮਹਾਮਾਰੀ ਦੇ ਉਸ ਦੌਰ ਵਿਚ ਵੀ ਨਿਰਵਿਘਨ ਜਾਰੀ ਰਿਹਾ ਜਦੋਂ ਬਹੁਤ ਸਾਰੇ ਪਰਚੇ ਕਰੋਨਾ ਦੀ ਅਵੱਲੀ ਮਾਰ ਕਾਰਨ ਬੰਦ ਹੋ ਗਏ ਸਨ। ਉਸ ਵਕਤ ਵੀ ਪਰਚਾ ਇੰਟਰਨੈੱਟ ਰਾਹੀਂ ਪੰਜਾਬੀ ਪਿਆਰਿਆਂ ਦੇ ਬੂਹੇ ਉਤੇ ਦਸਤਕ ਦਿੰਦਾ ਰਿਹਾ। ਅਸਲ ਵਿਚ ਇਹ ਉਹੀ ਲਗਾਤਾਰਤਾ ਸੀ ਜਿਸ ਨੂੰ ਅਮੋਲਕ ਸਿੰਘ ਨੇ ਆਪਣੀ ਸਰੀਰਕ ਸੀਮਾ ਦੇ ਬਾਵਜੂਦ ਅਤੇ ਦਰਪੇਸ਼ ਔਖੇ ਸਮਿਆਂ ਵਿਚ ਵੀ ਜਾਰੀ ਰੱਖਿਆ ਸੀ। ਇਸ ਲਗਾਤਾਰਤਾ ਦੇ ਸਿਰ 'ਤੇ ਹੀ ਅੱਜ ਅਸੀਂ ਬਦਲੇ ਹੋਏ ਸਮਿਆਂ ਦੌਰਾਨ ਪਰਚੇ ਨਾਲ ਜੁੜੇ ਲੇਖਕਾਂ-ਪਾਠਕਾਂ ਦੇ ਰੂ-ਬ-ਰੂ ਹੋ ਰਹੇ ਹਾਂ ਅਤੇ 8 ਜੁਲਾਈ ਨੂੰ ਸਮਾਗਮ ਦੇ ਰੂਪ ਵਿਚ ਸੰਵਾਦ ਰਚਾਉਣ ਦਾ ਯਤਨ ਕਰ ਰਹੇ ਹਾਂ। ਇਹ ਪਹਿਲਾ ਸਮਾਗਮ ਹੈ ਜਿਹੜਾ ਅਮੋਲਕ ਸਿੰਘ ਦੀ ਗੈਰ-ਹਾਜ਼ਰੀ ਵਿਚ ਹੋ ਰਿਹਾ ਹੈ ਪਰ ਇਸ ਗੈਰ-ਹਾਜ਼ਰੀ ਵਿਚ ਉਨ੍ਹਾਂ ਦੀ ਉਹ ਘਾਲਣਾ ਗਵਾਹ ਬਣ ਕੇ ਸ਼ਾਮਿਲ ਹੋ ਰਹੀ ਹੈ ਜਿਸ ਨੂੰ ਉਨ੍ਹਾਂ ਦੇ ਸੰਗੀ-ਸਾਥੀਆਂ ਨੇ ਅੱਖੀਂ ਦੇਖਿਆ ਹੈ। ਪਿਛਲੇ ਵਰ੍ਹੇ ਅਮੋਲਕ ਸਿੰਘ ਦੀ ਪਹਿਲੀ ਬਰਸੀ ਮੌਕੇ ਜਦੋਂ 'ਪੰਜਾਬੀ ਟ੍ਰਿਬਿਊਨ' ਦੇ ਸਾਬਕਾ ਸੰਪਾਦਕ ਸੁਰਿੰਦਰ ਸਿੰਘ ਤੇਜ ਦੀ ਸੰਪਾਦਨਾ ਹੇਠ ਕਿਤਾਬ 'ਅਮੋਲਕ ਹੀਰਾ: ਅਮੋਲਕ ਸਿੰਘ ਜੰਮੂ ਦੀਆਂ ਯਾਦਾਂ ਤੇ ਯੋਗਦਾਨ' ਛਪੀ ਸੀ ਤਾਂ ਇਸ ਕਿਤਾਬ ਰਾਹੀਂ ਵੀ ਅਮੋਲਕ ਸਿੰਘ ਦੀ ਇਹ ਘਾਲਣਾ ਹੀ ਰੂਪਮਾਨ ਹੋਈ ਸੀ।

ਖੈਰ! 'ਪੰਜਾਬ ਟਾਈਮਜ਼' ਦੇ ਇਸ ਮੁਕਾਮ ਤੱਕ ਅੱਪੜਨ ਦਾ ਸਿਰਫ ਇਕ ਹੀ ਕਾਰਨ ਸੀ ਕਿ ਅਮੋਲਕ ਸਿੰਘ ਦੇ ਜ਼ਿਹਨ ਅੰਦਰ ਪੱਤਰਕਾਰੀ ਦੇ ਖੇਤਰ ਵਿਚ ਕੁਝ ਨਿਵੇਕਲਾ ਅਤੇ ਨਿਆਰਾ ਕਰ ਗੁਜ਼ਰਨ ਦਾ ਜਜ਼ਬਾ ਸੀ। ਇਸ ਜਜ਼ਬੇ ਨੇ ਹੀ ਉਨ੍ਹਾਂ ਨੂੰ ਅਜਿਹੇ ਰਾਹਾਂ ਦਾ ਪਾਂਧੀ ਬਣਾਇਆ ਜੋ ਕਿਸੇ ਲੋਕ ਕਹਾਣੀ ਦੇ ਨਾਇਕ ਵਾਂਗ ਹਰ ਹਾਲ 'ਚੌਥੀ ਕੂਟ' ਵੱਲ ਜਾਣ ਦਾ ਜੇਰਾ ਕਰਦਾ ਹੈ। ਜ਼ਾਹਿਰ ਹੈ ਕਿ 'ਚੌਥੀ ਕੂਟ' ਵੱਲ ਜਾਣ ਦਾ ਫੈਸਲਾ ਹੀ ਮਨੁੱਖ ਨੂੰ ਨਾਇਕ ਦਾ ਦਰਜਾ ਦਿੰਦਾ ਹੈ। ਇਹ ਨਾਇਕ ਫਿਰ ਰਾਹ ਵਿਚ ਆਏ ਹਰ ਅੜਿੱਕੇ ਨੂੰ ਆਪਣੇ ਢੰਗ ਨਾਲ ਨਜਿੱਠਦਾ ਹੈ ਅਤੇ ਆਪਣੀ ਮੰਜ਼ਿਲ ਵੱਲ ਵਧਦਾ ਹੈ। ਇਹ ਕਾਰਜ ਅਮੋਲਕ ਸਿੰਘ ਨੇ ਬਾਖੂਬੀ ਨਿਭਾਇਆ। ਇਸੇ ਕਰ ਕੇ 'ਪੰਜਾਬ ਟਾਈਮਜ਼' ਦੀ ਝੋਲੀ ਵਿਚ ਗਾਹੇ-ਬਗਾਹੇ ਅਜਿਹੀਆਂ ਟਿੱਪਣੀਆਂ ਵੀ ਪੈਂਦੀਆਂ ਰਹੀਆਂ ਕਿ ਇਹ ਕਈ ਮਾਮਲਿਆਂ ਵਿਚ ਅਤੇ ਪਹੁੰਚ ਪੱਖੋਂ ਪੰਜਾਬ ਵਿਚ ਛਪਦੇ ਕਈ ਪਰਚਿਆਂ ਤੋਂ ਵੀ ਦੋ ਕਦਮ ਅਗਾਂਹ ਹੈ।'ਪੰਜਾਬ ਟਾਈਮਜ਼' ਹਰ ਹਫਤੇ ਚਲੰਤ ਅਤੇ ਨਵੇਂ-ਨਿਵੇਕਲੇ ਮੁੱਦਿਆਂ-ਮਸਲਿਆਂ ਬਾਰੇ ਸੰਵਾਦ ਰਚਾਉਂਦਾ ਰਿਹਾ ਹੈ। ਇਸ ਸੰਵਾਦ ਵਿਚ ਹਰ ਆਮ ਅਤੇ ਖਾਸ ਦੀ ਸ਼ਿਰਕਤ ਸੰਭਵ ਸੀ; ਸ਼ਰਤ ਸਿਰਫ ਇਕ ਹੀ ਹੁੰਦੀ ਸੀ ਕਿ ਵੱਖ-ਵੱਖ ਮਸਲਿਆਂ 'ਤੇ ਮੱਤਭੇਦਾਂ ਦੇ ਬਾਵਜੂਦ ਸਬਰ ਅਤੇ ਤਹੱਮਲ ਦਾ ਪੱਲਾ ਨਾ ਛੱਡਿਆ ਜਾਵੇ। ਇਸ ਪੱਖ ਤੋਂ 'ਪੰਜਾਬ ਟਾਈਮਜ਼' ਦਾ ਕੰਮ ਮਿਸਾਲੀ ਹੋ ਨਿੱਬੜਿਆ ਅਤੇ ਅੱਜ ਤੱਕ ਜਾਰੀ ਹੈ। ਪਰਚੇ ਦੇ ਪੰਨਿਆਂ 'ਤੇ ਹਰ ਵਿਚਾਰ ਨੂੰ ਬਾਕਾਇਦਾ ਨੁਮਾਇੰਦਗੀ ਮਿਲੀ। ਗੁਰੂ ਨਾਨਕ ਨੇ ਜਦੋਂ 'ਕਿਛੁ ਸੁਣੀਐ ਕਿਛੁ ਕਹੀਐ॥' ਫਰਮਾਇਆ ਸੀ ਤਾਂ ਉਨ੍ਹਾਂ ਪਹਿਲ ਅਗਲੇ ਦੀ ਗੱਲ ਸੁਣਨ ਨੂੰ ਦਿੱਤੀ; ਤੇ ਜਿੰਨਾ ਸੰਭਵ ਹੋ ਸਕਿਆ, 'ਪੰਜਾਬ ਟਾਈਮਜ਼' ਨੇ ਇਸ ਮਹਾਂ ਵਾਕ ਦਾ ਪੱਲਾ ਸਦਾ ਘੁੱਟ ਕੇ ਫੜੀ ਰੱਖਣ ਦਾ ਯਤਨ ਕੀਤਾ ਹੈ।

ਕਰੋਨਾ ਮਹਾਮਾਰੀ ਵਾਲੇ ਸਮੇਂ ਦੌਰਾਨ ਅਤੇ ਉਸ ਤੋਂ ਬਾਅਦ ਹਰ ਖੇਤਰ 'ਤੇ ਸਿੱਧਾ ਜਾਂ ਅਸਿੱਧਾ ਅਸਰ ਪਿਆ ਹੈ। ਪੱਤਰਕਾਰੀ ਦਾ ਖੇਤਰ ਵੀ ਇਸ ਤੋਂ ਬੇਲਾਗ ਨਹੀਂ ਰਿਹਾ ਬਲਕਿ ਇਸ ਖੇਤਰ ਵਿਚ ਤਾਂ ਹੋਰ ਖੇਤਰਾਂ ਦੇ ਮੁਕਾਬਲੇ ਵਧੇਰੇ ਵੱਡੀਆਂ ਤੇ ਤਿੱਖੀਆਂ ਤਬਦੀਲੀਆਂ ਹੋਈਆਂ ਹਨ। ਇਨ੍ਹਾਂ ਤਬਦੀਲੀਆਂ ਨੇ ਸਭ ਮੀਡੀਆ ਅਦਾਰਿਆਂ ਨੂੰ ਨਵੇਂ ਸਿਰਿਓਂ ਸੋਚਣ ਲਾਇਆ ਹੈ। ਇਉਂ ਮੀਡੀਆ ਇਕ ਵਾਰ ਫਿਰ ਆਪਣੇ ਲਈ ਨਵੇਂ ਰਾਹ ਤਲਾਸ਼ਣ ਦੀ ਜੂਨੇ ਪੈ ਗਿਆ ਹੈ। ਮੀਡੀਆ ਅਸਲ ਵਿਚ ਕਿਰਤ ਦੀ ਉਹ ਵੰਨਗੀ ਹੈ ਜਿਹੜੀ ਬੈਂਕਾਂ ਵਿਚ ਪਈ ਰਕਮ ਵਾਂਗ ਕਦੀ ਜਮਾਂ ਨਹੀਂ ਕੀਤੀ ਜਾ ਸਕਦੀ; ਇਹ ਤਾਂ ਹਰ ਰੋਜ਼ ਨਵਾਂ ਖੂਹ ਪੁੱਟ ਕੇ ਉਸ ਦਾ ਪਾਣੀ ਪੀਣ ਵਾਲਾ ਸੁੱਚਾ ਕਰਮ ਹੈ ਅਤੇ ਇਹ ਕਰਮ ਨਿੱਤ ਦਿਨ ਤੇ ਨਿਰਵਿਘਨ ਵਾਪਰਦਾ ਹੈ। ਇਸ ਤੋਂ ਇਲਾਵਾ ਸੋਸ਼ਲ ਮੀਡੀਆ ਵੀ ਇਸ ਖੇਤਰ ਉਤੇ ਅਸਰ ਅੰਦਾਜ਼ ਹੋਇਆ ਹੈ। ਇਉਂ ਮੀਡੀਆ ਨੂੰ ਚੁਫੇਰਿਓਂ ਵੱਡੀਆਂ ਵੰਗਾਰਾਂ ਪਈਆਂ ਹਨ। ਇਸ ਸਭ ਕੁਝ ਦੇ ਬਾਵਜੂਦ ਮੀਡੀਆ ਅੱਜ ਵੀ ਵੱਡਾ ਤੇ ਸੰਜੀਦਾ ਰੋਲ ਨਿਭਾ ਰਿਹਾ ਹੈ ਅਤੇ ਇਹ ਗੱਲ ਪੱਕੀ ਹੈ ਕਿ ਜਦੋਂ ਤੱਕ ਸੰਜੀਦਾ ਪੱਤਰਕਾਰੀ ਦਾ ਇਕ ਵੀ ਪਾਠਕ ਬਾਕੀ ਹੈ, ਇਹ ਰੋਲ ਮੁੱਕਣ ਵਾਲਾ ਨਹੀਂ। ਹਾਲਾਤ ਭਾਵੇਂ ਔਖੇਰੇ ਹਨ ਪਰ ਰਾਹੀ ਮੁੱਢ-ਕਦੀਮ ਤੋਂ ਨਵੇਂ ਰਾਹ ਲੱਭਦੇ ਹੀ ਆਏ ਹਨ। ਇਸ ਆਸ ਨਾਲ ਹੀ ਅਦਾਰੇ ਦਾ ਯਤਨ ਹੈ ਕਿ 'ਪੰਜਾਬ ਟਾਈਮਜ਼' ਦੀ ਇਹ ਮੜਕ ਇਸੇ ਤਰ੍ਹਾਂ ਬਰਕਰਾਰ ਰੱਖੀ ਜਾਵੇ। ਜੁਲਾਈ ਮਹੀਨਾ ਅਮੋਲਕ ਸਿੰਘ ਦੇ ਜਨਮ ਦਿਨ ਵਾਲਾ ਮਹੀਨਾ ਵੀ ਹੈ; ਇਸ ਲਈ ਇਸ ਮੌਕੇ 'ਤੇ ਨਵੇਂ ਸਿਰਿਓਂ ਸਮਾਗਮ ਸ਼ੁਰੂ ਕਰ ਕੇ ਸੰਵਾਦ ਰਚਾਉਣ ਦਾ ਇਕ ਹੋਰ ਦੌਰ ਆਰੰਭ ਕੀਤਾ ਜਾ ਰਿਹਾ ਹੈ। ਤਕਰੀਬਨ ਢਾਈ ਦਹਾਕਿਆਂ ਦੇ ਇਸ ਸਫਰ ਵਿਚ ਪਾਠਕਾਂ-ਲੇਖਕਾਂ ਦਾ ਭਰਪੂਰ ਹੁੰਗਾਰਾ ਮਿਲਿਆ ਹੈ। ਆਸ ਹੈ ਕਿ ਆਉਣ ਵਾਲੇ ਸਮੇਂ ਵਿਚ ਇਹ ਹੁੰਗਾਰਾ ਦੂਣ-ਸਵਾਇਆ ਹੋ ਕੇ ਸਾਨੂੰ ਸਭ ਨੂੰ ਅਗਲੇ ਸਫਰ ਲਈ ਤਿਆਰ ਕਰੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸੀਬੀਆਂ ਈਡੀਆਂ ਦੇ ਕੰਮ !*

'ਮਹਾਂ' ਹੋ ਗਿਆ ਹੋਰ ਵੀ ਮਹਾਂਰਾਸ਼ਟਰ, ਜਿੱਥੇ ਪਿਆ ਹੈ ਸਿਆਸੀ ਘਮਸਾਣ ਦੇਖੋ।
ਪੁੱਤਰ ਜਿਹੇ ਭਤੀਜ ਦੀ 'ਕਲਾਬਾਜ਼ੀ', ਸ਼ਰਦ ਹੋ ਗਿਆ 'ਸਰਦ' ਹੈਰਾਨ ਦੇਖੋ।
ਸਾਰਾ ਕੁੱਝ ਹੀ ਕੁਰਸੀ ਹੈ ਲੀਡਰਾਂ ਲਈ, ਇਹਦੇ ਬਿਨਾਂ ਤਾਂ ਨਿਕਲਦੇ ਪ੍ਰਾਣ ਦੇਖੋ।
ਆਵੇ ਸੰਗ ਨਾ ਸੱਤਾ 'ਤੇ ਕਾਬਜ਼ਾਂ ਨੂੰ, ਲੋਕ-ਰਾਜ ਨੂੰ ਪਾਉਂਦਿਆਂ 'ਕਾਣ' ਦੇਖੋ।
ਕਿਸੇ ਹੀਰੋ ਨੂੰ 'ਜ਼ੀਰੋ' ਬਣਾਉਣ ਖਾਤਰ, ਕੱਢ ਲੈਂਦੇ ਨੇ 'ਆਡੀਓ ਸੀਡੀਆਂ' ਜੀ।
ਫੁੱਟ ਪਾਉਣ ਧਮਕਾਉਣ ਲਈ ਵਰਤਦੇ ਨੇ, ਇਨਕਮ ਟੈਕਸ ਤੇ ਸੀਬੀਆਂ ਈਡੀਆਂ ਜੀ!

# ਗੁਰਬਾਣੀ ਪ੍ਰਸਾਰਨ, ਪੰਜਾਬ ਦੇ ਮਸਲੇ ਅਤੇ 'ਆਪ' ਸਰਕਾਰ

ਪਿਛਲੇ ਕਈ ਦਿਨਾਂ ਤੋਂ ਗੁਰਬਾਣੀ ਪ੍ਰਸਾਰਨ ਦੇ ਮਸਲੇ 'ਤੇ ਚਰਚਾ ਛਿੜੀ ਹੋਈ ਹੈ। ਦਰਅਸਲ ਪੀ.ਟੀ.ਸੀ. ਚੈਨਲ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਗੁਰਬਾਣੀ ਦਾ ਲਾਈਵ ਪ੍ਰਸਾਰਨ ਕਰਦਾ ਹੈ। ਦੁਨੀਆ ਭਰ ਵਿਚ ਵਸਦਾ ਸਿੱਖ ਭਾਈਚਾਰਾ ਗੁਰਬਾਣੀ ਦਾ ਲਾਈਵ ਪ੍ਰਸਾਰਨ ਦੇਖਣ/ਸੁਣਨ ਲਈ ਪੀ.ਟੀ.ਸੀ. ਚੈਨਲ ਦੇਖਦਾ ਹੈ ਜਿਸ ਨਾਲ ਇਸ ਚੈਨਲ ਦੇ ਮਾਲਕਾਂ ਨੂੰ ਬਹੁਤ ਜ਼ਿਆਦਾ ਆਰਥਿਕ ਲਾਭ ਮਿਲ ਰਿਹਾ ਹੈ। ਪੀ.ਟੀ.ਸੀ. ਚੈਨਲ ਦਾ ਸਬੰਧ ਬਾਦਲ ਪਰਿਵਾਰ ਨਾਲ ਹੈ ਜਿਸ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) 'ਤੇ ਇਹ ਸਵਾਲ ਲਗਾਤਾਰ ਉੱਠ ਰਿਹਾ ਹੈ ਕਿ ਉਸ ਨੇ ਸਿਰਫ ਇੱਕ ਹੀ ਚੈਨਲ ਨੂੰ ਲਾਈਵ ਪ੍ਰਸਾਰਨ ਦੀ ਇਜਾਜ਼ਤ ਕਿਉਂ ਦਿੱਤੀ ਹੋਈ ਹੈ।



ਐਸ.ਜੀ.ਪੀ.ਸੀ. ਦਾ ਇਹ ਦਾਅਵਾ ਠੀਕ ਨਹੀਂ ਲੱਗਦਾ ਕਿ ਪੀ.ਟੀ.ਸੀ. ਚੈਨਲ ਐਸ.ਜੀ.ਪੀ.ਸੀ. ਨੂੰ ਦੋ ਕਰੋੜ ਰੁਪਏ ਸਾਲਾਨਾ ਤੱਕ ਦੇ ਰਿਹਾ ਹੈ।

**ਨਵਕਿਰਨ ਸਿੰਘ ਪੱਤੀ**
ਈਮੇਲ: n4navkiran@gmail.com

ਐਸ.ਜੀ.ਪੀ.ਸੀ. ਦਾ ਮੰਤਵ ਵੱਧ ਤੋਂ ਵੱਧ ਲੋਕਾਂ ਤੱਕ ਗੁਰਬਾਣੀ ਦਾ ਪ੍ਰਸਾਰਨ ਪਹੁੰਚਾਉਣਾ ਹੈ ਨਾ ਕਿ ਪੈਸੇ ਲੈਣਾ, ਦੂਸਰਾ ਇਹ ਕਿ ਜਿਹੜਾ ਪੀ.ਟੀ.ਸੀ. ਐਸ.ਜੀ.ਪੀ.ਸੀ. ਨੂੰ ਦੋ ਕਰੋੜ ਰੁਪਏ ਸਾਲਾਨਾ ਦਿੰਦਾ ਹੈ, ਉਹ ਖੁਦ ਕਿੰਨੇ ਪੈਸੇ ਕਮਾਉਂਦਾ ਹੋਵੇਗਾ, ਇਸ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਬਣਦਾ ਤਾਂ ਇਹ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕੁਝ ਸ਼ਰਤਾਂ ਤਹਿਤ ਬਾਕੀ ਚੈਨਲਾਂ ਨੂੰ ਵੀ ਇਜਾਜ਼ਤ ਦੇਣੀ ਚਾਹੀਦੀ ਸੀ।

ਗੁਰਬਾਣੀ ਦੇ ਪ੍ਰਸਾਰਨ ਦੇ ਅਧਿਕਾਰ ਕਿਸੇ ਇੱਕ ਟੀ.ਵੀ. ਚੈਨਲ ਦੀ ਥਾਂ ਸਾਰਿਆਂ ਨੂੰ ਦੇਣ ਦੀ ਮਾਨਤਾ ਖਾਤਰ ਪੰਜਾਬ ਸਰਕਾਰ ਵੱਲੋਂ ਪੰਜਾਬ ਵਿਧਾਨ ਸਭਾ ਦਾ ਦੋ ਰੋਜ਼ਾ ਵਿਸ਼ੇਸ਼ ਸੈਸ਼ਨ ਬੁਲਾਇਆ ਗਿਆ ਜਿਸ ਵਿਚ ਸਿੱਖ ਗੁਰਦੁਆਰਾ ਐਕਟ-1925 ਵਿਚ ਧਾਰਾ 125-ਏ ਜੋੜ ਕੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਹੋਣ ਵਾਲਾ ਗੁਰਬਾਣੀ ਦਾ ਪ੍ਰਸਾਰਨ ਕੁਝ ਸ਼ਰਤਾਂ ਤਹਿਤ ਸਮੂਹ ਚੈਨਲਾਂ 'ਤੇ ਮੁਫ਼ਤ ਪ੍ਰਸ਼ਾਸਨ ਦਾ ਬਿਲ ਪਾਸ ਕੀਤਾ ਗਿਆ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਦਾਅਵਾ ਕੀਤਾ ਕਿ ਉਹ 1925 ਦੇ ਐਕਟ ਵਿਚ ਸੋਧ ਕਰ ਕੇ ਗੁਰਬਾਣੀ ਦਾ ਪ੍ਰਸਾਰਨ ਸਭ ਲਈ ਮੁਫ਼ਤ ਮੁਹੱਈਆ ਕਰਵਾਉਣਗੇ; ਹਾਲਾਂਕਿ ਉਸ ਨੂੰ ਭਲੀਭਾਂਤ ਪਤਾ ਹੈ ਕਿ ਸੂਬੇ ਦਾ ਰਾਜਪਾਲ ਇਸ ਬਿਲ 'ਤੇ ਛੇਤੀ ਕੀਤਿਆਂ ਦਸਤਖਤ ਨਹੀਂ ਕਰੇਗਾ ਤੇ ਜਦ ਤੱਕ ਰਾਜਪਾਲ ਦਸਤਖਤ ਨਹੀਂ ਕਰਦਾ, ਇਸ ਦੇ ਕੋਈ ਮਾਇਨੇ ਨਹੀਂ ਹਨ। ਮੁੱਖ ਮੰਤਰੀ ਨੇ ਦਲੀਲ ਦਿੱਤੀ ਕਿ ਸਿੱਖ ਗੁਰਦੁਆਰਾ ਐਕਟ-1925 ਵਿਚ ਕਿਤੇ ਵੀ ਪ੍ਰਸਾਰਨ ਜਾਂ ਲਾਈਵ ਟੈਲੀਕਾਸਟ ਨਾਮ ਦਾ ਕੋਈ ਸ਼ਬਦ ਨਹੀਂ ਲਿਖਿਆ ਹੋਇਆ। ਹਕੀਕਤ ਇਹ ਹੈ ਕਿ ਉਸ ਸਮੇਂ ਕਿਸੇ ਨੇ ਸੋਚਿਆ ਵੀ ਨਹੀਂ ਹੋਵੇਗਾ ਕਿ ਤਕਨੀਕ ਐਨੀ ਛੇਤੀ ਇਸ ਤਰ੍ਹਾਂ ਵਿਕਸਤ ਹੋ ਜਾਵੇਗੀ ਕਿ ਸੌਖਿਆਂ ਹੀ ਸਿੱਧਾ ਪ੍ਰਸਾਰਨ ਹੋ ਜਾਇਆ ਕਰੇਗਾ। ਸੋ, ਇੱਕ ਪਾਸੇ ਸੂਬਾ ਸਰਕਾਰ ਨੇ ਗੁਰਬਾਣੀ ਪ੍ਰਸਾਰਨ ਦੇ ਮਸਲੇ 'ਤੇ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾ ਕੇ ਗੁਰਬਾਣੀ ਪ੍ਰਸਾਰਨ ਸਬੰਧੀ ਬਿਲ ਪਾਸ ਕੀਤਾ; ਦੂਜੇ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਵਿਸ਼ੇਸ਼ ਇਜਲਾਸ ਬੁਲਾ ਕੇ ਆਪਣੇ ਤੌਰ 'ਤੇ ਇਹ ਬਿਲ ਰੱਦ ਕੀਤਾ ਗਿਆ।

ਐਸ.ਜੀ.ਪੀ.ਸੀ. ਦੇ ਇਜਲਾਸ ਵਿਚ ਇਹ ਵਿਲੱਖਣਤਾ ਵੀ ਦੇਖਣ ਨੂੰ ਮਿਲੀ ਕਿ ਆਪਸੀ ਵਿਰੋਧਤਾਈਆਂ ਦੇ ਬਾਵਜੂਦ ਜਗੀਰ ਕੌਰ, ਢੀਂਡਸਾ ਸਮੇਤ ਸਾਰੇ ਧੜੇ ਵਿਧਾਨ ਸਭਾ ਦੇ ਪਾਸ ਕੀਤੇ ਬਿਲ ਖਿਲਾਫ ਇਕਜੁੱਟ ਨਜ਼ਰ ਆਏ।

ਐਸ.ਜੀ.ਪੀ.ਸੀ. ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦਾ ਦਾਅਵਾ ਹੈ ਕਿ ਸਿੱਖ ਗੁਰਦਵਾਰਾ ਐਕਟ-1925 ਮੁਤਾਬਕ ਇਹ ਮਾਮਲਾ ਸੂਬੇ ਦੇ ਅਧਿਕਾਰ ਖੇਤਰ ਵਿਚ ਨਹੀਂ ਅਤੇ ਸਰਕਾਰ ਜਾਣਬੁੱਝ ਕੇ ਰਾਜਨੀਤੀ ਕਰ ਰਹੀ ਹੈ। ਐਸ.ਜੀ.ਪੀ.ਸੀ. ਵੱਲੋਂ ਬਿਲ ਸਬੰਧੀ ਸੂਬੇ ਰਾਜਪਾਲ ਨਾਲ ਮੁਲਾਕਾਤ ਕੀਤੀ ਗਈ ਅਤੇ ਹੁਣ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਮੁਲਾਕਾਤ ਲਈ ਸਮਾਂ ਮੰਗਿਆ ਜਾ ਰਿਹਾ ਹੈ, ਆਉਣ ਵਾਲੇ ਦਿਨਾਂ ਵਿਚ ਰਾਸ਼ਟਰਪਤੀ ਨੂੰ ਮਿਲਣ ਦੀ ਕੋਸ਼ਿਸ਼ ਵੀ ਕੀਤੀ ਜਾਵੇਗੀ; ਭਾਵ ਐਸ.ਜੀ.ਪੀ.ਸੀ. ਨੇ ਇਹ ਬਿਲ ਰੋਕਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਹੋਇਆ ਹੈ।

ਜਦ ਹਰਿਆਣਾ ਵੱਲੋਂ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ਤਾਂ ਐਸ.ਜੀ.ਪੀ.ਸੀ. ਵੱਲੋਂ ਵਿਰੋਧ ਕਰਦਿਆਂ ਹਰਿਆਣਾ ਦੀ ਵੱਖਰੀ ਕਮੇਟੀ ਬਣਾਏ ਜਾਣ ਨੂੰ 1925 ਦੇ ਐਕਟ ਅਧੀਨ ਅਦਾਲਤ ਵਿਚ ਚੁਣੌਤੀ ਦਿੱਤੀ ਸੀ। ਇਹ ਮਾਮਲਾ ਸੁਪਰੀਮ




ਕੋਰਟ ਤੱਕ ਗਿਆ। ਉਸ ਸਮੇਂ ਸੁਪਰੀਮ ਕੋਰਟ ਨੇ ਸਪਸ਼ਟ ਕੀਤਾ ਸੀ ਕਿ ਇਹ ਇੰਟਰ-ਸਟੇਟ ਐਕਟ ਨਹੀਂ, ਇਹ ਸਟੇਟ ਐਕਟ ਹੈ, ਭਾਵ ਸੂਬੇ ਅਧੀਨ ਆਉਂਦਾ ਹੈ ਅਤੇ ਸਭ ਆਪੋ-ਆਪਣੀ ਕਮੇਟੀ ਬਣਾ ਸਕਦੇ ਹਨ। ਸੁਪਰੀਮ ਕੋਰਟ ਦੀ ਇਹ ਦਲੀਲ ਪੰਜਾਬ ਸਰਕਾਰ ਦੇ ਬੜੀ ਫਿੱਟ ਬੈਠ ਰਹੀ ਹੈ।

ਇਹ ਵੀ ਤੱਥ ਹੈ ਕਿ ਐਸ.ਜੀ.ਪੀ.ਸੀ. ਦਾ ਪੀ.ਟੀ.ਸੀ. ਨਾਲ ਇਕਰਾਰਨਾਮਾ ਜੁਲਾਈ 2023 ਵਿਚ ਖਤਮ ਹੋ ਰਿਹਾ ਹੈ ਤੇ ਅਗਾਂਹ ਤੋਂ ਇਕਰਾਰਨਾਮਾ ਕਰਨ ਲਈ ਅਖਬਾਰਾਂ ਵਿਚ ਖੁੱਲ੍ਹਾ ਟੈਂਡਰ ਦੇਣ ਦੀ ਪ੍ਰਕਿਰਿਆ ਚੱਲ ਰਹੀ ਸੀ। ਐਸ.ਜੀ.ਪੀ.ਸੀ. ਪ੍ਰਧਾਨ ਪਿਛਲੇ ਮਹੀਨੇ ਕਹਿ ਚੁੱਕੇ ਹਨ ਕਿ ਜਿਹੜਾ ਮਰਜ਼ੀ ਟੈਂਡਰ ਭਰ ਸਕਦਾ ਪਰ ਸ਼ਰਤ ਇਹ ਹੈ ਕਿ ਦੁਨੀਆ ਦੇ ਕੋਨੇ-ਕੋਨੇ 'ਚ ਇਸ ਦਾ ਪ੍ਰਸਾਰਨ ਹੋਣਾ ਚਾਹੀਦਾ ਹੈ। ਐਸ.ਜੀ.ਪੀ.ਸੀ. ਨੂੰ ਪਤਾ ਹੈ ਕਿ ਦੁਨੀਆ ਦੇ ਕੋਨੇ-ਕੋਨੇ 'ਚ ਪ੍ਰਸਾਰਨ ਵਾਲੀ ਇਸ ਤਰ੍ਹਾਂ ਦੀ ਸ਼ਰਤ ਕੋਈ ਵੱਡਾ ਕਾਰਪੋਰੇਟ ਘਰਾਣਾ ਹੀ ਪੂਰੀ ਕਰ ਸਕਦਾ ਹੈ ਹਾਲਾਂਕਿ ਹੁਣ ਪੀ.ਟੀ.ਸੀ. ਵਰਗੇ ਕਾਰਪੋਰੇਟ ਅਦਾਰਿਆਂ ਦੀ ਬਜਾਏ ਐਸ.ਜੀ.ਪੀ.ਸੀ. ਯੂ-ਟਿਊਬ ਚੈਨਲ ਰਾਹੀਂ ਖੁਦ ਹੀ ਬੜੇ ਸੌਖੇ ਤਰੀਕੇ ਨਾਲ ਇਸ ਦਾ ਪ੍ਰਸਾਰਨ ਕਰ ਸਕਦੀ ਹੈ।

ਐਸ.ਜੀ.ਪੀ.ਸੀ. ਇੱਕ ਚੈਨਲ ਨੂੰ ਲਾਈਵ ਟੈਲੀਕਾਸਟ ਦੇ ਅਧਿਕਾਰ ਦੇਣ ਬਾਰੇ ਇਹ ਵੀ ਕਹਿ ਚੁੱਕੀ ਹੈ ਕਿ ਜੇ ਇੱਕ ਤੋਂ ਜ਼ਿਆਦਾ ਟੀ.ਵੀ. ਚੈਨਲਾਂ ਨੂੰ ਅਧਿਕਾਰ ਦੇ ਦਈਏ ਤਾਂ ਸੱਚਖੰਡ ਵਿਚ ਤਾਂ ਕੋਈ ਮੱਥਾ ਹੀ ਨਹੀਂ ਟੇਕ ਸਕੇਗਾ ਪਰ ਜੇ ਖੁਦ ਦਾ ਯੂ-ਟਿਊਬ ਚੈਨਲ ਬਣਾ ਕੇ ਸਭ ਨੂੰ ਮੁਫਤ ਫੀਡ ਮੁਹੱਈਆ ਕਰਵਾਏ ਤਾਂ ਦੂਜਿਆਂ ਨੂੰ ਸੱਚਖੰਡ ਵਿਚ ਕੈਮਰੇ ਫਿੱਟ ਕਰਨ ਦੀ ਲੋੜ ਹੀ ਨਹੀਂ ਪਵੇਗੀ।

ਭਗਵੰਤ ਮਾਨ ਦੋ ਦਹਾਕੇ ਤੋਂ ਜ਼ਿਆਦਾ ਸਮਾਂ ਬਤੌਰ ਕਮੇਡੀ ਕਲਾਕਾਰ ਲੋਕਾਂ ਵਿਚ ਮਕਬੂਲ ਰਿਹਾ ਹੈ। ਉਸ ਦੀ ਮਕਬੂਲੀਅਤ ਦਾ ਸਭ ਤੋਂ ਵੱਡਾ ਕਾਰਨ ਇਹ ਸੀ ਕਿ ਉਹ ਲੋਕਾਂ ਦੀ ਨਬਜ਼ ਟੋਹਣੀ ਜਾਣਦਾ ਹੈ ਕਿ ਲੋਕਾਂ ਵਿਚ ਕਿਸ ਮੁੱਦੇ ਨੂੰ ਭਾਵਨਾਤਮਕ ਤੌਰ 'ਤੇ ਉਭਾਰ ਕੇ ਵਾਹ-ਵਾਹ ਖੱਟੀ ਜਾ ਸਕਦੀ ਹੈ। ਉਸ ਤੋਂ ਬਾਅਦ ਉਹ ਆਪਣੇ ਕਮੇਡੀ ਅੰਦਾਜ਼ ਵਿਚ ਉਸ ਮੁੱਦੇ ਨੂੰ ਪੇਸ਼ ਕਰ ਕੇ ਤਾੜੀਆਂ ਮਰਵਾਉਣ ਦੀ ਯੋਗਤਾ ਰੱਖਦਾ ਹੈ। ਅਕਾਲੀ-ਭਾਜਪਾ ਸਰਕਾਰ ਦੇ ਲਗਾਤਾਰ 10 ਸਾਲ ਸੱਤਾ ਵਿਚ ਰਹਿਣ ਸਮੇਂ ਬਾਦਲ ਪਰਿਵਾਰ ਦੀ ਸਰਪ੍ਰਸਤੀ ਹੇਠ ਸੂਬੇ ਵਿਚ ਹਰ ਤਰ੍ਹਾਂ ਦੀ ਮਾਫੀਆ ਸਰਗਰਮ ਹੋਇਆ। ਲੋਕ ਬਾਦਲ, ਕੈਪਟਨ ਵਰਗੇ ਰਵਾਇਤੀ ਸਿਆਸਤਦਾਨਾਂ ਤੋਂ ਅੱਕੇ ਹੋਏ ਹਨ, ਇਸ ਕਰ ਕੇ ਹੀ 'ਬਦਲਾਅ' ਦਾ ਹੋਕਾ ਦੇਣ ਵਾਲੀ 'ਆਪ' ਨੂੰ ਸੱਤਾ ਸੌਂਪੀ ਸੀ। ਚਾਹੀਦਾ ਤਾਂ ਇਹ ਹੈ ਕਿ 'ਆਪ' ਪੰਜਾਬ ਦੇ ਵਿਕਾਸ ਦਾ ਰੋਡਮੈਪ ਲੋਕਾਂ ਸਾਹਮਣੇ ਰੱਖਦੀ ਪਰ ਮੁੱਖ ਮੰਤਰੀ ਅਜੇ ਵੀ ਬਾਦਲਾਂ ਖਿਲਾਫ ਚੁਟਕਲੇ ਸੁਣਾ ਕੇ ਸਰਕਾਰ ਚਲਾ ਰਹੇ ਹਨ। ਬੇਰੁਜ਼ਗਾਰੀ, ਨਸ਼ਿਆਂ, ਪਰਵਾਸ ਜਿਹੇ ਮਸਲਿਆਂ 'ਤੇ ਪੰਜਾਬ ਵਿਧਾਨ ਸਭਾ ਇਜਲਾਸ ਵਿਚ ਚਰਚਾ ਕਰਨ ਤੋਂ ਭੱਜਣ ਵਾਲੀ ਸਰਕਾਰ ਜਾਣਬੁੱਝ ਕੇ ਐਸ.ਜੀ.ਪੀ.ਸੀ. ਦੇ ਕੰਮਾਂ 'ਤੇ ਚਰਚਾ ਛੇੜ ਕੇ ਆਪਣੀਆਂ ਜ਼ਿੰਮੇਵਾਰੀ ਤੋਂ ਭੱਜ ਰਹੀ ਹੈ।

ਉਂਞ, ਪੰਜਾਬ ਵਿਚ ਅੱਜ ਜੋ ਮਾਹੌਲ ਹੈ, ਉਸ ਲਈ ਮੁੱਖ ਰੂਪ ਵਿਚ ਤਾਂ ਬਾਦਲ ਪਰਿਵਾਰ ਹੀ ਜ਼ਿੰਮੇਵਾਰ ਹੈ ਕਿਉਂਕਿ 1995-96 ਵਿਚ ਜਦ ਪ੍ਰਕਾਸ਼ ਸਿੰਘ ਬਾਦਲ ਅਕਾਲੀ ਦਲ ਦੇ ਪ੍ਰਧਾਨ ਬਣੇ, ਤਦ ਉਹਨਾਂ ਪਹਿਲਾ ਕੰਮ ਇਹ ਕੀਤਾ ਕਿ ਦੇਸ਼ ਦੀ ਇੱਕ ਅਹਿਮ ਧਾਰਮਿਕ ਘੱਟਗਿਣਤੀ ਦੀ ਨੁਮਾਇੰਦਾ ਖੇਤਰੀ ਪਾਰਟੀ ਨੂੰ ਫਿਰਕੂ ਪਾਰਟੀ ਭਾਜਪਾ ਦੀ ਝੋਲੀ ਪਾ ਦਿੱਤਾ।

ਦੂਜਾ, ਉਹਨਾਂ ਸ਼੍ਰੋਮਣੀ ਕਮੇਟੀ ਵਿਚ ਬਹੁਗਿਣਤੀ ਦੇ ਸਹਾਰੇ 1973 ਤੋਂ ਪ੍ਰਧਾਨ ਰਹੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਪ੍ਰਧਾਨਗੀ ਅਤੇ ਭਾਈ ਰਣਜੀਤ ਸਿੰਘ ਨੂੰ ਅਕਾਲ ਤਖ਼ਤ ਦੀ ਜਥੇਦਾਰੀ ਤੋਂ ਬਰਖਾਸਤ ਕੀਤਾ। ਅਕਾਲੀ ਦਲ ਵਿਚ ਵਾਪਸ ਆਉਣ 'ਤੇ ਭਾਵੇਂ ਟੌਹੜਾ ਨੂੰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਤਾਂ ਦੁਬਾਰਾ ਬਣਾ ਦਿੱਤਾ ਪਰ ਤਦ ਤੱਕ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਤਖ਼ਤਾਂ ਦੇ ਜਥੇਦਾਰ ਪੂਰੀ ਤਰ੍ਹਾਂ ਪ੍ਰਕਾਸ਼ ਸਿੰਘ ਬਾਦਲ ਦੇ 'ਕਬਜ਼ੇ' ਵਿਚ ਆ ਚੁੱਕੇ ਸਨ।

ਤੀਜਾ ਕੰਮ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨ ਬਣਨ ਉਪਰੰਤ ਇਹ ਕੀਤਾ ਕਿ ਅਕਾਲੀ ਦਲ ਦੀ ਪੰਥਕ ਸਿਆਸਤ ਨੂੰ ਪਰਿਵਾਰਵਾਦ ਦੀ ਭੇਟ ਚਾੜ੍ਹ ਦਿੱਤਾ। ਭਗਵੰਤ ਮਾਨ ਸਰਕਾਰ ਬਾਦਲ ਪਰਿਵਾਰ ਖਿਲਾਫ ਵਿਜੀਲੈਂਸ ਰਾਹੀਂ ਕੋਈ ਪੁਖਤਾ ਕਾਰਵਾਈ ਕਰਨ ਦੀ ਬਜਾਇ ਟੋਟਕੇ ਸੁਣਾ ਕੇ ਸਿਆਸਤ ਕਰ ਰਹੀ ਹੈ। ਅਜੇ ਤੱਕ ਵਿਜੀਲੈਂਸ ਨੇ ਇੱਕ ਵੀ ਮਾਮਲੇ ਵਿਚ ਬਾਦਲ ਪਰਿਵਾਰ ਨੂੰ ਸੰਮਨ ਨਹੀਂ ਕੀਤਾ।

ਇਹ ਗੱਲ ਤਾਂ ਸਮਝ ਪੈਂਦੀ ਹੈ ਕਿ ਬਾਦਲ ਪਰਿਵਾਰ ਦੇ ਕਾਬਜ਼ ਹੋਣ ਤੋਂ ਬਾਅਦ ਐਸ.ਜੀ.ਪੀ.ਸੀ. ਵਰਗੀਆਂ ਸੰਸਥਾਵਾਂ ਦੇ ਵਕਾਰ ਨੂੰ ਢਾਹ ਲੱਗੀ ਹੈ ਤੇ ਗੁਰਬਾਣੀ ਪ੍ਰਸਾਰਨ ਜਿਹੇ ਮਸਲੇ ਸਮੂਹਿਕ ਰੂਪ ਵਿਚ ਹੱਲ ਕੀਤੇ ਜਾਣੇ ਚਾਹੀਦੇ ਹਨ ਪਰ ਸੂਬਾ ਸਰਕਾਰ ਆਪਣੇ ਕੰਮ ਛੱਡ ਕੇ ਸਾਰਾ ਧਿਆਨ ਹੀ ਐਸ.ਜੀ.ਪੀ.ਸੀ. ਵੱਲ ਲਗਾ ਦੇਵੇ ਤਾਂ ਇਹ ਲੋਕਾਂ ਨੂੰ ਗੁਮਰਾਹ ਕਰਨ ਤੋਂ ਸਿਵਾਇ ਕੁਝ ਵੀ ਨਹੀਂ। ਸਿੱਧੀ ਜਿਹੀ ਗੱਲ ਤਾਂ ਇਹ ਹੈ ਕਿ ਪੰਜਾਬ ਦੇ ਲੋਕਾਂ ਨੇ ਭਗਵੰਤ ਮਾਨ ਅਤੇ ਇਸ ਦੀ ਪਾਰਟੀ ਨੂੰ ਐਸ.ਜੀ.ਪੀ.ਸੀ. ਵਿਚ ਤਬਦੀਲੀਆਂ ਲਈ ਨਹੀਂ ਚੁਣਿਆ ਬਲਕਿ ਬੇਰੁਜ਼ਗਾਰੀ, ਮਹਿੰਗਾਈ, ਨਸ਼ੇ, ਰੇਤ ਮਾਫੀਆ, ਡਰੱਗ ਮਾਫੀਆ ਜਿਹੇ ਮਾਮਲਿਆਂ ਦੇ ਠੋਸ ਹੱਲ ਲਈ ਚੁਣਿਆ ਸੀ।

ਇਉਂ 'ਆਪ' ਸਰਕਾਰ ਆਪਣੀਆਂ ਅਸਲ ਜ਼ਿੰਮੇਵਾਰੀਆਂ ਤੋਂ ਭੱਜ ਰਹੀ ਹੈ ਤੇ ਬਾਦਲਾਂ ਖਿਲਾਫ ਚੁਟਕਲੇ ਸੁਣਾ ਕੇ ਡੰਗ ਟਪਾ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਬੇਨਿਯਮੀਆਂ ਜਾਂ ਗੁਰਬਾਣੀ ਪ੍ਰਸਾਰਨ ਦਾ ਮਸਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਸਮੇਂ ਸਿੱਖ ਭਾਈਚਾਰਾ ਆਪੇ ਦੇਖ ਲਵੇਗਾ। ਸਰਕਾਰ ਨੂੰ ਤਾਂ ਇਸ ਤੋਂ ਪਹਿਲਾਂ ਪੁਲਿਸ ਦੀਆਂ ਡਾਂਗਾਂ ਦਾ ਸੇਕ ਝੱਲ ਰਹੇ ਕੱਚੇ ਕਾਮਿਆਂ ਵੱਲ ਧਿਆਨ ਦੇਣਾ ਚਾਹੀਦਾ ਹੈ, ਮੂੰਗੀ ਤੇ ਮੱਕੀ ਨੂੰ ਐਮ.ਐਸ.ਪੀ. ਤੋਂ ਹੇਠਾਂ ਵੇਚ ਰਹੇ ਕਿਸਾਨਾਂ ਵੱਲ ਨਿਗ੍ਹਾ ਮਾਰਨੀ ਚਾਹੀਦੀ ਹੈ, ਬੇਰੁਜ਼ਗਾਰੀ ਕਾਰਨ ਨਸ਼ਿਆਂ ਦੀ ਦਲਦਲ ਵਿਚ ਫਸ ਰਹੇ ਨੌਜਵਾਨਾਂ ਦੀ ਬਾਂਹ ਫੜਨੀ ਚਾਹੀਦੀ ਹੈ।

# ਇਕਸਾਰ ਨਾਗਰਿਕ ਕੋਡ: ਬਹਾਨਾ ਹੋਰ-ਨਿਸ਼ਾਨਾ ਹੋਰ

ਲੋਕ ਸਭਾ ਚੋਣਾਂ 2024 ਦੇ ਮੱਦੇਨਜ਼ਰ ਆਰ.ਐਸ.ਐਸ.-ਭਾਜਪਾ ਨੇ ਚਲਾਕੀ ਨਾਲ ਯੂ.ਸੀ.ਸੀ. (ਇਕਸਾਰ ਨਾਗਰਿਕ ਕੋਡ) ਦੀ ਚਰਚਾ ਮੁੜ ਭਖਾ ਦਿੱਤੀ ਹੈ। ਇਹ ਚੋਣ ਵਾਅਦਾ 1998 ਤੋਂ ਭਾਜਪਾ ਦੇ ਮੈਨੀਫੈਸਟੋ ਵਿਚ ਸ਼ਾਮਿਲ ਹੈ ਅਤੇ 2019 ਦੀਆਂ ਲੋਕ ਸਭਾ ਚੋਣਾਂ ਅਤੇ ਉੱਤਰ ਪ੍ਰਦੇਸ਼, ਉੱਤਰਖੰਡ, ਹਰਿਆਣਾ, ਗੁਜਰਾਤ, ਮੱਧ ਪ੍ਰਦੇਸ਼, ਅਸਾਮ ਆਦਿ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ 'ਚ ਇਹ ਭਾਜਪਾ ਦੇ ਮੁੱਖ ਵਾਅਦਿਆਂ 'ਚੋਂ ਇਕ ਰਿਹਾ ਹੈ। 21ਵੇਂ ਲਾਅ ਕਮਿਸ਼ਨ ਦਾ ਮੰਨਣਾ ਸੀ ਕਿ ਮੌਜੂਦਾ ਪੜਾਅ 'ਤੇ ਮੁਲਕ ਵਿਚ ਯੂ.ਸੀ.ਸੀ. ਲਾਗੂ ਕਰਨਾ ਨਾ ਤਾਂ ਜ਼ਰੂਰੀ ਹੈ ਅਤੇ ਨਾ ਹੀ ਮੁਨਾਸਿਬ। ਇਸ ਦੇ ਬਾਵਜੂਦ 22ਵੇਂ ਲਾਅ ਕਮਿਸ਼ਨ ਨੇ 14 ਜੂਨ ਨੂੰ 2023 ਨੂੰ ਯੂ.ਸੀ.ਸੀ. ਬਾਰੇ ਧਾਰਮਿਕ ਜਥੇਬੰਦੀਆਂ ਅਤੇ ਜਨਤਾ ਦੀ ਰਾਏ ਮੰਗ ਕੇ ਇਹ ਮੁੱਦਾ ਮੁੜ ਖੜ੍ਹਾ ਕਰ ਦਿੱਤਾ ਹੈ। 2022 'ਚ ਪਾਰਲੀਮੈਂਟ ਦੇ ਸਰਦ ਰੁੱਤ ਸੈਸ਼ਨ ਦੌਰਾਨ ਵੀ ਸੰਘ ਨੇ ਇਸੇ ਤਰ੍ਹਾਂ ਚਲਾਕੀ ਨਾਲ ਆਪਣੇ ਇਕ ਸੰਸਦ ਮੈਂਬਰ ਕੋਲੋਂ ਪ੍ਰਾਈਵੇਟ ਬਿੱਲ ਪੇਸ਼ ਕਰਵਾਇਆ ਸੀ ਤਾਂ ਜੋ ਇਸ ਮੁੱਦੇ ਨੂੰ ਲੰਮਾ ਸਮਾਂ ਧੁਖਦਾ ਰੱਖ ਕੇ ਇਸ ਦੇ ਨਾਂ 'ਤੇ ਵੋਟ ਸਿਆਸਤ ਕੀਤੀ ਜਾ ਸਕੇ। ਰਿਪੋਰਟਾਂ ਅਨੁਸਾਰ ਇਸ ਮੌਨਸੂਨ ਸੈਸ਼ਨ ਵਿਚ ਕੇਂਦਰ ਸਰਕਾਰ ਯੂ.ਸੀ.ਸੀ. ਦਾ ਖਰੜਾ ਪੇਸ਼ ਕਰ ਸਕਦੀ ਹੈ ਤਾਂ ਜੋ ਚੋਣਾਂ 'ਚ ਇਸ ਦਾ ਰਾਜਨੀਤਕ ਲਾਹਾ ਲੈ ਸਕੇ।

**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342

ਪਿਛਲੇ ਦਿਨੀਂ ਮੱਧ ਪ੍ਰਦੇਸ਼ ਵਿਚ 'ਮੇਰਾ ਬੂਥ, ਸਭ ਸੇ ਮਜ਼ਬੂਤ' ਸਮਾਗਮ 'ਚ ਪ੍ਰਧਾਨ ਮੰਤਰੀ ਮੋਦੀ ਦੇ ਭਾਸ਼ਣ ਨੇ ਵੀ ਇਸ਼ਾਰਾ ਕਰ ਦਿੱਤਾ ਸੀ ਕਿ ਆਮ ਚੋਣਾਂ 'ਚ ਆਰ.ਐਸ.ਐਸ.-ਭਾਜਪਾ ਇਕਸਾਰ ਨਾਗਰਿਕ ਕੋਡ ਨੂੰ ਵੱਡਾ ਮੁੱਦਾ ਬਣਾਏਗੀ ਅਤੇ 'ਇਕ ਦੇਸ਼, ਇਕ ਕਾਨੂੰਨ' ਦੇ ਬਹਾਨੇ ਘੱਟਗਿਣਤੀਆਂ ਅਤੇ ਹੋਰ ਕਮਜ਼ੋਰ ਹਿੱਸਿਆਂ ਵਿਰੁੱਧ ਨਫ਼ਰਤ ਭੜਕਾਏਗੀ। ਮੋਦੀ ਨੇ ਕਿਹਾ ਕਿ ਸੁਪਰੀਮ ਕੋਰਟ ਵੀ ਯੂ.ਸੀ.ਸੀ. ਦੇ ਹੱਕ 'ਚ ਹੈ ਪਰ ਵਿਰੋਧੀ ਧਿਰ ਮੁਸਲਮਾਨਾਂ ਨੂੰ ਭੜਕਾ ਕੇ ਜ਼ਰੂਰੀ ਸਮਾਜਿਕ ਅਤੇ ਕਾਨੂੰਨੀ ਸੁਧਾਰ 'ਚ ਅੜਿੱਕਾ ਪਾ ਰਹੀ ਹੈ। ਬਾਬਰੀ ਮਸਜਿਦ ਦੀ ਜਗ੍ਹਾ 'ਤੇ ਰਾਮ ਮੰਦਰ ਬਣਾਉਣ ਅਤੇ ਧਾਰਾ 370 (ਕਸ਼ਮੀਰ ਦੇ ਵਿਸ਼ੇਸ਼ ਦਰਜੇ ਦੀ ਵਿਵਸਥਾ) ਖ਼ਤਮ ਕਰਨ ਦੇ ਦੋ ਮੁੱਖ ਨਿਸ਼ਾਨੇ ਆਰ.ਐਸ.ਐਸ.-ਭਾਜਪਾ ਨੇ ਪੂਰੇ ਕਰ ਲਏ ਹਨ। ਹੁਣ 'ਇਕਸਾਰ ਸਿਵਲ ਕੋਡ' ਦਾ ਤੀਜਾ ਮੁੱਦਾ ਹੈ ਜਿਸ ਨਾਲ ਇਹ ਫਿਰਕੂ ਪਾਲਾਬੰਦੀ ਕਰ ਸਕਦੇ ਹਨ। ਸੰਸਦ ਦੀ ਨਵੀਂ ਇਮਾਰਤ ਵਿਚ ਸਪੀਕਰ ਦੀ ਕੁਰਸੀ ਲਾਗੇ ਬ੍ਰਾਹਮਣਾਂ ਕੋਲੋਂ ਹਿੰਦੂ ਰਸਮਾਂ ਰਾਹੀਂ 'ਰਾਜ ਦੰਡ' (ਸੈਂਗੋਲ) ਰਖਵਾਉਣ ਅਤੇ ਬਹੁਤ ਸਾਰੇ ਸਰਕਾਰੀ ਕੰਮ-ਕਾਜ ਦਾ ਮਹੂਰਤ ਹਿੰਦੂ ਕਰਮ-ਕਾਂਡ ਨਾਲ ਕਰਨ ਵਾਲੀ ਸਰਕਾਰ ਜਦੋਂ ਮੁਸਲਿਮ ਭਾਈਚਾਰੇ ਦੇ ਮਜ਼ਹਬੀ ਕੱਟੜਪੁਣੇ ਨੂੰ ਨਿੰਦਦੀ ਹੈ, ਜਦੋਂ ਇਹ ਕੱਟੜਪੰਥੀ ਮੁਸਲਿਮ ਸੰਸਥਾਵਾਂ ਤੇ ਆਮ ਮੁਸਲਮਾਨਾਂ 'ਚ ਕੋਈ ਫ਼ਰਕ ਨਹੀਂ ਕਰਨਾ ਚਾਹੁੰਦੀ ਤਾਂ ਕਿਸੇ ਨੂੰ ਵੀ ਉਸ ਦੇ ਅਸਲ ਮਨਸ਼ੇ ਬਾਰੇ ਭੁਲੇਖਾ ਨਹੀਂ ਰਹਿ ਜਾਂਦਾ।

ਸਭ ਤੋਂ ਪਹਿਲਾਂ ਅੰਗਰੇਜ਼ ਹਕੂਮਤ ਨੇ 1835 'ਚ ਜੁਰਮ, ਸਬੂਤ ਵਰਗੇ ਵਿਸ਼ਿਆਂ ਬਾਰੇ ਇਕਸਾਰ ਨਾਗਰਿਕ ਕੋਡ ਦੀ ਧਾਰਨਾ ਰਿਪੋਰਟ ਦੇ ਰੂਪ 'ਚ ਪੇਸ਼ ਕੀਤੀ ਸੀ। ਇਸ ਰਿਪੋਰਟ 'ਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਪਰਸਨਲ ਲਾਅ ਉਸ ਇਕਸਾਰਤਾ ਤੋਂ ਬਾਹਰ ਰੱਖਣ ਦੀ ਸਿਫ਼ਾਰਸ਼ ਸੀ। ਫਿਰ 1941 'ਚ ਹਿੰਦੂ ਕਾਨੂੰਨ ਕੋਡੀਫਾਈ ਕਰਨ ਲਈ ਕਮੇਟੀ ਬਣਾਈ ਗਈ ਜਿਸ ਦੀਆਂ ਸਿਫ਼ਾਰਸ਼ਾਂ ਦੇ ਆਧਾਰ 'ਤੇ ਸੋਧਿਆ ਹੋਇਆ ਹਿੰਦੂ ਵਿਰਾਸਤ ਕਾਨੂੰਨ-1956 ਅਪਣਾਇਆ ਮੁਸਲਮਾਨ, ਇਸਾਈ ਅਤੇ ਪਾਰਸੀ ਭਾਈਚਾਰਿਆਂ ਦੇ ਆਪੋ-ਆਪਣੇ ਪਰਸਨਲ ਕਾਨੂੰਨ ਲਾਗੂ ਰਹੇ। ਸੰਵਿਧਾਨ ਬਣਾਉਣ ਸਮੇਂ ਵੀ ਇਹ ਤਿੱਖੇ ਵਿਵਾਦ ਦਾ ਮੁੱਦਾ ਸੀ ਜਿਸ ਉੱਪਰ ਸਹਿਮਤੀ ਨਹੀਂ ਬਣੀ। ਫਿਰ ਇਹ ਮੁੱਦਾ ਸ਼ਾਹ ਬਾਨੋ ਕੇਸ ਨਾਲ ਉੱਠਿਆ ਜਦੋਂ 'ਤਿੰਨ ਤਲਾਕ' ਪ੍ਰਥਾ ਰਾਹੀਂ ਘਰੋਂ ਕੱਢੀ ਮੁਸਲਿਮ ਔਰਤ ਸ਼ਾਹ ਬਾਨੋ ਨੂੰ ਸ਼ਰੀਅਤ ਪ੍ਰਥਾ ਤੋਂ ਰਾਹਤ ਦਿੰਦੇ ਹੋਏ 1985 'ਚ ਸੁਪਰੀਮ ਕੋਰਟ ਨੇ ਉਸ ਦੇ ਪਤੀ ਨੂੰ ਗੁਜ਼ਾਰਾ-ਭੱਤਾ ਦੇਣ ਦਾ ਆਦੇਸ਼ ਦਿੱਤਾ ਅਤੇ ਇਸ ਦੌਰਾਨ ਇਕਸਾਰ ਨਾਗਰਿਕ ਕੋਡ (ਯੂ.ਸੀ.ਸੀ.) ਬਣਾਉਣ ਦੀ ਲੋੜ ਦਾ ਜ਼ਿਕਰ ਕੀਤਾ। ਰਾਜੀਵ ਗਾਂਧੀ ਸਰਕਾਰ ਨੇ 1986 'ਚ 'ਮੁਸਲਮਾਨ ਔਰਤਾਂ ਲਈ (ਤਲਾਕ ਦੇ ਹੱਕਾਂ ਦੀ ਸੁਰੱਖਿਆ) ਐਕਟ ਪਾਸ ਕਰ ਕੇ ਸੁਪਰੀਮ ਕੋਰਟ ਦਾ ਇਹ ਫ਼ੈਸਲਾ ਉਲਟਾ ਦਿੱਤਾ ਅਤੇ ਵਿਆਹ ਦੇ ਮਾਮਲੇ 'ਚ ਸ਼ਰੀਅਤ ਕਾਨੂੰਨ ਬਰਕਰਾਰ ਰਿਹਾ।


ਸਮਾਜੀ-ਸੱਭਿਆਚਾਰਕ ਵੰਨ-ਸਵੰਨਤਾ ਵਾਲੇ ਭਾਰਤ ਵਿਚ ਪਰਿਵਾਰਕ ਮਸਲੇ ਸਬੰਧਿਤ ਭਾਈਚਾਰਿਆਂ ਦੇ ਧਰਮ ਜਾਂ ਸਮਾਜੀ ਰਵਾਇਤਾਂ ਤਹਿਤ ਨਜਿੱਠੇ ਜਾਂਦੇ ਹਨ। ਇਹ ਤੌਰ-ਤਰੀਕੇ ਉਨ੍ਹਾਂ ਦੇ ਧਰਮ ਗ੍ਰੰਥਾਂ ਅਤੇ ਧਾਰਮਿਕ ਮਾਨਤਾਵਾਂ 'ਤੇ ਆਧਾਰਿਤ ਹਨ। ਹਿੰਦੂਆਂ, ਮੁਸਲਮਾਨਾਂ, ਇਸਾਈਆਂ ਅਤੇ ਪਾਰਸੀਆਂ ਦੇ ਆਪੋ-ਆਪਣੇ ਕਾਨੂੰਨ ਹਨ। ਹਿੰਦੂ ਮੈਰਿਜ ਐਕਟ-1955, ਹਿੰਦੂ ਵਿਰਾਸਤ ਐਕਟ-1956, ਮੁਸਲਿਮ ਪਰਸਨਲ ਲਾਅ (ਸ਼ਰੀਅਤ) ਐਪਲੀਕੇਸ਼ਨ ਐਕਟ-1937, ਇੰਡੀਅਨ ਕ੍ਰਿਸ਼ਚੀਅਨ ਮੈਰਿਜ ਐਕਟ-1872, ਪਾਰਸੀ ਪਰਸਨਲ ਲਾਅ ਆਦਿ ਪਰਸਨਲ ਕਾਨੂੰਨਾਂ ਤਹਿਤ ਇਨ੍ਹਾਂ ਧਾਰਮਿਕ ਫਿਰਕਿਆਂ ਦੇ ਪਰਿਵਾਰਕ ਮਸਲੇ ਸੁਲਝਾਏ ਜਾਂਦੇ ਹਨ। ਸਿੱਖ, ਬੋਧੀ ਤੇ ਜੈਨੀ ਫਿਰਕਿਆਂ ਨੂੰ ਭਾਰਤੀ ਸੰਵਿਧਾਨ ਦੀ ਧਾਰਾ 25(2)ਬੀ ਤਹਿਤ ਹਿੰਦੂ ਧਰਮ ਦਾ ਹਿੱਸਾ ਬਣਾ ਕੇ ਉਨ੍ਹਾਂ ਉੱਪਰ ਹਿੰਦੂ ਪਰਸਨਲ ਕੋਡ ਥੋਪਿਆ ਹੋਇਆ ਹੈ। ਇਸੇ ਕਰ ਕੇ ਸਿੱਖ ਸੰਸਥਾਵਾਂ ਸਿੱਖ ਪਰਸਨਲ ਲਾਅ ਬਣਾਉਣ ਦੀ ਮੰਗ ਕਰਦੀਆਂ ਹਨ। ਖ਼ੁਦ ਹਿੰਦੂ ਫਿਰਕੇ ਵਿਚ ਵਿਰਾਸਤ ਅਤੇ ਜਾਇਦਾਦ ਦੀ ਵੰਡ ਲਈ ਦੋ ਤਰ੍ਹਾਂ ਦੇ ਕੋਡ- ਮਿਤਾਕਸ਼ਰਾ ਅਤੇ ਦਾਏਭਾਗਾ, ਪ੍ਰਚਲਤ ਹਨ। ਆਦਿਵਾਸੀ ਭਾਈਚਾਰਿਆਂ ਦੀਆਂ ਆਪੋ-ਆਪਣੀਆਂ ਰਵਾਇਤਾਂ ਹਨ। ਇਸੇ ਤਰ੍ਹਾਂ ਨਾਗਾਲੈਂਡ, ਗੋਆ ਦੀਆਂ ਰਵਾਇਤਾਂ ਅਤੇ ਕਾਨੂੰਨ ਹੋਰ ਹਨ। ਇਕਸਾਰ ਸਿਵਲ ਕੋਡ ਬਣਾਉਣ ਦਾ ਮਨੋਰਥ ਸਾਰੇ ਧਾਰਮਿਕ ਅਤੇ ਆਦਿਵਾਸੀ ਭਾਈਚਾਰਿਆਂ ਦੇ ਆਪਣੇ ਵਿਸ਼ੇਸ਼ ਕੋਡ ਖ਼ਤਮ ਕਰਨਾ ਅਤੇ ਸਾਰਿਆਂ ਉੱਪਰ ਇਕ ਹੀ ਸਿਵਲ ਕੋਡ ਲਾਗੂ ਕਰਨਾ ਦੱਸਿਆ ਜਾ ਰਿਹਾ ਹੈ; ਭਾਵ, ਪਰਿਵਾਰਕ ਜ਼ਿੰਦਗੀ ਲਈ ਬਣਾਇਆ ਐਸਾ ਕਾਨੂੰਨ ਜਿਸ ਨੂੰ ਹਰ ਨਾਗਰਿਕ ਨੂੰ ਬਾਕੀ ਨਾਗਰਿਕਾਂ ਦੀ ਤਰ੍ਹਾਂ ਮੰਨਣਾ ਹੋਵੇਗਾ, ਚਾਹੇ ਉਹ ਕਿਸੇ ਵੀ ਧਰਮ ਜਾਂ ਮਾਨਤਾ ਵਿਚ ਵਿਸ਼ਵਾਸ ਰੱਖਦਾ ਹੋਵੇ। ਇਸ ਵਿਚ ਵਿਆਹ, ਤਲਾਕ, ਮੁਆਵਜ਼ਾ, ਵਿਰਾਸਤ, ਬੱਚਾ ਗੋਦ ਲੈਣ, ਜਾਇਦਾਦ ਆਦਿ ਨਾਲ ਸਬੰਧਿਤ ਕਾਨੂੰਨ ਆਉਂਦੇ ਹਨ।

ਸਵਾਲ ਹੈ: ਐਨੀ ਸਮਾਜੀ-ਸੱਭਿਆਚਾਰਕ ਵੰਨ-ਸਵੰਨਤਾ ਵਾਲੇ ਮੁਲਕ ਲਈ ਇਕਸਾਰ ਸਿਵਲ ਕੋਡ ਬਣਾਉਣਾ ਸਹੀ ਹੈ? ਮਸਲਾ ਮਹਿਜ਼ ਕਾਨੂੰਨ ਬਦਲਣ ਦਾ ਨਹੀਂ; ਬੁਨਿਆਦੀ ਮਸਲਾ ਲਿੰਗਕ ਵਿਤਕਰਾ ਖ਼ਤਮ ਕਰਨ ਦਾ ਹੈ। ਸਾਰੇ ਧਰਮਾਂ ਦੇ ਪਰਸਨਲ ਕਾਨੂੰਨਾਂ ਅੰਦਰ ਬਹੁਤ ਕੁਝ ਅਜਿਹਾ ਹੈ ਜੋ ਰੂੜ੍ਹੀਵਾਦੀ, ਸਮਾਂ ਵਿਹਾ ਚੁੱਕਾ, ਵਿਤਕਰੇਪੂਰਨ ਅਤੇ ਧੱਕੜ ਹੈ ਪਰ ਹਕੀਕਤ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਜਾਂਦਾ ਹੈ ਕਿ ਮੁਸਲਮਾਨ ਭਾਈਚਾਰੇ 'ਚ ਬਹੁ-ਵਿਆਹ ਪ੍ਰਥਾ, ਤਿੰਨ ਤਲਾਕ ਦਾ ਰਿਵਾਜ ਹੋਣ ਕਾਰਨ ਲਿੰਗਕ ਅਨਿਆਂ ਸਿਰਫ਼ ਮੁਸਲਮਾਨ ਔਰਤਾਂ ਨਾਲ ਹੋ ਰਿਹਾ ਹੈ। ਲਾਅ ਕਮਿਸ਼ਨ ਦੀ ਰਿਪੋਰਟ ਅਨੁਸਾਰ ਬਹੁ-ਵਿਆਹਾਂ ਦੀ ਦਰ ਮੁਸਲਮਾਨਾਂ 'ਚ ਸਭ ਤੋਂ ਘੱਟ ਹੈ (ਆਦਿਵਾਸੀਆਂ 'ਚ 15.25%, ਬੋਧੀਆਂ 'ਚ 9.7%, ਜੈਨੀਆਂ 'ਚ 6.72%, ਹਿੰਦੂਆਂ 'ਚ 5.8% ਅਤੇ ਮੁਸਲਮਾਨਾਂ 'ਚ 5.7%)। ਮੁਸਲਮਾਨ ਭਾਈਚਾਰੇ ਅੰਦਰ ਪਿਛੜੇਵਾਂ ਜ਼ਿਆਦਾ ਹੈ ਪਰ ਇਸ ਦਾ ਕਾਰਨ ਬਹੁ-ਵਿਆਹ ਪ੍ਰਥਾ ਨਹੀਂ ਸਗੋਂ ਹੋਰ ਹੈ। ਹਿੰਦੂ ਔਰਤਾਂ ਦੀ ਦੁਰਦਸ਼ਾ ਮੁਸਲਮਾਨ ਔਰਤਾਂ ਤੋਂ ਵੱਖਰੀ ਨਹੀਂ।

ਸਾਰੇ ਪਰਸਨਲ ਕਾਨੂੰਨਾਂ ਵਿਚ ਲਿੰਗਕ ਬਰਾਬਰੀ ਅਤੇ ਅਗਾਂਹਵਧੂ ਕਦਰਾਂ-ਕੀਮਤਾਂ ਅਨੁਸਾਰ ਵੱਡੇ ਸੁਧਾਰ ਕਰਨ ਸਮੇਂ ਦੀ ਲੋੜ ਹੈ। ਸੱਚੀ ਬਰਾਬਰੀ ਅਤੇ ਲਿੰਗਕ ਨਿਆਂ ਯਕੀਨੀ ਬਣਾਉਣ ਲਈ ਸਮਾਜੀ-ਆਰਥਿਕ ਢਾਂਚੇ ਵਿਚ ਬੁਨਿਆਦੀ ਤਬਦੀਲੀ ਜ਼ਰੂਰੀ ਹੈ ਜਿਸ ਨਾਲ ਘੋਰ ਨਾ-ਬਰਾਬਰੀ ਅਤੇ ਆਰਥਿਕ ਵਸੀਲਿਆਂ ਦੀ ਕਾਣੀ ਵੰਡ ਖ਼ਤਮ ਹੋਵੇ। ਹਾਸ਼ੀਏ 'ਤੇ ਧੱਕੇ ਅਤੇ ਦਬਾਏ ਹਿੱਸਿਆਂ ਨੂੰ ਵਿਕਾਸ ਅਤੇ ਤਰੱਕੀ ਦੇ ਬਰਾਬਰ ਮੌਕੇ ਮਿਲਣ। ਸਟੇਟ ਦਾ ਧਰਮ ਨਿਰਲੇਪ ਹੋਣਾ ਜ਼ਰੂਰੀ ਹੈ। ਸਮਾਜ ਦਾ ਵਿਗਿਆਨਕ ਨਜ਼ਰੀਆ ਬਣਾ ਕੇ ਅਤੇ ਧਾਰਮਿਕ ਕੋਡਾਂ ਅੰਦਰਲੇ ਰੂੜ੍ਹੀਵਾਦੀ, ਵਿਤਕਰੇਪੂਰਨ ਅਤੇ ਧੱਕੜ ਦਸਤੂਰਾਂ ਵਿਰੁੱਧ ਜਮਹੂਰੀ ਤਰੀਕੇ ਨਾਲ ਸੰਵਾਦ ਚਲਾ ਕੇ ਲੋਕ ਰਾਇ ਪੈਦਾ ਕਰਨੀ ਜ਼ਰੂਰੀ ਹੈ। ਫਿਰ ਹੀ ਐਸੇ ਰੈਡੀਕਲ ਸੁਧਾਰਾਂ ਲਈ ਸਾਜ਼ਗਰ ਮਾਹੌਲ ਬਣਾਇਆ ਜਾ ਸਕਦਾ ਹੈ। ਜਮਹੂਰੀ ਅਮਲ ਅਖ਼ਤਿਆਰ ਕਰ ਕੇ ਸੱਚੀ ਜਮਹੂਰੀ ਲੋਕ ਰਾਇ ਦੇ ਆਧਾਰ 'ਤੇ ਹੀ ਵਿਸ਼ੇਸ਼ ਸੱਭਿਆਚਾਰਕ ਸਮੂਹਾਂ ਦੀ ਵੰਨ-ਸਵੰਨਤਾ ਅਨੁਸਾਰ ਅਗਾਂਹਵਧੂ ਕੋਡ ਵਿਕਸਤ ਕੀਤੇ ਜਾ ਸਕਦੇ ਹਨ। ਇਨ੍ਹਾਂ ਮਸਲਿਆਂ ਨਾਲ ਨਜਿੱਠਣ ਲਈ ਸਾਰੇ ਧਾਰਮਿਕ, ਨਸਲੀ, ਸੱਭਿਆਚਾਰਕ ਸਮੂਹਾਂ ਦੀ ਸਹਿਮਤੀ ਨਾਲ ਘੱਟੋ-ਘੱਟ ਸਾਂਝੇ ਕਦਮ ਵੀ ਚੁੱਕੇ ਜਾ ਸਕਦੇ ਹਨ। ਇਸੇ ਲਈ ਸੰਵਿਧਾਨ ਬਣਾਉਣ ਸਮੇਂ ਇਹ ਮੁੱਦਾ ਭਵਿੱਖੀ ਪੀੜ੍ਹੀਆਂ ਉੱਪਰ ਛੱਡ ਦਿੱਤਾ ਗਿਆ ਸੀ।

ਡਾ. ਅੰਬੇਡਕਰ ਦਾ ਵਿਚਾਰ ਸੀ ਕਿ ਅਜਿਹਾ ਕੋਡ ਬਣਾਉਣਾ ਮੁਨਾਸਿਬ ਤਾਂ ਹੈ ਪਰ ਇਹ ਪੂਰੀ ਤਰ੍ਹਾਂ ਸਵੈ-ਇੱਛਾ ਨਾਲ ਹੋਣਾ ਚਾਹੀਦਾ ਹੈ। ਸੰਵਿਧਾਨ-ਘਾੜਨੀ ਸਭਾ ਮੁਲਕ ਦੇ ਨਾਮ ਸਮੇਤ ਬਹੁਤ ਸਾਰੇ ਸਵਾਲਾਂ ਉੱਪਰ ਤਿੱਖੇ ਰੂਪ 'ਚ ਵੰਡੀ ਹੋਈ ਸੀ। ਸੱਜੇ ਪੱਖੀ ਧੜਾ ਗਊ ਹੱਤਿਆ ਰੋਕਣ, ਯੂ.ਸੀ.ਸੀ., ਹਿੰਦੀ ਨੂੰ ਰਾਜ ਭਾਸ਼ਾ ਬਣਾਉਣ ਵਰਗੇ ਮੁੱਦਿਆਂ ਉੱਪਰ ਜ਼ੋਰ ਦੇ ਰਿਹਾ ਸੀ। ਯੂ.ਸੀ.ਸੀ. ਨੂੰ ਲੈ ਕੇ ਸੰਵਿਧਾਨ-ਘਾੜਨੀ ਸਭਾ 'ਚ ਟਕਰਾਵੇਂ ਵਿਚਾਰਾਂ ਕਾਰਨ ਹੀ ਇਸ ਨੂੰ ਬਹੁਤ ਸਾਰੇ ਹੋਰ ਸਵਾਲਾਂ ਨਾਲ ਰਾਜਕੀ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਵਾਲੇ ਹਿੱਸੇ 'ਚ ਰੱਖ ਲਿਆ ਗਿਆ ਅਤੇ ਇਨ੍ਹਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਦੀ ਸੂਝ ਅਤੇ ਸਮਰੱਥਾ ਉੱਪਰ ਛੱਡ ਦਿੱਤਾ ਗਿਆ; ਭਾਵ, ਇਹ ਸਰਕਾਰੀ ਨੀਤੀਆਂ ਲਈ ਨਿਰਦੇਸ਼ਕ ਸਿਧਾਂਤ ਹਨ ਅਤੇ ਇਹ ਅਦਾਲਤਾਂ ਰਾਹੀਂ ਲਾਗੂ ਨਹੀਂ ਕੀਤੇ ਜਾਣਗੇ। ਸੰਵਿਧਾਨ 'ਚ ਇਹ ਵੀ ਦਰਜ ਕੀਤਾ (ਧਾਰਾ 44) ਕਿ "ਰਾਜ ਪੂਰੇ ਦੇਸ਼ 'ਚ ਇਕਸਾਰ ਸਿਵਲ ਕੋਡ ਲਾਗੂ ਕਰਨ ਲਈ ਕੋਸ਼ਿਸ਼ ਕਰੇਗਾ।"

ਇਓਂ ਯੂ.ਸੀ.ਸੀ. ਬੁਨਿਆਦੀ ਹੱਕ ਅਤੇ ਸੰਵਿਧਾਨਕ ਗਾਰੰਟੀ ਨਹੀਂ। ਇਸ ਨੂੰ ਨਿਰਦੇਸ਼ਕ ਸਿਧਾਂਤਾਂ 'ਚ ਰੱਖਣ ਪਿੱਛੇ ਭਾਵਨਾ ਇਹ ਸੀ ਕਿ ਪਰਿਵਾਰਕ ਜ਼ਿੰਦਗੀ ਬਾਰੇ ਵੱਖ-ਵੱਖ ਧਰਮਾਂ ਦੇ ਪਰਸਨਲ ਕੋਡ ਬੇਸ਼ੱਕ ਸਮਾਂ ਵਿਹਾ ਚੁੱਕੇ ਹਨ, ਇਸ ਦੇ ਬਾਵਜੂਦ ਇਨ੍ਹਾਂ ਨੂੰ ਰੱਦ ਕਰ ਕੇ ਇਕਸਾਰ ਸਿਵਲ ਕੋਡ ਬਣਾਉਣ ਦੇ ਹਾਲਾਤ ਅਜੇ ਨਹੀਂ ਹਨ। 2016 'ਚ ਵੀ ਜਦੋਂ 21ਵੇਂ ਲਾਅ ਕਮਿਸ਼ਨ ਨੇ ਸਰਕਾਰ ਦੇ ਆਦੇਸ਼ 'ਤੇ ਇਕਸਾਰ ਸਿਵਲ ਕੋਡ ਬਣਾਉਣ ਲਈ ਰਾਵਾਂ ਅਤੇ ਸੁਝਾਅ ਲਏ ਤਾਂ ਕਮਿਸ਼ਨ ਨੇ ਲਿੰਗਕ ਅਨਿਆਂ ਨੂੰ ਮੁਖ਼ਾਤਬ ਹੋਣ ਦੀ ਸਲਾਹ ਦਿੱਤੀ ਸੀ। ਮਾਰਚ 2018 'ਚ ਸਰਕਾਰ ਨੂੰ ਪੇਸ਼ ਕੀਤੀ 185 ਪੰਨਿਆਂ ਦੀ ਰਿਪੋਰਟ ਵਿਚ ਕਮਿਸ਼ਨ ਨੇ ਯੂ.ਸੀ.ਸੀ. ਬਣਾਉਣ ਦੀ ਬਜਾਇ ਵਿਸ਼ੇਸ਼ ਧਰਮਾਂ ਨਾਲ ਸਬੰਧਿਤ ਪਰਸਨਲ ਕਾਨੂੰਨਾਂ ਦੇ ਵਿਤਕਰੇਪੂਰਨ ਅਤੇ ਵੇਲਾ ਵਿਹਾ ਚੁੱਕੇ ਅਮਲਾਂ ਦੀ ਸ਼ਨਾਖ਼ਤ ਕਰ ਕੇ ਉਨ੍ਹਾਂ 'ਚ ਸੁਧਾਰ ਕਰਨ ਦੇ ਸੁਝਾਅ ਦਿੱਤੇ ਸਨ। ਕਮਿਸ਼ਨ ਨੇ ਵਿਆਹ ਅਤੇ ਤਲਾਕ ਸਬੰਧੀ ਅਜਿਹੇ ਠੋਸ ਕਦਮ ਵੀ ਸੁਝਾਏ ਜੋ ਸਾਰੇ ਧਰਮਾਂ ਦੇ ਪਰਸਨਲ ਕਾਨੂੰਨਾਂ 'ਚ ਇਕਸਾਰ ਲਾਗੂ ਹੋ ਸਕਦੇ ਹਨ ਪਰ ਆਰ.ਐਸ.ਐਸ.-ਭਾਜਪਾ ਲਾਅ ਕਮਿਸ਼ਨ ਦੇ ਸੁਝਾਵਾਂ ਨੂੰ ਦਰਕਿਨਾਰ ਕਰ ਕੇ ਇਸ ਮੁੱਦੇ ਨੂੰ ਆਪਣੀ ਪਾਟਕ-ਪਾਊ ਸਿਆਸਤ ਦਾ ਸੰਦ ਬਣਾਉਣ ਲਈ ਬਜ਼ਿਦ ਹੈ। ਇਕ ਪਾਸੇ, ਪਿਛਲੇ ਸਮੇਂ ਇਸ ਹਕੂਮਤ ਵੱਲੋਂ ਤਿੰਨ ਤਲਾਕ ਦੀ ਮੁਸਲਿਮ ਪ੍ਰਥਾ ਨੂੰ ਫ਼ੌਜਦਾਰੀ ਜੁਰਮ ਕਰਾਰ ਦੇਣ, ਫਿਰਕੂ ਨਾਗਰਿਕਤਾ ਸੋਧ ਕਾਨੂੰਨ ਪਾਸ ਕਰਨ, ਰਾਜਾਂ ਵਿਚ ਧਰਮ ਬਦਲੀ ਕਾਨੂੰਨ ਬਣਾਉਣ ਵਰਗੇ ਬਹੁਤ ਸਾਰੇ ਧੱਕੜ ਫ਼ੈਸਲੇ ਬਹੁਗਿਣਤੀ ਧੌਂਸ ਦੇ ਜ਼ੋਰ ਅਤੇ ਤਾਨਾਸ਼ਾਹ ਤਰੀਕੇ ਨਾਲ ਥੋਪੇ ਗਏ; ਦੂਜੇ ਪਾਸੇ, ਇਹ ਹਕੂਮਤ ਰਾਜ-ਸੰਚਾਲਨ ਦੇ ਮਾਮਲਿਆਂ 'ਚ ਹਿੰਦੂ ਰਹੁ-ਰੀਤਾਂ, ਕਰਮ-ਕਾਂਡਾਂ ਆਦਿ ਨੂੰ ਬੇਸ਼ਰਮੀ ਨਾਲ ਘੁਸੇੜ ਕੇ ਬਹੁਗਿਣਤੀ ਹਿੰਦੂ ਧਰਮ ਨੂੰ ਰਾਜ ਧਰਮ ਬਣਾਉਣ ਦੇ ਧੱਕੜ ਸੰਕੇਤ ਦੇ ਰਹੀ ਹੈ। ਇਸ ਸਮੁੱਚੇ ਧੌਂਸਬਾਜ਼ ਰਵੱਈਏ ਦੇ ਮੱਦੇਨਜ਼ਰ ਘੱਟਗਿਣਤੀਆਂ ਅਤੇ ਹੋਰ ਹਾਸ਼ੀਏ 'ਤੇ ਧੱਕੇ ਹਿੱਸਿਆਂ ਅੰਦਰ ਹੁਕਮਰਾਨ ਧਿਰ ਦੀ ਬਦਨੀਅਤ ਨੂੰ ਲੈ ਕੇ ਡੂੰਘੇ ਤੌਖ਼ਲੇ ਹਨ। ਇਸੇ ਕਰ ਕੇ ਜਦੋਂ ਵੀ ਆਰ.ਐਸ.ਐਸ.-ਭਾਜਪਾ ਵੱਲੋਂ ਯੂ.ਸੀ.ਸੀ. ਦਾ ਮੁੱਦਾ ਛੇੜਿਆ ਜਾਂਦਾ ਹੈ ਤਾਂ ਹਾਸ਼ੀਏ 'ਤੇ ਧੱਕੇ ਭਾਈਚਾਰਿਆਂ ਦਾ ਇਸ ਨੂੰ ਆਪਣੀ ਹੋਂਦ ਨੂੰ ਖ਼ਤਰੇ ਦੇ ਤੌਰ 'ਤੇ ਲੈਣਾ ਸੁਭਾਵਿਕ ਹੈ ਕਿਉਂਕਿ ਹਿੰਦੂਤਵ ਸਿਆਸਤ ਦੀ ਪੂਰੀ ਟੇਕ ਹੀ ਘੱਟਗਿਣਤੀਆਂ ਨੂੰ ਦਬਾਉਣ ਲਈ ਫਿਰਕੂ ਪਾਲਾਬੰਦੀ 'ਤੇ ਹੈ। ਸੰਘੀਆਂ ਵੱਲੋਂ ਇਸ ਮੁੱਦੇ ਦਾ ਫਿਰਕੂਕਰਨ ਘੱਟਗਿਣਤੀ ਧਰਮਾਂ ਦੇ ਮਜ਼੍ਹਬੀ ਕੱਟੜਪੰਥੀਆਂ ਦੀ ਜਕੜ ਨੂੰ ਹੀ ਮਜ਼ਬੂਤ ਕਰਦਾ ਹੈ।




ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤਾਂ 'ਚ ਮਨੁੱਖੀ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਨਾਲ ਸਬੰਧਿਤ ਬਹੁਤ ਸਾਰੇ ਬੇਹੱਦ ਮਹੱਤਵਪੂਰਨ ਮਸਲੇ ਦਰਜ ਕੀਤੇ ਗਏ ਹਨ ਜੋ ਨਾ-ਬਰਾਬਰੀ ਅਤੇ ਆਰਥਿਕ ਵਸੀਲਿਆਂ ਦੀ ਕਾਣੀ ਵੰਡ ਘਟਾਉਣ, ਨਾਗਰਿਕਾਂ ਨੂੰ ਮਾਣ-ਸਨਮਾਨ ਵਾਲੀ ਜ਼ਿੰਦਗੀ ਦੇਣ ਅਤੇ ਸਮਾਜੀ ਅਨਿਆਂ ਨੂੰ ਖ਼ਤਮ ਕਰਨ ਲਈ ਤਰਜੀਹੀ ਆਧਾਰ 'ਤੇ ਹੱਥ ਲੈਣ ਵਾਲੇ ਹਨ। ਸਮਾਜ ਨੂੰ ਜਹਾਲਤ 'ਚੋਂ ਕੱਢਣ ਲਈ ਵਿਗਿਆਨਕ ਸੋਚ ਅਤੇ ਅਗਾਂਹਵਧੂ ਕਦਰਾਂ-ਕੀਮਤਾਂ ਨੂੰ ਪ੍ਰਫੁੱਲਤ ਕਰਨਾ ਵੀ ਨਿਰਦੇਸ਼ਕ ਸਿਧਾਂਤਾਂ 'ਚ ਦਰਜ ਹੈ। ਲੋੜ ਤਾਂ ਆਰਥਿਕ ਨਾ-ਬਰਾਬਰੀ ਅਤੇ ਲਿੰਗ ਵਿਤਕਰਾ ਖ਼ਤਮ ਕਰਨ ਦੀ ਹੈ ਪਰ ਆਰ.ਐਸ.ਐਸ.-ਭਾਜਪਾ ਦੀ ਵਿਚਾਰਧਾਰਾ ਅਤੇ ਨੀਤੀਆਂ ਨਾ-ਬਰਾਬਰੀ, ਕਾਣੀ ਵੰਡ, ਸਮਾਜੀ ਅਨਿਆਂ ਨੂੰ ਹੋਰ ਡੂੰਘਾ ਕਰ ਕੇ ਦੱਬੇ-ਕੁਚਲੇ ਅਤੇ ਵਾਂਝੇ ਹਿੱਸਿਆਂ ਨੂੰ ਹੋਰ ਵਧੇਰੇ ਜ਼ਲਾਲਤ 'ਚ ਧੱਕਣ ਵਾਲੀਆਂ ਹਨ। ਇਹ ਸਮਾਜ ਨੂੰ ਪਿਛਲਮੋੜਾ ਦੇ ਕੇ ਮੁੜ ਮਨੂਵਾਦੀ ਦਾਬੇ ਵਾਲਾ ਪ੍ਰਬੰਧ ਲਾਗੂ ਕਰਨਾ ਅਤੇ ਲਿੰਗਕ ਵਿਤਕਰੇ ਨੂੰ ਹੋਰ ਤਿੱਖਾ ਕਰਨਾ ਚਾਹੁੰਦੇ ਹਨ। ਇਨ੍ਹਾਂ ਨੂੰ ਤਾਂ ਸੰਵਿਧਾਨ 'ਚ ਸਮਾਜਵਾਦ, ਧਰਮ ਨਿਰਪੱਖ ਵਰਗੇ ਸ਼ਬਦ ਵੀ ਮਨਜ਼ੂਰ ਨਹੀਂ ਹਨ। ਆਰ.ਐਸ.ਐਸ.-ਭਾਜਪਾ ਬਾਕੀ ਮੁੱਦਿਆਂ ਬਾਰੇ ਚੁੱਪ ਹੈ ਕਿਉਂਕਿ ਉਨ੍ਹਾਂ ਨੂੰ ਫਿਰਕੂ ਫ਼ਸਾਦ ਕਰਾਉਣ ਅਤੇ ਹਾਸ਼ੀਏ 'ਤੇ ਧੱਕੇ ਹਿੱਸਿਆਂ ਨੂੰ ਦਹਿਸ਼ਤਜ਼ਦਾ ਕਰਨ ਅਤੇ ਭਾਰਤੀ ਲੋਕਾਂ ਦਾ ਉਨ੍ਹਾਂ ਦੀ ਜ਼ਿੰਦਗੀ ਦੇ ਅਸਲ ਸਰੋਕਾਰਾਂ ਤੇ ਮਸਲਿਆਂ ਤੋਂ ਧਿਆਨ ਭਟਕਾਉਣ ਦਾ ਸੰਦ ਨਹੀਂ ਬਣਾਇਆ ਜਾ ਸਕਦਾ। ਸਿਰਫ਼ ਯੂ.ਸੀ.ਸੀ. ਨੂੰ ਇਸ ਬਹਾਨੇ ਚੁਣ ਲਿਆ ਕਿ ਅਸੀਂ ਤਾਂ ਸੰਵਿਧਾਨ ਵੱਲੋਂ ਦਿੱਤੀ ਜ਼ਿੰਮੇਵਾਰੀ ਹੀ ਨਿਭਾ ਰਹੇ ਹਾਂ। ਇਹ ਅਜਿਹਾ ਮੁੱਦਾ ਹੈ ਜਿਸ ਨੂੰ ਮੁਸਲਮਾਨ ਭਾਈਚਾਰੇ ਨੂੰ ਕੱਟੜਪੰਥੀ ਖੋਲ 'ਚ ਬੰਦ ਪਿਛਾਂਹਖਿੱਚੂ ਅਤੇ ਔਰਤ ਪ੍ਰਤੀ ਜਮਾਂਦਰੂ ਵਿਤਕਰੇਬਾਜ਼ ਸਮੂਹ ਦਿਖਾ ਕੇ ਮੁਸਲਿਮ ਵਿਰੋਧੀ ਤੁਅੱਸਬ ਭੜਕਾਉਣ ਅਤੇ ਉਨ੍ਹਾਂ ਵਿਰੁੱਧ ਬਹੁਗਿਣਤੀ ਦੀ ਹਿੰਸਾ ਨੂੰ ਜਾਇਜ਼ ਠਹਿਰਾਉਣ ਲਈ ਵਰਤਿਆ ਜਾ ਸਕਦਾ ਹੈ। ਆਰ.ਐਸ.ਐਸ.-ਭਾਜਪਾ ਜਾਣ-ਬੁੱਝ ਕੇ ਇਹ ਪ੍ਰਭਾਵ ਬਣਾ ਰਹੀ ਹੈ ਕਿ ਮੁਸਲਮਾਨ ਫਿਰਕਾ ਹੀ ਆਪਣੇ ਰੂੜ੍ਹੀਵਾਦ ਕਾਰਨ ਯੂ.ਸੀ.ਸੀ. ਦਾ ਵਿਰੋਧ ਕਰ ਰਿਹਾ ਹੈ; ਸਚਾਈ ਇਹ ਹੈ ਕਿ ਆਦਿਵਾਸੀ ਅਤੇ ਮਿਜ਼ੋਰਮ ਦੇ ਲੋਕ ਅਜਿਹੀ ਇਕਸਾਰਤਾ ਥੋਪਣ ਵਿਰੁੱਧ ਜ਼ੋਰਦਾਰ ਆਵਾਜ਼ ਉਠਾ ਰਹੇ ਹਨ।

ਯੂ.ਸੀ.ਸੀ. ਨੂੰ ਸਹੀ ਠਹਿਰਾਉਣ ਲਈ ਸੰਘ ਬ੍ਰਿਗੇਡ ਇਹ ਦਾਅਵਾ ਵੀ ਕਰਦਾ ਹੈ ਕਿ ਉਹ ਮਜ਼੍ਹਬੀ ਦਾਬੇ ਹੇਠ ਪਿਸ ਰਹੇ ਘੱਟਗਿਣਤੀਆਂ ਦੇ ਨਿਤਾਣੇ ਹਿੱਸਿਆਂ, ਖ਼ਾਸ ਕਰ ਕੇ ਔਰਤਾਂ ਨੂੰ ਅਨਿਆਂ, ਵਿਤਕਰੇ ਅਤੇ ਜਬਰ ਤੋਂ ਮੁਕਤ ਕਰਾਉਣਾ ਚਾਹੁੰਦੇ ਹਨ। ਮੁਸਲਮਾਨ ਔਰਤਾਂ ਨੂੰ ਜ਼ਲੀਲ ਕਰਨ, ਸਕੂਲਾਂ-ਕਾਲਜਾਂ 'ਚ ਲੜਕੀਆਂ ਦੇ ਹਿਜਾਬ ਧੱਕੇ ਨਾਲ ਲਾਹੁਣ ਤੋਂ ਲੈ ਕੇ ਯੂ.ਸੀ.ਸੀ. ਬਣਾਉਣ ਦੀ ਕਵਾਇਦ ਤੱਕ ਔਰਤਾਂ ਨਾਲ ਆਰ.ਐਸ.ਐਸ.-ਭਾਜਪਾ ਦਾ ਇਹ ਝੂਠਾ ਹੇਜ ਵਾਰ-ਵਾਰ ਬੇਪਰਦ ਹੋ ਰਿਹਾ ਹੈ। ਗੁਜਰਾਤ ਕਤਲੇਆਮ ਅਤੇ ਹੋਰ ਥਾਵਾਂ 'ਤੇ ਫਿਰਕੂ ਹਿੰਸਾ ਦੌਰਾਨ ਮੁਸਲਮਾਨ ਔਰਤਾਂ ਦੇ ਸਮੂਹਿਕ ਬਲਾਤਕਾਰਾਂ, ਬਲਾਤਕਾਰਾਂ ਦੇ ਸੱਦੇ ਦੇਣ ਵਾਲੀਆਂ 'ਧਰਮ ਸੰਸਦਾਂ' ਅਤੇ ਬਲਾਤਕਾਰੀਆਂ ਦੀ ਰਾਜਕੀ ਤੇ ਰਾਜਸੀ ਪੁਸ਼ਤਪਨਾਹੀ ਇਸ ਨਕਲੀ ਹੇਜ ਦੀ ਅਸਲੀਅਤ ਨੂੰ ਸਮਝਣ ਲਈ ਕਾਫ਼ੀ ਹੈ। ਆਪਣੇ ਹੱਕਾਂ ਲਈ ਸੜਕਾਂ ਉੱਪਰ ਆਉਣ ਵਾਲੀਆਂ ਜੁਝਾਰੂ ਮੁਸਲਿਮ ਔਰਤਾਂ ਅਤੇ ਹੋਰ ਨਿਧੜਕ ਔਰਤਾਂ ਦਾ ਮਨੋਬਲ ਤੋੜਨ ਲਈ ਉਨ੍ਹਾਂ ਦੀ ਬਿਨਾ ਜ਼ਮਾਨਤ ਜੇਲ੍ਹਬੰਦੀ ਅਤੇ ਭਗਵੇ ਆਈ.ਟੀ. ਸੈੱਲ ਵੱਲੋਂ ਉਨ੍ਹਾਂ ਦੀ ਲਗਾਤਾਰ ਕਿਰਦਾਰਕੁਸ਼ੀ ਇਹ ਸੰਦੇਸ਼ ਦੇਣ ਲਈ ਹੈ ਕਿ ਲਿੰਗਕ ਬਰਾਬਰੀ ਦੀ ਗੱਲ ਤਾਂ ਛੱਡੋ, ਸੰਘ ਨੂੰ ਤਾਂ ਉਨ੍ਹਾਂ ਦੀ ਸਾਧਾਰਨ ਹੱਕ-ਜਤਾਈ ਵੀ ਮਨਜ਼ੂਰ ਨਹੀਂ ਹੈ।

ਭਰਮ ਇਹ ਸਿਰਜਿਆ ਜਾ ਰਿਹਾ ਹੈ ਕਿ ਸਾਰਿਆਂ ਲਈ ਇਕ ਕਾਨੂੰਨ ਕਿਉਂ ਨਾ ਹੋਵੇ ਪਰ ਸੰਘ ਦਾ ਮਨੋਰਥ ਨਿਆਂ ਆਧਾਰਿਤ ਕਾਨੂੰਨੀ ਇਕਸਾਰਤਾ ਲਿਆਉਣਾ ਨਹੀਂ। ਔਰਤਾਂ ਉੱਪਰ ਜਬਰ ਅਤੇ ਅਨਿਆਂ ਦਾ ਭਗਵਾ ਬਿਰਤਾਂਤ ਸਿਰਫ਼ ਮੁਸਲਿਮ ਔਰਤਾਂ ਦੀ ਗੱਲ ਕਰਦਾ ਹੈ; ਹਿੰਦੂ ਔਰਤਾਂ ਦੀ ਸੰਤਾਪੀ ਹਾਲਤ ਇਸ ਬਿਰਤਾਂਤ ਵਿੱਚੋਂ ਹਮੇਸ਼ਾ ਮਨਫ਼ੀ ਹੁੰਦੀ ਹੈ। ਆਰ.ਐਸ.ਐਸ.-ਭਾਜਪਾ ਦੀ ਬਦਨੀਅਤ ਸਮਾਜਿਕ-ਸੱਭਿਆਚਾਰਕ ਵੰਨ-ਸਵੰਨਤਾ ਨੂੰ ਖ਼ਤਮ ਕਰ ਕੇ ਸਾਰੇ ਲੋਕਾਂ, ਸਾਰੇ ਸਮੂਹਾਂ ਦੀਆਂ ਔਰਤਾਂ ਨੂੰ ਅਧਿਕਾਰਹੀਣ ਪਰਜਾ 'ਚ ਬਦਲਣ ਦੀ ਹੈ। ਲਵ ਜਹਾਦ ਦਾ ਬਿਰਤਾਂਤ ਸਿਰਜ ਕੇ ਨੌਜਵਾਨ ਜੋੜਿਆਂ ਨੂੰ ਜ਼ਲੀਲ ਕਰਨਾ, ਔਰਤਾਂ ਨੂੰ ਮਨਪਸੰਦ ਕੱਪੜੇ ਪਾਉਣ ਜਾਂ ਮਨਪਸੰਦ ਜੀਵਨ-ਸਾਥੀ ਚੁਣਨ ਤੋਂ ਰੋਕਣਾ ਅਤੇ ਹਿੰਦੂ ਔਰਤਾਂ ਨੂੰ ਸੰਸਕਾਰੀ ਔਰਤਾਂ ਬਣਨ ਤੇ ਵੱਧ ਤੋਂ ਵੱਧ ਬੱਚੇ ਜੰਮਣ ਦੇ ਪਾਠ ਪੜ੍ਹਾਉਣਾ ਭਾਜਪਾ ਦੀਆਂ ਸਰਕਾਰਾਂ ਹੇਠ ਆਮ ਗੱਲ ਬਣ ਚੁੱਕੀ ਹੈ। ਉਹ ਤਾਂ ਮਨੂ ਸਮਰਿਤੀ ਮੁੜ ਲਾਗੂ ਕਰ ਕੇ ਔਰਤਾਂ ਤੋਂ ਉਹ ਹੱਕ ਵੀ ਖੋਹ ਲੈਣ 'ਤੇ ਤੁਲੇ ਹੋਏ ਹਨ ਜੋ ਸਦੀਆਂ ਲੰਮੇ ਸੰਘਰਸ਼ ਦਾ ਹਾਸਲ ਹਨ।

ਇਹ ਗੱਲ ਵੀ ਗ਼ੌਰ ਕਰਨ ਵਾਲੀ ਹੈ ਕਿ ਭਾਰਤ ਦਾ ਹਰ ਮੁਸਲਮਾਨ (ਜਾਂ ਕਿਸੇ ਵੀ ਹੋਰ ਧਰਮ ਨੂੰ ਮੰਨਣ ਵਾਲਾ ਨਾਗਰਿਕ) ਆਪਣੇ ਧਰਮ ਨਾਲ ਸਬੰਧਿਤ ਪਰਸਨਲ ਕਾਨੂੰਨ ਨਾਲ ਨੂੜਿਆ ਹੋਇਆ ਨਹੀਂ। ਦਹਾਕਾ ਪਹਿਲਾਂ ਸੁਪਰੀਮ ਕੋਰਟ ਨੇ ਭਾਰਤੀ ਨਿਆਂ ਸ਼ਾਸਤਰ ਵਿਚ ਇਹ ਸਿਧਾਂਤ ਜੋੜਿਆ ਸੀ ਕਿ ਆਪਣੇ ਧਰਮ ਦੇ ਪਰਸਨਲ ਕਾਨੂੰਨ ਨੂੰ ਮੰਨਣਾ ਜਾਂ ਨਾ ਮੰਨਣਾ ਹਰ ਨਾਗਰਿਕ ਦੀ ਸਵੈ-ਇੱਛਾ ਉੱਪਰ ਨਿਰਭਰ ਹੈ। ਇਹ ਦਿਸ਼ਾ-ਨਿਰਦੇਸ਼ ਸੁਪਰੀਮ ਕੋਰਟ ਨੇ ਇਕ ਮੁਸਲਮਾਨ ਜੋੜੇ ਵੱਲੋਂ ਬੱਚਾ ਗੋਦ ਲਏ ਜਾਣ ਦੇ ਕੇਸ 'ਚ ਦਿੱਤਾ ਸੀ। ਮੁਸਲਿਮ ਪਰਸਨਲ ਲਾਅ ਤਹਿਤ ਬੱਚਾ ਗੋਦ ਲੈਣਾ ਨਾਜਾਇਜ਼ ਸਮਝਿਆ ਜਾਂਦਾ ਹੈ, ਇਸ ਕਾਰਨ ਜੋੜੇ ਨੂੰ ਸੁਪਰੀਮ ਕੋਰਟ ਜਾਣਾ ਪਿਆ ਸੀ।

ਬਹਿਸ ਪਰਸਨਲ ਕੋਡਾਂ ਦੇ ਲਿੰਗਕ ਵਿਤਕਰੇ ਵਾਲੇ ਪੱਖਾਂ ਉੱਪਰ ਕੇਂਦਰਤ ਹੋਣਾ ਚਾਹੀਦੀ ਹੈ। ਦੱਬੇ-ਕੁਚਲਿਆਂ ਨੂੰ ਮਾਣ-ਸਨਮਾਨ ਵਾਲੀ ਜ਼ਿੰਦਗੀ ਦੇ ਕੇ ਅਤੇ ਉਨ੍ਹਾਂ ਦੀ ਚੇਤਨਾ ਦਾ ਪੱਧਰ ਉੱਚਾ ਚੁੱਕ ਕੇ ਰੂੜ੍ਹੀਵਾਦੀ ਕਦਰਾਂ-ਕੀਮਤਾਂ ਤੋਂ ਮੁਕਤ ਕਰਾਇਆ ਜਾ ਸਕਦਾ ਹੈ। ਅਜਿਹੇ ਸੰਵੇਦਨਸ਼ੀਲ ਸਵਾਲਾਂ ਨੂੰ ਢੁਕਵਾਂ ਰਾਜਨੀਤਕ ਮਾਹੌਲ ਸਿਰਜ ਕੇ, ਘੱਟਗਿਣਤੀ ਭਾਈਚਾਰਿਆਂ ਨੂੰ ਜਮਹੂਰੀ, ਨਿਰਪੱਖ ਵਿਚਾਰ-ਚਰਚਾ ਰਾਹੀਂ ਜਮਹੂਰੀ ਅਮਲ ਦਾ ਹਿੱਸਾ ਬਣਾ ਕੇ, ਉਨ੍ਹਾਂ ਦਾ ਵਿਸ਼ਵਾਸ ਜਿੱਤ ਕੇ ਅਤੇ ਉਨ੍ਹਾਂ ਦੇ ਸੰਸਿਆਂ ਤੇ ਤੌਖ਼ਲਿਆਂ ਨੂੰ ਦੂਰ ਕਰਕੇ ਹੀ ਹੱਲ ਕੀਤਾ ਜਾ ਸਕਦਾ ਹੈ।

ਆਰ.ਐਸ.ਐਸ.-ਭਾਜਪਾ ਦਾ ਮਨੋਰਥ ਮਸਲੇ ਨੂੰ ਹੋਰ ਉਲਝਾਉਣਾ, ਇਸ ਜ਼ਰੀਏ ਫਿਰਕੂ ਪਾੜਾ ਡੂੰਘਾ ਕਰਨਾ ਅਤੇ ਸਟੇਟ ਦੀ ਬੇਕਿਰਕ ਤਾਕਤ ਨਾਲ ਬਹੁਗਿਣਤੀ ਦੀ ਧੌਂਸ ਜਮਾਉਣਾ ਹੈ। ਇਸ ਦਾ ਹਿੰਦੂ ਧਰਮ ਨਾਲ ਵੀ ਕੋਈ ਲੈਣਾ-ਦੇਣਾ ਨਹੀਂ ਹੈ, ਇਹ ਤਾਂ ਆਪਣੀ ਰਾਜਨੀਤਕ ਵਿਚਾਰਧਾਰਾ ਹਿੰਦੂਤਵ ਥੋਪਣਾ ਚਾਹੁੰਦੀ ਹੈ। ਇਸ ਦਾ ਹਰ ਕਦਮ ਫਿਰਕੂ ਰਾਜਨੀਤੀ ਤੋਂ ਪ੍ਰੇਰਿਤ ਹੈ। ਆਮ ਆਦਮੀ ਪਾਰਟੀ ਧਾਰਾ-370 ਖ਼ਤਮ ਕਰਨ, ਸੀ.ਏ.ਏ.-ਐਨ.ਆਰ.ਸੀ. ਦੇ ਸਵਾਲ ਉੱਪਰ ਚੁੱਪ ਵੱਟਣ, ਯੂ.ਸੀ.ਸੀ. ਆਦਿ ਸਵਾਲਾਂ ਉੱਪਰ ਆਰ.ਐਸ.ਐਸ.-ਭਾਜਪਾ ਦੇ ਫਿਰਕੂ ਰਾਸ਼ਟਰਵਾਦ ਦੀ ਹਮਾਇਤ ਕਰ ਕੇ ਵਾਰ-ਵਾਰ ਇਹ ਸਾਬਤ ਕਰ ਰਹੀ ਹੈ ਕਿ ਉਨ੍ਹਾਂ ਦਾ ਵਿਚਾਰਧਾਰਕ ਝੁਕਾਅ ਕਿੱਧਰ ਹੈ। ਇਸ ਲਈ ਸਮੂਹ ਅਗਾਂਹਵਧੂ ਅਤੇ ਜਮਹੂਰੀ ਤਾਕਤਾਂ ਇਨ੍ਹਾਂ ਫਿਰਕੂ ਧੌਂਸਬਾਜ਼ ਚਾਲਾਂ ਦਾ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ ਅਤੇ ਹਾਸ਼ੀਏ 'ਤੇ ਧੱਕੇ ਭਾਈਚਾਰਿਆਂ ਨਾਲ ਖੜ੍ਹਨਾ ਚਾਹੀਦਾ ਹੈ।

# ਪੰਜਾਬੀ ਸਾਹਿਤ ਅਤੇ ਸਭਿਆਚਾਰ ਦੀ ਬਾਤ ਪਾਉਂਦੀ ਸੁਖਿੰਦਰ ਦੀ ਪੁਸਤਕ

## ਪੁਸਤਕ ਚਰਚਾ

ਕੈਨੇਡਾ ਰਹਿੰਦਾ ਸੁਖਿੰਦਰ ਪੰਜਾਬੀ ਸਾਹਿਤ ਵਿਚ ਇਕ ਚਰਚਿੱਤ ਹਸਤਾਖਰ ਹੈ। ਉਸ ਨੇ 1972 ਤੋਂ ਹੁਣ ਤੱਕ ਵਿਗਿਆਨ (3), ਕਵਿਤਾ(22), ਆਲੋਚਨਾ(4), ਵਾਰਤਕ(5), ਨਾਵਲ(2), ਬੱਚਿਆਂ ਲਈ (1), ਸੰਪਾਦਨ(5) ਅਤੇ ਇਕ ਅੰਗਰੇਜ਼ੀ ਭਾਵ ਕੁੱਲ 43 ਪੁਸਤਕਾਂ ਦੀ ਸਿਰਜਣਾ ਕੀਤੀ ਹੈ। ਕਵਿਤਾਵਾਂ ਦੀਆਂ ਕੁਝ ਪੁਸਤਕਾਂ ਦੂਸਰੇ ਕਵੀਆਂ ਨਾਲ ਸਾਂਝੀਆਂ ਵੀ ਹਨ। ਉਹ ਇਕ ਬੇਬਾਕ ਸ਼ਖਸ ਹੈ, ਜਦੋਂ ਕਿਸੇ ਸਾਹਿਤਕ ਜਾਂ ਅਸਾਹਿਤਕ ਵਰਤਾਰੇ 'ਤੇ ਟਿੱਪਣੀ ਕਰਦਾ ਹੈ ਤਾਂ ਦਿਲ ਦੀ ਹਰ ਗੱਲ ਸ਼ਬਦਾਂ ਵਿਚ ਬਿਆਨ ਕਰ ਜਾਂਦਾ ਹੈ, ਭਾਵੇਂ ਕਿਸੇ ਦੇ ਗੋਡੇ ਲੱਗੇ ਭਾਵੇਂ ਗਿੱਟੇ। ਹੱਥਲੀ



**ਰਵਿੰਦਰ ਸਿੰਘ ਸੋਢੀ**
**ਫੋਨ: 001-604-369-3271**

ਪੁਸਤਕ 'ਪੰਜਾਬੀ ਸਾਹਿਤ ਅਤੇ ਸਭਿਆਚਾਰ' ਦੀ ਸੰਪਾਦਨਾ ਸਮੇਂ ਡਾ. ਦਲਬੀਰ ਸਿੰਘ ਕਥੂਰੀਆ ਨੇ ਵੀ ਉਸ ਦਾ ਸਾਥ ਨਿਭਾਇਆ ਹੈ। ਮੁੱਖ ਬੰਦ ਵਿਚ ਸੁਖਿੰਦਰ ਨੇ ਇਹ ਸਪਸ਼ਟ ਤੌਰ ਲਿਖਿਆ ਹੈ ਕਿ ਡਾ. ਦਲਬੀਰ ਸਿੰਘ ਕਥੂਰੀਆ ਨੇ ਪੁਸਤਕ ਨੂੰ ਪ੍ਰਕਾਸ਼ਿਤ ਕਰਵਾਉਣ ਦੀ ਜ਼ਿੰਮੇਵਾਰੀ ਓਟੀ ਅਤੇ ਕਿਤਾਬ ਲਈ ਨਿਬੰਧਾਂ ਦੇ ਵਿਸ਼ੇ, ਲੇਖਕਾਂ ਨਾਲ ਸੰਪਰਕ ਅਤੇ ਨਿਬੰਧਾਂ ਦੀ ਚੋਣ ਦਾ ਕੰਮ ਉਸ ਦਾ ਭਾਵ ਸੁਖਿੰਦਰ ਦਾ ਸੀ।

ਇਸ ਵਿਚ ਭਾਰਤ ਤੋਂ ਇਲਾਵਾ ਬਰਤਾਨੀਆ, ਅਮਰੀਕਾ, ਕੈਨੇਡਾ, ਆਸਟਰੇਲੀਆ, ਜਰਮਨੀ, ਇਟਲੀ ਅਤੇ ਪਾਕਿਸਤਾਨ ਦੇ ਚਾਲੀ ਵਿਦਵਾਨਾਂ ਦੇ ਲੇਖ ਪੰਜਾਬੀ ਸਾਹਿਤ ਜਾਂ ਸਭਿਆਚਾਰਕ ਵਰਤਾਰਿਆਂ ਸੰਬੰਧੀ ਹਨ। ਚਾਲੀ ਲੇਖਕਾਂ ਨੂੰ ਨਿਸ਼ਚਿਤ ਸਮੇਂ 'ਤੇ ਆਪਣੀਆਂ ਰਚਨਾਵਾਂ ਭੇਜਣ ਨੂੰ ਪ੍ਰੇਰਿਤ ਕਰਨਾ, ਲੇਖਾਂ ਦੀ ਚੋਣ ਕਰਨੀ, ਸ਼ਾਹਮੁਖੀ ਲਿਪੀ ਤੋਂ ਗੁਰਮੁਖੀ ਲਿਪੀ ਵਿਚ ਲਿਖਣਾ ਅਤੇ ਪੁਸਤਕ ਨੂੰ ਛਪਵਾਉਣ ਦਾ ਕੰਮ ਕੋਈ ਛੋਟਾ ਨਹੀਂ। ਇਸ ਕਾਰਜ ਨੂੰ ਨੇਪਰੇ ਚੜ੍ਹਾਉਣ ਲਈ ਪੁਸਤਕ ਦੇ ਦੋਵੇਂ ਸੰਪਾਦਕਾਂ ਦੀ ਪ੍ਰਸ਼ੰਸਾ ਕਰਨੀ ਬਣਦੀ ਹੈ।

ਇਸ ਪੁਸਤਕ ਦੀ ਪੜਚੋਲ ਕਰਮ ਸਮੇਂ ਦੋ ਪਹਿਲੂਆਂ ਨੂੰ ਆਧਾਰ ਬਣਾਇਆ ਜਾ ਸਕਦਾ ਹੈ। ਇਕ ਤਾਂ ਨਿਬੰਧਾਂ ਦਾ ਸਾਹਿਤਕ ਪੱਖ ਤੋਂ ਅਧਿਐਨ ਅਤੇ ਦੂਜਾ ਸੰਪਾਦਨ ਕਲਾ। ਪੁਸਤਕ ਦੇ ਮੁੱਖ ਬੰਦ ਵਿਚ ਸੁਖਿੰਦਰ ਨੇ ਲਿਖਿਆ ਹੈ ਕਿ ਉਸ ਨੇ ਆਪਣੇ ਵੱਲੋਂ ਵਿਸ਼ਿਆਂ ਦੀ ਜੋ ਸੂਚੀ ਬਣਾਈ ਉਹ ਇਸ ਤਰ੍ਹਾਂ ਸੀ: ਪੰਜਾਬੀ ਸਭਿਆਚਾਰ ਦੀਆਂ ਖੂਬਸੂਰਤ ਗੱਲਾਂ, ਪੰਜਾਬੀ ਲੋਕ ਗੀਤਾਂ ਵਿਚ ਸਭਿਆਚਾਰ ਦੀ ਪੇਸ਼ਕਾਰੀ, ਡਰੱਗ ਕਲਚਰ ਅਤੇ ਪੰਜਾਬੀ ਸਭਿਆਚਾਰ, 35-35 ਲੱਖ ਰੁਪਏ ਵਿਚ ਵਿਆਹ ਲਈ ਵਿਕਦੀਆਂ ਕੁੜੀਆਂ, ਪੰਜਾਬੀ ਸਾਹਿਤਕ-ਸਭਿਆਚਾਰਕ ਭ੍ਰਿਸ਼ਟਾਚਾਰ, ਧਰਤੀ, ਹਵਾ, ਪਾਣੀ ਵਿਚ ਵਧ ਰਿਹਾ ਪ੍ਰਦੂਸ਼ਣ, ਗੈਂਗਸਟਰ ਪੰਜਾਬੀ ਗਾਇਕੀ ਅਤੇ ਸਭਿਆਚਾਰ, ਵਿਸ਼ਵ ਪੰਜਾਬੀ ਕਾਨਫਰੰਸਾਂ ਦਾ ਭ੍ਰਿਸ਼ਟਾਚਾਰ, ਆਈਲੈਟਸ ਪੰਜਾਬੀ ਸਭਿਆਚਾਰ, ਯੂਰਪ ਵਿਚ ਹੋ ਰਿਹਾ ਪੰਜਾਬੀ ਸਾਹਿਤ ਅਤੇ ਸਭਿਆਚਾਰ, ਖੇਡਾਂ ਵਿਚ ਵਧ ਰਿਹਾ ਡਰੱਗ ਸਭਿਆਚਾਰ, ਕੈਨੇਡਾ ਵਿਚ ਇੰਟਰਨੈਸ਼ਨਲ ਪੰਜਾਬ ਸਟੂਡੈਂਟਸ ਦੀਆਂ ਸਭਿਆਚਾਰਕ ਸਮੱਸਿਆਵਾਂ ਆਦਿ। ਇਨ੍ਹਾਂ ਮੁੱਦਿਆਂ ਨੂੰ ਲੈ ਕੇ ਚਾਲੀ ਵਿਦਵਾਨਾਂ ਨੇ ਵੱਖ-ਵੱਖ ਸਿਰਲੇਖਾਂ ਅਧੀਨ ਆਪਣੇ ਲੇਖ ਲਿਖੇ। ਡਾ. ਦਲਬੀਰ ਸਿੰਘ ਕਥੂਰੀਆ ਨੇ ਆਪਣੇ ਮੁੱਖ ਬੰਦ ਵਿਚ ਇਕ ਗੱਲ ਬੜੀ ਵਧੀਆ ਲਿਖੀ ਹੈ ਕਿ ਪੰਜਾਬ ਦੇ ਸਭਿਆਚਾਰ ਵਿਚ 'ਕਈ ਨਵੇਂ ਪੱਖ ਦ੍ਰਿਸ਼ਟੀਗੋਚਰ ਹੁੰਦੇ ਹਨ ਜੋ ਸਾਡੇ ਸਭਿਆਚਾਰ ਦਾ ਹਿੱਸਾ ਨਹੀਂ' ਅਤੇ ਪਤਾ ਹੀ ਨਹੀਂ ਲੱਗਿਆ ਕਿ 'ਅਸੀਂ ਸਵੈ ਕੇਂਦ੍ਰਿਤ ਤੋਂ ਸਵਾਰਥੀ ਕਦ ਹੋ ਗਏ?'

ਪੁਸਤਕ ਦੇ ਪਹਿਲੇ ਲੇਖ 'ਪੰਜਾਬੀ ਸੁਭਾਅ ਅਜਿਹਾ ਕਿਉਂ ਹੈ? ਵਿਚ ਡਾ. ਲੋਕ ਰਾਜ (ਬਰਤਾਨੀਆ) ਨੇ ਪੰਜਾਬੀਆਂ ਦੇ ਹਰ ਪੱਖੋਂ ਉਲਾਰ ਸੁਭਾਅ ਨੂੰ ਇਸ ਖ਼ਿੱਤੇ ਦੇ ਮੌਸਮ ਨਾਲ ਜੋੜਿਆ ਹੈ, ਜਿੱਥੇ ਗਰਮੀ ਵੀ ਅੱਤ ਦੀ ਪੈਂਦੀ ਹੈ ਅਤੇ ਸਰਦੀ ਵੀ, ਕਦੇ ਸੋਕਾ ਹੋ ਜਾਂਦਾ ਹੈ ਅਤੇ ਕਦੇ ਹੜ੍ਹ ਆ ਜਾਂਦੇ ਹਨ। ਪੰਜਾਬੀ ਹਮੇਸ਼ਾ ਬੇਯਕੀਨੀ ਦਾ ਸ਼ਿਕਾਰ ਰਿਹਾ ਹੈ, ਇਸ ਲਈ ਸ਼ੱਕੀ ਮਿਜ਼ਾਜ ਦੇ ਹਨ ਅਤੇ ਮੁਕਾਬਲੇਬਾਜ਼ੀ ਵਾਲੇ ਵੀ ਹਨ। ਇਨ੍ਹਾਂ ਦੀ ਦਿਖਾਵੇ ਵਾਲੀ ਰੁਚੀ ਵੀ ਇਸ ਵਿਚੋਂ ਹੀ ਪੈਦਾ ਹੋਈ ਹੈ। ਬਰਤਾਨੀਆ ਦੇ ਲੇਖਕ ਬਲਵਿੰਦਰ ਸਿੰਘ ਚਾਹਲ ਨੇ 'ਰਾਤੋ ਰਾਤ ਅਮੀਰ ਹੋਣ ਦੇ ਸਭਿਆਚਾਰ' ਲੇਖ ਵਿਚ ਪੰਜਾਬ ਦੇ ਸਭਿਆਚਾਰ ਨੂੰ 'ਹਰ ਪੱਖੋਂ ਮੁਕੰਮਲ ਅਤੇ ਅਮੀਰ ਸਭਿਆਚਾਰ' ਮੰਨਿਆ ਹੈ। ਉਸ ਨੇ ਆਪਣੇ ਲੇਖ ਵਿਚ 'ਅੱਜ ਇਹੋ ਸਭਿਆਚਾਰ ਕਿਸੇ ਹੋਰ ਦਿਸ਼ਾ ਵੱਲ ਕਿਉਂ ਜਾ ਰਿਹਾ ਹੈ?' ਦੇ ਪੱਖ 'ਤੇ ਵੀ ਚਰਚਾ ਕੀਤੀ ਹੈ। ਉਸ ਨੇ ਪੰਜਾਬੀਆਂ ਵੱਲੋਂ ਪ੍ਰਦੇਸ਼ ਜਾਣ ਲਈ ਖ਼ਤਰੇ ਸਹੇੜਨ ਦੀ ਰੁਚੀ, ਆਈਲੈਟਸ ਕਲਚਰ, ਬਾਹਰ ਜਾ ਕੇ ਰਾਤੋ-ਰਾਤ ਅਮੀਰ ਬਣਨ ਦੇ ਸੁਪਨੇ ਅਤੇ ਇਨ੍ਹਾਂ ਰੁਝਾਨਾਂ ਦੇ ਮੱਦੇਨਜ਼ਰ ਗਲਤ ਪੈਦਾ ਹੋ ਰਹੇ ਹਾਲਾਤ ਲਈ ਸਰਕਾਰਾਂ ਨੂੰ ਵੀ ਦੋਸ਼ੀ ਠਹਿਰਾਇਆ ਹੈ ਕਿ ਉਨ੍ਹਾਂ ਨੇ ਅਜਿਹੇ ਹਾਲਾਤ ਨੂੰ ਠੱਲ੍ਹ ਪਾਉਣ ਲਈ ਕੋਈ ਯੋਗ ਯਤਨ ਨਹੀਂ ਕੀਤੇ। ਡਾ. ਸ਼ਿਆਮ ਸੁੰਦਰ ਦੀਪਤੀ ਨੇ 'ਪੰਜਾਬ ਦੀ ਜਵਾਨੀ ਨੂੰ ਬਰਬਾਦ ਕਰ ਰਿਹਾ ਚਿੱਟਾ ਸਭਿਆਚਾਰ' ਵਿਚ ਇਕ ਗੱਲ ਬਹੁਤ ਵਧੀਆ ਲਿਖੀ ਹੈ ਕਿ 'ਸਭਿਆਚਾਰ ਕੋਈ ਖੜੋਤ ਨਹੀਂ, ਸਗੋਂ ਗਤੀਸ਼ੀਲ ਹੈ।' ਆਪਣੇ ਲੇਖ ਦੇ ਵਿਸ਼ੇ ਨੂੰ ਉਦਾਹਰਨਾਂ ਸਮੇਤ ਸਮੇਟਿਆ ਹੈ ਅਤੇ ਲਿਖਿਆ ਹੈ ਕਿ ਪੰਜਾਬੀ ਜਵਾਨੀ ਨੂੰ ਬਰਬਾਦ ਕਰਨ ਲਈ ਚਿੱਟੇ ਦਾ ਸਹਾਰਾ ਲਿਆ ਗਿਆ ਹੈ ਅਤੇ ਨੌਜਵਾਨ ਪੀੜ੍ਹੀ ਨੂੰ ਪੜ੍ਹਾਈ ਦੇ ਖੇਤਰ ਵਿਚ ਵੀ ਕੋਈ ਸੇਧ ਪ੍ਰਦਾਨ ਨਹੀਂ ਕੀਤੀ ਗਈ। ਡਾ. ਦੀਪਤੀ ਅਨੁਸਾਰ ਬਾਹਰ ਭੇਜਣ ਵਾਲੇ ਏਜੰਟ, ਬਾਂਝਪਨ ਦਾ ਇਲਾਜ ਵਾਲੇ ਸੈਂਟਰ, ਨਸ਼ਾ ਛੁਡਾਊ ਸੈਂਟਰ, ਵਧ ਰਹੇ ਬੁਢਾਪਾ ਘਰ ਵਿਕਾਸ ਦੇ ਸੂਚਕ ਨਹੀਂ, ਵਿਨਾਸ਼ ਵੱਲ ਲੈ ਕੇ ਜਾ ਰਹੇ ਹਨ। ਡਾ. ਹਰਜੋਤ ਕੌਰ ਖਹਿਰਾ ਨੇ 'ਅਜੋਕੀ ਗਾਇਕੀ ਬਨਾਮ ਗੈਂਗਸਟਰ ਕਲਚਰ' ਵਿਸ਼ੇ 'ਤੇ ਵਿਚਾਰ ਪ੍ਰਗਟਾਉਂਦੇ ਹੋਏ ਲਿਖਿਆ ਹੈ ਕਿ ਹਥਿਆਰਾਂ ਦੀ ਮਹਿਮਾ ਕਰਦੇ ਗੀਤ ਸੁਣ ਕੇ 'ਨੌਜਵਾਨ ਅਸਲੀ ਜ਼ਿੰਦਗੀ ਨੂੰ ਭੁੱਲ ਕੇ ਰੀਲ ਲਾਈਫ ਵਿਚ ਰਹਿਣਾ ਸ਼ੁਰੂ ਕਰ ਦਿੰਦੇ ਹਨ।'

ਪੁਸਤਕ ਦੇ ਸੰਪਾਦਕ ਸੁਖਿੰਦਰ ਨੇ 'ਕੈਨੇਡਾ 'ਚ ਪੰਜਾਬੀ ਗੈਂਗਸਟਰ ਸਭਿਆਚਾਰ 'ਤੇ ਵਿਸਤਾਰ ਵਿਚ ਚਰਚਾ ਕੀਤੀ ਹੈ ਅਤੇ ਉਸ ਨੇ ਬਿਨਾਂ ਕਿਸੇ ਡਰ ਤੋਂ ਕੈਨੇਡਾ ਵਿਚ ਪੈਰ ਪਸਾਰ ਚੁੱਕੇ ਗੈਂਗਸਟਰ ਟੋਲਿਆਂ ਦੇ ਨਾਂ ਲਿਖੇ ਹਨ। ਉਸ ਨੂੰ ਆਪਣੇ ਦੇਸ਼ ਵਾਸੀਆਂ ਦੀ ਇਸ ਮਾੜੀ ਰੁਚੀ ਨੂੰ ਭੰਡਿਆ ਹੈ ਕਿ ਉਹ ਜਿੱਥੇ ਵੀ ਜਾਂਦੇ ਹਨ ਆਪਣੀਆਂ ਕੁਝ ਬੁਰੀਆਂ ਆਦਤਾਂ ਨਾਲ ਹੀ ਲੈ ਜਾਂਦੇ ਹਨ। ਉਸ ਦਾ ਇਹ ਵੀ ਮੰਨਣਾ ਹੈ ਕਿ ਕੈਨੇਡਾ ਵਿਚ ਗੈਂਗਸਟਰ ਸਭਿਆਚਾਰ ਕੈਨੇਡਾ ਵਿਚ ਪ੍ਰਚਲਿਤ ਨਸਲਵਾਦ ਦੇ ਵਿਰੋਧ ਵਿਚੋਂ ਹੀ ਪੈਦਾ ਹੋਇਆ ਹੈ। ਸੁਖਿੰਦਰ ਨੇ ਪੰਜਾਬੀ ਗਾਇਕਾਂ 'ਤੇ ਨਿਸ਼ਾਨਾ ਸਾਧਦੇ ਹੋਏ ਲਿਖਿਆ ਹੈ ਕਿ ਵੀਡੀਓ ਦਾ ਖਰਚ ਪੂਰਾ ਕਰਨ ਲਈ ਉਹ ਗੈਂਗਸਟਰਾਂ ਦੇ ਨੇੜੇ ਹੁੰਦੇ ਹਨ ਅਤੇ ਇਸ ਦੇ ਨਾਲ ਹੀ ਖੇਡਾਂ ਦੇ ਖੇਤਰ ਵਿਚ ਵੀ ਖੇਡ ਗੈਂਗਸਟਰਾਂ ਦਾ ਬੋਲ-ਬਾਲਾ ਵਧ ਰਿਹਾ ਹੈ। ਕੈਨੇਡਾ ਦੀ ਲੇਖਿਕਾ ਬਲਬੀਰ ਕੌਰ ਢਿੱਲੋਂ ਨੇ ਆਪਣੇ ਨਿਬੰਧ ਵਿਚ ਕੈਨੇਡਾ ਵਿਚ 'ਆਲਮੀ ਵਿਦਿਆਰਥੀਆਂ ਦੀਆਂ ਹਾਰਟ ਅਟੈਕ ਨਾਲ ਹੋ ਰਹੀਆਂ ਮੌਤਾਂ' 'ਤੇ ਚਰਚਾ ਕਰਦੇ ਲਿਖਿਆ ਹੈ ਕਿ ਕੈਨੇਡਾ ਵਿਚ ਮਿਲਦੇ ਨਸ਼ਿਆਂ ਵਿਚ ਮਿਲਾਵਟ ਹੁੰਦੀ ਹੈ। ਉਸ ਨੇ ਬੱਚਿਆਂ ਦੇ ਮਾਤਾ-ਪਿਤਾ ਦਾ ਮਾਰਗ ਦਰਸ਼ਨ ਕਰਦੇ ਹੋਏ ਵਿਚਾਰ ਪ੍ਰਗਟਾਇਆ ਹੈ ਕਿ ਛੋਟੀ ਉਮਰ ਦੇ ਬੱਚਿਆਂ ਨੂੰ ਬਾਹਰਲੇ ਮੁਲਕਾਂ ਵਿਚ ਨਹੀਂ ਭੇਜਣਾ ਚਾਹੀਦਾ। ਅਜੋਕੇ ਪੰਜਾਬੀ ਗੀਤਾਂ ਵਾਲੇ ਕਿਰਦਾਰ ਵੀ ਨੌਜਵਾਨਾਂ ਦੇ ਰੋਲ ਮਾਡਲ ਬਣ ਜਾਂਦੇ ਹਨ। ਉਸ ਅਨੁਸਾਰ ਅਜੋਕੀ ਪੰਜਾਬੀ ਗਾਇਕੀ ਕਲਾ ਨਹੀਂ, ਪੈਸੇ ਕਮਾਉਣ ਦਾ ਸਾਧਨ ਬਣ ਗਈ ਹੈ।


ਗੁਰਮੀਤ ਸਿੰਘ ਸਿੰਗਲ ਨੇ ਬਾਹਰਲੇ ਮੁਲਕਾਂ ਵਿਚ ਜਾਣ ਲਈ 35-35 ਲੱਖ ਵਿਚ ਵਿਕਦੀਆਂ ਲੜਕੀਆਂ ਦੇ ਚਲਣ 'ਤੇ ਚਰਚਾ ਕਰਦੇ ਲਿਖਿਆ ਹੈ ਕਿ "ਜਹਾਜ਼ ਭਰ-ਭਰ ਬਾਹਰ ਇਵੇਂ ਜਾ ਰਹੇ ਹਨ ਜਿਵੇਂ ਛਪਾਰ ਦਾ ਮੇਲਾ ਦੇਖਣ ਜਾ ਰਹੇ ਹੋਣ।" ਸੁਰਜੀਤ ਸਿੰਘ ਫਲੋਰਾ ਦਾ ਵਿਚਾਰ ਹੈ ਕਿ ਪੰਜਾਬ ਤੋਂ ਆਏ ਮੁਢਲੇ ਪਰਵਾਸੀਆਂ ਨੇ ਆਪਣਾ ਸਭਿਆਚਾਰ ਬਚਾ ਕੇ ਰੱਖਿਆ, ਪਰ ਅੱਜ-ਕੱਲ੍ਹ ਕੁਝ ਪੰਜਾਬੀ ਗਲਤ ਸਭਿਆਚਾਰ ਲੈ ਕੇ ਆ ਰਹੇ ਹਨ। ਕੈਨੇਡਾ ਦੇ ਬਰੈਂਪਟਨ ਸ਼ਹਿਰ ਦੀ ਗੱਲ ਕਰਦੇ ਉਹ ਲਿਖਦਾ ਹੈ ਕਿ ਉਥੇ ਇਕ ਵੱਖਰਾ 'ਸਥਾਨ' ਬਣ ਗਿਆ ਹੈ, ਬਸ ਵੱਖਰੀ ਸਰਕਾਰ ਦਾ ਐਲਾਨ ਬਾਕੀ ਹੈ।

ਪ੍ਰਸਿੱਧ ਸਾਹਿਤਕਾਰ ਅਤੇ ਆਲੋਚਕ ਨਿਰੰਜਣ ਬੋਹਾ ਨੇ ਆਪਣੇ ਪਰਚੇ 'ਸਭਿਆਚਾਰ ਦੇ ਓਹਲੇ ਲੁਕਿਆ ਸਭਿਆਚਾਰ 'ਵਿਚ ਲਿਖਿਆ ਹੈ, 'ਸਭਿਆਚਾਰ ਮਨੁੱਖੀ ਸਮਾਜ ਨੂੰ ਸਭਿਅਕ, ਸਲੀਕੇਦਾਰ ਤੇ ਆਚਰਨ ਪੱਖੋਂ ਮਿਸਾਲੀ ਬਣਾਉਣ ਦੀਆਂ ਕੋਸ਼ਿਸ਼ਾਂ ਦਾ ਹੀ ਪ੍ਰਤੀਫ਼ਲ ਹੈ। ਤਤਕਾਲੀਨ ਸਮਾਜਿਕ, ਮਾਨਸਿਕ ਤੇ ਆਰਥਿਕ ਲੋੜਾਂ ਅਨੁਸਾਰ ਸਭਿਆਚਾਰ ਦੀਆਂ ਰਹੁ ਰੀਤਾਂ ਤੇ ਵਿਚਾਰਕ ਧਾਰਨਾਵਾਂ ਵਿਚ ਤਬਦੀਲੀ ਆਉਂਦੀ ਰਹਿੰਦੀ ਹੈ।' ਵਰਤਮਾਨ ਸਮੇਂ ਦੇ ਸਭਿਆਚਾਰ ਵਿਚ ਆਏ ਮਾੜੇ ਵਿਗਾੜ ਸੰਬੰਧੀ ਵੀ ਉਨ੍ਹਾਂ ਦੇ ਵਿਚਾਰ ਬੜੇ ਸਪੱਸ਼ਟ ਹਨ, 'ਸਭਿਆਚਾਰ ਦੇ ਓਹਲੇ ਖੜ੍ਹੇ ਅਸਭਿਆਚਾਰ ਨੂੰ ਪਛਾਣ ਕੇ ਵਿਗਾੜ ਦੀ ਗਤੀ ਨੂੰ ਮੱਠਾ ਜ਼ਰੂਰ ਕਰ ਸਕਦੇ ਹਾਂ।' ਬੋਹਾ ਨੇ ਆਪਣੇ ਵਿਚਾਰਾਂ ਨੂੰ ਬੜੇ ਸਲੀਕੇ ਨਾਲ ਪੇਸ਼ ਕੀਤਾ ਹੈ ਜੋ ਪਾਠਕਾਂ ਨੂੰ ਪ੍ਰਭਾਵਿਤ ਕਰਨ ਵਾਲੇ ਹਨ। ਅੰਤ ਵਿਚ ਆਪਣੇ ਵਿਚਾਰਾਂ ਨੂੰ ਸੁਚੱਜੇ ਢੰਗ ਨਾਲ ਸਮੇਟਦੇ ਹੋਏ ਲਿਖਿਆ ਹੈ, 'ਆਪਣੇ ਸਭਿਆਚਾਰ ਦੀ ਨਵੇਂ ਸਿਰੇ ਤੋਂ ਉਸਾਰੀ ਕਰਨ ਦੇ ਯਤਨ ਕਰਨੇ ਚਾਹੀਦੇ ਹਨ।' ਆਸਟਰੇਲੀਆ ਦੇ ਵਸਨੀਕ ਡਾ. ਅਮਰਜੀਤ ਟਾਂਡਾ ਨੇ 'ਪੰਜਾਬੀ ਸਾਹਿਤ 'ਚ ਅਸਾਹਿਤਕ ਪਹਿਰਾਵੇ' ਨੂੰ ਕਾਵਿਕ ਸ਼ੈਲੀ ਵਿਚ ਪੇਸ਼ ਕੀਤਾ ਹੈ। ਛੋਟੇ-ਛੋਟੇ ਵਾਕਾਂ ਨਾਲ ਵਿਚਾਰਾਂ ਨੂੰ ਵਧੀਆ ਢੰਗ ਨਾਲ ਪ੍ਰਗਟਾਇਆ ਹੈ ਜੋ ਪਾਠਕਾਂ ਨੂੰ ਟੁੰਬਦੇ ਵੀ ਹਨ। ਜਿਵੇਂ: ਅੱਜ-ਕੱਲ੍ਹ ਕਾਰੋਬਾਰੀ ਅਸਾਹਿਤਕਾਰਾਂ ਵੱਲੋਂ ਡਾਲਰਾਂ ਨਾਲ ਦੇਸ਼-ਵਿਦੇਸ਼ ਵਿਚ ਸਨਮਾਨ ਕਰਵਾਏ ਜਾ ਰਹੇ ਹਨ; ਕੀ ਫਾਇਦਾ ਅਜਿਹੀਆਂ ਅਸਾਹਿਤਕ ਮਿਲਣੀਆਂ ਦਾ, ਜਿੱਥੇ ਸਾਰਥਕ ਨਤੀਜੇ ਨਾ ਨਿਕਲਣ...; ਦੋ ਡਾਇਲਾਗ, ਚਾਰ ਸਤਰਾਂ, ਦੋ ਪਹਿਰੇ ਕਈ ਵਾਰ ਲਿਖਤ ਨੂੰ ਜਾਨ ਬਖ਼ਸ਼ ਦਿੰਦੇ ਹਨ, ਲੇਖਕ ਦਾ ਨਾਂ ਵੀ ਕਰ ਦਿੰਦੇ ਹਨ ਆਦਿ। ਡਾ. ਅਮਰਜੀਤ ਨੇ ਫੇਸਬੁੱਕ ਅਸਾਹਿਤਕਤਾ ਦਾ ਵੀ ਜ਼ਿਕਰ ਕੀਤਾ ਹੈ। ਹਰਪ੍ਰੀਤ ਕੌਰ ਨੇ 'ਪੰਜਾਬੀ ਸਾਹਿਤਕ-ਸਭਿਆਚਾਰਕ ਦਾ ਨਿਘਾਰ' ਵਿਚ ਲਿਖਿਆ ਹੈ, "ਵਿਸ਼ਵੀਕਰਨ ਉੱਤਰ-ਆਧੁਨਿਕਤਾ ਦੀ ਲੋਕਾਂ ਵਿਚ ਅਧੂਰੀ ਸਮਝ ਹੈ।" ਦਰਸ਼ਨ ਸਿੰਘ ਦਰਸ਼ੀ ਨੇ ਪੰਜਾਬੀ ਵਿਦਿਅਕ ਸਭਿਆਚਾਰ 'ਚ ਆ ਰਹੇ ਨਿਘਾਰ 'ਤੇ ਚਰਚਾ ਕੀਤੀ ਹੈ। ਮਰਹੂਮ ਸਾਹਿਤਕਾਰ ਕੇਹਰ ਸ਼ਰੀਫ਼ ਨੇ ਆਪਣੇ ਨਿਬੰਧ 'ਪਰਵਾਸ-ਆਵਾਸ ਦਾ ਯੂਰਪੀ ਪੰਜਾਬੀ ਸਾਹਿਤ ਅਤੇ ਅਗਲੀ ਪੀੜ੍ਹੀ' ਵਿਚ ਇਕ ਬਹੁਤ ਹੀ ਮਹੱਤਵਪੂਰਨ ਨੁਕਤੇ 'ਤੇ ਗੱਲ ਕੀਤੀ ਹੈ ਕਿ ਯੂਰਪ ਵਿਚ ਸਾਹਿਤਕ ਸਿਰਜਣਾ ਦੇ ਮੁਕਾਬਲੇ ਸਾਹਿਤਕ ਆਲੋਚਨਾ ਦੀ ਘਾਟ ਰਹੀ ਹੈ। ਇਸ ਲਈ 'ਦੇਸੀ ਪਰਵਚਨਾਂ' ਦੇ ਆਸਰੇ ਬੁੱਤਾ ਸਾਰ ਰਹੇ ਹਨ। ਉਨ੍ਹਾਂ ਨੇ ਯੂਰਪ ਦੇ ਕੁਝ ਪ੍ਰਸਿੱਧ ਪੰਜਾਬੀ ਲੇਖਕਾਂ ਅਤੇ ਉਨ੍ਹਾਂ ਦੀਆਂ ਰਚਨਾਵਾਂ ਦਾ ਜ਼ਿਕਰ ਵੀ ਕੀਤਾ ਹੈ। ਉਨ੍ਹਾਂ ਨੇ ਇਕ ਹੋਰ ਭਾਵਪੂਰਤ ਕਥਨ ਵੀ ਲਿਖਿਆ ਹੈ, "ਸਾਹਿਤ ਲਿਖਿਆ ਤਾਂ ਵਰਤਮਾਨ ਵਿਚ ਜਾਂਦਾ ਹੈ, ਪਰ ਉਹ ਬੀਤ ਗਈ ਅਤੇ ਆਉਣ ਵਾਲੀ ਪੀੜ੍ਹੀ ਵਿਚਕਾਰ ਪੁਲ ਹੁੰਦਾ ਹੈ।"

ਵਿਸ਼ਵ ਪੰਜਾਬੀ ਕਾਨਫਰੰਸਾਂ ਸੰਬੰਧੀ ਵੀ ਕੁਝ ਲੇਖਕਾਂ (ਸਲੀਮ ਪਾਸ਼ਾ, ਮਲਵਿੰਦਰ, ਹਜ਼ਰਤ ਸ਼ਾਮ) ਨੇ ਚਰਚਾ ਕੀਤੀ ਹੈ। ਮਲਵਿੰਦਰ ਨੇ ਸੰਖੇਪਤਾ ਦਾ ਸਹਾਰਾ ਲੈਂਦਿਆਂ ਵੀ ਪਹਿਲੀ ਆਲਮੀ ਕਾਨਫਰੰਸ ਤੋਂ ਹੁਣ ਤੱਕ ਦੀਆਂ ਕਾਨਫਰੰਸਾਂ ਵਿਚ ਆ ਰਹੇ ਨਿਘਾਰ ਨੂੰ ਬਿਆਨਿਆ ਹੈ ਅਤੇ ਇਕ ਕਾਨਫਰੰਸ ਵਿਚ ਭੀੜ ਵਧਾਉਣ ਲਈ ਸਕੂਲ ਦੇ ਬੱਚਿਆਂ ਅਤੇ ਟੂਰਿਸਟ ਵੀਜ਼ੇ 'ਤੇ ਆਏ ਲੋਕਾਂ ਨੂੰ ਸਰੋਤੇ ਬਣਾਉਣ ਦੀ ਗੱਲ ਕੀਤੀ ਹੈ। ਉਸ ਮੁਤਾਬਕ ਅਜਿਹੀਆਂ ਕਾਨਫਰੰਸਾਂ 'ਮੌਜ ਮੇਲਾ' ਹੀ ਹੁੰਦੀਆਂ ਹਨ ਜਿਥੇ 'ਗਲਾਸੀ ਸਭਿਆਚਾਰ' ਜ਼ਿਆਦਾ ਭਾਰੂ ਰਹਿੰਦਾ ਹੈ। ਹਜ਼ਰਤ ਸ਼ਾਮ ਨੇ ਤਾਂ ਇਨ੍ਹਾਂ ਲਈ 'ਧੰਦਾ' ਸ਼ਬਦ ਵਰਤਿਆ ਹੈ ਅਤੇ ਵਿਚਾਰ ਪੇਸ਼ ਕੀਤਾ ਹੈ ਕਿ ਵੀਜ਼ੇ ਵੇਚਣ ਵਾਲੀ ਪ੍ਰੰਪਰਾ ਨੂੰ ਖਤਮ ਕਰਨ ਦੀ ਲੋੜ ਹੈ ਅਤੇ ਇਨ੍ਹਾਂ ਆਲਮੀ ਕਾਨਫਰੰਸਾਂ ਦਾ ਬਦਲ ਲੱਭਣਾ ਚਾਹੀਦਾ ਹੈ। ਅਮਨਦੀਪ ਹਾਂਸ ਦੇ ਨਿਬੰਧ ਦੀ ਸ਼ੈਲੀ ਬਹੁਤ ਵਧੀਆ ਹੈ।

ਉਪਰੋਕਤ ਤੋਂ ਇਲਾਵਾ ਪੂਰਨ ਸਿੰਘ ਪਾਂਧੀ, ਅਮਰਜੀਤ ਕੌਰ ਪੰਛੀ, ਡਾ. ਮਨਪ੍ਰੀਤ ਕੌਰ ਧਾਲੀਵਾਲ, ਰਾਬਿੰਦਰ ਸਿੰਘ ਰੱਬੀ, ਡਾ. ਪਵਨ ਸ਼ਰਮਾ, ਬਲਬੀਰ ਕੌਰ, ਮਨਦੀਪ ਸਿੰਘ ਗਿੱਲ, ਸੁਖਮਿੰਦਰ ਸੇਖੋਂ ਅਤੇ ਕੁਝ ਹੋਰ ਵਿਦਵਾਨਾਂ ਦੇ ਲੇਖ ਵੀ ਸ਼ਾਮਲ ਹਨ। ਸੁਖਮਿੰਦਰ ਸੇਖੋਂ ਇਕ ਵਧੀਆ ਵਿਅੰਗਕਾਰ ਹੈ। ਉਸ ਦੀ ਇਹ ਵਧੀਆ ਰਚਨਾ ਕਿਸੇ ਵਿਅੰਗਮਈ ਪੁਸਤਕ ਦਾ ਸ਼ਿੰਗਾਰ ਬਣਨ ਯੋਗ ਹੈ। ਇਸ ਪੁਸਤਕ ਦਾ ਸਾਰਿਆਂ ਨਾਲੋਂ ਵੱਖਰਾ ਲੇਖ 'ਲੋਕ ਗੀਤਾਂ 'ਚ ਅਮਰੀਕੀ ਪੰਜਾਬੀ ਸਭਿਆਚਾਰ' (ਲਾਜ ਨੀਲਮ ਸੈਣੀ, ਅਮਰੀਕਾ) ਦਾ ਹਵਾਲਾ ਦੇਣਾ ਵੀ ਬਣਦਾ ਹੈ। ਉਸ ਨੇ ਅਮਰੀਕੀ ਹਾਲਾਤ ਮੁਤਾਬਕ ਉਥੇ ਪ੍ਰਚਲਿਤ ਪੰਜਾਬੀ ਬੋਲੀਆਂ ਦੇ ਰੂਪ ਨੂੰ ਪੇਸ਼ ਕੀਤਾ ਹੈ। ਇਕ ਬੋਲੀ ਹੈ- ਬੱਲੇ ਬੱਲੇ ਬੀ ਡਾਲਰ ਤੂੰ ਬੜਾ ਜੁਗਤੀ/ ਜੱਟ ਚਿੱਠੀਆਂ ਵੰਡਣ 'ਤੇ ਲਾਇਆ।

ਕੁਝ ਗੱਲਾਂ ਸੰਪਾਦਨ ਕਲਾ ਸੰਬੰਧੀ ਵੀ ਕਰਨੀਆਂ ਜ਼ਰੂਰੀ ਹਨ। ਚਾਲੀ ਲੇਖਕਾਂ ਦੇ ਲੇਖਾਂ ਨੂੰ ਇਕ ਪੁਸਤਕ ਵਿਚ ਇਕੱਠਾ ਕਰਨਾ ਆਸਾਨ ਕਾਰਜ ਨਹੀਂ। ਬਹੁਤੇ ਲੇਖਾਂ ਦੀ ਚੋਣ ਸੁਖਿੰਦਰ ਨੇ ਸੁਚੱਜਤਾ ਨਾਲ ਕੀਤੀ ਹੈ, ਪਰ ਮੇਰੇ ਵਿਚਾਰ ਅਨੁਸਾਰ ਜੇ ਇਨ੍ਹਾਂ ਚਾਲੀ ਨਿਬੰਧਾਂ ਵਿਚੋਂ ਘੱਟੋ-ਘੱਟ ਦਸ ਕੁ ਲੇਖਾਂ ਦੀ ਛਾਂਟੀ ਕੀਤੀ ਜਾਂਦੀ ਤਾਂ ਇਹ ਪੁਸਤਕ ਜ਼ਿਆਦਾ ਵਧੀਆ ਬਣ ਜਾਂਦੀ। ਇਹ ਜ਼ਰੂਰੀ ਨਹੀਂ ਹੁੰਦਾ ਕਿ ਜਿਹੜੀ ਵੀ ਰਚਨਾ ਆਈ ਹੈ, ਉਸ ਨੂੰ ਕਿਤਾਬ ਵਿਚ ਸ਼ਾਮਲ ਕਰਨਾ ਹੀ ਹੈ। ਸੰਪਾਦਕ ਨੇ ਇਹ ਦੇਖਣਾ ਹੁੰਦਾ ਹੈ ਕਿ ਸਾਰੀਆਂ ਰਚਨਾਵਾਂ ਦੇ ਮਿਆਰ ਵਿਚ ਜ਼ਮੀਨ ਅਸਮਾਨ ਦਾ ਫਰਕ ਨਹੀਂ ਹੋਣਾ ਚਾਹੀਦਾ। ਪ੍ਰਸਤੁਤ ਪੁਸਤਕ ਦਾ ਸਿਰਲੇਖ 'ਪੰਜਾਬੀ ਸਾਹਿਤ ਅਤੇ ਸਭਿਆਚਾਰ' ਹੈ, ਪਰ ਕੁਝ ਲੇਖਾਂ ਦਾ ਸੰਬੰਧ ਵਿਸ਼ੇ ਨਾਲ ਨਹੀਂ। ਇਕ ਲੇਖ ਦੇ ਸਿਰਲੇਖ ਵਿਚ 'ਬੇਫ਼ਾਲਤੂ' ਸ਼ਬਦ ਵਰਤਿਆ ਹੈ ਜਦ ਕਿ ਫਾਲਤੂ ਸ਼ਬਦ ਆਪਣੇ ਆਪ ਵਿਚ ਹੀ ਨਾਂਹ-ਵਾਚੀ ਹੈ। ਇਨ੍ਹਾਂ ਇਕ ਦੋ ਘਾਟਾਂ ਤੋਂ ਇਲਾਵਾ ਪ੍ਰਸਤੁਤ ਪੁਸਤਕ ਪੜ੍ਹਨ ਯੋਗ ਪੁਸਤਕਾਂ ਦੀ ਫ਼ਹਿਰਿਸਤ ਵਿਚ ਸ਼ਾਮਲ ਕੀਤੀ ਜਾ ਸਕਦੀ ਹੈ। ਸਪਤਰਿਸ਼ੀ ਪਬਲੀਕੇਸ਼ਨ ਵੱਲੋਂ 200 ਪੰਨਿਆਂ ਦੀ ਇਸ ਪੁਸਤਕ ਦਾ ਮੁੱਲ 200 ਰੁਪਏ ਬਹੁਤ ਹੀ ਵਾਜਿਬ ਹੈ। ਪੁਸਤਕ ਦਾ ਸਰਵਰਕ ਵੀ ਕਲਾਤਮਕ ਹੈ।




### ਚੰਗਾ-ਮਾੜਾ

ਗੱਲ ਅਕਲ ਦੀ ਮੂਰਖ ਬੰਦੇ ਨੂੰ ਸਮਝਾਈਏ ਨਾ।
ਮਾਰ ਮਾਰ ਕੇ ਗੱਪਾਂ ਤਾਰੇ ਅੰਬਰੋਂ ਲਾਹੀਏ ਨਾ।

ਪਿੰਡ ਦੇ ਵਿਚ ਗੁਆਂਢ ਕਿਸੇ ਦੇ ਸੋਗ ਪਿਆ ਹੋਵੇ,
ਘਰ ਆਪਣੇ ਵਿੱਚ ਉੱਚੀ-ਉੱਚੀ ਰੌਲਾ ਪਾਈਏ ਨਾ।

ਪੂਰੀ ਖਾਣ ਦੇ ਨਾਲੋਂ ਅੱਧੀ ਖਾ ਕੇ ਜੀਅ ਲਈਏ,
ਧੱਕੇ ਦੇ ਨਾਲ ਹੱਕ ਪਰਾਇਆ ਕਦੇ ਵੀ ਖਾਈਏ ਨਾ।

ਜਿਹੜੇ ਰਾਹ ਦੇ ਵਿਚ ਟਿਕਾਣਾ ਹੋਵੇ ਦੁਸ਼ਮਣ ਦਾ,
ਰਾਤ ਬਰਾਤੇ ਭੁੱਲ ਕੇ ਵੀ ਉਸ ਰਸਤੇ ਜਾਈਏ ਨਾ।

ਚੰਗਾ-ਮਾੜਾ ਵਕਤ ਤਾਂ ਆਉਂਦਾ ਰਹਿੰਦਾ ਬੰਦੇ 'ਤੇ,
ਨਿੱਕੀ-ਮੋਟੀ ਗੱਲ ਕਦੇ ਵੀ ਦਿਲ 'ਤੇ ਲਾਈਏ ਨਾ।

ਸੱਚਾ-ਸੁੱਚਾ ਰੱਖੀਦਾ ਕਿਰਦਾਰ ਹਮੇਸ਼ਾ ਹੀ,
ਨਿੰਦਿਆ-ਚੁਗਲੀ ਵਾਲੇ ਪਾਸੇ ਕਦੇ ਵੀ ਜਾਈਏ ਨਾ।

'ਨਾਗਰਾ' ਇੱਜ਼ਤ ਦਿਓ ਹਮੇਸ਼ਾ ਛੋਟੇ ਵੱਡੇ ਨੂੰ,
ਮਾੜਾ ਸਮਝ ਕੇ ਮਾੜੇ ਬੰਦੇ ਨੂੰ ਦਬਕਾਈਏ ਨਾ।

***-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ'***
***ਫੋਨ: +1-360-448-1989***

# ਮੇਰਾ ਵੀ ਕੁਝ ਲੱਗਦਾ ਸੀ ਅਮੋਲਕ

***'ਪੰਜਾਬ ਟਾਈਮਜ਼' ਦੇ ਬਾਨੀ ਸੰਪਾਦਕ ਅਮੋਲਕ ਸਿੰਘ ਦੇ ਦੋਸਤਾਂ-ਮਿੱਤਰਾਂ ਅਤੇ ਸੰਗੀ-ਸਾਥੀਆਂ ਦਾ ਘੇਰਾ ਬੜਾ ਵਸੀਹ ਸੀ। 'ਪੰਜਾਬੀ ਟ੍ਰਿਬਿਊਨ' ਜਿੱਥੇ ਉਨ੍ਹਾਂ ਲੰਮਾ ਸਮਾਂ ਕੰਮ ਕੀਤਾ ਅਤੇ ਪੱਤਰਕਾਰੀ ਦੇ ਖੇਤਰ ਵਿਚ ਆਪਣੀ ਥਾਂ ਬਣਾਈ, ਨਾਲ ਜੁੜੇ ਸਾਥੀਆਂ ਵੱਲੋਂ ਮੁਹੱਬਤ ਦੇ ਪੈਗਾਮ ਹਜ਼ਾਰਾਂ ਮੀਲਾਂ ਦੀ ਦੂਰੀ ਤੈਅ ਕਰ ਕੇ ਅਕਸਰ ਸਾਡੇ ਤੱਕ ਪੁੱਜਦੇ ਰਹਿੰਦੇ ਹਨ। ਅਜਿਹੇ ਹੀ ਇਕ ਕੰਮ-ਸਾਥੀ, ਦੋਸਤ ਅਤੇ ਉਘੇ ਗੀਤਕਾਰ ਸ਼ਮਸ਼ੇਰ ਸਿੰਘ ਸੰਧੂ ਨੇ ਇਹ ਲੇਖ 'ਪੰਜਾਬ ਟਾਈਮਜ਼' ਦੇ 8 ਜੁਲਾਈ ਨੂੰ ਕਰਵਾਏ ਜਾ ਰਹੇ ਸਮਾਗਮ ਲਈ ਉਚੇਚਾ ਲਿਖਿਆ ਹੈ।***

ਅਮੋਲਕ ਜਦੋਂ ਜਿਉਂਦਾ ਸੀ, ਉਦੋਂ ਹੀ ਮੈਂ ਉਹਦੇ ਬਾਰੇ ਲਿਖਣਾ ਚਾਹੁੰਦਾ ਸੀ। ਇਕ ਵਾਰ ਉਹ ਨੇ ਫੋਨ 'ਤੇ ਕਿਹਾ- "ਦੇਖ ਲੈ, ਗੁਰਦਿਆਲ ਬੱਲ ਨੇ ਤੇਰੇ ਬਾਰੇ ਲਿਖਿਆ ਲੇਖ ਮੇਰੇ ਅਖ਼ਬਾਰ ਵਿਚ ਦੋ ਵਾਰ ਛਪਵਾ ਲਿਆ। ਮੈਂ ਲੇਖ ਨੂੰ ਕਾਂਟ-ਛਾਂਟ ਕਰ ਕੇ ਛਾਪ ਦਿਤਾ ਸੀ। ਬੱਲ ਗੁੱਸਾ ਕਰ ਗਿਆ। ਫੇਰ ਮੇਰੇ ਗਲ ਹੀ ਪੈ ਗਿਆ; ਅਖੇ, ਪੂਰੇ ਦਾ ਪੂਰਾ ਛਾਪ। ਤੀਹ-ਪੈਂਤੀ ਸਫ਼ਿਆਂ ਦਾ ਲੇਖ ਮੈਨੂੰ ਦੋ ਤਿੰਨ ਕਿਸ਼ਤਾਂ ਵਿਚ ਛਾਪਣਾ ਪਿਆ। ਹੁਣ ਮੇਰਾ ਹੱਕ ਬਣਦੈ ਸੰਧੂਆ ਕਿ ਤੂੰ ਮੇਰੇ ਬਾਰੇ ਲੇਖ ਲਿਖ।" ਬੜਾ ਪਛਤਾਵਾ ਹੋਇਆ ਕਿ ਮੈਂ ਉਦੋਂ ਵੀ ਨਾ ਲਿਖ



**ਸ਼ਮਸ਼ੇਰ ਸਿੰਘ ਸੰਧੂ**
**ਫੋਨ: 98763-12860**

ਸਕਿਆ। ਅਮੋਲਕ ਦੇ ਜਾਣ 'ਤੇ ਵੀ ਨਾ ਲਿਖਿਆ ਤੇ ਫੇਰ ਉਹਦੇ ਬਾਰੇ ਜਦੋਂ ਕਿਤਾਬ ਛਪੀ ਤਾਂ ਅਫ਼ਸੋਸ ਹੋਇਆ ਕਿ ਇਸ ਵਿਚ ਮੇਰੀ ਲਿਖਤ ਕਿਉਂ ਨਹੀਂ ਸ਼ਾਮਲ। ਹੁਣ ਜਦੋਂ ਗੁਰਭਜਨ ਗਿੱਲ ਦਾ ਲੇਖ ਪੜ੍ਹ ਕੇ ਜਸਵੀਰ ਸਮਰ ਨੂੰ ਭੇਜਿਆ ਤਾਂ ਉਹਨੇ ਆਖਿਆ, "ਔਖਾ ਹੋ ਕੇ ਲਿਖ, ਸੌਖਾ ਹੋ ਕੇ ਲਿਖ ਪਰ ਅਮੋਲਕ ਬਾਰੇ ਜ਼ਰੂਰ ਲਿਖ।" ਹਾਲਾਂਕਿ ਮੇਰੇ ਲਿਖਣ ਨਾਲ ਕਿਹੜਾ ਅਮੋਲਕ ਨੇ ਮੁੜ ਆਉਣਾ ਪਰ ਅਜਿਹੀ ਸੋਚ ਵਿਚ ਜੇਕਰ ਗੋਤੇ ਖਾਂਦਾ ਰਿਹਾ ਤਾਂ ਵੀ ਵਧੀਆ ਗੱਲ ਨਹੀਂ...। ਖੈਰ...!

ਜਦੋਂ ਮੈਂ 'ਪੰਜਾਬੀ ਟ੍ਰਿਬਿਊਨ' ਵਿਚ ਸਬ-ਐਡੀਟਰ ਵਜੋਂ ਨੌਕਰੀ ਸ਼ੁਰੂ ਕੀਤੀ ਤਾਂ ਚੰਡੀਗੜ੍ਹ ਮੇਰੇ ਲਈ ਬਹੁਤ ਓਪਰਾ ਓਪਰਾ ਸੀ। ਹਾਲਾਂਕਿ ਅਮੋਲਕ ਉਦੋਂ ਮੇਰੇ ਬਹੁਤ ਨੇੜੇ ਨਹੀਂ ਸੀ ਪਰ ਉਸ ਭਲੇ ਬੰਦੇ ਨੇ ਕਿਹਾ, "ਜਦੋਂ ਤੱਕ ਤੈਨੂੰ ਕਿਰਾਏ ਦਾ ਕਮਰਾ ਨਹੀਂ ਲੱਭਦਾ, ਤੂੰ ਯੂਨੀਵਰਸਿਟੀ ਮੇਰੇ ਕੋਲ ਹੋਸਟਲ ਵਿਚ ਰਹਿ ਲੈ।" ਇਹ ਮੇਰੇ ਲਈ ਬੜਾ ਵੱਡਾ ਆਸਰਾ ਸੀ। ਮੈਂ 16 ਦਿਨ ਉਹਦੇ ਕੋਲ ਹੋਸਟਲ ਵਿਚ ਹੀ ਨਹੀਂ ਰਿਹਾ ਸਗੋਂ ਦੋ ਵੇਲੇ ਦੀ ਰੋਟੀ ਵੀ ਉਹਦੇ ਹੋਸਟਲ ਦੀ ਮੈੱਸ ਵਿਚੋਂ ਖਾਂਦਾ ਰਿਹਾ ਤੇ ਚਾਹ ਵੀ ਉਹੀ ਪਿਆਉਂਦਾ ਰਿਹਾ। ਏਨੇ ਨਾਲ ਚੰਡੀਗੜ੍ਹ ਦਾ ਓਪਰਾਪਣ ਮੇਰੇ ਅੰਦਰੋਂ ਨਿਕਲ ਗਿਆ। ਇਹ ਤਾਂ ਬਾਅਦ ਵਿਚ ਪਤਾ ਲੱਗਾ ਕਿ ਜਿਸ ਸਬ-ਐਡੀਟਰੀ ਲਈ ਮੈਂ ਰੱਖਿਆ ਗਿਆ, ਉਹਦੇ ਲਈ ਹੀ ਅਮੋਲਕ ਪੂਰੇ ਯਤਨ ਕਰਦਾ ਰਿਹਾ ਪਰ ਉਹ ਸਿਲੈਕਟ ਨਾ ਹੋਇਆ। ਕਿੰਨਾ ਖੁੱਲ੍ਹੇ ਦਿਲ ਦਾ ਸੀ ਅਮੋਲਕ। ਮੈਂ ਸਬ-ਐਡੀਟਰ ਬਣ ਗਿਆ ਕਿਉਂਕਿ ਮੇਰੀ ਸਿਫਾਰਸ਼ ਦੋ ਵੱਡੇ ਬੰਦਿਆਂ ਨੇ ਕੀਤੀ ਸੀ ਬਰਜਿੰਦਰ ਸਿੰਘ ਐਡੀਟਰ ਕੋਲ। ਇਕ ਸੀ ਪ੍ਰੋ. ਜਸਵੰਤ ਗਿੱਲ ਤੇ ਦੂਜਾ ਸੀ ਐਡਵੋਕੇਟ ਰਾਜਿੰਦਰ ਸਿੰਘ ਚੀਮਾ। ਯਾਦ ਰਹੇ ਕਿ ਇਹ ਦੋਨੋਂ ਮਹਾਨ ਬੰਦੇ ਮੇਰੇ ਜਿਗਰੀ ਯਾਰ ਗੁਰਭਜਨ ਗਿੱਲ ਦੇ ਖਾਸ ਖਾਸ ਸਨ। ਜਸਵੰਤ ਗਿੱਲ ਉਹਦਾ ਵੱਡਾ ਭਰਾ ਸੀ ਜੋ ਹੁਣ ਅਸਟਰੇਲੀਆ ਰਹਿੰਦਾ ਤੇ ਰਾਜਿੰਦਰ ਚੀਮਾ ਹਾਈਕੋਰਟ ਵਿਚ ਬਹੁਤ ਵੱਡਾ ਵਕੀਲ ਹੈ ਜੋ ਗੁਰਭਜਨ ਦਾ ਭਾਣਜਾ ਲੱਗਦਾ।

ਜਦੋਂ ਅਮੋਲਕ ਪਰੂਫ ਰੀਡਰ ਤੋਂ ਸਬ-ਐਡੀਟਰ ਬਣ ਗਿਆ ਤਾਂ ਸਾਡੇ ਨਿੱਤ ਛੇ-ਛੇ ਘੰਟੇ ਗੁਜ਼ਰਦੇ। ਫੇਰ ਦੋਸਤੀ ਗੂੜ੍ਹੀ ਹੁੰਦੀ ਗਈ। ਨਿਊਜ਼ ਰੂਮ ਵਿਚ ਅਸੀਂ ਚੁੰਝ ਚਰਚਾ, ਚੁਗਲੀਆਂ ਤੇ ਕਿਰਚ-ਕਿਰਚ ਖੂਬ ਕਰਦੇ। ਨਾਲ-ਨਾਲ ਬੈਠ ਕੇ ਖ਼ਬਰਾਂ ਬਣਾਉਂਦਿਆਂ ਮੈਂ ਰੱਦੀ ਕਾਗਜ਼ ਤਰੋੜ-ਮਰੋੜ ਕੇ ਉਹਦੀ ਟੋਕਰੀ ਵਿਚ ਪਾਏ ਤਾਂ ਉਹ ਛਟਪਟਾਇਆ, "ਤੂੰ ਆਵਦੀ ਟੋਕਰੀ 'ਚ ਕਿਉਂ ਨਹੀਂ ਸੁੱਟਦਾ?" ਮੈਂ ਹੱਸ ਕੇ ਜਵਾਬ ਦਿੱਤਾ, "ਜਾਣ ਬੁੱਝ ਕੇ ਇੰਝ ਕੀਤਾ ਤਾਂ ਕਿ ਤੂੰ ਦੁਖੀ ਹੋਵੇਂ।... ਆਦਤਾਂ ਬਦਲ ਲੈ। ਹੁਣ ਤੂੰ ਸਬ-ਐਡੀਟਰ ਬਣ ਗਿਆਂ, ਪ੍ਰਾਇਮਰੀ ਸਕੂਲ ਵਿਚ ਨਹੀਂ ਪੜ੍ਹਦਾ; ਅਖੇ, ਮੇਰੀ ਬੋਰੀ 'ਤੇ ਕਿਉਂ ਬੈਠਦਾਂ, ਮਾਸਟਰ ਦੀ ਕੁਰਸੀ ਨੂੰ ਕਿਉਂ ਹੱਥ ਲਗਾਉਨੈਂ; ਅਖੇ, ਮੇਰੀ ਦਵਾਤ 'ਚੋਂ ਕਿਉਂ ਡੋਬਾ ਲੈਨੈਂ।" ਉਹ ਖੂਬ ਹੱਸਿਆ ਤੇ ਉਠ ਕੇ ਮੈਨੂੰ ਜੱਫੀ ਪਾ ਲਈ।

ਉਸ ਨੇ ਨੌਕਰੀ ਦੇ ਨਾਲੋ-ਨਾਲ ਸ਼ੇਅਰ ਬਾਜ਼ਾਰ ਦਾ ਕੰਮ ਵੀ ਆਰੰਭ ਦਿਤਾ। ਇਕ ਵਾਰ ਦਿੱਲੀਓਂ ਸਸਤੀਆਂ ਗੁੱਟ-ਘੜੀਆਂ ਖ਼ਰੀਦ ਲਿਆਇਆ ਤੇ ਹਰੇਕ ਨੂੰ ਕਹਿ-ਕਹਿ ਕੇ 100-100 ਰੁਪਏ ਵਿਚ ਦੇ ਦਿਤੀ। ਕਹਿੰਦਾ, "ਮੈਨੂੰ ਘੜੀ 85-85 ਵਿਚ ਪਈ ਸੀ।" ਫੇਰ ਇਕ ਵਾਰ ਤਾਰੀਖਾਂ ਤੇ ਦਿਨ ਦੱਸਣ ਵਾਲੇ ਪੈਨ ਵੀ ਦਿੱਲੀਓਂ ਲਿਆ ਕੇ ਭੋਰਾ-ਭੋਰਾ ਲਾਭ ਲੈ ਕੇ ਸਾਨੂੰ ਵੇਚ ਦਿੱਤੇ। ਸਕੀਮਾਂ ਵਿਚ ਸਾਡੇ ਵੀ ਪੈਸੇ ਲਗਵਾਏ ਪਰ ਸ਼ੇਅਰ ਬਾਜ਼ਾਰ ਉਹਨੂੰ ਰਾਸ ਨਾ ਆਇਆ ਸਗੋਂ ਕਰਜ਼ਈ ਹੋ ਗਿਆ। ਇਹੋ ਵੱਡਾ ਕਾਰਨ ਸੀ ਕਿ ਕਮਾਈ ਕਰਨ ਲਈ ਨੌਕਰੀ ਛੱਡ ਕੇ ਅਮਰੀਕਾ ਚਲਾ ਗਿਆ।

ਅਮੋਲਕ ਦਾ ਅਖ਼ਬਾਰ 'ਪੰਜਾਬ ਟਾਈਮਜ਼' ਬਹੁਤ ਕਾਮਯਾਬ ਸਾਬਤ ਹੋਇਆ। ਕੈਨੇਡਾ, ਅਮਰੀਕਾ ਵਿਚ ਪੰਜਾਬੀ ਅਖ਼ਬਾਰ ਨਹੀਂ ਵਿਕਦੇ; ਸਟੋਰਾਂ, ਦੁਕਾਨਾਂ, ਪੈਟਰੋਲ ਪੰਪਾਂ ਆਦਿ 'ਤੇ ਢੇਰਾਂ ਦੇ ਢੇਰ ਰੱਖ ਦਿੱਤੇ ਜਾਂਦੇ ਹਨ। ਗਾਹਕ ਮੁਫ਼ਤੋ-ਮੁਫ਼ਤੀ ਚੁੱਕ ਕੇ ਲੈ ਜਾਂਦੇ ਹਨ ਪਰ ਅਮੋਲਕ ਦੇ ਅਖ਼ਬਾਰ ਨੂੰ ਵੱਡੀਆਂ-ਵੱਡੀਆਂ ਫਰਮਾਂ, ਸੰਸਥਾਵਾਂ ਦੇ ਇਸ਼ਤਿਹਾਰ ਵੀ ਮਿਲਦੇ ਸੀ ਤੇ ਚੰਦੇ ਵੀ। ਨਿਊ ਜਰਸੀ ਦੇ ਇਕ ਵੱਡੇ ਗੁਰਦੁਆਰੇ ਵਿਚ ਮੈਂ ਹਰਵਿੰਦਰ ਰਿਆੜ ਨਾਲ ਗਿਆ। ਕਮੇਟੀ ਵਾਲੇ ਕਹਿ ਰਹੇ ਸੀ, "ਅਮੋਲਕ ਸਿੰਘ ਨੇ ਅਖ਼ਬਾਰ ਭੇਜਣਾ ਬੰਦ ਕਰ ਦਿੱਤਾ; ਬਈ ਜਲਦ ਚੰਦਾ ਭੇਜੋ, ਦੋ-ਤਿੰਨ ਸਾਲ ਦਾ ਇਕੱਠਾ ਹੀ ਭੇਜ ਦਿਓ। ਲੋਕ ਵਾਰ-ਵਾਰ ਪੁੱਛ ਰਹੇ ਆ ਕਿ ਅਖ਼ਬਾਰ ਕਿਉਂ ਨਹੀਂ ਲੱਭਦਾ।" ਵੱਡੀ ਗੱਲ ਇਹ ਵੀ ਸੀ ਅਮੋਲਕ ਦੇ ਅਖ਼ਬਾਰ ਵਿਚ ਮੈਟਰ ਦੀ ਵੰਨ-ਸੁਵੰਨਤਾ ਸੀ ਤੇ ਐਧਰੋਂ ਓਧਰੋਂ ਦੀ ਬਜਾਏ ਸੱਜਰਾ, ਮੌਲਿਕ ਮੈਟਰ ਵੀ ਬਹੁਤ ਹੁੰਦਾ ਸੀ। ਸਾਹਿਤਕ, ਸਮਾਜਕ, ਮਨੋਵਿਗਿਆਨਕ, ਰਾਜਨੀਤਕ, ਬ੍ਰਹਿਮੰਡਕ ਤੇ ਫਿਲਮੀ।

ਉਹਦੀ ਬਿਮਾਰੀ ਬੜੀ ਕਸੂਤੀ ਸੀ। ਸਭ ਤੋਂ ਪਹਿਲਾਂ ਉਹਦੀ ਚੀਚੀ ਵਿੰਗੀ ਹੋਈ, ਫੇਰ ਅੰਗ ਸੁੰਗੜਦੇ ਹੀ ਗਏ। ਜਿਵੇਂ 31-30-29-28 ਅਤੇ ਇੰਝ ਹੀ ਜ਼ੀਰੋ ਵੱਲ ਵਧਦਾ ਗਿਆ। ਸਰੀਰ ਝੜਦਾ ਗਿਆ, ਬੱਸ ਝੜਦਾ ਹੀ ਗਿਆ। ਇਕ ਵਾਰ ਫੋਨ 'ਤੇ ਮੈਂ ਸਿਹਤ ਦਾ ਹਾਲ ਪੁੱਛਿਆ ਤਾਂ ਕਹਿੰਦਾ, "ਤੂੰ ਟਾਇਮ ਵੇਸਟ ਨਾ ਕਰ, ਸਰੀਰ ਤਾਂ ਹੁਣ ਏਦਾਂ ਦਾ ਹੀ ਰਹਿਣਾ। ਹੋਰ ਗੱਲਾਂ ਕਰ ਲੈ। ਇਕ ਦਿਨ ਮੇਰੀ ਜੀਭ, ਕੀ ਦੱਸਾਂ, ਤਾਲੂਏ ਨਾਲ ਜੁੜ ਗਈ। ਹੇਠਾਂ ਹੀ ਨਾ ਹੋਵੇ। ਫੇਰ ਡਾਕਟਰ



ਨੇ ਆ ਕੇ ਚਿਮਟੀ ਜਿਹੀ ਨਾਲ ਜੀਭ ਥੱਲੇ ਉਤਾਰੀ।" ਉਹ ਦੱਸਦਾ ਹੁੰਦਾ ਸੀ- "ਰੋਜ਼ਾਨਾ ਡਾਕਟਰ ਆਉਂਦਾ ਆ, ਰੋਜ਼ਾਨਾ ਮਾਲਿਸ਼ ਕਰਦੇ ਆ।" ਉਹਦਾ ਸਰੀਰ ਤਾਂ ਹੱਡੀਆਂ ਦੀ ਮੁੱਠ ਬਣ ਗਿਆ ਸੀ ਪਰ ਉਹਦੀ ਆਵਾਜ਼ ਵਿਚ ਗੂੰਜ ਤੇ ਗੁੜ੍ਹਕਾ, ਹਾਸਾ-ਠੱਠਾ ਖੂਬ ਕਾਇਮ ਸੀ।

ਚੰਡੀਗੜ੍ਹ ਵਿਚ ਸਾਡੀਆਂ ਖੂਬ ਮਹਿਫ਼ਲਾਂ ਲੱਗਦੀਆਂ ਹੁੰਦੀਆਂ ਸੀ। ਅਮੋਲਕ ਜਦੋਂ ਟ੍ਰਿਬਿਊਨ ਕਲੋਨੀ ਵਿਚ ਰਹਿੰਦਾ ਸੀ ਤਾਂ ਉਹਦੀ ਅਨੈਕਸੀ ਵਿਚ ਵੀ ਬੜੀ ਵਾਰ ਅਸੀਂ ਬੈਠੇ। ਅਸੀਂ ਤੋਂ ਭਾਵ ਨਰਿੰਦਰ ਭੁੱਲਰ, ਗੁਰਦਿਆਲ ਬੱਲ, ਡਾ. ਨਾਹਰ ਸਿੰਘ, ਬਲਦੇਵ ਧਾਲੀਵਾਲ, ਰਾਣਾ ਹਰਵਿੰਦਰ ਧਾਲੀਵਾਲ, ਜਗਦੀਸ਼ ਬਾਂਸਲ, ਗੱਜਣਵਾਲਾ ਸੁਖਮਿੰਦਰ ਤੇ ਕਈ ਹੋਰ। ਇਨ੍ਹਾਂ ਵਿਚੋਂ ਰਾਣਾ ਤੇ ਇਕ ਜਣਾ ਹੋਰ ਭਾਵੇਂ ਦਾਰੂ ਨਹੀਂ ਸੀ ਪੀਂਦੇ ਪਰ ਉਠਣ ਵੇਲੇ ਉਨ੍ਹਾਂ ਦੇ ਚਿਹਰੇ ਵੀ ਸਾਡੇ ਵਾਂਗ ਲਾਲੋ-ਲਾਲ ਜਿਹੇ ਹੋਏ ਹੁੰਦੇ ਸੀ।

ਅਮੋਲਕ ਨਾਲ ਇਕ ਹੋਰ ਯਾਦ ਜੁੜੀ ਹੋਈ ਆ। ਪੰਜਾਬੀ ਨਿਊਜ਼ ਰੂਮ ਦੀ 'ਚਰਚਾ' ਕਸੂਤੀ ਹੋਣ ਲੱਗ ਪਈ; ਅਖੇ, ਧਾਂਦਲੀ ਪਈ ਆ, ਸਭ ਮਨਮਰਜ਼ੀਆਂ ਕਰਦੇ ਆ, ਅਲਗਰਜ਼ੀਆਂ ਕਰਦੇ ਆ। ਖ਼ਬਰਾਂ ਵਿਚ ਬੱਲ ਆਪਣੀ ਵਿਚਾਰਧਾਰਾ ਘਸੋੜੀ ਜਾਂਦਾ, ਸੁਰਿੰਦਰ ਸਿੰਘ ਤਾਂ ਸੁਚੇਤ ਬਾਲਾ ਨੂੰ ਹੀ ਖਬਰਾਂ ਤੇ ਫੋਟੋਆਂ ਵਿਚ ਮਹਾਨ ਗਾਇਕਾ ਬਣਾਉਣ 'ਤੇ ਤੁਲਿਆ, ਕਰਮਜੀਤ ਸਿੰਘ ਹਮੇਸ਼ਾ ਖਾਲਿਸਤਾਨੀਆਂ ਦੀਆਂ ਖ਼ਬਰਾਂ ਨੂੰ ਤਰਜੀਹ ਦਿੰਦਾ...। ਉਦੋਂ ਦਲਬੀਰ ਸਿੰਘ ਅਸਿਸਟੈਂਟ ਐਡੀਟਰ ਸੀ। ਸਮਰੱਥ ਤੇ ਦਲੇਰ ਪੱਤਰਕਾਰ ਸੀ। ਐਡੀਟਰ ਨੇ ਉਹਨੂੰ ਨਿਊਜ਼ ਰੂਮ ਵਿਚ ਨਿਊਜ਼ ਐਡੀਟਰ ਬਣਾ ਕੇ ਭੇਜ ਦਿੱਤਾ। ਚਰਚਾ ਇੰਝ ਹੋਣ ਲੱਗੀ ਜਿਵੇਂ ਰਿਬੇਰੋ ਨੂੰ ਪੰਜਾਬ ਦੇ ਹਾਲਾਤ ਠੀਕ ਕਰਨ ਲਈ ਭੇਜਿਆ ਹੋਵੇ। ਦਲਬੀਰ ਨੇ ਆਉਣ ਸਾਰ ਮੀਟਿੰਗ ਵਿਚ ਕਿਹਾ, "ਹੁਣ ਕੋਈ ਵੀ ਖ਼ਬਰ ਮੋਹਰ ਲੱਗੀ ਬਗੈਰ ਅੰਦਰ ਕੰਪੋਜ਼ ਹੋਣ ਲਈ ਨਹੀਂ ਭੇਜੀ ਜਾਊਗੀ। ਮੈਨੂੰ ਐਡੀਟਰ ਨੇ ਡਿਸਿਪਲਨ ਕਾਇਮ ਕਰਨ ਲਈ ਭੇਜਿਆ। ਮੈਂ ਸਭ ਨੂੰ ਸਿੱਧੇ ਕਰ ਦੇਊਂ। ਮੈਂ ਕੋਈ ਵਿੰਗ-ਵਲ ਨਹੀਂ ਰਹਿਣ ਦੇਣੇ।" ਕੀ ਹੋਇਆ ਕਿ ਮੇਰਾ ਹਾਸਾ ਨਿਕਲ ਗਿਆ ਪਰ ਮੈਂ ਦਬਾਅ ਲਿਆ। ਮੀਟਿੰਗ ਤੋਂ ਬਾਅਦ ਦਲਬੀਰ ਨੇ ਮੈਨੂੰ ਆਪਣੇ ਕੈਬਿਨ ਵਿਚ ਸੱਦ ਕੇ ਪੁੱਛਿਆ, "ਤੂੰ ਮੇਰੀਆਂ ਗੱਲਾਂ 'ਤੇ ਹੱਸਿਆ ਕਿਉਂ ਸੀ?" ਉਹ ਮੇਰਾ ਪੁਰਾਣਾ ਮਿੱਤਰ ਸੀ। ਮੈਂ ਆਖਿਆ, "ਦਲਬੀਰ ਜੀ, ਤੁਸੀਂ ਬੰਦੇ ਸਿੱਧੇ ਕਰਨ ਦੀ ਠਾਣੀ ਆ, ਚਲੋ ਪਹਿਲਾਂ ਸਾਡੇ ਅਮੋਲਕ ਸਿੰਘ ਦੀ ਚੀਚੀ ਹੀ ਸਿੱਧੀ ਕਰ ਦਿਉ।" ਦਲਬੀਰ ਦਾ ਵੀ ਹਾਸਾ ਨਿਕਲ ਗਿਆ। ਕਈ ਮਹੀਨਿਆਂ ਬਾਅਦ ਜਦੋਂ ਦਲਬੀਰ ਬੇਵੱਸ ਹੋ ਗਿਆ ਤੇ 'ਮਾਹੌਲ' ਨੂੰ 'ਠੀਕ' ਨਾ ਕਰ ਸਕਿਆ। ਵਾਪਸ ਆਪਣੀ ਪੋਸਟ 'ਤੇ ਜਾਣ ਲੱਗਾ ਤਾਂ ਮੈਂ ਕੰਨ ਵਿਚ ਆਖ ਦਿੱਤਾ, "ਤੂੰ ਤਾਂ ਕਹਿੰਦਾ ਸੀ, 'ਕੱਲੇ-'ਕੱਲੇ ਬੰਦੇ ਦੇ ਵਿੰਗ-ਵਲ ਕੱਢ ਦੂੰ, ਦੇਖ ਲੈ ਫੇਰ... ਅਮੋਲਕ ਦੀ ਚੀਚੀ ਵੀ ਸਿੱਧੀ ਨਹੀਂ ਕਰ ਸਕਿਆ।"

ਇਕ ਵਾਰ ਨਰਿੰਦਰ ਭੁੱਲਰ ਰਾਹੀਂ ਮੈਨੂੰ ਅਮੋਲਕ ਦਾ ਪਿਆਰਾ ਸੁਨੇਹਾ ਮਿਲਿਆ- "ਸੰਧੂ ਨੂੰ ਕਹਿ ਦੇਈਂ, 'ਭੂਆ ਖ਼ਤਮ ਕੌਰ' ਵਰਗੀ ਇਕੋ ਜਾਨਦਾਰ ਤੇ ਸ਼ਾਨਦਾਰ ਕਹਾਣੀ ਬਹੁਤ ਹੈ, ਹੋਰ ਭਾਵੇਂ ਨਾ ਵੀ ਲਿਖ। 'ਯਾਰ ਬੋਲਦਾ' ਵਰਗਾ ਇਕੋ ਹੀ ਗੀਤ ਕਾਫ਼ੀ ਹੈ, ਹੋਰ ਗੀਤ ਭਾਵੇਂ ਨਾ ਵੀ ਲਿਖ।"

ਅਮੋਲਕ ਨੂੰ ਅਮਰੀਕਾ ਵਿਚ ਸਰਵਣ ਸਿੰਘ ਵੀ ਮਿਲਣ ਗਿਆ, ਗੁਰਦਿਆਲ ਬੱਲ ਵੀ, ਨਰਿੰਦਰ ਭੁੱਲਰ ਵੀ, ਗੁਰਭਜਨ ਗਿੱਲ ਵੀ ਹਰਵਿੰਦਰ ਰਿਆੜ ਵੀ, ਐੱਸ. ਅਸ਼ੋਕ ਭੌਰਾ ਵੀ, ਡਾ. ਨਾਹਰ ਸਿੰਘ ਵੀ ਪਰ ਦੁੱਖ ਹੈ, ਅਫ਼ਸੋਸ ਹੈ, ਵਾਰ-ਵਾਰ ਆਪਣੇ ਆਪ ਨੂੰ ਕੋਸਦਾ ਹਾਂ ਕਿ ਮੈਂ ਦੋ ਵਾਰ ਅਮਰੀਕਾ ਗਿਆ ਪਰ ਮਿਲਣ ਨਾ ਜਾ ਸਕਿਆ। 'ਪੰਜਾਬ ਟਾਈਮਜ਼' ਦੇ ਤੀਜੇ ਜਾਂ ਚੌਥੇ ਸਾਲਾਨਾ ਸਮਾਗਮ 'ਤੇ ਉਹਨੇ ਮੇਰਾ ਸਨਮਾਨ ਵੀ ਰੱਖ ਲਿਆ ਸੀ ਪਰ ਮੈਂ ਪੁੱਜ ਨਾ ਸਕਿਆ। ਇਕੋ-ਇਕ ਵਜ੍ਹਾ ਇਹ ਸੀ ਕਿ ਮੇਰੇ ਅੰਦਰ ਅਜੀਬ ਕੰਪਲੈਕਸ ਹੈ। ਮੈਂ ਇਕੱਲਾ ਹਵਾਈ ਜਹਾਜ਼ ਵਿਚ ਨਹੀਂ ਚੜ੍ਹ ਸਕਦਾ। ਜਹਾਜ਼ੋਂ ਉਤਰ ਕੇ ਟੈਕਸੀ ਨਹੀਂ ਫੜ ਸਕਦਾ। ਹੋਰ ਤਾਂ ਹੋਰ ਮੈਂ ਇਕੱਲਾ ਤਾਂ ਉਚੀ ਇਮਾਰਤ ਦੀ ਲਿਫਟ ਵੀ ਨਹੀਂ ਚੜ੍ਹ ਸਕਦਾ।

ਅਮੋਲਕ ਸਿੰਘ ਨਾਲ ਮੇਰੀ ਇਕ ਹੋਰ ਸਾਂਝ ਵੀ ਸੀ। ਅਸੀਂ ਦੋਨੋਂ ਲੇਟ ਲਤੀਫ਼ ਸੀ। 'ਪੰਜਾਬੀ ਟ੍ਰਿਬਿਊਨ' ਦੀ ਮੈਂ ਤੀਹ ਸਾਲ ਨੌਕਰੀ ਕੀਤੀ ਪਰ ਉਨੱਤੀ ਸਾਲ ਡਿਊਟੀ 'ਤੇ ਸਮੇਂ ਸਿਰ ਨਹੀਂ ਗਿਆ। ਅਕਸਰ ਲੇਟ ਪੁੱਜਦਾ ਸੀ। ਇਹੋ ਹਾਲ ਅਮੋਲਕ ਦਾ ਸੀ। ਉਹ ਕਹਿੰਦਾ ਹੁੰਦਾ ਸੀ, "ਜੇਕਰ 3 ਵਜੇ ਡਿਊਟੀ ਹੈ ਤਾਂ 3 ਵਜੇ ਤਾਂ ਮੈਂ ਕਲੋਨੀ ਵਾਲੇ ਘਰੋਂ ਤੁਰਦਾ ਹਾਂ।" ਡਿਊਟੀ ਤੋਂ ਲੇਟ ਹੋਣਾ ਸਾਡਾ ਦੋਹਾਂ ਦਾ ਸ਼ੌਕ ਨਹੀਂ ਸੀ। ਲੇਟ ਹੋਣ ਦਾ ਪਛਤਾਵਾ ਵੀ ਤਾਂ ਅੰਦਰੋ-ਅੰਦਰ ਅਸੀਂ ਹੀ ਕਰਦੇ ਸੀ, ਭਾਵੇਂ ਸਾਡੇ ਸੀਨੀਅਰ ਸਾਨੂੰ ਕੁਝ ਨਹੀਂ ਸੀ ਕਹਿੰਦੇ।

ਜਦੋਂ ਕਦੇ ਵੀ ਹੁਣ ਸਾਂਝੇ ਮਿੱਤਰ ਮਿਲਦੇ ਹਾਂ ਤਾਂ ਅਮੋਲਕ ਨੂੰ ਯਾਦ ਕਰਦੇ ਹਾਂ। ਗੱਜਣਵਾਲਾ, ਨਵਜੀਤ ਜੌਹਲ, ਅਰਵਿੰਦਰ ਜੌਹਲ, ਬਲਵਿੰਦਰ ਜੰਮੂ, ਜਸਵੀਰ ਸਮਰ, ਡਾ. ਨਾਹਰ ਸਿੰਘ ਜਾਂ ਕਰਮਜੀਤ ਸਿੰਘ। ਉਹਨੂੰ ਯਾਦ ਕਰਦਿਆਂ ਰੋਂਦੇ ਹਾਂ, ਹੱਸਦੇ ਹਾਂ ਤੇ ਫੇਰ, ਤੇ ਫੇਰ ਹਉਕੇ ਲੈ ਕੇ ਚੁੱਪ-ਚਾਪ ਵਿਛੜ ਜਾਂਦੇ ਹਾਂ...।

# ਬਲਦੇਵ ਸਿੰਘ ਸੜਕਨਾਮਾ ਤੇ ਇੱਕੀਵੀਂ ਸਦੀ

ਸਾਹਿਤ ਦੋ ਸ਼ਬਦਾਂ ਤੋਂ ਮਿਲ ਕੇ ਬਣਿਆ ਹੈ ਸਾ ਤੋਂ ਭਾਵ ਹੈ ਨਾਲ ਅਤੇ ਹਿੱਤ ਤੋਂ ਭਾਵ ਹੈ ਪਿਆਰ। ਇਸ ਪ੍ਰਕਾਰ ਸਾਹਿਤ ਤੋਂ ਭਾਵ ਪਿਆਰ ਨਾਲ ਉਪਜੀ ਜਾਂ ਪਿਆਰ ਤੋਂ ਉਪਜੀ ਹੋਈ ਰਚਨਾ ਤੋਂ ਲਿਆ ਜਾਂਦਾ ਹੈ। ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਸਮਾਜ ਵਿਚ ਵਾਪਰਨ ਵਾਲੀਆਂ ਘਟਨਾਵਾਂ ਨੂੰ ਆਪਣੀਆਂ ਬੌਧਿਕ ਜੁਗਤਾਂ ਦੁਆਰਾ ਲਿਖ਼ਤੀ ਰੂਪ ਦੇ ਕੇ ਸਮਾਜ ਦੇ ਸਾਹਮਣੇ ਪੇਸ਼ ਕਰਦਾ ਹੈ। ਅਜਿਹੇ ਬਹੁਤ ਸਾਰੇ ਲੇਖਕ ਹਨ ਜਿਨ੍ਹਾਂ ਦੀਆਂ ਲਿਖਤਾਂ ਸਮਾਜ ਦੀ ਦਸ਼ਾ 'ਤੇ ਚੋਟ ਕਰਦੀਆਂ ਹੋਈਆਂ ਸ਼ੀਸ਼ਾ ਦਿਖਾਉਂਦੀਆਂ ਹਨ, ਅਜਿਹੇ ਲੇਖਕਾਂ ਵਿੱਚੋਂ ਹੀ ਇਕ ਹੈ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ।

ਉਨ੍ਹਾਂ ਦਾ ਜਨਮ 8 ਜੁਲਾਈ 1942 ਨੂੰ ਰਾਜਸਥਾਨ ਵਿਖੇ ਪਿਤਾ ਹਰਦਿਆਲ ਸਿੰਘ ਅਤੇ ਮਾਤਾ ਬਚਿੰਤ ਕੌਰ ਦੇ ਘਰ ਹੋਇਆ। ਉਨ੍ਹਾਂ ਪ੍ਰਾਇਮਰੀ ਸਿੱਖਿਆ ਚੰਦ ਪੁਰਾਣਾ ਸਕੂਲ ਤੋਂ ਹਾਸਲ ਕੀਤੀ। 1958 ਵਿਚ ਬਲਦੇਵ ਸਿੰਘ ਨੇ ਦਸਵੀਂ ਦਾ ਇਮਤਿਹਾਨ ਪਾਸ ਕੀਤਾ। ਅਗਲੇਰੀ ਪੜ੍ਹਾਈ ਲਈ ਡੀ ਐੱਮ ਕਾਲਜ 'ਚ ਦਾਖਲਾ ਲਿਆ। 16 ਮਾਰਚ 1963 ਨੂੰ ਉਨ੍ਹਾਂ ਦਾ ਵਿਆਹ ਸ੍ਰੀਮਤੀ ਕੁਲਜੀਤ ਕੌਰ ਨਾਲ ਹੋਇਆ। ਸ਼ੁਰੂ ਵਿਚ ਬਲਦੇਵ ਸਿੰਘ ਨੇ ਮੁਕਸਤਰ ਦੇ ਪਿੰਡ ਝੁਰੜ ਵਿਖੇ ਅਧਿਆਪਕ ਵਜੋਂ ਨੌਕਰੀ ਕੀਤੀ ਫਿਰ 1965 ਵਿਚ ਸ਼ਿਮਲਾ ਚਲੇ ਗਏ। ਤਿੰਨ ਸਾਲ ਸ਼ਿਮਲਾ ਨੌਕਰੀ ਕਰਨ ਉਪਰੰਤ ਕਲਕੱਤਾ ਜਾ ਕੇ ਡਰਾਇਵਰੀ ਕੀਤੀ। ਡਰਾਇਵਰੀ ਨਾਲ ਸਬੰਧਿਤ ਤਜਰਬਾ ਅਤੇ ਡਰਾਇਵਰ ਕਿੱਤੇ ਨੂੰ ਦਰਪੇਸ਼ ਮੁਸ਼ਿਕਲਾਂ ਉਨ੍ਹਾਂ ਦੀ ਲਿਖ਼ਤ ਸੜਕਨਾਮਾ ਵਿਚ ਦਰਜ ਹਨ। ਇਸ ਲਿਖ਼ਤ ਤੋਂ ਬਾਅਦ ਹੀ ਉਨ੍ਹਾਂ ਦੇ ਨਾਮ ਪਿੱਛੇ ਸੜਕਨਾਮਾ ਲੱਗ ਗਿਆ। 1984 ਵਿਚ ਕਲਕੱਤਾ ਨੂੰ ਅਲਵਿਦਾ ਕਹਿ ਕੇ ਉਹ ਆਪਣੇ ਘਰ ਪਰਤ ਆਏ।

ਬਲਦੇਵ ਸਿੰਘ ਦਾ ਲਿਖਣ ਵੱਲ ਝੁਕਾਅ ਕਾਲਜ ਦੀ ਪੜ੍ਹਾਈ ਦੌਰਾਨ ਹੀ ਸੀ। ਉਨ੍ਹਾਂ ਨੇ ਕਾਲਜ ਦੇ ਮੈਗਜ਼ੀਨ ਵਿਚ ਛਪਣ ਲਈ ਆਪਣੀ ਕਹਾਣੀ 'ਅਧੂਰਾ ਸੁਪਨਾ' ਭੇਜੀ। ਉਨ੍ਹਾਂ ਦਾ ਪਹਿਲਾ ਕਾਵਿ ਸੰਗ੍ਰਹਿ 'ਗਿੱਲੀਆਂ ਛਿਟੀਆਂ ਦੀ ਅੱਗ' 1977 ਵਿਚ ਪ੍ਰਕਾਸ਼ਿਤ ਹੋਇਆ, 'ਚਿੜੀਆ ਖਾਨਾ' 1979, 'ਹਵੇਲੀ ਛਾਵੇਂ ਖੜਾ ਰੱਬ' 1982, 'ਸਵੇਰ ਦੀ ਲੋਅ' 1989, 'ਝੱਖੜ ਤੇ ਪਰਿੰਦੇ' 1993, 'ਮਿੱਟੀ ਰੁਦਨ ਕਰੇ' 1998, 'ਹਨੇਰੇ ਸਵੇਰੇ' 2001, 'ਦਿਸਹੱਦਿਆਂ ਤੋਂ ਪਾਰ' 2005 ਅਤੇ 'ਜ਼ਿੰਦਗੀ ਦੇ ਰੰਗ' 2006 ਵਿਚ ਪਾਠਕਾਂ ਦੀ ਝੋਲੀ ਵਿਚ ਪਏ। ਬਲਦੇਵ ਸਿੰਘ ਦੇ ਨਾਵਲ 'ਪੰਜਵਾਂ ਸਾਹਿਬਜ਼ਾਦਾ' ਬਾਬਾ ਜੀਵਨ ਸਿੰਘ ਜੀ ਦੇ ਜੀਵਨ 'ਤੇ ਆਧਾਰਿਤ, 'ਸਤਲੁਜ ਵਹਿੰਦਾ ਰਿਹਾ' ਭਗਤ ਸਿੰਘ ਦੀ ਜੀਵਨੀ, ਢਾਹਵਾਂ ਦਿੱਲੀ ਦੇ ਕਿੰਗਰੇ ਲੋਕ ਨਾਇਕ ਦੁੱਲਾ ਭੱਟੀ 'ਤੇ, ਮਹਾਂਬਲੀ ਸੂਰਾ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਜੀਵਨੀ, ਸੂਰਜ ਦੀ ਅੱਖ ਮਹਾਰਾਜਾ ਰਣਜੀਤ ਸਿੰਘ ਦੀ ਜੀਵਨੀ 'ਤੇ ਆਧਾਰਤ ਸਨ। ਪੰਜਾਬ ਦੀ ਕਿਸਾਨੀ ਨੂੰ ਦਰਸਾਉਂਦਾ ਨਾਵਲ 'ਅੰਨਦਾਤਾ; ਹੈ ਅਤੇ ਪੀੜ੍ਹੀਆਂ ਵਿਚ ਪੈ ਰਿਹਾ ਫ਼ਰਕ ਬਲਦੇਵ ਸਿੰਘ ਦੇ 'ਇੱਕੀਵੀਂ ਸਦੀ' ਨਾਵਲ ਵਿਚ ਨਜ਼ਰ ਆਉਂਦਾ ਹੈ।

ਬਲਦੇਵ ਸਿੰਘ ਦੁਆਰਾ ਰਚੇ ਸਾਹਿਤ ਵਿਚ ਪੇਂਡੂ ਜੀਵਨ ਅਤੇ ਅੰਨਦਾਤੇ ਦੀਆਂ ਤੰਗੀਆ ਤੁਰਸ਼ੀਆਂ ਬਾਖੂਬੀ ਨਜ਼ਰ ਆਉਂਦੀਆਂ ਹਨ। ਨਾਵਲ ਇੱਕੀਵੀਂ ਸਦੀ ਵਿਚ ਲੇਖਕ ਨੇ ਸਮੇਂ ਦੇ ਬਦਲਣ ਨਾਲ ਰਿਸ਼ਤਿਆਂ ਵਿਚ ਆ ਰਹੀਆਂ ਦਰਾਰਾਂ ਨੂੰ ਚਿਤਰਿਆ ਹੈ। ਮਾਤਾ ਪਿਤਾ ਕਿਵੇਂ ਢਿੱਡ ਬੰਨ੍ਹ ਕੇ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰਦੇ ਹਨ ਪਰ ਬੱਚੇ ਵੱਡੇ ਹੋਣ ਉਪਰੰਤ ਬੱਚੇ ਆਪਣੇ ਮਾਤਾ ਪਿਤਾ ਦੇ ਪਰਉਪਕਾਰ ਨੂੰ ਭੁਲਾਉਂਦੇ ਹੋਏ ਉਨ੍ਹਾਂ ਨੂੰ ਸੰਤਾਪ ਭੋਗਣ ਲਈ ਬਜ਼ੁਰਗ ਘਰਾਂ ਦੇ ਹਵਾਲੇ ਕਰ ਦਿੰਦੇ ਹਨ। ਇਹ ਨਾਵਲ ਲੇਖ਼ਕ ਦੀ ਸ਼ਾਹ ਰਚਨਾ ਤੋਂ ਘੱਟ ਨਹੀਂ। ਆਸ ਕਰਦੇ ਹਾਂ ਕਿ ਲੇਖ਼ਕ ਦੀ ਕਲਮ ਤੋਂ ਇਸੇ ਤਰ੍ਹਾਂ ਦੀਆਂ ਰਚਨਾਵਾਂ ਆਉਂਦੀਆਂ ਰਹਿਣ ਜਿਨ੍ਹਾਂ ਨੂੰ ਪੜ੍ਹ ਕੇ ਪਾਠਕ ਸਾਹਿਤਕ ਅਨੰਦ ਮਾਣਦਾ ਹੋਇਆ ਖੁਸ਼ੀ ਦੀ ਭਾਲ ਕਰਦਾ ਹੋਇਆ ਚਿੰਤਨ ਦੇ ਰਾਹ ਤੁਰ ਸਕੇ।

***-ਰਜਵਿੰਦਰ ਪਾਲ ਸ਼ਰਮਾ***

ਨਿਰਵਿਘਨ ਪ੍ਰਕਾਸ਼ਨ ਦੇ 24ਵੇਂ ਸਾਲ 'ਚ (ਪਹਿਲੀ ਜਨਵਰੀ 2000-2023)

## ਪੰਜਾਬ ਟਾਈਮਜ਼ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਨੂੰ ਸਮਰਪਿਤ ਪੰਜਾਬ ਟਾਈਮਜ਼ ਦੀ 24ਵੀਂ ਵਰ੍ਹੇਗੰਢ


# 'ਪੰਜਾਬ ਟਾਈਮਜ਼ ਨਾਈਟ'

**8 ਜੁਲਾਈ 2023 ਸਨਿਚਰਵਾਰ ਸ਼ਾਮੀ 6:30 ਵਜੇ**

**Atlantis Banquets**
1273 N. Rand Road,
Arlington Heights, IL 60004




ਪ੍ਰੋ. ਜੋਗਿੰਦਰ ਸਿੰਘ ਰਮਦੇਵ



ਸਵਰਨਜੀਤ ਸਿੰਘ ਢਿਲੋਂ



ਸ. ਅਮੋਲਕ ਸਿੰਘ ਜੰਮੂ



ਅਯੁਧਿਆ ਸਲਵਾਨ



ਗੁਰਿੰਦਰ ਸਿੰਘ ਗਿੱਲ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਜਸਵੀਰ ਕੌਰ ਢਿਲੋਂ | ਡਾ. ਇਨਕਲਾਬੀ ਥਾਂਦੀ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਅਮੋਲਕ ਸਿੰਘ ਗਾਖਲ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਹਰਜੀਤ ਸਿੰਘ ਸਾਹੀ | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਡਾ. ਤੇਜਿੰਦਰ ਸਿੰਘ ਮੰਡੇਰ | ਦਰਸ਼ਨ ਸਿੰਘ ਗਰੇਵਾਲ



ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ | ਜੱਸੀ ਗਿੱਲ | ਜੈਦੇਵ ਸਿੰਘ ਭੱਠਲ | ਪਰਮਿੰਦਰ ਸਿੰਘ ਵਾਲੀਆ | ਸਰਵਣ ਸਿੰਘ ਟਿਵਾਣਾ | ਮਨਦੀਪ ਸਿੰਘ ਭੂਰਾ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਗੁਰਵੀਰ ਸਿੰਘ ਗਿੱਲ | ਜਸਕਰਨ ਸਿੰਘ ਧਾਲੀਵਾਲ

**ਪੰਜਾਬ ਟਾਈਮਜ਼**

**ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ**

Published simultaneously from Chicago, California & New York.

Ph: 847-359-0746

*e-mail: punjabtimes1@gmail.com, website: www.punjabtimesusa.com*

# PUNJAB TIMES NIGHT 2023

## ਵਿਸ਼ੇਸ਼ ਮਹਿਮਾਨ


ਮੇਜਰ ਗੁਰਚਰਨ ਸਿੰਘ ਝੱਜ
(ਗੈਸਟ ਆਫ ਆਨਰ )


ਵਰਿਆਮ ਸਿੰਘ ਸੰਧੂ
(ਮੁੱਖ ਬੁਲਾਰਾ)


ਦਰਸ਼ਨ ਸਿੰਘ ਧਾਲੀਵਾਲ
(ਚੀਫ਼ ਗੈਸਟ)

## ਪਹੁੰਚ ਰਹੀਆਂ ਮੁੱਖ ਸ਼ਖਸੀਅਤਾਂ



ਲਾਜ ਨੀਲਮ ਸੈਣੀ
(ਸ਼ਾਇਰਾ)


ਜਗਜੀਤ ਨੌਸ਼ਹਿਰਵੀ
(ਸਾਹਿਤਕਾਰ)


ਸੁਖਦੇਵ ਸਾਹਿਲ
(ਕਲਾਸੀਕਲ ਗਾਇਕ)


ਓਂਕਾਰਪ੍ਰੀਤ ਸਿੰਘ
(ਸ਼ਾਇਰ)


ਕੁਲਵਿੰਦਰ
(ਸ਼ਾਇਰ)


ਕੁਲਵਿੰਦਰ ਖਹਿਰਾ
(ਸ਼ਾਇਰ)



ਰਵਿੰਦਰ
ਸਹਿਰਾਅ
(ਸ਼ਾਇਰ)


ਅਸ਼ੋਕ ਭੌਰਾ
(ਲੇਖਕ)


ਗੁਰਲੀਨ ਕੌਰ

## ਵਿਸ਼ੇਸ਼ ਸਹਿਯੋਗੀ


ਡਾ. ਹਰਜਿੰਦਰ
ਸਿੰਘ ਖਹਿਰਾ


ਜੈਰਾਮ ਸਿੰਘ ਕਾਹਲੋਂ


ਗੁਰਮੁਖ ਸਿੰਘ ਭੁੱਲਰ


ਸੁਰਿੰਦਰ ਸਿੰਘ
ਭਾਟੀਆ


ਸੁਖਪਾਲ ਗਿੱਲ


ਦਵਿੰਦਰ ਸਿੰਘ ਰੰਗੀ

## ਪੰਜਾਬ ਟਾਈਮਜ਼ ਦੀ 24ਵੀਂ ਵਰ੍ਹੇਗੰਢ ਮੌਕੇ 8 ਜੁਲਾਈ ਨੂੰ ਕਰਵਾਈ ਜਾ ਰਹੀ 'ਪੰਜਾਬ ਟਾਈਮਜ਼ ਨਾਈਟ' ਵਿਚ ਸ਼ਾਇਰ, ਸਾਹਿਤਕਾਰ, ਗੀਤਕਾਰ ਅਤੇ ਗਾਇਕ ਤੁਹਾਡਾ ਮਨੋਰੰਜਨ ਕਰਨਗੇ।

**ਸਹਿਯੋਗੀ ਸੰਸਥਾਵਾਂ:** ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ); ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ ਐਚ ਓ) ਸ਼ਿਕਾਗੋ; ਪੰਜਾਬੀ ਅਮੇਰੀਕਨ ਆਰਗੇਨਾਈਜੇਸ਼ਨ ਸ਼ਿਕਾਗੋ (ਪਾਓ); ਫਾਈਵ ਰਿਵਰਜ਼ ਐਂਟਰਟੇਨਮੈਂਟ, ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਸੰਤ ਬਾਬਾ ਪ੍ਰੇਮ ਸਿੰਘ ਜੀ ਸਪੋਰਟਸ ਕਲੱਬ ਸਾਊਥਬੈਂਡ, ਇੰਡੀਆਨਾ; ਪੰਜਾਬੀ ਅਮੇਰੀਕਨ ਯੂਥ ਕਲੱਬ ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਡੇਅਟਨ (ਓਹਾਇਓ); ਪੰਜਾਬ ਸਪੋਰਟਸ ਕਲੱਬ ਐਟਲਾਂਟਾ; ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ; ਗਦਰ ਮੈਮੋਰੀਅਲ ਫਾਉਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ, ਸਵੇਰਾ ਇੰਕ।

ਮੀਡੀਆ ਪਾਰਟਨਰ: ਰੇਡੀਓ ਚੰਨ ਪ੍ਰਦੇਸੀ, ਦੇਸੀ ਜੰਕਸ਼ਨ, ਢੋਲ ਰੇਡੀਓ, ਪੀ.ਟੀ.ਸੀ।

# ਫ਼ਿਜ਼ਾ ਦੀ ਫ਼ਨਾਹੀ

## ਕਲਾ ਪਰਿਕਰਮਾ

ਸਾਡੀ ਧਰਤ ਦੀ ਕੁਦਰਤੀ ਫ਼ਿਜ਼ਾ ਦੀ ਫ਼ਨਾਹੀ ਕਦੋਂ ਸ਼ੁਰੂ ਹੋਈ? ਇਸ ਸਵਾਲ ਦਾ ਵਿਗਿਆਨਕ ਜਵਾਬ ਹੈ: ਜਦੋਂ ਆਦਮ ਜ਼ਾਤ ਨੇ ਦੋ ਲੱਤਾਂ ਦੇ ਸਹਾਰੇ ਖੜ੍ਹ ਕੇ ਤੁਰਨਾ ਸ਼ੁਰੂ ਕੀਤਾ। ਉਸ ਦੀਆਂ ਦੋਵੇਂ ਬਾਹਵਾਂ ਤੇ ਹੱਥ ਵਿਹਲੇ ਹੋ ਗਏ। ਉਹ ਦਿਨੋ-ਦਿਨ ਵੱਧ ਜੁਗਤੀ ਬਣਦਾ ਗਿਆ। ਸਭ ਤੋਂ ਪਹਿਲਾਂ ਉਸ ਨੇ ਅੱਗ ਬਾਲਣੀ ਸਿੱਖੀ। ਅੱਗ ਬਾਲਣ ਤੋਂ ਅੱਗ ਲਾਉਣ ਦੇ ਅਮਲ ਤਕ ਪੁੱਜਣ ਨੇ ਬਹੁਤਾ ਸਮਾਂ ਨਹੀਂ ਲਿਆ। ਇਹੋ ਕੁਝ ਕੁਦਰਤ ਦੀਆਂ ਹੋਰ ਨਿਆਮਤਾਂ ਨਾਲ ਵਾਪਰਿਆ। ਉਨ੍ਹਾਂ ਨੂੰ ਵਰਤਣ ਤੇ ਵਿਗਾੜਨ ਦੀ ਪ੍ਰਕਿਰਿਆ ਨਾਲੋ-ਨਾਲ ਚੱਲਣ ਲੱਗੀ। ਅਜਿਹੇ ਤੌਰ-ਤਰੀਕਿਆਂ ਸਦਕਾ ਆਦਮੀ ਉਸ ਪੰਧ 'ਤੇ ਪੈ ਗਿਆ ਜਿਸ ਨੂੰ ਅਸੀਂ ਹੁਣ 'ਆਧੁਨਿਕ ਸਭਿਅਤਾ' ਮੰਨਦੇ ਹਾਂ। ਇਹ ਵੱਖਰੀ ਗੱਲ ਹੈ ਕਿ ਇਸੇ 'ਸਭਿਅਤਾ' ਦੀ ਬਦੌਲਤ ਅੱਜ ਅਸੀਂ ਉਸ ਮੁਕਾਮ 'ਤੇ ਆ ਪਹੁੰਚੇ ਹਾਂ ਜਿੱਥੇ ਇਸ ਧਰਤ ਦੀ ਮੁਕੰਮਲ ਫ਼ਨਾਹੀ ਦਾ ਮੰਜ਼ਰ ਸਾਡੀਆਂ ਅੱਖਾਂ ਸਾਹਵੇਂ ਦ੍ਰਿਸ਼ਮਾਨ ਹੋਣ ਲੱਗਾ ਹੈ। ਖ਼ੌਫ਼ਨਾਕ ਹੈ ਇਹ ਮੰਜ਼ਰ। ਵਾਤਾਵਰਨ ਵਿਚ ਉਹ ਤਬਦੀਲੀਆਂ ਵਾਪਰਨ ਲੱਗੀਆਂ ਹਨ ਜਿਨ੍ਹਾਂ ਦਾ ਕੁਝ ਦਹਾਈਆਂ





**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**

ਪਹਿਲੇ ਕਿਆਸ ਤੱਕ ਨਹੀਂ ਸੀ ਕੀਤਾ ਗਿਆ। ਬਰਫ਼ਾਨੀ ਜੰਗਲਾਂ ਨੂੰ ਅੱਗਾਂ ਲੱਗਣ ਲੱਗੀਆਂ ਹਨ। ਧਰੁਵ ਪਿਘਲ ਰਹੇ ਹਨ। ਸਮੁੰਦਰ ਤਪਣ ਲੱਗੇ ਹਨ। ਆਬੋ-ਹਵਾ ਨਿਊਯਾਰਕ ਵਿਚ ਵੀ ਪਲੀਤ ਹੈ, ਦਿੱਲੀ ਵਿਚ ਵੀ ਤੇ ਲਾਹੌਰ ਵਿਚ ਵੀ। ਟੋਕੀਓ, ਜਕਾਰਤਾ ਤੇ ਮੈਲਬਰਨ ਵੀ ਇਸੇ ਮਲੀਨਤਾ ਤੋਂ ਨਹੀਂ ਬਚ ਸਕੇ। ਪ੍ਰਜਾਤੀਆਂ ਲੋਪ ਹੋ ਰਹੀਆਂ ਹਨ; ਸਾਧਾਰਨ ਮਰਜ਼ਾਂ, ਮਹਾਮਾਰੀਆਂ ਵਿਚ ਬਦਲਣ ਲੱਗੀਆਂ ਹਨ।

ਇਹ ਨਹੀਂ ਕਿ ਆਦਮ ਜ਼ਾਤ ਇਸ ਵਰਤਾਰੇ ਤੋਂ ਫਿਕਰਮੰਦ ਨਹੀਂ। ਫਿਕਰਮੰਦ ਉਹ ਹੈ। ਇਸੇ ਲਈ ਆਲਮੀ ਤਪਸ਼ ਘਟਾਉਣ ਅਤੇ ਧਰਤ ਨੂੰ ਮੁੜ-ਹਰਿਆਉਣ ਦੇ ਟੀਚੇ ਤੈਅ ਕੀਤੇ ਜਾ ਰਹੇ ਹਨ ਪਰ ਮਾਨਵਾਂ, ਮਸ਼ੀਨਾਂ ਤੇ ਮਸਨੂਈ ਸਾਧਨਾਂ ਦੀ ਬਹੁਤਾਤ ਏਨੀ ਜ਼ਿਆਦਾ ਹੋ ਗਈ ਹੈ ਕਿ ਟੀਚੇ ਵੀ ਆਪਣਾ ਅਰਥ ਗੁਆ ਬੈਠੇ ਹਨ। ਤਿੰਨ ਸਦੀਆਂ ਪਹਿਲਾਂ ਜੌਹਨ ਮਿਲਟਨ ਨੇ ਆਪਣੀ ਮਹਾਂ ਕਵਿਤਾ 'ਗੁਆਚੀ ਜੰਨਤ' (ਪੈਰਾਡਾਈਜ਼ ਲੌਸਟ) ਵਿਚ ਮਸਨੂਈ ਸੁਖ-ਸਾਧਨਾਂ ਤੇ ਵਿਲਾਸੀ ਵਸਤਾਂ ਨੂੰ ਜ਼ਹਿਰੀਲੇ ਔਜ਼ਾਰ ਦੱਸਿਆ ਸੀ। ਇਹੋ ਔਜ਼ਾਰ ਅੱਜ ਇਨਸਾਨੀ ਵਜੂਦ ਦਾ ਅਭਿੰਨ ਹਿੱਸਾ ਬਣ ਚੁੱਕੇ ਹਨ। ਇਹੋ ਸਾਰੀ ਕਥਾ-ਵਾਰਤਾ ਸਰਲ ਪਰ ਵਿਗਿਆਨਕ ਪਰਪੇਖ ਵਿਚ ਪੇਸ਼ ਕਰਦੀ ਹੈ ਬ੍ਰਿਟਿਸ਼ ਇਤਿਹਾਸਕਾਰ ਪੀਟਰ ਫਰੈਂਕੋਪੈਨ ਦੀ ਨਵੀਂ ਕਿਤਾਬ 'ਦਿ ਅਰਥ ਟਰਾਂਸਫੌਰਮਡ' (ਧੁਆਂਖੀ ਧਰਤ, ਸਿਆਹ ਫ਼ਿਜ਼ਾ)। ਧਰਤ ਭਾਵ ਪ੍ਰਿਥਵੀ ਗ੍ਰਹਿ 'ਤੇ ਹੁਣ ਤਕ ਆਈਆਂ ਸਾਰੀਆਂ ਤਬਦੀਲੀਆਂ ਦਾ ਇਤਿਹਾਸ ਹੈ ਇਹ ਕਿਤਾਬ; ਉਹ ਵੀ ਦਿਲਕਸ਼ ਤੇ ਦਿਲਚਸਪ ਅੰਦਾਜ਼ ਵਿਚ। ਫਰੈਂਕੋਪੈਨ ਔਕਸਫੋਰਡ ਯੂਨੀਵਰਸਿਟੀ ਵਿਚ ਇਤਿਹਾਸ ਦਾ ਪ੍ਰੋਫੈਸਰ ਹੈ ਅਤੇ ਗਲਪਕਾਰ ਵੀ। ਨਾਲ ਹੀ ਉਹ ਸਹੁਰੇ ਪਰਿਵਾਰ ਦੀ ਤਰਫ਼ੋਂ ਹੋਟਲ ਵੀ ਚਲਾਉਂਦਾ ਹੈ। ਲਿਹਾਜ਼ਾ ਖੋਜ ਕਾਰਜਾਂ ਵਾਸਤੇ ਉਸ ਕੋਲ ਧਨ-ਦੌਲਤ ਦੀ ਕਮੀ ਨਹੀਂ ਸੀ। ਇਹ ਹਕੀਕਤ ਕਿਤਾਬ 'ਤੇ ਹੋਈ ਮਿਹਨਤ ਤੋਂ ਪ੍ਰਤੱਖ ਹੈ। ਫਰੈਂਕੋਪੈਨ ਨੇ 2015-16 ਵਿਚ 'ਰੇਸ਼ਮੀ ਰਾਹਾਂ' (ਸਿਲਕ ਰੂਟਸ) ਬਾਰੇ ਦੋ ਕਿਤਾਬਾਂ ਲਿਖੀਆਂ ਸਨ। ਹੁਣ 'ਅਰਥ ਟਰਾਂਸਫੌਰਮਡ' ਵੱਧ ਪੁਖ਼ਤਗੀ ਤੇ ਵੱਧ ਸ਼ਾਇਸਤਗੀ ਨਾਲ ਧਰਤ ਦੇ ਨਿਘਾਰ ਨਾਲ ਜੁੜੇ ਖ਼ਤਰਿਆਂ ਬਾਰੇ ਚੌਕਸ ਕਰਦੀ ਹੈ।

ਫਰੈਂਕੋਪੈਨ ਅਨੁਸਾਰ ਵਾਤਾਵਰਨ ਨਾਲ ਸਿੱਧੀ ਇਨਸਾਨੀ ਛੇੜਛਾੜ ਦਾ ਅਮਲ 12 ਕੁ ਹਜ਼ਾਰ ਸਾਲ ਪਹਿਲਾਂ ਸ਼ੁਰੂ ਹੋਇਆ। 3500 ਵਰ੍ਹੇ ਪਹਿਲਾਂ ਇਹ ਅਮਲ ਤੇਜ਼ੀ ਫੜ ਗਿਆ,



*ਪੀਟਰ ਫਰੈਂਕੋਪੈਨ (ਹੇਠਾਂ) ਅਤੇ 'ਅਰਥ ਟਰਾਂਸਫੌਰਮਡ' ਦਾ ਮੁਖੜਾ।*

ਖ਼ਾਸ ਤੌਰ 'ਤੇ ਸ਼ਹਿਰਾਂ ਦੇ ਵਸਣ ਅਤੇ ਇਨਸਾਨੀ ਵਸੋਂ ਦੇ ਇਨ੍ਹਾਂ ਵੱਲ ਪਰਵਾਸ ਕਾਰਨ। ਨੀਲ ਘਾਟੀ, ਸਿੰਧ ਘਾਟੀ, ਮੈਸੋਪੋਟੇਮੀਆ ਅਤੇ ਗੁਆਂਗਜ਼ੂ (ਚੀਨ) ਦੀਆਂ ਸਭਿਅਤਾਵਾਂ ਦਾ ਉਭਾਰ ਤੇ ਪਤਨ ਇਸੇ ਪੇਸ਼ੇਰਫ਼ਤ ਦਾ ਨਤੀਜਾ ਸੀ। ਉਹ ਲਿਖਦਾ ਹੈ: "ਸ਼ਹਿਰੀਕਰਨ ਨੂੰ ਰੋਕਿਆ ਨਹੀਂ ਜਾ ਸਕਦਾ। ਇਹ ਸਾਡੀ ਬਦਕਿਸਮਤੀ ਹੈ ਕਿ ਸ਼ਹਿਰ ਹੀ ਸਭਿਅਤਾ ਦਾ ਪ੍ਰਤੀਕ ਮੰਨੇ ਜਾਂਦੇ ਹਨ। ਅਸਲੀਅਤ ਇਹ ਹੈ ਕਿ ਸ਼ਹਿਰ ਸਾਡੇ ਵਾਤਾਵਰਨ ਦੇ ਨਿਘਾਰ ਦਾ ਸਭ ਤੋਂ ਵੱਡਾ ਮਾਧਿਅਮ ਹਨ। ਸ਼ਹਿਰਾਂ ਦੀ ਵਸੋਂ ਦੀਆਂ ਊਰਜਾ ਲੋੜਾਂ ਅਤੇ ਕੁਦਰਤੀ ਸੋਮਿਆਂ, ਖ਼ਾਸ ਕਰ ਕੇ ਖੁਰਾਕ ਤੇ ਪਾਣੀ ਦੀ ਖਪਤ ਨੇ ਫਿਜ਼ਾਈ ਬੋਸੀਦਗੀ ਵਿਚ ਸਭ ਤੋਂ ਵੱਡਾ ਹਿੱਸਾ ਪਾਇਆ ਹੈ। ਭਾਵੇਂ ਸ਼ਹਿਰ, ਧਰਤ ਦੇ ਕੁੱਲ ਜ਼ਮੀਨੀ ਰਕਬੇ ਦਾ ਸਿਰਫ਼ 3 ਫ਼ੀਸਦੀ ਹਨ ਪਰ ਇਨ੍ਹਾਂ ਵਿਚ ਦੁਨੀਆ ਦੀ ਅੱਧੀ ਤੋਂ ਵੱਧ ਵਸੋਂ ਵਸੀ ਹੋਈ ਹੈ। ਇਹ ਵਸੋਂ ਆਲਮੀ ਤਪਸ਼ ਵਿਚ ਲਗਾਤਾਰ ਇਜ਼ਾਫ਼ੇ ਦੀ ਅਹਿਮ ਵਜ੍ਹਾ ਹੈ।"

ਅਜਿਹੇ ਵਿਚਾਰਾਂ ਦੇ ਬਾਵਜੂਦ ਫਰੈਂਕੋਪੈਨ ਇਹ ਵੀ ਮੰਨਦਾ ਹੈ ਕਿ ਸਾਡੀ ਧਰਤ ਦੀ ਸ਼ਕਲ-ਸੂਰਤ ਤੇ ਸੁਭਾਅ ਵਿਚ ਆਏ ਤਲਖ਼ ਵਿਗਾੜਾਂ ਵਾਸਤੇ ਸਿਰਫ਼ ਆਦਮ-ਜ਼ਾਤ ਹੀ ਦੋਸ਼ੀ ਨਹੀਂ। ਉਹ ਜਵਾਲਾਮੁਖੀਆਂ ਦੇ ਫਟਣ, ਮਹਾਮਾਰੀਆਂ ਦੀ ਆਮਦ ਤੇ ਪਾਸਾਰ, ਹੜ੍ਹਾਂ ਤੇ ਸੋਕਿਆਂ, ਜੰਗਾਂ-ਯੁੱਧਾਂ ਤੇ ਕਤਲੇਆਮਾਂ ਆਦਿ ਨੂੰ ਵੱਡੀ ਹੱਦ ਤਕ ਦੋਸ਼ੀ ਦੱਸਦਾ ਹੈ। ਕਿਤਾਬ ਦੇ 24 ਅਧਿਆਇਆਂ ਵਿਚੋਂ ਅੱਧੇ ਸਿਰਫ਼ ਉਪਰੋਕਤ ਵਰਤਾਰਿਆਂ ਕਾਰਨ ਹੋਈ ਤਬਾਹੀ ਦੇ ਦ੍ਰਿਸ਼ਾਂ ਉਤੇ ਕੇਂਦਰਿਤ ਹਨ। ਸਾਡੇ ਜਗਤ-ਜਹਾਨ ਦਾ ਇਕ ਵੀ ਹਿੱਸਾ ਅਜਿਹਾ ਨਹੀਂ ਜੋ ਉਪਰੋਕਤ ਵਰਤਾਰਿਆਂ ਦੀ ਮਾਰ ਤੋਂ ਬਚਿਆ ਹੋਵੇ। ਉਹ ਇਹ ਵੀ ਕਬੂਲਦਾ ਹੈ ਕਿ ਪਿਛਲੀਆਂ ਤਿੰਨ ਸਦੀਆਂ, ਖ਼ਾਸ ਕਰ ਕੇ ਸਨਅਤੀ ਇਨਕਲਾਬ ਤੋਂ ਬਾਅਦ ਦੇ ਸਮਿਆਂ ਦੌਰਾਨ ਕੁਦਰਤ ਦੀਆਂ ਨਿਆਮਤਾਂ ਦੀ ਜੋ ਬਦਹਾਲੀ ਹੋਈ ਹੈ, ਉਸ ਨੇ ਸਾਡੀ ਜ਼ਮੀਨ ਦਾ ਇਕ ਵੀ ਹਿੱਸਾ ਅਜਿਹਾ ਨਹੀਂ ਰਹਿਣ ਦਿੱਤਾ ਜਿਸ ਨੂੰ ਜੰਨਤ ਵਰਗਾ ਹੁਸੀਨ ਮੰਨਿਆ ਜਾ ਸਕੇ। ਕਿਤਾਬ ਆਕਾਰ ਪੱਖੋਂ ਤਾਂ ਵਜ਼ਨਦਾਰ ਹੈ ਹੀ, ਗਿਆਨ ਪੱਖੋਂ ਕਿਤੇ ਜ਼ਿਆਦਾ ਦਮਦਾਰ ਹੈ।

**ਕੁਝ ਹਰਫ਼ ਮੁਸਾਫ਼ਿਰ:** ਜਸਬੀਰ ਭੁੱਲਰ ਦੇ ਆਪਣੇ ਸ਼ਬਦ ਹਨ: "ਦਰਅਸਲ ਮੈਂ ਕਵਿਤਾ ਦਾ ਬਣਿਆ ਹੋਇਆ ਸਾਂ। ਵਕਤ ਨੇ ਮੈਨੂੰ ਕਹਾਣੀਆਂ ਦੇ ਜੰਗਲ ਵੱਲ ਤੋਰ ਦਿੱਤਾ ਸੀ। ਮੇਰੇ ਕਿੱਤੇ ਨੇ ਕਵਿਤਾ ਨੂੰ ਧੱਕ ਕੇ ਮੈਥੋਂ ਪਰ੍ਹਾਂ ਕਰਨ ਦਾ ਯਤਨ ਵੀ ਕੀਤਾ। ਕਵਿਤਾ ਫੇਰ ਵੀ ਵਜੂਦ ਤੋਂ ਵੱਖਰੀ ਨਹੀਂ ਸੀ ਹੋਈ। ਕਹਾਣੀਆਂ ਦੇ ਕੰਡਿਆਲੇ ਜੰਗਲ ਨੇ ਬੜਾ ਵਲੂੰਧਰਿਆ ਸੀ ਕਵਿਤਾ ਨੂੰ। ਕਵਿਤਾ ਫ਼ੇਰ ਵੀ ਜਿਊਂਦੀ ਸੀ।"

ਕਵਿਤਾ ਦੀ ਇਸ ਨਾ-ਅਲਹਿਦਗੀ ਦਾ ਪ੍ਰਮਾਣ ਹੈ ਕਾਵਿ ਸੰਗ੍ਰਹਿ 'ਕੁਝ ਹਰਫ਼ ਮੁਸਾਫ਼ਿਰ'। ਪੰਜ ਅਨੁਭਾਗ ਹਨ ਇਸ ਸੰਗ੍ਰਹਿ ਦੇ। ਇਨ੍ਹਾਂ ਵਿਚ ਕਵਿਤਾਵਾਂ ਵੀ ਕਈ ਸਾਰੀਆਂ ਹਨ; ਜ਼ਿੰਦਗੀ ਤੇ ਸੋਚ ਦੇ ਵੱਖ-ਵੱਖ ਪੜਾਵਾਂ ਨੂੰ ਸੂਖਮਭਾਵੀ ਅਹਿਸਾਸਾਂ ਰਾਹੀਂ ਰੇਖਾਂਕਿਤ ਕਰਨ ਵਾਲੀਆਂ। ਸਾਧਾਰਨ 'ਚੋਂ ਅਸਾਧਾਰਨ ਲੱਭ ਲੈਣ ਦੇ ਹੁਨਰ ਨਾਲ ਲਬਰੇਜ਼। ਇਕ ਮਿਸਾਲ: "ਤੁਸੀਂ ਪੁੱਛਦੇ ਹੋ/ਮੇਰੀ ਜ਼ਮੀਨ ਕਿੰਨੀ ਹੈ/ਤਾਂ ਦੱਸ ਦੇਵਾਂ/ਜਿੱਥੋਂ ਸੂਰਜ ਉੱਗਦਾ ਹੈ/ਜਿੱਥੇ ਕੁ ਸ਼ਾਮ ਢਲਦੀ ਹੈ/ਉਸ ਦੇ ਵਿਚ ਵਿਚਾਲੇ/ਤੇ ਅਹੁ/ਜਿੰਨੇ ਚੰਨ ਤਾਰੇ ਨੇ/ਉਨ੍ਹਾਂ ਤੋਂ ਪਰ੍ਹਾਂ ਤਕ/ਸਗਲੀ ਕਾਇਨਾਤ ਉੱਤੇ/ਮੇਰੇ ਹਰਫ਼ਾਂ ਦਾ ਦਾਅਵਾ ਹੈ।" ਇਕ ਹੋਰ: "ਇਸ ਵਾਰ ਤੂੰ ਆਵੀਂ/ਤੂੰ ਆਵੀਂ ਮੇਰੀ ਜ਼ਮੀਨ ਤਕ/ਆਪਾਂ ਤਿਲਕਾਂਗੇ ਨਹੀਂ/ਚੀਕਣੀ ਮਿੱਟੀ ਦੇ ਬਰਤਨ ਬਣਾਵਾਂਗੇ/ਬਰਤਨਾਂ ਵਿਚ/ ਸੁਪਨੇ ਪਕਾਵਾਂਗੇ/ਤੇ ਫਿਰ/ਸੱਚੀਂ-ਮੁੱਚੀ ਦਾ/ਇਕ ਘਰ ਬਣਾਵਾਂਗੇ।" ਹਰ ਕਵਿਤਾ ਵਿਚ ਅਨੂਠਾ ਸਲੀਕਾ ਹੈ; ਰੂਹਾਨੀ ਰਵਾਨੀ ਹੈ।

**ਕਾਵਿ ਦਿਸ਼ਾਵਾਂ:** ਹੋਰਨਾਂ ਭਾਸ਼ਾਵਾਂ ਤੋਂ ਕਹਾਣੀਆਂ ਜਾਂ ਲੇਖਾਂ ਦਾ ਅਨੁਵਾਦ ਕਰਨਾ ਸੌਖਾ ਹੁੰਦਾ ਹੈ ਪਰ ਕਵਿਤਾ ਦਾ ਅਨੁਵਾਦ ਔਖਾ ਕੰਮ ਹੈ। ਖ਼ਾਸ ਕਰ ਕੇ ਇਲਾਕਾਈ ਜਾਂ ਉਪ ਭਾਸ਼ਾਵਾਂ ਦੀਆਂ ਕਵਿਤਾਵਾਂ ਦਾ। ਇਨਸਾਨੀ ਜਜ਼ਬਾਤ ਤੇ ਸੰਵੇਦਨਾਵਾਂ ਇਕੋ ਜਹੀਆਂ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਸ਼ਬਦਾਂ ਵਿਚ ਢਾਲਣ ਦਾ ਕਾਰਜ ਆਸਾਨ ਨਹੀਂ ਹੁੰਦਾ, ਖ਼ਾਸ ਤੌਰ 'ਤੇ ਉਦੋਂ ਜਦੋਂ ਅਸੀਂ ਸਬੰਧਤ ਖੇਤਰ ਦੀ ਮਿੱਟੀ ਦੀ ਰੂਹ ਤੋਂ ਵਾਕਫ਼ ਨਾ ਹੋਈਏ। ਕਾਰਜ ਬਿਖਮ ਹੋਣ ਦੇ ਬਾਵਜੂਦ ਤਰਸੇਮ, ਸਤਪਾਲ ਭੀਖੀ ਤੇ ਗੁਰਦੀਪ ਸਿੰਘ ਦੀ ਟੀਮ ਨੇ ਪੰਜਾਬੀ ਤੇ 21 ਹੋਰ ਭਾਸ਼ਾਵਾਂ ਦੀਆਂ ਕਵਿਤਾਵਾਂ ਦਾ ਸੰਗ੍ਰਹਿ 'ਕਾਵਿ ਦਿਸ਼ਾਵਾਂ' ਪਾਠਕਾਂ ਦੇ ਸਨਮੁੱਖ ਲਿਆਂਦਾ ਹੈ। ਕੌਮੀ ਭਾਸ਼ਾ ਵਜੋਂ ਮਾਨਤਾ-ਪ੍ਰਾਪਤ ਪ੍ਰਾਂਤਕ ਜ਼ੁਬਾਨਾਂ ਤੋਂ ਇਲਾਵਾ ਡੋਗਰੀ, ਸੰਥਾਲੀ, ਕੋਂਕਣੀ, ਬੋਡੋ ਤੇ ਮੈਥਿਲੀ ਵਰਗੀਆਂ ਉਪ ਭਾਸ਼ਾਵਾਂ ਨੂੰ ਵੀ ਇਸ ਸੰਗ੍ਰਹਿ ਵਿਚ ਥਾਂ ਦਿੱਤੀ ਗਈ ਹੈ।

ਗੁਲਜ਼ਾਰ, ਜਾਵੇਦ ਅਖ਼ਤਰ, ਨਿਦਾ ਫ਼ਾਜ਼ਲੀ (ਸਾਰੇ ਉਰਦੂ ਸ਼ਾਇਰ) ਬਹੁਤ ਜਾਣੇ-ਪਛਾਣੇ ਨਾਮ ਹਨ ਪਰ ਨਵਨਿਤਾ ਦੇਵ ਸੇਨ (ਬੰਗਲਾ) ਦੀ ਕਵਿਤਾ ਮੈਂ ਪਹਿਲੀ ਵਾਰ ਪੜ੍ਹੀ ਹੈ। ਇੰਝ ਹੀ ਸੁਨੀਲ ਗੰਗੋਪਾਧਿਆਇ ਨੂੰ ਨਾਵਲਕਾਰ ਤੇ ਕਹਾਣੀਕਾਰ ਵਜੋਂ ਭਰਪੂਰ ਮਾਨਤਾ ਪੂਰੇ ਭਾਰਤ ਵਿਚ ਮਿਲੀ ਪਰ ਉਸ ਅੰਦਰ ਛੁਪੇ ਕਵੀ ਨਾਲ ਵਾਕਫ਼ੀਅਤ ਇਸ ਸੰਗ੍ਰਹਿ ਨੇ ਕਰਵਾਈ। ਪ੍ਰਫੁਲ ਸ਼ਿਲੇਦਾਰ ਮਰਾਠੀ ਸਾਹਿਤ ਜਗਤ ਵਿਚ ਮੁਕਾਮ ਬਣਾਉਣ ਵਾਸਤੇ ਢਾਈ ਦਹਾਕਿਆਂ ਤੋਂ ਜੂਝ ਰਿਹਾ ਹੈ ਪਰ ਉਸ ਅੰਦਰਲੇ ਕਵੀ ਦੀ ਪ੍ਰਤਿਭਾ ਦੀ ਸ਼ਨਾਖ਼ਤ ਇਸ ਸੰਗ੍ਰਹਿ ਨੇ ਬਾਖ਼ੂਬੀ ਕੀਤੀ ਹੈ। 'ਪਿਆਰ' ਕਵਿਤਾ ਦੇ ਕੁਝ ਬੰਦ ਹਨ: "ਮੈਂ ਆਪਣੇ ਆਪ ਪਿਆਰ ਕਰਨਾ ਸਿੱਖ ਗਿਆ/ਪਰ ਹਰ ਪਲ/ ਪ੍ਰੇਮ ਨਹੀਂ ਕਰ ਸਕਿਆ/ਗੁੱਸਾ, ਨਫ਼ਰਤ, ਵੈਰ/ਅੰਤ ਤਕ ਇਹ ਸਾਰੀਆਂ ਗੱਲਾਂ/ਮੇਰੇ ਪਿਆਰ ਨੂੰ/ਜ਼ਿੰਦਗੀ ਭਰ ਕੁਤਰਦੀਆਂ ਰਹੀਆਂ।"

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 15 ਜੁਲਾਈ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-594



*ਪਹੁੰਚ ਤੋਂ ਵੀ ਅਗੇਰੇ ਅੱਪੜਨ ਲਈ ਤਿਆਰੀ ਹੈ,*
*ਪੱਬਾਂ ਭਾਰ ਹੋਈ ਦੇਖੋ ਬੱਚੀ ਕਿਤਨੀ ਪਿਆਰੀ ਹੈ।*
*'ਹੱਥ ਨ ਅੱਪੜੇ ਥੂਹ ਕੌੜੀ ਦਾ' ਸਬਕ ਨਹੀਂ ਪੜ੍ਹਿਆ,*
*ਲਾਇਆ ਜ਼ੋਰ ਹੈ ਸਾਰਾ ਭਾਵੇਂ ਔਖਾ ਜਾਂਦਾ ਖੜ੍ਹਿਆ।*

### ਕੈਪਸ਼ਨ ਮੁਕਾਬਲਾ-592



ਸੇਵਾ ਕਰਨੀ ਬੜੀ ਹੈ ਔਖੀ,
ਕਹਿਣਾ ਬਹੁਤ ਸੁਖਾਲ਼ਾ ਹੈ,
ਸੰਗ ਨਿਮਰਤਾ ਮਿੱਠ ਬੋਲਾ,
ਰੱਖਣਾ ਕਸਬ ਨਿਰਾਲਾ ਹੈ।
ਰੁਤਬੇ ਦਾ ਨਹੀਂ ਹੈ ਮਤਲਬ,
ਨਿਰਸਵਾਰਥ ਦਾ ਕਰਮ ਹੈ,
ਊਚ-ਨੀਚ ਨਸਲ ਭੇਦ ਨ੍ਹੀਂ,
ਮਨੁੱਖਤਾ ਹੀ ਬੱਸ ਧਰਮ ਹੈ।
***-ਸੇਵਾ ਸਿੰਘ ਨੂਰਪੁਰੀ***

---

ਮਾੜੇ ਚੰਗੇ ਹਰ ਥਾਂ ਵਸਦੇ
ਪ੍ਰਬੰਧ ਹੋਇਆ ਬਦਨਾਮ।
ਵਰਦੀ ਖਾਕੀ ਅੰਦਰ ਵੀ
ਬੜੇ ਨੇ ਨੇਕ ਇਨਸਾਨ।
ਹਰਿਆ ਬੂਟ ਰਹੇ ਹਮੇਸ਼ਾ
ਆਈ ਜਾਵਣ ਲੱਖ ਤੂਫ਼ਾਨ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

---

ਭੁੱਖੀ ਮਾਂ ਬੁਢੇਪੇ ਵਿਚ
ਸੜਕ ਕਿਨਾਰੇ ਬੈਠੀ,
ਵਾਸਤਾ ਪਾਵੇ ਕੋਈ ਰਹਿਮ ਦਿਲ ਆਵੇ।
ਕੋਲੋਂ ਲੰਘ ਰਿਹਾ ਪੁਲੀਸ ਅਫਸਰ
ਵਰਦੀ ਵਿਚ,
ਆਪਣੇ ਹਿੱਸੇ ਦਾ ਖਾਣਾ ਉਸਨੂੰ ਖੁਆਵੇ।
ਤਪਦੀ ਧੁੱਪ ਵਿਚ
ਮਾਂ ਦਾ ਸੀਨਾ ਠਾਰ ਕੇ,
ਉਸਦੀਆਂ ਅਸੀਸਾਂ ਲੈਂਦਾ ਜਾਵੇ।
ਸਰਕਾਰਾਂ ਵੀ ਲਾਵਾਰਸਾਂ ਨੂੰ
ਸੂਚੀਬੱਧ ਕਰਕੇ,
ਰਹਿਣ ਸਹਿਣ ਦੇ ਰੈਣ-ਬਸੇਰੇ ਬਣਾਵੇ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਢਿੱਡੋਂ ਭੁੱਖੀ ਲਾਚਾਰ ਮਾਂ,
ਲਾ ਕੇ ਬੈਠੀ ਆਸ
ਪੁਲਿਸ ਵਾਲਾ ਇਕ ਵਰਦੀਧਾਰੀ,
ਆ ਬੈਠਾ ਉਸ ਪਾਸ।
ਮਾਂ ਦੀ ਸੁਣ ਕੇ ਵਿਥਿਆ ਸਾਰੀ,
ਦਸਵੰਧ ਕੱਢਣ ਦੀ ਮਨ ਵਿਚ ਧਾਰੀ।
ਸਾਦਾ ਭੋਜਨ ਲੈ ਕੇ ਅਇਆ,
ਬੈਠ ਕੇ ਹੱਥੀਂ ਆਪ ਖੁਆਇਆ।
ਗੁਰੂ ਪੀਰਾਂ ਦਾ ਜੋ ਫ਼ੁਰਮਾਨ,
ਸੋਚ-ਸਮਝ ਕੇ ਕੀਜੈ ਦਾਨ॥
***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 1-925-325-2486***

---

ਵਰਦੀ ਦਾ ਕਸੂਰ ਨਹੀਂ
ਮਹਿਕਮਾ ਹੀ ਬਦਨਾਮ ਹੈ
ਭਰਤੀ ਵੇਲੇ ਹੀ ਸਿਖਾਇਆ ਜਾਂਦਾ
ਚਾੜ੍ਹ ਕੁਟਾਪਾ ਡੱਡੂ ਬਣਾਉਣਾ
ਐਪਰ ਸਖਤ ਤੋਂ ਸਖਤ ਦਾ ਵੀ
ਮਨ ਪਸੀਜ ਜਾਂਦਾ
ਦੇਖ ਅੱਖਾਂ ਸਾਹਵੇਂ
ਤੜਪ ਰਿਹਾ ਇਨਸਾਨ
ਪਾ ਬੁਰਕੀ ਉਸੇ ਦੇ ਮੂੰਹ
ਕਰੇ ਰਹਿਮ
ਪ੍ਰਸ਼ੰਸਾ ਕਰਨੀ ਤਾਂ ਬਣਦੀ ਹੈ।
***-ਦਰਸ਼ਨ ਪਾਲ ਦੋਸਾਂਝ***

# ਭੰਡਾਂ ਦਾ ਭੰਡ ਭਗਵੰਤ ਮਾਨ

ਭਗਵੰਤ ਮਾਨ ਦਾ ਕਾਮੇਡੀ ਸ਼ੋਅ 'ਨੋ ਲਾਈਫ ਵਿਦ ਵਾਈਫ' ਵੇਖ ਕੇ ਇਹ ਹਾਸ ਵਿਅੰਗ ਮੈਂ ਨੌਂ ਸਾਲ ਪਹਿਲਾਂ ਲਿਖਿਆ ਸੀ। ਲਓ ਪੰਜਾਬ ਦੇ ਅਜੋਕੇ ਮੁੱਖ ਮੰਤਰੀ, ਭਗਵੰਤ ਸਿੰਘ ਮਾਨ ਨੂੰ ਬਤੌਰ ਕਾਮੇਡੀਅਨ ਵੇਖੋ ਤੇ ਪਰਖੋ।

ਭਗਵੰਤ ਮਾਨ ਹਾਸ ਵਿਅੰਗੀ ਟੋਟਕਿਆਂ ਨਾਲ ਬੁਰਾਈਆਂ ਨੂੰ ਲਗਾਤਾਰ ਭੰਡਦਾ ਆ ਰਿਹੈ। ਇਹੀ ਉਸ ਦੀ ਕਲਾਕਾਰੀ ਹੈ। ਇਸ ਕਲਾਕਾਰੀ ਨੇ ਉਸ ਨੂੰ ਲੋਕ ਸਭਾ ਦਾ ਮੈਂਬਰ ਬਣਾਉਣ ਵਿਚ ਚੋਖੀ ਮਦਦ ਕੀਤੀ। ਜਿਵੇਂ ਉਹ ਹੋਰਨਾਂ ਨੂੰ ਸਾਵਧਾਨ ਕਰਦਾ ਆ ਰਿਹੈ ਉਵੇਂ ਪਾਰਲੀਮੈਂਟ ਦੇ ਮੈਂਬਰ ਵਜੋਂ ਉਸ ਨੂੰ ਵੀ ਸਾਵਧਾਨ ਰਹਿਣਾ ਪਵੇਗਾ। ਅੱਗੇ ਵੀ ਇਕ ਮਾਨ ਵੱਡੇ ਬਹੁਮਤ ਨਾਲ ਪਾਰਲੀਮੈਂਟ ਦਾ ਮੈਂਬਰ ਬਣਿਆ ਸੀ ਪਰ ਉਹ ਪੌੜੀਆਂ 'ਚੋਂ ਹੀ ਮੁੜ ਆਇਆ ਸੀ।



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਜਦੋਂ ਕੋਈ ਸਿਆਸਤ ਦੀਆਂ ਪੌੜੀਆਂ ਚੜ੍ਹਦੈ ਤਾਂ ਬੜੀਆਂ ਬਲਾਵਾਂ ਹੁੰਦੀਆਂ ਜਿਹੜੀਆਂ ਤਰ੍ਹਾਂ ਤਰ੍ਹਾਂ ਜਾਲ ਤਣਦੀਆਂ। ਉਨ੍ਹਾਂ 'ਚ ਫਸਣੋਂ ਕੋਈ ਮਾਈ ਦਾ ਲਾਲ ਹੀ ਬਚਦੈ। ਭਗਵੰਤ ਮਾਨ ਦੇ ਸ਼ੁਭਚਿੰਤਕ ਚਾਹੁੰਦੇ ਹਨ ਕਿ ਉਹ ਨਾ ਸਿਰਫ਼ ਬਚਿਆ ਰਹੇ ਬਲਕਿ ਸ਼ਹੀਦ ਭਗਤ ਸਿੰਘ ਦੇ ਦਿਖਾਏ ਰਾਹ 'ਤੇ ਅੱਗੇ ਹੀ ਅੱਗੇ ਵਧਦਾ ਜਾਏ।

ਸ਼ਹੀਦ ਭਗਤ ਸਿੰਘ ਨੇ ਪਾਰਲੀਮੈਂਟ 'ਚ ਬੰਬ ਸੁੱਟ ਕੇ ਆਪਣੀ ਆਵਾਜ਼ ਅੰਗਰੇਜ਼ਾਂ ਦੇ ਬੋਲੇ ਕੰਨਾਂ ਤਕ ਪੁਚਾਈ ਸੀ। ਭਗਵੰਤ ਮਾਨ ਨੇ ਭਗਤ ਸਿੰਘ ਦੀ ਯਾਦਗਾਰ ਅੱਗੇ ਪ੍ਰਣ ਕੀਤਾ ਹੈ ਕਿ ਉਹ ਲੋਕਾਂ ਦੀ ਆਵਾਜ਼ ਭਾਰਤ ਦੇ ਬੋਲੇ ਹਾਕਮਾਂ ਤਕ ਪਹੁੰਚਾਉਂਦਾ ਰਹੇਗਾ। ਜਿਹੜੀ ਲੜਾਈ ਭਗਤ ਸਿੰਘ ਨੇ ਸ਼ੁਰੂ ਕੀਤੀ ਸੀ ਉਹ ਅੱਗੇ ਵਧਾਏਗਾ। ਸੰਗਰੂਰ ਦੇ ਵੋਟਰਾਂ ਨੇ ਉਸ ਨੂੰ ਪੰਜਾਬ ਵਿਚੋਂ ਸਭ ਤੋਂ ਵੱਧ ਵੋਟਾਂ ਨਾਲ ਜਿਤਾਇਆ ਹੈ। ਪੰਜਾਬ ਨੂੰ ਉਹਦੇ ਤੋਂ ਬਹੁਤ ਆਸਾਂ ਹਨ। ਇਹ ਤਾਂ ਸਮਾਂ ਹੀ ਦੱਸੇਗਾ ਕਿ ਉਹਦੀ ਆਵਾਜ਼ ਵਿਚ ਕਿੰਨਾ ਕੁ ਦਮ ਖ਼ਮ ਹੈ?

ਹੁਣ ਉਹ ਸਰਗਰਮ ਸਿਆਸਤ ਵਿਚ ਸ਼ਾਮਲ ਹੈ। ਦੋ ਲੱਖ ਤੋਂ ਵੱਧ ਵੋਟਾਂ ਨਾਲ ਲੋਕ ਸਭਾ ਦੀ ਚੋਣ ਜਿੱਤਣ ਕਰਕੇ ਭਗਵੰਤ ਨੂੰ ਭਵਿੱਖ ਦਾ ਵੱਡਾ ਨੇਤਾ ਚਿਤਵਿਆ ਜਾ ਰਿਹੈ। ਕੀ ਪਤਾ ਕਦੇ ਪੰਜਾਬ ਦਾ ਮੁੱਖ ਮੰਤਰੀ ਹੀ ਬਣ ਜਾਵੇ? ਫਿਰ ਕੀ ਪਤਾ ਉਹ ਵੀ ਕਬੱਡੀ ਦਾ ਵਰਲਡ ਕੱਪ ਕਰਾਵੇ। ਕਬੱਡੀ ਦੇ ਪਹਿਲੇ ਵਰਲਡ ਕੱਪ ਸਮੇਂ ਉਹ ਸਾਡੀ ਕੁਮੈਂਟੇਟਰਾਂ ਦੀ ਟੀਮ ਵਿਚ ਸ਼ਾਮਲ ਸੀ ਜਿਸ ਦਾ ਮੈਂ ਕੋਆਰਡੀਨੇਟਰ ਸਾਂ। ਉਹ ਹਰ ਸਟੇਡੀਅਮ ਵਿਚ ਨਵਾਂ ਬਾਣਾ ਬਦਲਦਾ ਤੇ ਕਬੱਡੀ ਖਿਡਾਰੀਆਂ ਬਾਰੇ ਨਵੇਂ ਟੋਟਕੇ ਜੋੜਦਾ:

ਕਬੱਡੀ ਦੇਖਣ ਲਈ ਲੋਕ ਖੰਭਿਆਂ, ਦਰੱਖਤਾਂ ਤੇ ਟਾਵਰਾਂ 'ਤੇ ਲਟਕਣਗੇ

ਹੁਣ ਧੋਨੀ ਤੇ ਸਹਿਵਾਗ ਵਾਂਗੂੰ ਮੰਗੀ, ਸੁੱਖੀ ਤੇ ਦੁੱਲੇ ਹੋਰੀਂ ਵੀ ਚਮਕਣਗੇ

ਰਹਿਣ ਚੜ੍ਹਦੀ ਕਲਾ 'ਚ ਖਿਡਾਰੀ, ਅਸੀਂ ਰੱਬ ਤੋਂ ਦੁਆ ਇਹ ਖ਼ਾਸ ਮੰਗਦੇ

ਕੀ ਜੱਜ ਵਕੀਲ ਤੇ ਬਿਜ਼ਨਸਮੈਨ, ਹੁਣ ਸਾਰੇ ਹੀ ਕਬੱਡੀ ਦਾ ਪਾਸ ਮੰਗਦੇ...

ਉਦੋਂ ਮਨੋਰੰਜਨ ਦੀ ਮੰਡੀ ਵਿਚ ਉਹਦੀ ਝੰਡੀ ਸੀ। ਉਹਦਾ ਇਕ ਇਕ ਸ਼ੋਅ ਲੱਖਾਂ 'ਚ ਵਿਕਦਾ। ਮੈਂ ਲਿਖਿਆ ਸੀ, "ਜੇ ਕਿਤੇ ਭੰਡਾਂ ਦਾ ਵਰਲਡ ਕੱਪ ਹੋਵੇ ਤਾਂ ਭਾਰਤ ਦਾ ਭਗਵੰਤ ਮਾਨ ਗੋਲਡ ਮੈਡਲ ਜਿੱਤ ਸਕਦੈ ਤੇ ਭਾਰਤ ਦੀ ਮੈਡਲ ਜਿੱਤਣ ਦੀ ਖੁਸ਼ਕੀ ਦੂਰ ਕਰ ਸਕਦੈ। ਫੇਰ ਮੈਨੂੰ ਵੀ ਲਿਖਣਾ ਪੈ ਸਕਦੈ: ਭੰਡਾਂ ਦਾ ਚੈਂਪੀਅਨ ਭਗਵੰਤ ਮਾਨ! ਮੈਂ ਉਹਦਾ ਰੇਖਾ ਚਿੱਤਰ ਇੰਜ ਸ਼ੁਰੂ ਕਰਦਾ, "ਬੰਦਾ ਤਾਂ ਉਹ ਬੂਟਾਂ ਸਣੇ ਸਾਢੇ ਪੰਜ ਫੁੱਟ ਦਾ ਈ ਐ ਤੇ ਵਜ਼ਨ ਹੋਵੇਗਾ ਲੀੜੇ ਲੱਤੇ ਸਮੇਤ ਡੂਢ ਮਣ। ਪਰ ਪਤੰਦਰ ਜਿੰਨਾ ਧਰਤੀ ਤੋਂ ਉਤੇ ਐ ਧਰਤੀ 'ਚ ਓਦੂੰ ਕਿਤੇ ਵੱਧ ਐ। ਪਤਾ ਨੀਂ ਪਿਉ ਦੇ ਪੁੱਤ ਨੂੰ ਮਾਂ ਨੇ ਕੀ ਖਾ ਕੇ ਜੰਮਿਐਂ? ਇਹੋ ਜਿਹਾ ਪਟਾਕਾ ਪਾਉਂਦੈ ਕਿ ਬੰਦਾ ਹੱਸਦਾ-ਹੱਸਦਾ ਮਰਨਹਾਕਾ ਹੋ ਜਾਂਦੈ!"

ਉਸ ਦਾ ਜਨਮ ਪਿੰਡ ਸਤੌਜ, ਤਹਿਸੀਲ ਸੁਨਾਮ, ਜ਼ਿਲ੍ਹਾ ਸੰਗਰੂਰ ਵਿਚ 17 ਅਕਤੂਬਰ 1972 ਨੂੰ ਹੋਇਆ। ਉਸ ਦੇ ਪਿਤਾ ਮਰਹੂਮ ਮਹਿੰਦਰ ਸਿੰਘ ਸਾਇੰਸ ਮਾਸਟਰ ਸਨ ਜੋ ਖੇਤੀਬਾੜੀ ਵੀ ਕਰਦੇ ਸਨ। ਭਗਵੰਤ ਨੇ ਡੰਗਰ ਚਾਰਦਿਆਂ, ਸਕੂਲੇ ਪੜ੍ਹਦਿਆਂ ਤੇ ਖੇਤੀਬਾੜੀ ਕਰਦਿਆਂ ਰੱਜ ਕੇ ਸ਼ਰਾਰਤਾਂ ਕੀਤੀਆਂ। ਘਰਦਿਆਂ ਤੇ ਮਾਸਟਰਾਂ ਦੀ ਚੰਗੀ ਕੁੱਟ ਖਾਧੀ ਤੇ ਕਈਆਂ ਨੂੰ ਕੁੱਟਿਆ ਵੀ। ਸਕੂਲ ਦੀ ਫੱਟੀ, ਲਿਖਣ ਨਾਲੋਂ ਕੁੱਟਣ ਦੇ ਕੰਮ ਵੱਧ ਆਈ। ਕਦੇ ਮਾਸਟਰਾਂ ਦੀਆਂ ਨਕਲਾਂ ਲਾਉਂਦਾ, ਕਦੇ ਭੈਣ ਜੀਆਂ ਦੀਆਂ। ਉਨ੍ਹਾਂ ਨੂੰ ਟਾਪੂ ਤੇ ਟਪੂਸੀਆਂ ਲਾ ਕੇ ਵਿਖਾਉਂਦਾ। ਭੰਬੀਰੀ ਬਣਿਆ ਪੰਗੇ ਲੈਂਦਾ ਫਿਰਦਾ। ਆਂਢਣਾਂ ਗੁਆਂਢਣਾਂ ਉਹਦੀ ਮਾਂ ਨੂੰ ਉਲਾਂਭੇ ਦਿੰਦੀਆਂ, "ਨੀਂ ਹਰਪਾਲ ਕੁਰੇ, ਥੋਡਾ ਭੰਤਾ ਤਾਂ ਸਾਡੀਆਂ ਵੀ ਰੀਸਾਂ ਲਾਉਣੋਂ ਨੀ ਹਟਦਾ। ਏਹਨੂੰ ਕੁੜੇ ਮਰਾਸੀਆਂ ਦਾ ਪਾਹ ਕਿਥੋਂ ਚੜ੍ਹ ਗਿਆ?"

ਕੋਈ ਉਹਦੇ ਪਿਓ ਨੂੰ ਕਹਿੰਦਾ, "ਮਾਸਟਰਾ, ਮੁੰਡਾ ਤਾਂ ਤੇਰਾ ਪੂਰਾ ਅਫਲਾਤੂਨ ਐਂ। ਕੀ ਖੁਆਉਨੈਂ ਤੂੰ ਏਹਨੂੰ? ਏਹਨੂੰ ਡਰਾਮੇ-ਡਰੂਮੇ ਆਲਿਆਂ ਨਾਲ ਰਲਾ ਦੇ, ਕਮਾਲਾਂ ਕਰਦੂ। ਕੀ ਪਿਆ ਪੜ੍ਹਾਈਆਂ 'ਚ?"

ਪਿਤਾ ਨੇ ਉਸ ਨੂੰ ਡਾਕਟਰ ਬਣਾਉਣ ਵਾਸਤੇ ਪਹਿਲਾਂ ਮੈਡੀਕਲ ਕੋਰਸ ਦੁਆਇਆ, ਫਿਰ ਬੀ ਕਾਮ ਤੇ ਅਖ਼ੀਰ ਆਰਟਸ। ਪਰ ਉਹ ਕਿਸੇ ਵਿਚ ਵੀ ਨਾ ਚੱਲਿਆ। ਆਖ਼ਰ ਪੜ੍ਹਾਈ ਵਿਚੇ ਛੱਡ ਕੇ ਹਾਸੇ ਖੇਡੇ ਦੀ ਮੰਡੀ 'ਚ ਅਜਿਹਾ ਚੱਲਿਆ ਕਿ ਉਹਦਾ ਭਾਅ ਵਧਦਾ ਹੀ ਗਿਆ। ਚੋਣਾਂ 'ਚ ਸਿਆਸਤਦਾਨਾਂ ਬਾਰੇ ਘੜੇ ਟੋਟਕੇ ਉਹਨੂੰ ਹੀ ਨਹੀਂ, ਆਪ ਦੇ ਹੋਰਨਾਂ ਉਮੀਦਵਾਰਾਂ ਨੂੰ ਵੀ ਤਾਰ ਗਏ। ਉਂਜ ਉਹ ਦੂਜਿਆਂ ਦਾ ਮਖੌਲ ਉਡਾਉਣ ਦੇ ਨਾਲ ਆਪਣੇ ਆਪ ਨੂੰ ਵੀ ਨਹੀਂ ਬਖ਼ਸ਼ਦਾ। ਕਹਿੰਦਾ ਹੈ, "ਜਦੋਂ ਮੈਂ ਜੰਮਿਆ ਤਾਂ ਮੈਨੂੰ ਮਾੜੂਆ ਜਿਆ ਦੇਖ ਕੇ ਬੁੜ੍ਹੀਆਂ ਕਹੀ ਜਾਣ, ਏਹਨੇ ਤਾਂ ਆਵਦੇ ਨਾਨਕਿਆਂ ਦੀ ਪੰਜੀਰੀ ਦਾ ਮੁੱਲ ਵੀ ਨੀਂ ਮੋੜਿਆ!"

ਉਹ ਸ਼ਹੀਦ ਊਧਮ ਸਿੰਘ ਕਾਲਜ ਸੁਨਾਮ ਵਿਚ ਪੜ੍ਹਨ ਲੱਗਾ ਤਾਂ ਨਾਲ ਹੀ ਨਕਲਾਂ ਲਾਉਣ ਲੱਗ ਪਿਆ। ਯੂਥ ਫੈਸਟੀਵਲ 'ਚ ਉਸ ਨੇ ਕਬਾੜੀਏ ਦੀ ਨਕਲ ਲਾਈ। ਮੂੰਹ 'ਤੇ ਕਾਲ਼ਾ ਤੇਲ ਮਲ਼ਿਆ, ਮੈਲ਼ੇ ਕੱਪੜੇ ਪਾਏ, ਸਾਈਕਲ 'ਤੇ ਕਬਾੜ ਦੀਆਂ ਬੋਰੀਆਂ ਲੱਦੀਆਂ ਤੇ 'ਖਾਲੀ





ਬੋਤਲਾਂ, ਟੁੱਟੀਆਂ ਚੱਪਲਾਂ, ਰੱਦੀ ਅਖ਼ਬਾਰ, ਪੁਰਾਣਾ ਲੋਹਾ ਵੇਚ ਲਓ' ਦਾ ਹੋਕਾ ਦਿੰਦਾ ਸਟੇਜ ਵੱਲ ਵਧਿਆ। ਉਸ ਨੂੰ ਇਹ ਕਹਿ ਕੇ ਰੋਕ ਲਿਆ ਗਿਆ ਕਿ ਏਧਰ ਤਾਂ ਭਾਈ ਯੂਥ ਫੈਸਟੀਵਲ ਹੋ ਰਿਹੈ। ਪਰ ਉਹ ਰੋਕਿਆਂ ਨਾ ਰੁਕਿਆ ਤੇ ਸਟੇਜ 'ਤੇ ਚੜ੍ਹ ਕੇ ਵੀ ਹੋਕਾ ਦੇਣੋਂ ਨਾ ਟਲਿਆ। ਜੱਜਾਂ ਨੇ ਉਸ ਨੂੰ ਵਧੀਆ ਨਕਲੀਏ ਦਾ ਇਨਾਮ ਦਿੱਤਾ। ਸਟੇਜੀ ਕਲਾ ਦੇ ਮਾਹਿਰ ਡਾ. ਸਤੀਸ਼ ਵਰਮਾ ਦਾ ਕਥਨ ਹੈ ਕਿ ਭਗਵੰਤ ਕਿਸੇ ਵੇਲੇ ਸਟੇਜ ਉਤੇ ਕਾਲੇ ਤੇਲ ਨਾਲ ਆਪਣਾ ਮੂੰਹ ਕਾਲਾ ਕਰ ਕੇ ਇਨਾਮ ਜਿੱਤ ਗਿਆ ਸੀ। ਅੱਜ ਕੱਲ੍ਹ ਉਹ ਆਪਣੀ ਹਾਸ ਵਿਅੰਗ ਦੀ ਕਲਾਕਾਰੀ ਨਾਲ ਦੇਸ਼ ਦੇ ਭ੍ਰਿਸ਼ਟ ਤੇ ਢੌਂਗੀ ਲੋਕਾਂ ਦਾ ਮੂੰਹ ਕਾਲਾ ਕਰ ਰਿਹੈ!

ਕਰਨੈਲ ਸਿੰਘ ਪਾਰਸ ਕਹਿੰਦਾ ਹੁੰਦਾ ਸੀ, "ਮੈਂ ਬੜੇ ਮਰਾਸੀ ਦੇਖੇ, ਨਕਲੀਏ ਦੇਖੇ, ਨਕਲਾਂ ਲਾਉਂਦੇ, ਹਸਾਉਂਦੇ ਪਰ ਭਗਵੰਤ ਨਾਲ ਦਾ ਨੀਂ ਦੇਖਿਆ। ਇਹ ਤਾਂ ਪਤੰਦਰ ਹਾਸੇ ਦਾ ਖੂਹ ਐ। ਕਈ ਕਲਾਕਾਰ ਪਟਰੋਲ ਪੰਪਾਂ ਵਰਗੇ ਹੁੰਦੇ ਆ। ਜਿੰਨਾ ਤੇਲ ਪਾਓ, ਓਨਾ ਈ ਨਿਕਲਦੈ। ਭਗਵੰਤ ਤਾਂ ਬੂਜਲੀਆਂ ਵਾਲਾ ਖੂਹ ਐ, ਜਿੰਨਾ ਪਾਣੀ ਕੱਢੋਗੇ ਓਨਾ ਹੀ ਹੇਠੋਂ ਆਈ ਜਾਊ।" ਦਰਜਨਾਂ ਆਡੀਓ ਵੀਡੀਓ ਕੈਸਟਾਂ, ਗਾਣਿਆਂ, ਡਰਾਮਿਆਂ ਤੇ ਫਿਲਮਾਂ 'ਚ ਹਾਸੇ ਦੇ ਹਜ਼ਾਰਾਂ ਟੋਟਕੇ ਸੁਣਾ ਕੇ ਵੀ ਉਹਦੇ ਹਾਸ ਵਿਅੰਗ ਦਾ ਖੂਹ ਭਰੇ ਦਾ ਭਰਿਆ ਪਿਆ। (ਮੁੱਖ ਮੰਤਰੀ ਬਣ ਕੇ ਵੀ)

ਭਗਵੰਤ ਮਾਨ ਦੇ ਹਾਸ ਬਿਲਾਸ ਵਿਚ ਨਿਰਾ ਜਾਭਾਂ ਦਾ ਹਾਸਾ ਹੀ ਨਹੀਂ ਪੂਰੇ ਢਿੱਡ ਦਾ ਹਾਸਾ ਹੈ। ਹਸਾਉਂਦਿਆਂ ਉਹ ਵੱਖੀਆਂ ਤੁੜਾ ਦਿੰਦਾ ਹੈ।

ਇਕ ਵਾਰ ਉਹਦੇ ਸ਼ੋਅ 'ਚ ਦਮੇ ਦੇ ਇਕ ਮਰੀਜ਼ ਨੂੰ ਹਾਸੇ ਦਾ ਅਜਿਹਾ ਦੌਰਾ ਪਿਆ ਕਿ ਉਹ ਦਮੋਂ ਪੱਟਿਆ ਗਿਆ। ਤੁਰੰਤ ਐਂਬੂਲੈਂਸ 'ਚ ਹਸਪਤਾਲ ਲਿਜਾਣਾ ਪਿਆ। ਅਗਲੇ ਸ਼ੋਅ ਤੋਂ ਪਹਿਲਾਂ ਐਡ ਦੇਣੀ ਪਈ ਕਿ ਸਾਹ ਦੇ ਮਰੀਜ਼ ਭਗਵੰਤ ਮਾਨ ਦਾ ਸ਼ੋਅ ਨਾ ਵੇਖਣ। ਹੋਰ ਨਾ ਕਿਸੇ ਦੀ ਜਾਹ ਜਾਂਦੀ ਹੋਜੇ!

2014 'ਚ 'ਪੰਜਾਬੀ ਲਹਿਰਾਂ' ਦੇ ਸਤਿੰਦਰਪਾਲ ਨੇ ਭਗਵੰਤ ਮਾਨ ਦਾ ਕਾਮੇਡੀ ਸ਼ੋਅ ਕਰਾਉਣਾ ਸੀ। ਉਸ ਨੇ ਮੈਨੂੰ ਵੀ ਸੱਦ ਲਿਆ ਤੇ ਮੀਡੀਆ ਦੇ ਹੋਰ ਬੇਲੀ ਵੀ ਬੁਲਾ ਲਏ ਬਈ ਭਗਵੰਤ ਮਾਨ ਨੇ ਪ੍ਰੈੱਸ ਕਾਨਫਰੰਸ ਕਰਨੀ ਐਂ। ਉਥੇ ਹਾਸੇ ਦੇ ਬਾਦਸ਼ਾਹ ਭਗਵੰਤ ਮਾਨ ਨਾਲ ਮੇਰੀ ਮੁੜ ਮੁਲਾਕਾਤ ਹੋਈ ਜੋ ਦੌੜ ਦੇ ਬਾਦਸ਼ਾਹ ਮਿਲਖਾ ਸਿੰਘ ਦੀ ਮੁਲਾਕਾਤ ਨੂੰ ਵੀ ਮਾਤ ਪਾ ਗਈ। ਕਹਿਣ ਲੱਗਾ, ਲੋਕਾਂ ਨੂੰ ਹੱਸਣ ਦੀ ਭੁੱਖ ਐ ਤੇ ਮੈਨੂੰ ਹਸਾਉਣ ਦਾ ਜਨੂੰਨ ਐਂ। ਪਾੜੇ ਦੇ ਇਕ ਪਾਸੇ ਦਰਸ਼ਕ ਹੁੰਦੇ ਆ, ਦੂਜੇ ਪਾਸੇ ਮੈਂ। ਆਪਾਂ ਚੜ੍ਹ ਕੇ ਕੌਡੀ ਪਾਈਦੀ ਆ ਤੇ ਕਿਸੇ ਤੋਂ ਕੈਂਚੀ ਨੀ ਮਰਵਾਈਦੀ। ਫਿਰ ਆਖਣ ਲੱਗਾ, ਮੇਰਾ ਹਾਸੇ ਦਾ ਮੈਚ ਵੀ ਦੇਖਿਓ ਨਾਲੇ ਉਹਦੇ ਬਾਰੇ ਕੁਝ ਲਿਖਿਓ। ਉਸੇ ਵੇਲੇ ਸਤਿੰਦਰਪਾਲ ਨੇ ਮੈਨੂੰ 'ਨੋ ਲਾਈਫ਼ ਵਿਦ ਵਾਈਫ਼' ਦੇ ਕਾਮੇਡੀ ਸ਼ੋਅ ਦਾ ਪਾਸ ਫੜਾ ਦਿੱਤਾ। ਮੈਂ ਸੋਚਿਆ ਕਿ ਇਸ ਸ਼ੋਅ ਦਾ ਸਬਕ ਹੋਵੇਗਾ 'ਨੋ ਲਾਈਫ਼ ਵਿਦਾਊਟ ਵਾਈਫ਼'! (ਹੁਣ ਤਾਂ ਪਰਤੱਖ ਹੀ ਹੋ ਗਿਆ)

ਸ਼ੋਅ ਦੀਆਂ ਟਿਕਟਾਂ 25, 35, 50 ਡਾਲਰ ਦੀਆਂ ਸਨ ਤੇ ਹਾਲ ਸੀ 3500 ਸੀਟਾਂ ਵਾਲਾ ਪੈਲਸ। ਮੈਂ ਸੋਚ ਰਿਹਾ ਸਾਂ ਏਨੀਆਂ ਮਹਿੰਗੀਆਂ ਟਿਕਟਾਂ ਲੈ ਕੇ ਏਡਾ ਹਾਲ ਕੌਣ ਭਰੇਗਾ? ਪਰ ਪੰਜਾਬ ਦੇ ਪਰਵਾਸੀ ਦਰਸ਼ਕ ਹਾਸੇ ਦਾ ਤਮਾਸ਼ਾ ਵੇਖਣ ਦੇ ਐਸੇ ਦੀਵਾਨੇ ਨਿਕਲੇ ਕਿ ਕਬੱਡੀ ਮੈਚਾਂ ਨੂੰ ਵੀ ਮਾਤ ਪਾ ਗਏ। ਕੰਮਾਂ ਕਾਰਾਂ ਤੇ ਪਰਿਵਾਰਕ ਤਣਾਵਾਂ ਦੇ ਮਾਰੇ ਉਹ ਹੱਸਣ ਨੂੰ ਤਰਸੇ ਪਏ ਸਨ। ਹੱਸਦੇ ਹੋਏ ਕਹੀ ਜਾਣ ਪਈ ਪੈਸੇ ਖਰਚਣ ਦਾ ਸੁਆਦ ਆ ਗਿਆ। ਸ਼ੋਅ ਸੋਲਡ ਆਊਟ ਹੋ ਗਿਆ ਜਿਸ ਕਰਕੇ ਸੈਂਕੜੇ ਦਰਸ਼ਕਾਂ ਨੂੰ ਟਿਕਟ ਨਾ ਮਿਲਣ ਕਾਰਨ ਬਰਫ਼ੀਲੇ ਮੌਸਮ 'ਚ ਭਿੱਜੇ ਅਮਲੀਆਂ ਵਾਂਗ ਮੁੜਨਾ ਪਿਆ!

ਸ਼ੋਅ ਸ਼ੁਰੂ ਹੋਇਆ ਤਾਂ ਸਟੇਜ 'ਤੇ ਭਾਰੀ ਵਾਈਫ਼ ਤੇ ਹੌਲੇ ਹਸਬੈਂਡ ਦੇ ਦਰਸ਼ਨ ਹੋਏ। ਹਸਬੈਂਡ ਹੋਊ ਪੰਜਾਹ ਕਿਲੋ ਦਾ ਤੇ ਵਾਈਫ ਹੋਊ ਕੁਇੰਟਲ ਦੀ। ਜੋੜੀ ਜਿਵੇਂ ਬੋਰੀ ਤੇ ਗੱਟਾ ਹੋਵੇ। ਦਰਸ਼ਕਾਂ ਨੂੰ ਹਾਸਾ ਨਾ ਆਵੇ ਤਾਂ ਹੋਰ ਕੀ ਆਵੇ? ਲਾਵਾਂ ਵੇਲੇ ਕਿਸੇ ਨੇ ਇਹ ਸਿਹਰਾ ਜ਼ਰੂਰ ਪੜ੍ਹਿਆ ਹੋਊ, ਗ੍ਰਿਹਸਥ ਦੀ ਗੱਡੀ ਦੇ ਪਹੀਏ ਚਾਰ, ਜੋੜੀ ਜੀਵੇ ਜੁਗ ਚਾਰ...। ਪਰ ਕਿਸੇ ਨੇ ਇਹ ਮੱਤ ਨੀਂ ਦਿੱਤੀ ਹੋਣੀ, "ਓਏ ਭਲਿਓ ਮਾਣਸੋ! ਗੱਡੀ ਤਾਂ ਜੋੜੀ ਜਾਨੇ ਓਂ, ਪਹਿਲਾਂ ਗੱਡੀ ਦੇ ਟੈਰ ਤਾਂ ਦੇਖ-ਲੋ, ਇਹ ਗੱਡੀ ਨੂੰ ਰਿੜ੍ਹਦੀ ਰੱਖਣ ਆਲੇ ਆ? ਇਕ ਪਾਸੇ ਕੰਬਾਈਨ ਦਾ ਪਹੀਆ ਤੇ ਦੂਜੇ ਪਾਸੇ ਟੈਂਪੂ ਦਾ। ਭਲਾ ਇਹ ਗੱਡੀ ਰਿੜ੍ਹੂ ਕਿਵੇਂ?"

ਪਰਵਾਸੀ ਠੱਗ ਲਾੜਿਆਂ ਤੇ ਲਾੜੀਆਂ ਦੀਆਂ ਜੋੜੀਆਂ ਦਾ ਜਿਹੜਾ ਰੌਲਾ-ਰੱਪਾ ਪੈਂਦੈ, ਉਨ੍ਹਾਂ 'ਚੋਂ ਅੱਧੀਆਂ ਦਾ ਮਸਲਾ ਅਜਿਹੇ ਵਿਆਹਾਂ ਦਾ ਈ ਐ। ਕੁੜੀ ਬੀਏ ਐੱਮਏ ਹੁੰਦੀ ਐ ਤੇ ਮੁੰਡਾ ਪੰਜਵੀਂ ਸੱਤਵੀਂ ਫੇਲ੍ਹ। ਮੁੰਡਾ ਡਾਕਟਰ ਹੁੰਦੈ ਤੇ ਕੁੜੀ ਦੇਸੀ ਬਾਂਦਰੀ ਵਾਂਗ ਵਲੈਤੀ ਚੀਕਾਂ ਮਾਰੀ ਜਾਂਦੀ ਐ। ਪਿਉ ਧੀ ਜਿੰਨੇ ਉਮਰ ਦੇ ਫਰਕ ਨੂੰ ਵੀ ਹਾਣ ਪਰਵਾਨ ਕਹੀ ਜਾਂਦੇ ਆ! ਫੇਰ ਭਗਵੰਤ ਮਾਨ 'ਨੋ ਲਾਈਫ਼ ਵਿਦ ਵਾਈਫ਼' ਵਰਗੇ ਡਰਾਮੇ ਕਿਉਂ ਨਾ ਖੇਡੇ?

ਮੈਂ ਸੋਚਿਆ ਸੀ 'ਨੋ ਲਾਈਫ ਵਿਦ ਵਾਈਫ' ਡਰਾਮੇ ਦਾ ਅੰਤ ਹੋਵੇਗਾ 'ਨੋ ਲਾਈਫ ਵਿਦਾਊਟ ਵਾਈਫ'। ਪਰ ਭਗਵੰਤ ਮਾਨ ਦਾ ਇਹ ਉਦੇਸ਼ ਨਹੀਂ ਸੀ। ਉਹਦਾ ਇਕੋ ਉਦੇਸ਼ ਸੀ ਰੱਜ ਕੇ ਹਸਾਉਣਾ। ਬਹੁਤੇ ਦਰਸ਼ਕ ਵੀ ਹੱਸਣ ਈ ਗਏ ਸਨ। ਇਉਂ ਸ਼ੋਅ ਹੱਸਣ ਹਸਾਉਣ ਦੇ ਪੱਖੋਂ ਪੂਰਾ ਕਾਮਯਾਬ ਰਿਹਾ। ਦਰਸ਼ਕਾਂ ਦੀਆਂ ਸ਼ਿਸਤਾਂ ਪਲ ਭਰ ਲਈ ਵੀ ਸਟੇਜ ਤੋਂ ਲਾਂਭੇ ਨਾ ਹੋਈਆਂ। ਹੂੜ੍ਹਮੱਤੇ, ਜਿਨ੍ਹਾਂ ਦਾ ਹਾਤ ਹੂਤ ਕਰਨਾ ਸ਼ੁਗਲ ਈ ਹੁੰਦੈ, ਹੱਸਦਿਆਂ ਉਨ੍ਹਾਂ ਨੂੰ ਵੀ ਆਪਣਾ ਸ਼ੁਗਲ ਭੁੱਲਿਆ ਰਿਹਾ!

ਸ਼ੋਅ ਦੀ ਸਮਾਪਤੀ 'ਤੇ ਭਗਵੰਤ ਮਾਨ ਨੇ ਕਿਹਾ ਕਿ ਐਤਕੀਂ ਤਾਂ ਉਹ ਹਾਸੇ ਦੀ ਫਸਲ ਬੀਜਣ ਈ ਆਇਐ। ਬੋਹਲ ਚੁੱਕਣ ਬਾਅਦ 'ਚ ਆਵੇਗਾ। ਪਰਵਾਸੀਆਂ ਨੇ ਸੱਚਮੁੱਚ ਉਹਦੀ ਚੋਣ 'ਚ ਬੋਹਲ ਚੁਕਾਏ। ਉਹ ਲੋਕ ਮਨਾਂ ਨੂੰ ਇਸ ਲਈ ਭਾਅ ਗਿਆ ਕਿ ਉਸ ਨੇ ਪੁਲਸੀਆਂ, ਪਟਵਾਰੀਆਂ, ਮੰਤਰੀਆਂ, ਸੰਤਰੀਆਂ, ਮਾਸਟਰਾਂ, ਆੜ੍ਹਤੀਆਂ, ਡਾਕਟਰਾਂ, ਵਕੀਲਾਂ, ਹੋਮ ਗਾਰਡੀਆਂ, ਅਮਲੀਆਂ, ਸਿਆਸੀ ਨੇਤਾਵਾਂ ਤੇ ਉਤੋਂ ਉਤੋਂ ਇਨਕਲਾਬ ਜ਼ਿੰਦਾਬਾਦ ਕੂਕਦੇ ਕਾਮਰੇਡਾਂ ਦੀਆਂ ਢੱਕੀਆਂ ਬੁਰਾਈਆਂ ਨੂੰ ਨੰਗਾ ਕੀਤਾ। ਉਹਦੀ ਕਾਮੇਡੀ ਕਲਾ ਦਾ ਨਿਚੋੜ ਸਮਾਜੀ ਵਰਤਾਰੇ ਉਤੇ ਤਿੱਖਾ ਕਟਾਖਸ਼ ਸੀ। ਉਹ ਬੁਰਾਈਆਂ ਨੂੰ ਮਜ਼ਾਹੀਆ ਢੰਗ ਨਾਲ ਭੰਡਦਾ ਸੀ ਅਤੇ ਅਸਲੀ ਇਨਕਲਾਬ ਲਿਆਉਣਾ ਚਾਹੁੰਦਾ ਸੀ। ਉਦੋਂ ਇਕ ਕਾਮਰੇਡ ਨੇਤਾ ਨੂੰ ਵੀ ਕਹਿਣਾ ਪਿਆ ਸੀ, "ਬਈ ਮੁੰਡਿਆ ਤੂੰ ਤਾਂ ਸਿਰਾ ਈ ਲਾਈ ਜਾਨੈਂ। ਸਾਥੋਂ ਤਾਂ ਇਨਕਲਾਬ ਆਇਆ ਨੀਂ, ਸਾਨੂੰ ਲੱਗਦੈ ਤੂੰ ਈ ਲਿਆਏਂਗਾ ਕਿਸੇ ਦਿਨ।"

ਉਹਦਾ ਪੰਜ ਸਾਲਾ 'ਸ਼ੋਅ' ਦਿਖਾਏਗਾ ਉਹ ਧਰਤੀ 'ਚ ਕਿੰਨਾ ਕੁ ਹੈ? ਵੇਖਦੇ ਹਾਂ ਉਹ ਪੰਜਾਬੀ ਮਾਂ ਦੇ ਹੰਝੂਆਂ 'ਚ ਹਾਸਾ ਛਲਕਾਅ ਸਕਦੈ ਜਾਂ ਨਹੀਂ?

# ਦਰਦ ਦੇਖ ਦੁਖ ਆਂਦਾ...

ਅਖ਼ਬਾਰਾਂ ਦੀਆਂ ਖ਼ਬਰਾਂ ਦੁੱਖ ਸੁੱਖ, ਖੁਸ਼ੀ-ਗ਼ਮੀ, ਚੈਨ ਤੇ ਬੇਚੈਨੀ ਨਾਲ ਭਰੀਆਂ ਹੁੰਦੀਆਂ ਹਨ। ਭਾਈ ਵੀਰ ਸਿੰਘ ਦੇ ਕਹਿਣ ਵਾਂਗਰਾਂ...

'ਫਿਰ ਬੀ ਦਰਦ ਨਾ ਘਟੇ ਜਗਤ ਦਾ, ਚਾਹੇ ਆਪਾ ਵਾਰੋ। ਪਰ ਪੱਥਰ ਨਹੀਂ ਬਣਿਆ ਜਾਂਦਾ, ਦਰਦ ਦੇਖ ਦੁਖ ਆਂਦਾ। ਵਰਤਮਾਨ ਸਮੇਂ ਪਹਿਲਵਾਨ ਕੁੜੀਆਂ ਦੇ ਧਰਨੇ ਦੀਆਂ ਖ਼ਬਰਾਂ ਛਪਦੀਆਂ ਆ ਰਹੀਆਂ ਹਨ। ਪੜ੍ਹ ਲਈਦੀਆਂ ਨੇ ਤਕਲੀਫ਼ ਵੀ ਹੁੰਦੀ ਐ। ਸਾਡੇ ਵਰਗੇ ਆਮ ਜਿਹੇ ਲੋਕ ਸੋਚੀਂ ਪੈ ਜਾਂਦੇ ਨੇ ਕਿ ਇਹ ਕੁੜੀਆਂ ਜਿਹੜੀਆਂ ਦੇਸ਼ ਦਾ ਮਾਣ ਨੇ ਜਿਨ੍ਹਾਂ ਨੇ ਆਪਣੇ ਦੇਸ਼ ਦਾ ਨਾਂ ਚਮਕਾਇਆ, ਉਨ੍ਹਾਂ ਦੀ ਗੱਲ ਸੁਣਨ ਨੂੰ ਸਰਕਾਰਾਂ ਐਨੀ ਦੇਰ ਕਿਉਂ ਕਰ ਰਹੀਆਂ ਹਨ। ਮਾੜਾ ਜਿਹਾ ਦਿਮਾਗ ਅੱਗੇ ਤੁਰਿਆ ਤਾਂ ਪਤਾ ਲੱਗਿਆ ਕਿ ਇਹ ਤਾਂ ਲੜਾਈ ਹੀ ਸਰਕਾਰੀ ਬੰਦਿਆਂ ਦੇ ਖ਼ਿਲਾਫ਼ ਐ ਫੇਰ ਸੁਣੇਗਾ ਕੌਣ? ਫਿਰ ਖਿਆਲ ਆਉਂਦਾ ਹੈ... ਤਾਂ ਕੀ ਹੋਇਆ, ਅਸੀਂ ਲੋਕਤੰਤਰ ਵਿਚ ਰਹਿੰਦੇ ਹਾਂ..... ਸੁਣਨੀ ਤਾਂ ਪਊ ਸਰਕਾਰ ਨੂੰ। ਇਹ ਅਣਦੇਖੀਆਂ ਸਰਕਾਰਾਂ ਨੂੰ ਮਹਿੰਗੀਆਂ ਪੈ ਜਾਂਦੀਆਂ ਨੇ ਖਾਸ ਕਰਕੇ ਉਸ ਵੇਲੇ ਜਦੋਂ ਚੋਣਾਂ ਨੇੜੇ ਤੇੜੇ ਹੋਣ। ਪਰ ਸਰਕਾਰਾਂ ਦੇ ਕਈ ਕਾਰਨਾਮਿਆਂ ਤੋਂ ਹਰ ਰੋਜ਼ ਸ਼ੱਕ ਜਿਹਾ ਹੋਣ ਲੱਗ ਪੈਂਦਾ ਹੈ... ਕੀ ਸਾਡਾ ਦੇਸ਼ ਸੱਚੀਂ ਲੋਕਤੰਤਰਿਕ ਦੇਸ਼ ਹੈ ਜਾਂ ਫਿਰ ਬਾਹਰੀ ਦਿਖਾਵਾ ਲੋਕਤੰਤਰ ਦਾ ਅੰਦਰੋਂ ਕੁੱਝ ਹੋਰ ਹੀ ਹੋਈ ਜਾਂਦਾ ਹੈ ਜੋ ਲੋਕਤੰਤਰ ਦੇਸ਼ਾਂ ਵਿਚ ਨਹੀਂ ਹੋਇਆ ਕਰਦਾ।

28 ਮਈ ਨੂੰ ਜੋ ਹੋਇਆ ਉਹ ਤਾਂ ਬਹੁਤ ਹੀ ਨਿੰਦਣਯੋਗ ਹੈ। ਇੱਕ ਪਾਸੇ ਤਾਂ ਨਵੇਂ ਬਣੇ ਸੰਸਦ ਭਵਨ ਦੀ ਇਮਾਰਤ ਦਾ ਉਦਘਾਟਨੀ ਸਮਾਰੋਹ ਸੀ ਜਿਸ ਵਿਚ ਹੋਈ ਪਾਠ-ਪੂਜਾ ਤੋਂ ਧਰਮ ਨਿਰਪੱਖਤਾ ਬਾਰੇ ਮਨ ਵਿਚ ਦੁਬਿਧਾ ਜਿਹੀ ਪੈਦਾ ਹੋਣ ਲੱਗੀ ਕਿ ਜੋ ਹੁਣ ਤੱਕ ਪੜ੍ਹਦੇ ਸੁਣਦੇ ਰਹੇ ਹਾਂ ਉਹ ਠੀਕ ਸੀ ਜਾਂ ਜੋ ਹੋ ਰਿਹਾ ਉਹ ਠੀਕ ਹੈ। ਦੇਸ਼ ਦੇ ਰਾਸ਼ਟਰਪਤੀ ਦੀ ਗੈਰ ਹਾਜ਼ਰੀ ਸਮਝ ਤੋਂ ਪਰੇ ਦੀ ਗੱਲ ਲੱਗੀ। ਦੂਜੇ ਪਾਸੇ ਇਨ੍ਹਾਂ ਦੇਸ਼ ਦੇ ਰਾਖਿਆਂ ਨੇ ਪਹਿਲਵਾਨ ਕੁੜੀਆਂ ਦੀ ਸੜਕਾਂ 'ਤੇ ਜੋ ਧੂਹ ਘੜੀਸ ਕੀਤੀ ਇਹ ਸਭ ਬੇਸ਼ਰਮੀ ਦੀਆਂ ਹੱਦਾਂ ਪਾਰ ਕਰ ਗਿਆ। ਆਮ ਪੀੜਤਾਂ ਦੀ ਸੁਣਵਾਈ ਕਿੱਥੇ ਹੋਵੇਗੀ। ਜਦੋਂ ਇਨ੍ਹਾਂ ਖਾਸ ਕੁੜੀਆਂ ਦੀ ਸੁਣਵਾਈ ਨਹੀਂ ਹੋ ਰਹੀ।

ਨਿੱਕੇ ਹੁੰਦਿਆਂ ਦਾਦੀ ਦੀਆਂ ਬਾਤਾਂ ਵਿਚੋਂ ਇੱਕ ਬਾਤ ਦਾ ਧੁੰਦਲਾ ਜਿਹਾ ਹਿੱਸਾ ਯਾਦ ਐ... ਇੱਕ ਪਿੰਡ ਵਿਚ ਹਰ ਤੀਜੇ ਚੌਥੇ ਦਿਨ ਕੁਦਰਤ ਦੀ ਕਰੋਪੀ ਨਾਲ ਪਿੰਡ ਵਾਲਿਆਂ ਦਾ ਨੁਕਸਾਨ ਹੋ ਜਾਂਦਾ। ਕਦੇ ਅੱਗ ਲੱਗ ਜਾਂਦੀ, ਕਦੇ ਕੋਈ ਬਿਮਾਰੀ ਆ ਵੜਦੀ, ਕਦੇ ਝੱਖੜ ਕਦੇ ਹੜ੍ਹ। ਪਿੰਡ ਦੇ ਲੋਕ ਪ੍ਰੇਸ਼ਾਨ ਹੋ ਗਏ। ਪਿੰਡ ਦੇ ਪਤਵੰਤਿਆਂ ਨੇ ਕਿਸੇ ਸਾਧੂ ਮਹਾਤਮਾ ਦੀ ਸਲਾਹ ਲੈ ਕੇ ਪੁੰਨ-ਦਾਨ ਕਰਨ ਲਈ ਸਲਾਹਾਂ ਕੀਤੀਆਂ। ਉਨ੍ਹਾਂ ਇਕੱਠਿਆਂ ਹੋ ਕੇ ਇੱਕ ਦਰਵੇਸ਼ ਸਾਧੂ ਤੋਂ ਇਸ ਦਾ ਕਾਰਨ ਪੁੱਛਿਆ। ਸਾਧੂ ਨੇ ਅੰਤਰ ਧਿਆਨ ਹੋ ਕੇ ਦੱਸਿਆ, 'ਇਸ ਪਿੰਡ ਦੀ ਕਿਸੇ ਧੀ ਦੇ ਅੱਥਰੂ ਅਤੇ ਹਉਕਾ ਧਰਮਰਾਜ ਦਾ ਤਖ਼ਤ ਕੰਬਣ ਲਾ ਦਿੰਦਾ ਐ...ਇਸ ਲਈ ਇਹ ਨੁਕਸਾਨ ਹੋ ਰਿਹਾ।' ਸਾਰੇ ਪਿੰਡ ਵਾਲਿਆਂ ਰਲ-ਮਿਲ ਕੇ ਉਹ ਘਰ ਲੱਭਿਆ ਸਮੱਸਿਆ ਦਾ ਹੱਲ ਕੀਤਾ ਅਤੇ ਅਣਹੋਣੀਆਂ ਹੋਣੋਂ ਹਟ ਗਈਆਂ। ਗੱਲ ਤਾਂ ਸੋਚਣ ਵਾਲੀ ਹੈ। ਜਦੋਂ ਵੀ ਪਹਿਲਵਾਨ ਕੁੜੀਆਂ ਦੀਆਂ ਖ਼ਬਰਾਂ ਜਾਂ ਧੀਆਂ ਨਾਲ ਹੁੰਦੀਆਂ ਵਧੀਕੀਆਂ ਬਾਰੇ ਪੜ੍ਹਦੇ ਜਾਂ ਸੁਣਦੇ ਹਾਂ ਤਾਂ ਉਪਰੋਕਤ ਕਹਾਣੀ ਯਾਦ ਆ ਜਾਂਦੀ ਹੈ। ਮਨ ਸੋਚੀਂ ਪੈ ਜਾਂਦਾ ਹੈ ਕਿ ਇੱਕ ਧੀ ਦੇ ਅੱਥਰੂ ਤੇ ਹਉਕੇ ਪ੍ਰਲੋਕ ਵਿਚ ਬੈਠੇ ਧਰਮਰਾਜ ਦਾ ਤਖ਼ਤ ਕੰਬਣ ਲਾ ਸਕਦੇ ਹਨ। ਇਨ੍ਹਾਂ ਕੁੜੀਆਂ ਦੇ ਅੱਥਰੂ ਧਰਤੀ 'ਤੇ ਆਪਣੇ ਆਪ ਨੂੰ ਧਰਮਰਾਜ ਕਹਾਉਣ ਵਾਲਿਆਂ ਦੇ ਤਖ਼ਤ ਕਿਉਂ ਨਹੀਂ ਹਿਲਾ ਸਕਦੇ। ਇਹ ਤਾਂ ਹਰ ਰੋਜ਼ ਆਪਣੇ ਨਾਲ ਹੁੰਦੀ ਬੇਇਨਸਾਫ਼ੀ ਦੇਖ ਸੁਣ ਕੇ ਹਉਕੇ ਭਰਦੀਆਂ ਨੇ। ਕਿਸਾਨੀ ਅੰਦੋਲਨ ਵੇਲੇ ਰਾਕੇਸ਼ ਟਿਕੈਤ ਦੇ ਹੰਝੂਆਂ ਨੇ ਜੋ ਸੈਲਾਬ ਲਿਆਂਦਾ ਸੀ ਉਹ ਕਿਸੇ ਤੋਂ ਭੁੱਲਿਆ ਨਹੀਂ। ਬੇਵਸੀ ਦੇ ਅੱਥਰੂ ਭਾਵੇਂ ਮਰਦ ਦੇ ਹੋਣ ਜਾਂ ਔਰਤ ਦੇ ਅਸਰ ਦਿਖਾਉਂਦੇ ਹਨ। ਰਾਤੋ-ਰਾਤ ਲੋਕਾਂ ਨੇ ਆਪਣੇ ਹੱਥਲੇ ਕੰਮ ਛੱਡ ਕੇ ਵੀ ਚਮਤਕਾਰੀ ਤਰੀਕੇ ਨਾਲ ਪਾਸਾ ਪਲਟ ਦਿੱਤਾ ਸੀ ਅਤੇ ਲੱਖਾਂ ਕਰੋੜਾਂ ਹੱਥ ਦੁਆਵਾਂ ਲਈ ਉੱਠੇ ਸਨ। ਮਈ ਦੇ ਪਹਿਲੇ ਹਫ਼ਤੇ ਅਖਬਾਰਾਂ ਦੀ ਇਕ ਤਸਵੀਰ ਵਿਚ ਰਾਕੇਸ਼ ਟਿਕੈਤ ਨੇ ਪਹਿਲਵਾਨ ਕੁੜੀਆਂ ਦੇ ਸਿਰ 'ਤੇ ਹੱਥ ਰੱਖੇ ਹੋਏ ਸਨ। ਮੋਟੀਆਂ-ਮੋਟੀਆਂ ਸੁਰਖੀਆਂ 'ਤੇ ਨਜ਼ਰ ਮਾਰਨ ਵਾਲਾ ਪਾਠਕ ਵੀ ਅਣਦੇਖਿਆ ਨਹੀਂ ਕਰ ਸਕਿਆ ਇਸ ਤਸਵੀਰ ਨੂੰ। ਇਨ੍ਹਾਂ ਬੀਬੀਆਂ ਕੁੜੀਆਂ ਨਾਲ ਹਮਦਰਦੀ ਰੱਖਣ ਵਾਲਿਆਂ ਸ਼ਾਇਦ ਇਹ ਤਸਵੀਰ ਕਈ ਵਾਰ ਦੇਖੀ ਹੋਵੇਗੀ। ਕੁੜੀਆਂ ਦੀਆਂ ਨਜ਼ਰਾਂ ਵਿਚ ਰੋਹ, ਤਸੱਲੀ ਅਤੇ ਜ਼ੁਲਮ ਖ਼ਿਲਾਫ਼ ਲੜਨ ਦੀ ਸ਼ਕਤੀ ਦੇ ਮਿਲੇ-ਜੁਲੇ ਭਾਵ ਸਾਫ਼ ਝਲਕਦੇ ਹਨ। ਦੇਖ ਕੇ ਤਸੱਲੀ ਹੋਈ ਕਿ ਦੇਸ਼ ਦੇ ਵੱਡੇ ਅੰਦੋਲਨ ਨੂੰ ਜਿੱਤਣ ਵਾਲੇ ਇਨ੍ਹਾਂ ਦੇ ਹੱਕ ਵਿਚ ਖੜ੍ਹੇ ਹੋ ਰਹੇ ਹਨ। ਵਿਰੋਧ ਕਰਨ ਵਾਲੇ ਵਿਰੋਧ ਵਿਚ ਵੀ ਬੋਲਦੇ ਹਨ, ਅਫਵਾਹਾਂ ਵੀ ਫੈਲਾਉਂਦੇ ਹਨ। ਇਸ ਸੰਘਰਸ਼ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਦੇ ਹਨ ਪਰ ਇਨ੍ਹਾਂ ਕੂੜ ਗੱਲਾਂ ਦਾ ਜਵਾਬ ਇਹ ਸੰਘਰਸ਼ੀ ਪਹਿਲਵਾਨ ਹਰ ਤਰੀਕੇ ਨਾਲ ਦੇ ਰਹੇ ਹਨ।

ਇਸ ਸੰਘਰਸ਼ ਦੀ ਜਿਸ ਤਰ੍ਹਾਂ ਦੀ ਅਣਦੇਖੀ ਸਰਕਾਰਾਂ ਵੱਲੋਂ ਕੀਤੀ ਜਾ ਰਹੀ ਹੈ ਇਹ ਗੱਲਾਂ ਲੋਕਤੰਤਰ ਵਿਚ ਸੋਭਦੀਆਂ ਨਹੀਂ। ਜੋ ਵੀ ਗਲਤ ਹੋਇਆ ਇਸ 'ਤੇ ਢੁਕਵੀਂ ਕਾਰਵਾਈ ਹੋਣੀ ਜ਼ਰੂਰੀ ਹੈ। ਨਹੀਂ ਤਾਂ ਸਰਕਾਰਾਂ ਪ੍ਰਤੀ ਬੇਭਰੋਸਗੀ ਹੋਰ ਵਧ ਜਾਣੀ ਹੈ। ਦੇਸ਼ ਲਈ ਤਗਮੇ ਜਿੱਤਣ ਵਾਲੇ ਇਹ ਪਹਿਲਵਾਨ ਮੰਤਰੀਆਂ ਤੋਂ ਕਿਤੇ ਉੱਪਰ ਹਨ। ਦੇਰੀ ਨਾਲ ਹੋਈ ਸੁਣਵਾਈ 'ਤੇ ਇਹੋ ਹੀ ਆਖਿਆ ਜਾਂਦਾ ਹੈ.... ਬੱਕਰੀ ਨੇ ਦੁੱਧ ਤਾਂ ਦਿੱਤਾ ਪਰ ਮੀਂਗਣਾਂ ਘੋ਼ਲ ਕੇ।

ਭਾਵੇਂ ਦੇਸ਼ਾਂ ਵਿਦੇਸ਼ਾਂ ਵਿਚੋਂ ਇਸ ਸੰਘਰਸ਼ ਨੂੰ ਹਮਾਇਤ ਮਿਲ ਰਹੀ ਹੈ। ਪਰ ਸਰਕਾਰ ਨੂੰ ਇਸ ਬਾਰੇ ਸੰਜੀਦਗੀ ਨਾਲ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਦੋਸ਼ੀਆਂ ਨੂੰ ਬਣਦੀ ਸਜ਼ਾ ਵੀ ਦਿੱਤੀ ਜਾਵੇ ਤਾਂ ਕਿ ਦੇਸ਼ ਦੀਆਂ ਉਭਰਦੀਆਂ ਖਿਡਾਰਨਾਂ ਇਸ ਪਾਸੇ ਅੱਗੇ ਆਉਣ ਤੋਂ ਆਪਣਾ ਮਨ ਨਾ ਮੋੜ ਲੈਣ। ਦੇਸ਼ ਦੇ ਮੁਖੀਆਂ ਵੱਲੋਂ ਪੀੜਤ ਕੁੜੀਆਂ ਦੀ ਅਣਦੇਖੀ ਕਰਨਾ ਅਤੇ ਆਪਣੀ ਤਾਕਤ ਦਾ ਦਿਖਾਵਾ ਕਰਦੇ ਰਹਿਣਾ ਸਹੀ ਨਹੀਂ ਹੈ। ਜਿੰਨੀ ਜਲਦੀ ਹੋ ਸਕੇ ਇਨਸਾਫ਼ ਮਿਲਣਾ ਚਾਹੀਦਾ ਹੈ।

**-ਅੰਮ੍ਰਿਤ ਕੌਰ ਬਡਰੁੱਖਾਂ**


# ਪੁਰਖਿਆਂ ਦੀਆਂ ਪੈੜਾਂ ਤਲਾਸ਼ਦਿਆਂ...

*ਸੰਨ ਸੰਤਾਲੀ ਦੀ ਵੰਡ ਬਾਰੇ ਬਹੁਤ ਕੁਝ ਲਿਖਿਆ ਗਿਆ ਹੈ। ਇਸ ਵੰਡ ਕਾਰਨ ਦਰਦ ਦਾ ਅਜਿਹਾ ਦਰਿਆ ਵਹਿ ਤੁਰਿਆ ਸੀ ਜਿਸ ਦੀਆਂ ਕਹਾਣੀ ਅੱਜ ਤੱਕ ਮੁੱਕ ਨਹੀਂ ਸਕੀਆਂ। ਪਹਿਲਾਂ ਦਰਦ ਦੀਆਂ ਇਹ ਕਹਾਣੀਆਂ ਉਹ ਲੋਕ ਸੁਣਾਉਂਦੇ ਸਨ ਜਿਨ੍ਹਾਂ ਨੇ ਉਹ ਦਰਦ ਹੱਡੀਂ ਹੰਢਾਇਆ ਸੀ। ਇਹ ਪੀੜ੍ਹੀ ਹੁਣ ਹੌਲੀ-ਹੌਲੀ ਲੋਪ ਹੋ ਰਹੀ ਹੈ ਪਰ ਇਹ ਦਰਦ ਅਗਲੀਆਂ ਪੀੜ੍ਹੀਆਂ ਦੇ ਬੋਝੇ ਪੈ ਗਿਆ ਹੈ। ਉਘੇ ਲਿਖਾਰੀ ਸੁਕੀਰਤ ਉਨ੍ਹਾਂ ਲਿਖਾਰੀਆਂ ਵਿਚੋਂ ਹੈ ਜਿਨ੍ਹਾਂ ਦੇ ਪੁਰਖਿਆਂ ਨੇ ਉਹ ਵਕਤ ਦੇਖਿਆ/ਝੱਲਿਆ। ਇਸ ਲੇਖ ਵਿਚ ਉਹਨੇ ਆਪਣੇ ਪੁਰਖਿਆਂ ਦੇ ਪਿੰਡ ਜਾਣ ਦਾ ਹਾਲ ਬਿਆਨ ਕੀਤਾ ਹੈ।*

ਵੀਜ਼ਾ ਅਫਸਰ ਪੁੱਛਦਾ ਹੈ, "ਸਿਆਲਕੋਟ ਤੁਸੀਂ ਕਿਸ ਨੂੰ ਮਿਲਣ ਜਾਣਾ ਹੈ?"

ਮੈਨੂੰ ਸੱਦਾ ਭੇਜਣ ਵਾਲਾ ਦੋਸਤ ਹਸਨ ਸ਼ਾਹ ਲਾਹੌਰ ਤੋਂ ਹੈ। ਉਸ ਦਾ ਪਤਾ ਮੇਰੇ ਫਾਰਮ 'ਤੇ ਦਰਜ ਹੈ, ਸਿਆਲਕੋਟ ਵਾਲੇ ਖਾਨੇ ਵਿਚ ਮੈਂ ਐਵੇਂ ਹੀ ਕਿਸੇ ਹੋਟਲ ਦਾ ਪਤਾ ਦਰਜ ਕਰ ਛੱਡਿਆ ਹੈ। ਆਖਰ ਕਿਸ ਨੂੰ ਮਿਲਣ ਜਾ ਰਿਹਾ ਹਾਂ ਮੈਂ ਸਿਆਲਕੋਟ?

"ਜੀ, ਮੇਰੇ ਵਡਕਿਆਂ ਦਾ ਜਨਮ ਸਿਆਲਕੋਟ ਦਾ ਹੈ। ਬਸ ਓਸ ਜ਼ਮੀਨ ਨੂੰ ਦੇਖਣ, ਉਨ੍ਹਾਂ ਦੇ ਪਿੰਡ ਹੋ ਕੇ ਆਉਣ ਦਾ ਮਨ ਹੈ।" ਵੀਜ਼ਾ ਅਫਸਰ ਦੇ ਸਾਹਮਣੇ 'ਓਸ ਭੋਇੰ ਨੂੰ ਸਜਦਾ ਕਰਨ ਦੀ ਇੱਛਾ ਹੈ' ਵਰਗੇ ਜਜ਼ਬਾਤੀ ਸ਼ਬਦ ਵਰਤਣ ਤੋਂ ਝਕ ਜਾਂਦਾ ਹਾਂ। ਮਿਹਰਬਾਨ ਵੀਜ਼ਾ ਅਫਸਰ ਸਿਆਲਕੋਟ ਜਾਣ ਦੀ ਇਜਾਜ਼ਤ ਦੇਂਦਾ ਠੱਪਾ ਵੀ ਲਾ ਦੇਂਦਾ ਹੈ।



ਮੇਰੇ ਕੋਲ 'ਓਸ ਭੋਇੰ' ਨੂੰ ਲੱਭਣ ਲਈ ਜਾਣਕਾਰੀ ਹੈ ਵੀ, ਤੇ ਨਹੀਂ ਵੀ। ਇਕ ਜ਼ਿਕਰ ਮੇਰੇ ਨਾਨੇ ਦੀ ਜੀਵਨ ਕਹਾਣੀ ਵਿਚ

**ਸੁਕੀਰਤ**
**ਫੋਨ: +91-93162-02025**

ਦਰਜ ਹੈ: ਸਿਆਲਕੋਟ ਦੀ ਤਹਿਸੀਲ ਡਸਕਾ ਦੇ ਕੋਲ ਜਾਮਕੇ ਚੀਮਾ ਨਾਂ ਦੇ ਪਿੰਡ ਵਿਚ ਦੋ ਪੱਕੀਆਂ ਸਹੇਲੀਆਂ ਸਨ। ਦੋਵੇਂ ਉੱਤੋੜਿੱਤੀ ਵਿਆਹੀਆਂ ਗਈਆਂ, ਤਕਰੀਬਨ ਇੱਕੋ ਵੇਲੇ ਦੋਵੇਂ ਹਾਮਲਾ ਹੋਈਆਂ, ਤੇ ਇਕ ਦੂਜੇ ਦੇ ਗਰਭ ਵਿਚ ਪਲ਼ ਰਹੇ ਬਾਲਾਂ ਨੂੰ ਇਹ ਸੋਚ ਕੇ ਮੰਗ ਛੱਡਿਆ ਕਿ ਜੇ ਇਕ ਨੇ ਮੁੰਡਾ ਜਣਿਆ ਤੇ ਦੂਜੀ ਨੇ ਕੁੜੀ ਤਾਂ ਉਨ੍ਹਾਂ ਨੂੰ ਵਿਆਹ ਕੇ ਆਪਣੇ ਸਹੇਲਪੁਣੇ ਨੂੰ ਪੱਕੀ ਰਿਸ਼ਤੇਦਾਰੀ ਵਿਚ ਵਟਾ ਲੈਣਗੀਆਂ। ਤੇ ਇੰਝ ਹੀ ਹੋਇਆ, ਹਫ਼ਤੇ ਕੁ ਦੇ ਵਕਫੇ ਨਾਲ, 1895 ਵਿਚ ਵਿਸਾਖ ਦੇ ਮਹੀਨੇ ਇਕ ਨੇ ਧੀ ਨੂੰ ਜਨਮ ਦਿੱਤਾ ਤੇ ਦੂਜੀ ਨੇ ਪੁੱਤਰ ਨੂੰ। ਇਹ ਬਾਲ ਜਿਨ੍ਹਾਂ ਦਾ ਸਾਥ ਗਰਭ ਦੀ ਜੂਨੇ ਹੀ ਮਿੱਥ ਲਿਆ ਗਿਆ ਸੀ, ਮੇਰੀ ਨਾਨੀ (ਸ਼ਿਵਦੇਈ/ਜਗਜੀਤ ਕੌਰ) ਤੇ ਨਾਨਾ (ਗੁਰਬਖ਼ਸ਼ ਸਿੰਘ) ਸਨ। ਤੇ ਅੱਜ ਇਨ੍ਹਾਂ ਸਹੇਲੀਆਂ ਦੇ ਆਪਸੀ ਕੌਲ ਦੇ 127 ਵਰ੍ਹੇ ਮਗਰੋਂ ਉਨ੍ਹਾਂ ਦਾ ਪੜਦੋਹਤਾ ਓਸ ਪਿੰਡ ਨੂੰ ਦੇਖਣ ਆ ਰਿਹਾ ਸੀ ਜਿਸ ਦੀਆਂ ਗਲ਼ੀਆਂ ਵਿਚ ਕਿਤੇ ਬੈਠੀਆਂ ਨੇ ਕਦੇ ਆਪਸੀ ਜੁੜਤ ਦੀ ਉਹ ਜੜ੍ਹ ਲਾਈ ਸੀ ਜਿਸ ਦੀ ਇਕ ਟਾਹਣੀ ਮੈਂ ਵੀ ਹਾਂ। ਦੂਜੀ ਸ਼ੈਅ ਮੇਰੇ ਕੋਲ਼ ਵੱਡੀ ਪਰਿਵਾਰਕ ਤਸਵੀਰ ਹੈ, ਕਿਸੇ ਐਸੇ ਵੇਲ਼ੇ ਦੀ ਜਦੋਂ ਵਿਆਹ ਸ਼ਾਦੀ ਵਰਗੇ ਕਿਸੇ ਮੌਕੇ ਸਾਰਾ ਖਾਨਦਾਨ ਜੁੜਿਆ ਹੋਵੇਗਾ ਤੇ ਏਸ ਮੌਕੇ ਨੂੰ ਦਰਜ ਕਰਨ ਲਈ ਕਸਬੀ ਫੋਟੋਕਾਰ ਨੂੰ ਬੁਲਾ ਕੇ ਇਹ ਤਸਵੀਰ ਖਿਚਾਈ ਗਈ ਹੋਵੇਗੀ। ਤਸਵੀਰ ਦੇ ਇਕ ਕੋਨੇ 'ਤੇ ਹੋਰਨਾਂ ਬਾਲਾਂ ਨਾਲ ਪਹਿਲੀ ਪਾਲ਼ ਵਿਚ ਬੈਠੀ ਆਪਣੀ ਮਾਂ ਨੂੰ ਮੈਂ ਪਛਾਣ ਸਕਦਾ ਹਾਂ। ਇਸ ਵਿਚ ਉਹ ਛੇ ਕੁ ਸਾਲਾਂ ਦੀ ਜਾਪਦੀ ਹੈ, ਸੋ ਅੰਦਾਜ਼ਨ ਇਹ ਤਸਵੀਰ 1934 ਜਾਂ 35 ਦੇ ਗੇੜ ਦੀ ਹੈ। ਤੇ ਏਨੇ ਕੁ ਹੀ ਜਣੇ, ਕੋਈ 34-35, ਇਸ ਤਸਵੀਰ ਵਿਚ ਮੌਜੂਦ ਹਨ। ਕਿਸੇ ਮੋਕਲ਼ੇ ਵਿਹੜੇ ਵਿਚ ਕੁਝ ਖੜੋਤੇ ਤੇ ਕੁਝ ਬੈਠੇ ਹੋਏ ਇਕ ਪਰਿਵਾਰ ਦੀਆਂ ਤਿੰਨ ਪੁਸ਼ਤਾਂ ਦੇ ਲੋਕ ਜਿਨ੍ਹਾਂ ਪਿੱਛੇ ਵੱਡੀਆਂ ਵੱਡੀਆਂ ਮਹਿਰਾਬਾਂ ਨਾਲ ਛੱਤਿਆ ਬਰਾਂਡਾ ਵੀ ਦਿਸ ਰਿਹਾ ਹੈ। ਭਾਵੇਂ ਇਸ ਤਸਵੀਰ ਵਿਚ ਨਹੀਂ ਵੀ ਦਿਸਦੀਆਂ ਪਰ ਪਰਿਵਾਰਕ ਵਡੇਰਿਆਂ ਦੀਆਂ ਦੱਸੀਆਂ ਦੋ ਹੋਰ ਨਿਸ਼ਾਨੀਆਂ ਵੀ ਮੇਰੇ ਕੋਲ਼ ਹੈਣ: ਇਕ ਤਾਂ ਇਸ ਦਲਾਨ ਵਿਚ ਇਕ ਪਾਸੇ ਵੱਡਾ ਸਾਰਾ ਰੁੱਖ ਹੁੰਦਾ ਸੀ, ਤੇ ਦੂਜੇ ਇਸ ਵਿਚ ਘਰ ਦਾ ਆਪਣਾ ਖੂਹ ਵੀ ਸੀ। ਮੇਰੀ ਇਕ ਪੜਨਾਨੀ ਦਾ ਨਾਂ ਮਾਲਣੀ ਮੈਨੂੰ ਪਤਾ ਹੈ, ਕਿਉਂਕਿ ਇਹ ਦਾਰ ਜੀ (ਨਾਨਾ ਜੀ) ਦੀਆਂ ਲਿਖਤਾਂ ਵਿਚ ਵੀ ਦਰਜ ਹੈ, ਤੇ ਉਨ੍ਹਾਂ ਦੇ ਪ੍ਰੀਤ ਨਗਰ ਵਾਲੇ ਘਰ ਦੇ ਗੇਟ ਉੱਤੇ ਵੀ ਖੁਣਿਆ ਹੋਇਆ ਹੈ। ਦੂਜੀ ਪੜਨਾਨੀ ਦਾ ਨਾਂ ਦੱਸ ਸਕਣ ਵਾਲਾ ਹੁਣ ਕੋਈ ਵੀ ਮੌਜੂਦ ਨਹੀਂ ਪਰ ਮਾਮਾ ਹਿਰਦੇਪਾਲ ਸਿੰਘ ਨੂੰ ਆਪਣੇ ਨਾਨੇ ਸੁਲਤਾਨ ਸਿੰਘ ਆਹਲੂਵਾਲੀਆ ਦਾ ਨਾਂ ਵੀ ਚੇਤੇ ਹੈ ਤੇ ਇਹ ਵੀ ਪਤਾ ਹੈ ਕਿ ਕਸਬ ਤੋਂ ਉਹ ਸੁਨਿਆਰੇ ਸਨ, ਤੇ 1947 ਵਿਚ ਜਾਮਕੇ ਚੀਮਾ ਦੇ ਲੰਮੇ ਸਮੇਂ ਤੋਂ ਤੁਰਦੇ ਆ ਰਹੇ ਸਰਪੰਚ ਵੀ ਸਨ।

ਏਨੀ ਕੁ ਜਾਣਕਾਰੀ ਨਾਲ ਲੈਸ, ਵੰਡ ਦੇ 75 ਸਾਲ ਬਾਅਦ, ਨਵੰਬਰ 2022 ਦੇ ਆਖਰੀ ਦਿਨਾਂ ਵਿਚ ਮੈਂ ਜਾਮਕੇ ਚੀਮਾ ਪਹੁੰਚਣ ਦਾ ਉਪਰਾਲਾ ਕਰਦਾ ਹਾਂ। ਹਸਨ ਸ਼ਾਹ ਨੇ ਆਪਣੀ ਗੱਡੀ ਤੇ ਡਰਾਈਵਰ ਮੈਨੂੰ ਦਿੱਤੇ ਹੋਏ ਹਨ, ਤੇ ਮੇਰੇ ਨਾਲ ਲਹਿੰਦੇ ਪੰਜਾਬ ਦਾ ਨੌਜਵਾਨ ਲਿਖਾਰੀ, ਸਾਡੇ ਦੁਹਾਂ (ਮੇਰਾ ਤੇ ਹਸਨ) ਦਾ ਅਜ਼ੀਜ਼, ਅਲੀ



*ਵੰਡ ਦੇ ਦਰਦ ਬਾਰੇ ਲਿਖਣ ਵਾਲਿਆਂ ਦਾ ਸਕੈੱਚ ਜੋ ਅਨਗ ਬੈਨਰਜੀ ਨੇ ਬਣਾਇਆ ਹੈ।*

ਉਸਮਾਨ ਬਾਜਵਾ ਵੀ ਹੈ। ਹੁਣ ਲਾਹੌਰ ਰਹਿੰਦੇ ਅਲੀ ਦਾ ਪਿਛੋਕੜ ਵੀ ਸਿਆਲਕੋਟ ਦੇ ਇਕ ਪਿੰਡ ਦਾ ਹੈ, ਤੇ ਹਸਨ ਨੂੰ ਜਾਪਦਾ ਹੈ, ਮੇਰੇ ਏਸ ਖੋਜੀ ਸਫ਼ਰ ਲਈ ਉਹ ਸਭ ਤੋਂ ਵੱਧ ਢੁੱਕਵਾਂ ਨਿਗਰਾਨ-ਸਾਥੀ ਰਹੇਗਾ। ਲਾਹੌਰ ਤੋਂ ਸਿਆਲਕੋਟ ਦੀ ਨਵੀਂ ਬਣੀ ਮੋਟਰਵੇਅ ਉੱਤੇ ਡੇਢ ਤੋਂ ਘੱਟ ਸਮੇਂ ਦੇ ਸਫ਼ਰ ਮਗਰੋਂ ਡਸਕੇ ਵੱਲ ਪਾਟ ਰਹੀ ਸੜਕ ਦੇ ਬੋਰਡ ਆਣੇ ਸ਼ੁਰੂ ਹੋ ਜਾਂਦੇ ਹਨ, ਤੇ ਅਸੀਂ ਇਸ ਸ਼ਾਹਰਾਹ ਨੂੰ ਛੱਡ ਉਸ ਸੜਕ 'ਤੇ ਪੈ ਜਾਂਦੇ ਹਾਂ। ਜਾਮਕੇ ਚੀਮਾ ਹੁਣ ਪਹੁੰਚੇ ਕਿ ਪਹੁੰਚੇ। ਮੈਂ ਛੋਟੀ ਸੜਕ 'ਤੇ ਪਹੁੰਚ ਕੇ ਗੂਗਲ ਨਕਸ਼ੇ ਨੂੰ ਵੀ ਚਾਲੂ ਕਰ ਦੇਂਦਾ ਹਾਂ। ਸੜਕ ਕਈ ਮੋੜੇ ਘੇੜੇ ਕੱਟ ਕੇ ਸਾਨੂੰ ਪਿੰਡ ਦੀਆਂ ਬਾਹਰਵਾਰ ਵੱਸੀਆਂ ਗਲ਼ੀਆਂ ਵਿਚੋਂ ਲੰਘਾ ਰਹੀ ਹੈ। ਜੇ ਮੈਂ ਇਕ ਪਲ ਲਈ ਭੁੱਲ ਜਾਵਾਂ ਕਿ ਮੈਂ ਪਾਕਿਸਤਾਨ ਵਿਚ ਹਾਂ, ਤਾਂ ਇਹ ਸਾਡੇ ਪਾਸੇ ਦਾ ਕੋਈ ਪਿੰਡ ਵੀ ਹੋ ਸਕਦਾ ਹੈ: ਉਹੋ ਜਿਹੇ ਨਿੱਕੇ-ਵੱਡੇ ਘਰ, ਉਹੋ ਜਿਹੀਆਂ ਬੇਤਰਤੀਬ ਗਲ਼ੀਆਂ, ਤੇ ਉਹੋ ਜਿਹੇ ਹੀ ਗਲ਼ੀਆਂ ਵਿਚ ਖੇਡਦੇ ਫਿਰਦੇ ਬੇਪਰਵਾਹ ਬਾਲ।

'ਯੂ ਹੈਵ ਰੀਚਡ ਯੋਰ ਡੈਸਟੀਨੇਸ਼ਨ'; ਇਕ ਸੜਕ 'ਤੇ ਲਿਆ ਕੇ ਗੂਗਲ ਤੋਂ ਜ਼ਨਾਨਾ ਆਵਾਜ਼ ਵਿਚ ਐਲਾਨ ਹੁੰਦਾ ਹੈ। ਗੂਗਲ ਨੂੰ ਕਿਵੇਂ ਪਤਾ ਕਿ ਮੇਰੀ ਮੰਜ਼ਲ ਕਿਹੜੀ ਹੈ! ਪਰ ਮੈਨੂੰ ਵੀ ਕਿਹੜਾ ਕੋਈ ਪਤਾ ਹੈ ਕਿ ਏਸ ਪਿੰਡ ਵਿਚ ਮੈਂ ਕਿਸ ਥਾਂ ਜਾਣਾ ਹੈ! ਇਸ ਲਗਾਤਾਰ ਆਵਾਜਾਈ ਵਾਲੀ ਸੜਕ ਦੀ ਵੱਖੀ ਵਿਚੋਂ ਨਿਕਲ ਰਹੀ ਚੌੜੀ ਪਰ ਖਾਲੀ ਦਿਸਦੀ ਗਲ਼ੀ ਵਿਚ ਅਸੀਂ ਕਾਰ ਖੜ੍ਹੀ ਕਰ ਦੇਂਦੇ ਹਾਂ। ਹੁਣ ਕਿਹੜੇ ਪਾਸੇ ਜਾਈਏ? ਅਲੀ ਨੂੰ ਰਤਾ ਕੁ ਦੂਰ ਬੈਠਾ, ਗਲ਼ੀ ਵਿਚ ਪਕੌੜੇ ਤਲ਼ ਰਿਹਾ ਬਜ਼ੁਰਗ ਦਿਸਦਾ ਹੈ, "ਬਾਬਾ ਜੀ, ਪਿੰਡ ਦਾ ਸਭ ਤੋਂ ਪੁਰਾਣਾ ਇਲਾਕਾ ਕਿਹੜਾ ਏ?"

"ਕਿਸ ਦੇ ਘਰ ਜਾਣਾ ਜੇ?" ਬਜ਼ੁਰਗ ਮੋੜਵਾਂ ਸਵਾਲ ਕਰਦਾ ਹੈ।

"ਇਹ ਇੰਡੀਆ ਤੋਂ ਆਏ ਮਹਿਮਾਨ ਨੇ, ਇਨ੍ਹਾਂ ਦੇ ਵਡੇਰੇ ਏਸੇ ਥਾਂ ਤੋਂ ਸਨ। 47 ਤੀਕ ਪਿੰਡ ਦੇ ਸਰਪੰਚ ਵੀ ਸਨ, ਸੁਨਿਆਰੇ ਦਾ ਕੰਮ ਕਰਦੇ ਸਨ।" ਅਲੀ ਇਕੋ ਸਾਹ ਪਛਾਣ ਦੀਆਂ ਸਾਰੀਆਂ ਤੰਦਾਂ ਪਰੋਸ ਦੇਂਦਾ ਹੈ। ਇਹ ਸੁਣ ਕੇ ਬਜ਼ੁਰਗ ਮਹਿਮਾਨ ਨੂੰ ਪਹਿਲਾਂ ਪਕੌੜੇ ਖੁਆਣਾ ਚਾਹੁੰਦਾ ਹੈ ਜਿਸ ਸੱਦੇ ਨੂੰ ਅਸੀਂ ਸ਼ੁਕਰਾਨੇ ਭਰੀ ਨਾਂਹ ਨਾਲ ਮੋੜ ਦੇਂਦੇ ਹਾਂ।

"ਚੌੜੀ ਸੜਕ 'ਤੇ ਅੱਗੇ ਸੱਜੇ ਹੱਥ ਪੁਰਾਣਾ ਬਾਜ਼ਾਰ ਆਏਗਾ। ਸਭ ਤੋਂ ਪੁਰਾਣੀਆਂ ਗਲੀਆਂ ਉਸ ਵਿਚੋਂ ਹੀ ਨਿਕਲਦੀਆਂ ਹਨ ਪਰ ਘਰ ਕਿਵੇਂ ਲੱਭੋਗੇ? ਹਾਂ, ਰੱਲੇ ਸੁਨਿਆਰੇ ਦਾ ਪੁੱਛ ਲੈਣਾ। ਉਸ ਨੂੰ ਸ਼ੈਤ ਕੁਝ ਪਤਾ ਹੋਵੇ।"

ਏਸ ਜਾਣਕਾਰੀ ਨਾਲ ਲੈਸ ਅਸੀਂ ਇਸ ਬਜ਼ੁਰਗ ਨੂੰ ਖੁਦਾ ਹਾਫਿਜ਼ ਕਹਿ ਕੇ ਟੁਰ ਪੈਂਦੇ ਹਾਂ ਕਿ ਉਹ ਪਿੱਛੋਂ ਆਵਾਜ਼ ਮਾਰ ਕੇ ਦੱਸਦਾ ਹੈ, "ਚੌੜੀ ਸੜਕ 'ਤੇ ਹੋਰ ਅੱਗੇ ਜਾ ਕੇ ਹਾਈ ਸਕੂਲ ਜੇ, ਮੁਲਕ ਤਕਸੀਮ ਹੋਣ ਤੋਂ ਪਹਿਲੋਂ ਦਾ। ਓਥੇ ਵੀ ਜਾ ਕੇ ਦੇਖ ਲੈਣਾ।"

ਪੁਰਾਣਾ ਬਾਜ਼ਾਰ ਜਲੰਧਰ ਦੇ ਪੁਰਾਣੇ ਬਾਜ਼ਾਰਾਂ ਵਰਗਾ ਹੈ: ਤੰਗ, ਭੀੜ ਭੜੱਕੇ ਵਾਲਾ, ਤੇ ਭਾਂਤ-ਭਾਂਤ ਦਾ ਨਿਕ-ਸੁਕ ਵੇਚਦੀਆਂ ਹੱਟੀਆਂ ਨਾਲ ਅੱਟਿਆ ਹੋਇਆ। ਕਿਸੇ ਪਿੰਡ ਦੇ ਹਿਸਾਬ ਨਾਲ ਇਹ ਬਾਜ਼ਾਰ ਕਾਫੀ ਵੱਡਾ ਵੀ ਹੈ ਪਰ ਸ਼ਾਇਦ ਜਾਮਕੇ ਚੀਮਾ ਹੁਣ ਪਿੰਡ ਰਿਹਾ ਵੀ ਨਹੀਂ, ਕਸਬਾ ਬਣ ਚੁੱਕਾ ਹੈ। ਬਾਜ਼ਾਰ ਵਿਚੋਂ ਆਸੇ ਪਾਸੇ ਨੂੰ ਨਿਕਲ ਰਹੀਆਂ ਕਈ ਗਲ਼ੀਆਂ ਵਿਚ ਵੜ ਵੜ ਕੇ ਅਸੀਂ ਉਨ੍ਹਾਂ ਵਿਚਲੇ ਰਿਹਾਇਸ਼ੀ ਘਰਾਂ ਨੂੰ ਘੋਖਦੇ ਹਾਂ। ਮੈਨੂੰ ਨਹੀਂ ਜਾਪਦਾ ਇਨ੍ਹਾਂ ਸੌੜੀਆਂ ਗਲ਼ੀਆਂ ਵਿਚ ਉੱਚੀਆਂ ਮਹਿਰਾਬਾਂ, ਖੁੱਲ੍ਹੇ ਵਿਹੜੇ ਤੇ ਨਿਜੀ ਖੂਹੀ ਵਾਲਾ ਉਹ ਘਰ ਰਿਹਾ ਹੋਵੇਗਾ ਜਿਸ ਨੂੰ ਤਕਰੀਬਨ ਇਕ ਸਦੀ ਪੁਰਾਣੀ ਤਸਵੀਰ ਦੇ ਆਧਾਰ 'ਤੇ ਮੈਂ ਏਸ ਵੇਲ਼ੇ ਤਲਾਸ਼ ਰਿਹਾ ਹਾਂ ਪਰ ਅਲੀ ਹਰ ਉਸ ਘਰ ਦੀ ਤਸਵੀਰ ਖਿੱਚਣ ਲੱਗ ਪੈਂਦਾ ਹੈ ਜਿਸ ਦੀਆਂ ਪਲਸਤਰ ਲੱਥੀਆਂ ਕੰਧਾਂ ਪਿੱਛੋਂ ਪੁਰਾਣੀਆਂ ਨਾਨਕਸ਼ਾਹੀ ਇੱਟਾਂ ਨੰਗੀਆਂ ਹੋ ਰਹੀਆਂ ਹੋਣ, ਜਾਂ ਜਿਸ ਦੇ ਰੌਸ਼ਨਦਾਨਾਂ ਦੀ ਬਣਤਰ ਇਕ ਖਾਸ ਕਿਸਮ ਦੀ ਹੋਵੇ, ਉਤਲੇ ਪਾਸਿਉਂ ਕਾਰਨਿਸਾਂ ਨਾਲ ਢਕੀ ਹੋਈ।

> ***ਮੇਰੇ ਨਾਲੋਂ ਵੱਧ ਅਲੀ ਨੂੰ ਯਕੀਨ ਹੈ ਕਿ ਹੋਵੇ ਨ ਹੋਵੇ, 'ਮੇਰਾ' ਘਰ ਏਥੇ ਹੀ ਕਿਤੇ ਹੈ। ਉਸ ਦੇ ਇਸ ਭੋਲ਼ੇ ਜਿਹੇ ਯਕੀਨ ਤੇ ਕਮਲ਼ੇ ਜਿਹੇ ਉਤਸ਼ਾਹ 'ਤੇ ਮੈਨੂੰ ਮੋਹ ਆਂਦਾ ਹੈ। ਪਾਕਿਸਤਾਨ ਵਿਚ ਉਸ ਦੀ ਪੀੜ੍ਹੀ ਦੇ ਹੋਰ ਵੀ ਕਈ ਨੌਜਵਾਨਾਂ ਨੂੰ ਮੈਂ ਮਿਲਿਆਂ ਹਾਂ ਜਿਹੜੇ ਭਾਰਤੀ ਮਹਿਮਾਨਾਂ ਨੂੰ ਖੁਸ਼ ਦੇਖਣ ਲਈ ਜ਼ਮੀਨ ਅਸਮਾਨ ਇਕ ਕਰਨ ਲਈ ਤਿਆਰ ਹੋ ਜਾਂਦੇ ਹਨ। ਇਹੋ ਜਿਹੀ ਸੁਹਿਰਦਤਾ ਮੇਰੇ ਦਿਲ ਨੂੰ ਦੋਹਾਂ ਦੇਸਾਂ ਦੇ ਰਿਸ਼ਤਿਆਂ ਵਿਚਕਾਰ ਕਿਸੇ ਚੰਗੇਰੇ ਭਵਿੱਖ ਦੀ ਆਸ ਬੰਨ੍ਹਾਉਂਦੀ ਹੈ, ਸਾਡੇ ਦੇਸ ਵਿਚ ਅੱਜ ਕੱਲ੍ਹ ਵਗਦੀਆਂ ਤੇ ਵਗਾਈਆਂ ਜਾ ਰਹੀਆਂ ਜ਼ਹਿਰੀ ਪੌਣਾਂ ਦੇ ਬਾਵਜੂਦ।***

"ਇੰਝ ਦੇ ਰੌਸ਼ਨਦਾਨ ਸਿੱਖਾਂ ਦੇ ਘਰਾਂ ਦੇ ਹੁੰਦੇ ਸਨ, ਸਾਡੇ ਪਿੰਡ ਵੀ ਉਨ੍ਹਾਂ ਦੇ ਕੁਝ ਘਰ ਬਚੇ ਹੋਏ ਹਨ, ਬਿਲਕੁਲ ਇਹੋ ਜਿਹੇ ਰੌਸ਼ਨਦਾਨਾਂ ਵਾਲੇ।"

ਮੇਰੇ ਨਾਲੋਂ ਵੱਧ ਅਲੀ ਨੂੰ ਯਕੀਨ ਹੈ ਕਿ ਹੋਵੇ ਨ ਹੋਵੇ, 'ਮੇਰਾ' ਘਰ ਏਥੇ ਹੀ ਕਿਤੇ ਹੈ। ਉਸ ਦੇ ਇਸ ਭੋਲ਼ੇ ਜਿਹੇ ਯਕੀਨ ਤੇ ਕਮਲ਼ੇ ਜਿਹੇ ਉਤਸ਼ਾਹ 'ਤੇ ਮੈਨੂੰ ਮੋਹ ਆਂਦਾ ਹੈ। ਪਾਕਿਸਤਾਨ ਵਿਚ ਉਸ ਦੀ ਪੀੜ੍ਹੀ ਦੇ ਹੋਰ ਵੀ ਕਈ ਨੌਜਵਾਨਾਂ ਨੂੰ ਮੈਂ ਮਿਲਿਆਂ ਹਾਂ ਜਿਹੜੇ ਭਾਰਤੀ ਮਹਿਮਾਨਾਂ ਨੂੰ ਖੁਸ਼ ਦੇਖਣ ਲਈ ਜ਼ਮੀਨ ਅਸਮਾਨ ਇਕ ਕਰਨ ਲਈ ਤਿਆਰ ਹੋ ਜਾਂਦੇ ਹਨ। ਇਹੋ ਜਿਹੀ ਸੁਹਿਰਦਤਾ ਮੇਰੇ ਦਿਲ ਨੂੰ ਦੋਹਾਂ ਦੇਸਾਂ ਦੇ ਰਿਸ਼ਤਿਆਂ ਵਿਚਕਾਰ ਕਿਸੇ ਚੰਗੇਰੇ ਭਵਿੱਖ ਦੀ ਆਸ ਬੰਨ੍ਹਾਉਂਦੀ ਹੈ, ਸਾਡੇ ਦੇਸ ਵਿਚ ਅੱਜ ਕੱਲ੍ਹ ਵਗਦੀਆਂ ਤੇ ਵਗਾਈਆਂ ਜਾ ਰਹੀਆਂ ਜ਼ਹਿਰੀ ਪੌਣਾਂ ਦੇ ਬਾਵਜੂਦ। ਅਲੀ ਅਜੇ ਕੁਝ ਹੋਰ ਗਲ਼ੀਆਂ ਗਾਹੁਣ ਨੂੰ ਤਿਆਰ ਹੈ ਪਰ ਮੈਨੂੰ ਇਹ ਭਾਲ਼ ਕਿਸੇ ਸਿਰੇ ਲੱਗਣ ਵਾਲੀ ਨਹੀਂ ਜਾਪਦੀ। ਮੇਰੇ ਲਈ ਏਨਾ ਹੀ ਬਹੁਤ ਹੈ ਕਿ ਕਦੇ ਮਾਲਣੀ ਤੇ ਉਸ ਦੀ ਸਹੇਲੀ (ਮੇਰੀ ਦੂਜੀ ਪੜਨਾਨੀ) ਇਨ੍ਹਾਂ ਗਲ਼ੀਆਂ ਵਿਚੋਂ ਲੰਘੀਆਂ ਹੋਣਗੀਆਂ, ਇਨ੍ਹਾਂ ਹੀ ਬਾਜ਼ਾਰਾਂ ਵਿਚ ਉਨ੍ਹਾਂ ਕਦੇ ਵੰਗਾਂ ਖਰੀਦੀਆਂ ਹੋਣਗੀਆਂ, ਆਪਣੇ ਜਾਂ ਆਪਣੇ ਬਾਲਾਂ ਦੇ ਕਪੜਿਆਂ ਲਈ ਥਾਨ ਪੜਵਾਏ ਹੋਣਗੇ...।

"ਚੱਲ ਅਲੀ, ਹਾਈ ਸਕੂਲ ਜਾ ਕੇ ਵੇਖਨੇ ਆਂ, ਏਨਾ ਪੁਰਾਣਾ ਸਕੂਲ ਏ, ਮੇਰਾ ਕੋਈ ਨਾ ਕੋਈ ਪੁਰਖਾ ਜ਼ਰੂਰ ਓਥੇ ਪੜ੍ਹਨ ਜਾਂਦਾ ਰਿਹਾ ਹੋਵੇਗਾ।" ਆਸ ਦੀ ਕੋਈ ਨਿੰਮ੍ਹੀ ਜਿਹੀ ਤੰਦ ਮੈਂ ਵੀ ਫੜੀ ਹੋਈ ਹੈ।

ਚੌੜੀ ਸੜਕ 'ਤੇ ਅਸੀਂ ਤਕਰੀਬਨ ਦੋ ਫਰਲਾਂਗ ਟੁਰ ਲਿਆ ਹੋਣਾ ਹੈ ਕਿ ਖੱਬੇ ਹੱਥ ਸਕੂਲ ਦੀਆਂ ਉੱਚੀਆਂ ਕੰਧਾਂ ਦਿਸਦੀਆਂ ਹਨ ਜਿਨ੍ਹਾਂ ਉੱਤੇ ਅੰਗਰੇਜ਼ੀ ਵਿਚ ਵੱਡੇ ਅੱਖਰਾਂ ਵਿਚ ਦਰਜ ਹੈ: ਸਰਕਾਰੀ ਹਾਈ ਸਕੂਲ, ਜਾਮਕੇ ਚੀਮਾ, ਤਹਿਸੀਲ ਡਸਕਾ। ਜਿੰਨੀਆਂ ਉੱਚੀਆਂ ਸਕੂਲ ਦੀਆਂ ਕੰਧਾਂ ਹਨ, ਓਨਾ ਹੀ ਉੱਚਾ ਸਕੂਲ ਦਾ ਤਕੜਾ ਲੋਹ-ਗੇਟ ਵੀ ਹੈ ਜਿਸ ਦੇ ਬਾਹਰ ਚੌਕੀਦਾਰ ਤੈਨਾਤ ਹੈ। ਬਾਹਰਲਿਆਂ ਲਈ ਬੇਮਤਲਬ ਸਕੂਲ ਅੰਦਰ ਜਾਣ ਦੀ ਮਨਾਹੀ ਹੈ ਪਰ ਅਲੀ ਦਾ "ਇਹ ਭਾਰਤ ਤੋਂ ਆਏ ਮਹਿਮਾਨ ਹਨ" ਕਹਿਣਾ 'ਖੁੱਲ੍ਹ ਜਾ ਸਿਮਸਿਮ' ਵਰਗਾ ਕੰਮ ਕਰਦਾ ਹੈ। ਪਾਕਿਸਤਾਨ ਵਿਚ, ਖਾਸ ਕਰ ਛੋਟੀਆਂ ਥਾਵਾਂ 'ਤੇ ਇਹ ਛੋਟਾ ਜਿਹਾ ਫਿਕਰਾ ਹਮੇਸ਼ਾ ਕਿਸੇ ਜਾਦੂ ਦੀ ਚਾਬੀ ਵਾਂਗ ਕੰਮ ਕਰਦਾ ਹੈ ਜਿਸ ਨਾਲ ਸਾਰੇ ਬੰਦ ਤਾਲੇ ਖੁੱਲ੍ਹਣ ਲੱਗ ਪੈਂਦੇ ਹਨ, ਭਾਵੇਂ ਕਿੰਨੇ ਵੀ ਪੱਕੇ ਜਾਂ ਫੇਰ ਜੰਗਾਲੇ ਹੋਏ ਕਿਉਂ ਨਾ ਹੋਣ। ਸਕੂਲ ਦੇ ਹੈਡਮਾਸਟਰ ਸਾਹਬ ਏਸੇ ਵੇਲ਼ੇ ਕਿਸੇ ਕੰਮ ਬਾਹਰ ਗਏ ਹੋਏ ਹਨ ਪਰ ਸਾਨੂੰ ਬੜੇ ਇਹਤਰਾਮ ਨਾਲ ਉਨ੍ਹਾਂ ਦੇ ਕਮਰੇ ਵਿਚ ਬਿਠਾ ਕੇ ਉਡੀਕਣ ਲਈ ਕਿਹਾ ਜਾਂਦਾ ਹੈ। ਕੁਝ ਹੀ ਪਲਾਂ ਵਿਚ ਆਪਣੀ ਜਮਾਤ ਨੂੰ ਵਿਚੇ ਛੱਡ ਸਹਾਇਕ ਹੈਡਮਾਸਟਰ ਮੁਹੰਮਦ ਅਰਸ਼ਦ ਔਲਖ ਆ ਜਾਂਦੇ ਹਨ, ਨਾਲ ਦਫ਼ਤਰੀ ਮੁਹੰਮਦ ਜਮੀਲ ਸਾਹਬ ਵੀ ਹਨ। ਸਬਬ ਨਾਲ ਦੋਵੇਂ ਸੱਜਣ ਪੈਦਾਇਸ਼ੀ ਜਾਮਕੀਏ ਹਨ ਪਰ ਉਮਰ ਵਿਚ ਮੇਰੇ ਨਾਲੋਂ ਵੀ ਦਸ ਬਾਰਾਂ ਸਾਲ ਛੋਟੇ। ਮੇਰੇ ਜਾਮਕੇ ਚੀਮਾ ਆਣ ਦੇ ਕਾਰਨ ਨੂੰ ਜਾਣ ਕੇ ਮੁਹੰਮਦ ਜਮੀਲ ਕਹਿੰਦੇ ਹਨ, "ਤੁਸੀਂ ਦਸ ਪੰਦਰਾਂ ਵਰ੍ਹੇ ਪਹਿਲਾਂ ਆਂਦੇ ਤਾਂ ਸਾਰੀ ਮਾਅਲੂਮਾਤ ਹੋ ਜਾਣੀ ਸੀ, ਸਾਡੇ ਅੱਬਾ ਜੀ ਓਦੋਂ ਤਕ ਹਯਾਤ ਸਨ, ਤੇ ਪੁਰਾਣੇ ਵੇਲ਼ੇ ਉਨ੍ਹਾਂ ਨੂੰ ਬਾਖੂਬੀ ਯਾਦ ਸਨ।" ਮੈਂ ਆਪਣੇ ਫੋਨ ਵਿਚ ਪਈ ਜੱਦੀ ਘਰ ਦੀ ਤਸਵੀਰ ਕੱਢ ਕੇ ਵਿਖਾਂਦਾ ਹਾਂ, ਸ਼ਾਇਦ ਏਸ ਥਾਂ ਦੇ ਅਤੇ-ਪਤੇ ਬਾਰੇ ਉਨ੍ਹਾਂ ਕੋਲ਼ ਕੋਈ ਜਾਣਕਾਰੀ ਹੋਵੇ। ਦੋਵੇਂ ਜਣੇ, ਜਮਾਂਦਰੂ ਜਾਮਕੀਏ, ਏਸ ਤਸਵੀਰ ਨੂੰ ਦੇਖਦਿਆਂ ਆਪੋ-ਆਪਣੇ ਚੇਤੇ ਨੂੰ ਹੰਗਾਲ਼ ਕੇ ਕੁਝ ਕਿਆਸ ਆਰਾਈਆਂ ਕਰਦੇ ਹਨ ਪਰ ਮੇਰਾ ਮਨ ਆਸ-ਭਰਿਆ ਹੋਣ ਦੇ ਬਾਵਜੂਦ ਏਸ ਸੋਝੀ ਤੋਂ ਵਿਰਵਾ ਨਹੀਂ ਕਿ 75 ਵਰ੍ਹਿਆਂ ਬਾਅਦ ਉਸ ਘਰ ਦੇ ਸਾਲਮ-ਸਾਬਤ ਲੱਭ ਜਾਣ ਦੀ ਸੰਭਾਵਨਾ ਤਕਰੀਬਨ ਨਾਂਹ ਬਰਾਬਰ ਹੈ। ਅਚਾਨਕ ਇਕ ਜਣਾ ਆਖਦਾ ਹੈ, "ਰਾਏ ਅਬਦੁਲ ਹਮੀਦ ਚੋਪੜਾ ਨੂੰ ਸੱਦੋ", ਤੇ ਦੂਜਾ ਫੌਰਨ ਆਪਣਾ ਮੋਬਾਈਲ ਕੱਢ ਕੇ ਰਾਬਤਾ ਕਰਦਾ ਹੈ, "ਕਿੱਥੇ ਓ ਰਾਏ ਸਾਹਬ, ਛੇਤੀ ਨਾਲ ਸਕੂਲ ਆ ਜਾਓ, ਜਲੰਧਰ ਤੋਂ ਇਕ ਮਹਿਮਾਨ ਆਏ ਹਨ।"

ਮੇਰਾ ਧਿਆਨ ਸਿਰਫ਼ ਏਸ ਗੱਲ ਵੱਲ ਜਾਂਦਾ ਹੈ ਕਿ ਚੀਮੇ-ਬਾਜਵੇ ਤਾਂ ਬਥੇਰੇ ਸੁਣੇ-ਮਿਲੇ ਹਨ ਪਾਕਿਸਤਾਨ ਵਿਚ, ਖੱਤਰੀਆਂ ਦੀ ਇਹ ਗੋਤ ਮੁਸਲਮਾਨਾਂ ਵਿਚ ਪਹਿਲੀ ਵਾਰ ਸੁਣੀ ਹੈ। ਜਿੰਨੇ ਨੂੰ ਚੋਪੜਾ ਸਾਹਬ ਆਂਦੇ ਹਨ, ਚਾਹ ਤੇ ਬਿਸਕੁਟਾਂ ਦੇ ਨਾਲ-ਨਾਲ ਮੁਹੰਮਦ ਜਮੀਲ ਮੈਨੂੰ ਇਸ ਸਕੂਲ ਦਾ ਇਤਿਹਾਸ ਵੀ ਦੱਸ ਰਹੇ ਹਨ, "ਇਹ ਸਾਡੇ ਇਲਾਕੇ ਦੇ ਸਭ ਤੋਂ ਪੁਰਾਣੇ ਸਕੂਲਾਂ ਵਿਚੋਂ ਹੈ। 1856 ਵਿਚ ਇਸ ਨੂੰ ਫਾਰਸੀ ਮਦਰਸੇ ਵਜੋਂ ਸ਼ੁਰੂ ਕੀਤਾ ਗਿਆ ਸੀ, ਤੇ 1901 ਵਿਚ ਇਸ ਨੂੰ ਮਿਡਲ ਸਕੂਲ ਬਣਾ ਦਿੱਤਾ ਗਿਆ। ਫੇਰ 1931 ਤੋਂ ਇਹ ਹਾਈ ਸਕੂਲ ਵਿਚ ਤਬਦੀਲ ਹੋ ਗਿਆ।" ਚਾਹ ਪੀ ਕੇ ਅਸੀਂ ਸਕੂਲ ਦੇਖਣ ਕਮਰੇ ਤੋਂ ਬਾਹਰ ਆ ਜਾਂਦੇ ਹਾਂ ਜੋ ਦਰਅਸਲ ਕਈ ਇਕ ਮੰਜ਼ਲੀਆਂ ਇਮਾਰਤਾਂ ਦਾ ਸਮੂਹ ਹੈ ਜਿਨ੍ਹਾਂ ਦੇ ਵਿਚਕਾਰ ਪਾੜ੍ਹਿਆਂ ਦੇ ਫਿਰਨ-ਖੇਡਣ ਲਈ ਖਾਲੀ ਥਾਵਾਂ ਛੱਡੀਆਂ ਹੋਈਆਂ ਹਨ। ਇਹਨਾਂ ਸਾਰੀਆਂ ਇਮਾਰਤਾਂ ਨੂੰ ਓਸੇ ਤਰਜ਼ ਦੇ ਮਹਿਰਾਬਦਾਰ ਬਰਾਂਡਿਆਂ ਨੇ ਵਲ਼ਿਆ ਹੋਇਆ ਹੈ, ਜਿਹੋ ਜਿਹਾ ਮੇਰੇ ਕੋਲ਼ ਪਈ ਤਸਵੀਰ ਵਿਚ ਵੀ ਦਿਸਦਾ ਹੈ। 'ਕਿਤੇ ਇਹ ਉਹੋ ਹਵੇਲੀ ਤੇ ਨਹੀਂ!', ਮੇਰਾ ਤਾਂਘਦਾ ਦਿਲ ਕਿਸੇ ਭਰਮ ਵਿਚ ਝੂਲਦਾ ਹੈ ਪਰ ਦਲੀਲੀ ਮਨ ਉਸ ਆਸ ਨੂੰ ਝੱਟ ਵਗਾਹ ਮਾਰਦਾ ਹੈ, 'ਇਹ ਸਕੂਲ ਤਾਂ ਸ਼ਾਇਦ ਓਸ ਹਵੇਲੀ ਤੋਂ ਵੀ ਪਹਿਲਾਂ ਦਾ ਬਣਿਆ ਹੋਇਆ ਹੈ।' ਤਾਂ ਵੀ ਮੇਰੀ ਲੋਚ ਖਿਆਲਾਂ ਦੀਆਂ ਪੀਂਘਾਂ 'ਤੇ ਹੁਲਾਰੇ ਲੈਣਾ ਨਹੀਂ ਤਜਦੀ, 'ਕੀ ਪਤਾ, ਦਾਰ ਜੀ, ਜਾਂ ਫੇਰ ਮੇਰੇ ਪੜਨਾਨਿਆਂ ਵਿਚੋਂ ਕੋਈ ਏਸ ਸਕੂਲ ਵਿਚ ਪੜ੍ਹਦੇ ਰਹੇ ਹੋਣ, ਇਨ੍ਹਾਂ ਗਰਾਊਂਡਾਂ ਵਿਚ ਭੱਜਦੇ ਰਹੇ ਹੋਣ...।'

ਏਨੇ ਨੂੰ ਰਾਏ ਅਬਦੁਲ ਹਮੀਦ ਚੋਪੜਾ ਵੀ ਆ ਜਾਂਦੇ ਹਨ। ਮੁਹੰਮਦ ਜਮੀਲ ਤੇ ਮੁਹੰਮਦ ਅਰਸ਼ਦ ਦੇ ਸਫਾਚਟ ਮੁੰਨੇ ਚਿਹਰਿਆਂ ਤੋਂ ਉਲਟ

*(ਬਾਕੀ ਅਗਲੇ ਸਫੇ 'ਤੇ)*

# ਕਿਰਤ ਦਾ ਮੁੱਲ ਅਤੇ ਕਿਰਤੀ ਦੀ ਹੋਣੀ

ਸਾਡੇ ਘਰ ਵਿਚ ਲੱਕੜ ਦਾ ਕੰਮ ਕਰਨ ਆਉਂਦਾ ਮਨੋਜ ਮਾਹਿਰ ਕਾਰੀਗਰ ਹੈ। ਕੋਈ ਵੀ ਡਿਜ਼ਾਈਨ ਉਸ ਨੂੰ ਇੱਕ ਵਾਰ ਦਿਖਾ ਦੇਵੋ, ਉਸ ਦੀ ਹੂ-ਬ-ਹੂ ਨਕਲ ਤਿਆਰ ਕਰ ਕੇ ਤੁਹਾਨੂੰ ਦੇ ਦੇਵੇਗਾ। ਲੱਕੜ ਦੇ ਕੰਮ ਦਾ ਉਹ ਜਿੰਨਾ ਮਾਹਿਰ ਹੈ, ਆਪਣੇ ਲਾਗਤੀ ਹਿਸਾਬ ਕਿਤਾਬ ਤੋਂ ਉਹ ਓਨਾ ਹੀ ਅਣਜਾਣ ਹੈ। ਥੋੜ੍ਹਾ ਜ਼ੋਰ ਪਾ ਕੇ ਕਹੋ ਤਾਂ ਉਹ ਤੁਹਾਨੂੰ ਦੱਸੇਗਾ ਕਿ ਲੱਕੜ ਤੇ ਹੋਰ ਸਮੱਗਰੀ ਕਿੰਨੇ ਦੀ ਪਵੇਗੀ ਪਰ ਜਦੋਂ ਉਸ ਤੋਂ ਉਸ ਦੇ ਲੇਬਰ ਖਰਚੇ ਬਾਰੇ ਪੁੱਛੋ ਤਾਂ ਉਹ ਮੁਸਕਰਾ ਕੇ ਉੱਕੇ-ਪੁੱਕੇ ਪੈਸੇ ਪਾ ਦੇਵੇਗਾ। ਅਸਲ ਵਿਚ ਮਨੋਜ ਨੂੰ ਇਸ ਗੱਲ ਦੀ ਸੋਝੀ ਹੀ ਨਹੀਂ, ਕਿਸੇ ਕੰਮ 'ਤੇ ਉਸ ਦਾ ਕਿੰਨਾ ਸਮਾਂ ਖਰਚ ਹੁੰਦਾ ਹੈ। ਉਂਝ, ਜਦੋਂ ਕਦੇ ਉਸ ਨੂੰ ਕੋਈ ਹੋਰ ਕਾਰੀਗਰ ਰੱਖਣਾ ਪੈਂਦਾ ਹੈ ਤਾਂ ਉਹ

ਔਨਿੰਦਿਓ ਚੱਕਰਵਰਤੀ

ਉਸ ਦੇ ਖਰਚੇ ਦਾ ਹਿਸਾਬ ਚੰਗੀ ਤਰ੍ਹਾਂ ਕਰ ਲੈਂਦਾ ਹੈ- ਮਤਲਬ ਕੰਮ ਲਈ ਕਿੰਨੇ ਦਿਨ ਲੱਗਣਗੇ ਤੇ ਉਸ ਦੀ ਕਿੰਨੀ ਦਿਹਾੜੀ ਬਣੇਗੀ।

ਮਨੋਜ ਆਪਣੇ ਵੱਲੋਂ ਲਾਏ ਗਏ ਆਪਣੇ ਸਮੇਂ ਦੀ ਕੀਮਤ ਅਤੇ ਬੁਲਾਏ ਗਏ ਕਿਸੇ ਹੋਰ ਕਾਰੀਗਰ ਦੇ ਸਮੇਂ ਦੀ ਕੀਮਤ ਵਿਚਕਾਰ ਸਾਫ਼ ਫ਼ਰਕ ਰੱਖਦਾ ਹੈ ਹਾਲਾਂਕਿ ਕੀਤੇ ਗਏ ਕੰਮ ਵਿਚ ਕੋਈ ਫ਼ਰਕ ਨਹੀਂ ਹੁੰਦਾ। ਜੋ ਦਿਹਾੜੀ ਉਹ ਕਿਸੇ ਦੂਜੇ ਕਾਰੀਗਰ ਨੂੰ ਅਦਾ ਕਰਦਾ ਹੈ, ਉਸ ਹਿਸਾਬ ਨਾਲ ਉਹ ਕਦੇ ਆਪਣੀ ਦਿਹਾੜੀ ਹਾਸਲ ਨਹੀਂ ਕਰ ਸਕਦਾ। ਇਸ ਤਰ੍ਹਾਂ ਦੇ ਵਿਹਾਰ ਦੇ ਦੋ ਬੁਨਿਆਦੀ ਪਹਿਲੂ ਹੁੰਦੇ ਹਨ ਅਤੇ ਇਹ ਦੋਵੇਂ ਖ਼ਾਸਕਰ ਉਨ੍ਹਾਂ ਅਰਥਚਾਰਿਆਂ ਅੰਦਰ ਪ੍ਰਚੱਲਤ ਹਨ ਜਿੱਥੇ ਪੂੰਜੀ-ਕਿਰਤ ਸਬੰਧਾਂ ਦੇ ਨਾਲੋ-ਨਾਲ ਗ਼ੈਰ-ਪੂੰਜੀਵਾਦੀ ਉਤਪਾਦਨ ਸਬੰਧ ਵੀ ਚੱਲਦੇ ਹਨ। ਪਹਿਲਾ ਪਹਿਲੂ ਹੈ ਸਵੈ-ਸ਼ੋਸ਼ਣ ਜਾਂ ਬਾਹਰੀ ਪੈਮਾਨਾ ਮੌਜੂਦ ਹੋਣ ਦੇ ਬਾਵਜੂਦ ਆਪਣੀ ਹੀ ਕਿਰਤ ਸ਼ਕਤੀ ਦਾ ਘੱਟ ਮੁੱਲ ਪਾਉਣਾ। ਦੂਜਾ ਹੈ ਉਹ ਫ਼ਰਕ ਜੋ ਕੋਈ ਛੋਟਾ ਉਤਪਾਦਕ ਆਪਣੀ ਕਿਰਤ ਸ਼ਕਤੀ ਅਤੇ ਆਪਣੇ ਵੱਲੋਂ ਰੱਖੇ ਮਜ਼ਦੂਰਾਂ ਦੀ ਕਿਰਤ ਸ਼ਕਤੀ ਵਿਚਕਾਰ ਕਰਦਾ ਹੈ। ਬਰਤਾਨਵੀ ਇਤਿਹਾਸਕਾਰ ਈ.ਪੀ. ਟੌਮਸਨ ਆਪਣੇ ਮਸ਼ਹੂਰ ਲੇਖ 'ਟਾਈਮ, ਵਰਕ ਡਿਸਿਪਲਨ ਐਂਡ ਇੰਡਸਟ੍ਰੀਅਲ ਕੈਪੀਟਲਿਜ਼ਮ' ਵਿਚ ਇਸ ਬਾਰੇ ਖੁਲਾਸਾ ਕਰਦੇ ਹਨ ਕਿ ਕਿਵੇਂ ਇੰਗਲੈਂਡ ਵਿਚ ਸਨਅਤੀ ਪੂੰਜੀਵਾਦ ਦੇ ਉਭਾਰ ਹੋਣ ਨਾਲ ਹੀ ਕੰਮ ਦੀ ਸਮਾਂ ਕੀਮਤ, ਉਤਪਾਦਕਤਾ ਅਤੇ ਆਰਥਿਕ ਬਿਹਤਰੀ ਦੇ ਸੰਕਲਪਾਂ ਦਾ ਵਿਕਾਸ ਹੋਇਆ ਸੀ। ਇਸ ਤੋਂ ਪਹਿਲਾਂ ਕੰਮ ਟੀਚਾ ਮੁਖੀ ਹੁੰਦਾ ਸੀ ਜਦਕਿ ਪੂੰਜੀਵਾਦ ਅਧੀਨ ਸਮਾਂ ਮੁਖੀ ਕੰਮ ਦਾ ਨੇਮ ਪ੍ਰਚੱਲਤ ਹੋਇਆ।

ਉਂਝ, ਉਹ ਅਠਾਰਵੀਂ ਸਦੀ ਦਾ ਇੰਗਲੈਂਡ ਸੀ ਤੇ ਇਹ ਇੱਕੀਵੀਂ ਸਦੀ ਦਾ ਭਾਰਤ ਹੈ। ਇੰਗਲੈਂਡ ਵਿਚ ਉਨੀਵੀਂ ਸਦੀ ਦੇ ਮੱਧ ਤੱਕ ਟੀਚਾ ਮੁਖੀ ਅਤੇ ਸਮੇਂ ਦੀ ਅਣਹੋਂਦ ਦਾ ਅਨੁਸ਼ਾਸਨ ਪੂਰੀ ਤਰ੍ਹਾਂ ਗਾਇਬ ਹੋ ਗਿਆ ਸੀ



ਜਿਸ ਨਾਲ ਸਰਬਵਿਆਪੀ ਅਤੇ ਨਿਰਪੱਖ ਇਕਸਾਰ ਕਿਰਤ ਦਾ ਉਭਾਰ ਹੋਇਆ ਜੋ ਮਿਆਰੀ ਰੂਪ ਵਿਚ ਕਿਸੇ ਇੱਕ ਸਨਅਤ ਤੋਂ ਦੂਜੀ ਵਿਚ ਤਬਦੀਲ ਹੋ ਸਕਦੀ ਸੀ। ਜਿਵੇਂ-ਜਿਵੇਂ ਕਾਮਿਆਂ ਨੂੰ ਆਪਣੇ ਮਾਲਕ ਲਈ ਕੰਮ ਕਰਦਿਆਂ ਬਿਤਾਏ ਸਮੇਂ ਦੇ ਲਿਹਾਜ਼ ਨਾਲ ਆਪਣੀ ਕਿਰਤ ਦੇ ਮੁੱਲ ਦਾ ਆਭਾਸ ਹੁੰਦਾ ਗਿਆ ਤਾਂ ਉਨ੍ਹਾਂ ਇਕਸਾਰ ਉਜਰਤਾਂ, ਓਵਰਟਾਈਮ ਤਨਖ਼ਾਹ, ਕਮਾਈ ਛੁੱਟੀ ਅਤੇ ਕਈ ਹੋਰ ਮੰਗਾਂ ਲਈ ਸੰਘਰਸ਼ ਕਰਨਾ ਸ਼ੁਰੂ ਕਰ ਦਿੱਤਾ ਜਿਨ੍ਹਾਂ ਨੂੰ ਹੁਣ ਅਸੀਂ ਆਮ ਕੰਮਕਾਜੀ ਹਾਲਤਾਂ ਵਜੋਂ ਜਾਣਦੇ ਹਾਂ।

ਪੂੰਜੀਵਾਦ ਲਈ ਸਿਆਸੀ ਪ੍ਰਣਾਲੀ ਵਜੋਂ ਵਧਣ ਫੁੱਲਣ ਵਾਸਤੇ ਇਸ ਦਾ 'ਖੜਵੇਂ ਰੂਪ ਵਿਚ ਗਤੀਸ਼ੀਲਤਾ' ਦਾ ਵਾਅਦਾ ਕਾਇਮ ਰੱਖਣਾ ਜ਼ਰੂਰੀ ਸੀ। ਵਰਕਰਾਂ ਨੂੰ ਇਹ ਵਿਸ਼ਵਾਸ ਕਰਨਾ ਪੈਂਦਾ ਸੀ ਕਿ ਜੇ ਉਹ ਕੁਝ ਪੈਸਾ ਬਚਾ ਕੇ ਜੋੜਨ ਦੇ ਯੋਗ ਹੋ ਜਾਂਦੇ ਹਨ ਤਾਂ ਉਨ੍ਹਾਂ ਕੋਲ ਇਸ ਨੂੰ ਪੂੰਜੀ ਵਜੋਂ ਇਸਤੇਮਾਲ ਕਰਨ ਦਾ ਮੌਕਾ ਹੋਵੇਗਾ। ਇਸ ਦਾ ਇੱਕ ਤਰੀਕਾ ਇਹ ਸੀ ਕਿ ਕੰਮ ਲਈ ਲਾਇਆ ਜਾਣ ਵਾਲਾ ਸਮਾਂ ਵਧਾ ਦਿੱਤਾ ਜਾਵੇ ਜਾਂ ਆਪਣੇ ਹੁਨਰ ਵਿਚ ਸੁਧਾਰ ਕੀਤਾ ਜਾਵੇ ਜਿਵੇਂ ਕਿਸੇ ਮਾਹਿਰ ਕਾਮੇ ਦੀ ਕਿਰਤ ਸ਼ਕਤੀ ਦੇ ਸਮੇਂ ਦੀ ਹਰੇਕ ਇਕਾਈ ਕਿਸੇ ਘੱਟ ਹੁਨਰਮੰਦ ਕਾਮੇ ਦੀ ਕਿਰਤ ਸ਼ਕਤੀ ਦੇ ਸਮੇਂ ਦੀਆਂ ਕਈ ਇਕਾਈਆਂ ਦੇ ਬਰਾਬਰ ਗਿਣੀ ਜਾਂਦੀ ਹੈ। ਕਿਉਂਜੋ ਕਿਸੇ ਕਾਮੇ ਦੀ ਕਿਰਤ ਸ਼ਕਤੀ ਦਾ (ਮੰਡੀ) ਮੁੱਲ ਉਸ ਕਾਮੇ ਵੱਲੋਂ ਖਪਤਕਾਰੀ ਵਸਤਾਂ ਦੇ ਉਤਪਾਦਨ ਲਈ ਲਾਇਆ ਜਾਂਦਾ ਸਮਾਂ ਹੁੰਦਾ ਹੈ, ਦੂਜੇ ਸ਼ਬਦਾਂ ਵਿਚ ਉਹ ਕਾਮੇ ਜਦੋਂ ਅਗਲੇ ਦਿਨ ਕਿਰਤ ਮੰਡੀ ਵਿਚ ਜਾਂਦਾ ਹੈ ਤਾਂ ਆਪਣੀ ਕਿਰਤ ਸ਼ਕਤੀ ਨੂੰ ਮੁੜ ਉਤਪਾਦਤ ਕਰਦਾ ਹੈ ਤੇ ਇੰਝ ਹੁਨਰਮੰਦ ਕਿਰਤ ਨਾਲ ਕਾਮੇ ਬੱਚਤ ਅਤੇ ਇਕੱਤਰ ਕਰਨ ਦੇ ਯੋਗ ਬਣਦੇ ਹਨ। ਇਸ ਨਾਲ ਇਹ ਭਰੋਸਾ ਬੱਝਦਾ ਹੈ ਕਿ ਉਹ ਖੁਦ ਵੀ ਇੱਕ ਦਿਨ ਪੂੰਜੀਪਤੀ ਬਣ ਸਕਦੇ ਹਨ। ਇਸ ਲਈ ਪੂੰਜੀਵਾਦ ਉਮੀਦ ਤੇ ਖਾਹਸ਼ ਉਪਜਾਉਂਦਾ ਹੈ। ਇਹ ਕਾਮੇ ਨੂੰ ਸਖ਼ਤ ਮਿਹਨਤ ਕਰਨ ਅਤੇ ਆਪਣੀ ਉਤਪਾਦਕਤਾ ਵਿਚ ਸੁਧਾਰ ਲਿਆਉਣ ਲਈ ਪ੍ਰੇਰਦਾ ਹੈ।

ਆਜ਼ਾਦੀ ਵੇਲੇ ਭਾਰਤ ਦੇ ਸੱਤਾਧਾਰੀ ਕੁਲੀਨ ਅਵਾਮ ਅੰਦਰ ਪੂੰਜੀਵਾਦੀ ਸਮੇਂ ਦੇ ਅਨੁਸ਼ਾਸਨ ਦਾ ਸੰਚਾਰ ਕਰਨ ਨੂੰ ਮਹੱਤਵ ਦਿੰਦੇ ਸਨ। ਭਾਰਤ ਦੇ ਕੁਝ ਮੋਹਰੀ ਸਨਅਤਕਾਰਾਂ ਵੱਲੋਂ ਤਿਆਰ ਕੀਤੀ ਗਈ ਤਥਾ ਕਥਿਤ 'ਬੰਬੇ ਪਲੈਨ' ਵਿਚ ਉਚੇਰੀ ਕਿਰਤ ਉਤਪਾਦਕਤਾ ਅਤੇ ਜੀਵਨ ਦੇ ਬਿਹਤਰ ਮਿਆਰਾਂ ਵਿਚਕਾਰ ਸਬੰਧ ਨੂੰ ਰੇਖਾਂਕਤ ਕੀਤਾ ਗਿਆ ਸੀ। ਇਸ ਵਿਚ ਕਿਹਾ ਗਿਆ ਸੀ "ਵਧੇਰੇ ਕੁਸ਼ਲਤਾ ਦੇ ਇਵਜ਼ ਵਿਚ ਕਾਮਿਆਂ ਨੂੰ ਉਨ੍ਹਾਂ ਦੀ ਆਮਦਨ ਵਿਚ ਉਸੇ ਤਰ੍ਹਾਂ ਦੇ ਵਾਧੇ ਦੇ ਰੂਪ ਵਿਚ ਫ਼ਲ ਉਪਲੱਬਧ ਹੋਵੇਗਾ।" ਬਸਤੀਵਾਦੀ ਦੌਰ ਤੋਂ ਬਾਅਦ ਦੇ ਅਰਸੇ ਦੌਰਾਨ ਸਟੇਟ/ਰਿਆਸਤ ਦੀ ਅਗਵਾਈ ਹੇਠ ਅਤੇ ਪ੍ਰਾਈਵੇਟ ਪੂੰਜੀ ਦੀ ਸਹਾਇਤਾ ਨਾਲ ਆਧੁਨਿਕ ਸਨਅਤੀ ਅਰਥਚਾਰਾ ਉਸਾਰਨ ਦੇ ਪ੍ਰੋਜੈਕਟ ਦਾ ਮੁੱਢਲਾ ਆਧਾਰ ਸੀ। ਜ਼ਿਮੀਂਦਾਰੀ ਪ੍ਰਣਾਲੀ ਦੇ ਖਾਤਮੇ ਨਾਲ ਬੰਧੂਆ ਮਜ਼ਦੂਰਾਂ ਨੂੰ ਖੇਤੀ ਛੱਡ ਕੇ ਫੈਕਟਰੀਆਂ ਵਿਚ ਕੰਮ ਕਰਨ ਦੀ ਖੁੱਲ੍ਹ ਮਿਲੀ, ਕਾਮਿਆਂ ਨੂੰ ਉਨ੍ਹਾਂ ਦੀ ਉਤਪਾਦਕਤਾ ਵਿਚ ਸੁਧਾਰ ਲਿਆਉਣ ਅਤੇ ਮਸ਼ੀਨੀ ਅਨੁਸ਼ਾਸਨ ਸਿੱਖਣ ਦੀ ਸਿਖਲਾਈ ਦਿੱਤੀ ਗਈ। ਇਹ ਸਭ ਕੁਝ ਇੱਕ ਆਧੁਨਿਕ ਤੇ ਵਿਕਸਤ ਅਰਥਚਾਰੇ ਨੂੰ ਉਸਾਰਨ ਦੀ ਪ੍ਰਕਿਰਿਆ ਦਾ ਹਿੱਸਾ ਸੀ।

ਸਾਰੇ ਪੱਖਾਂ ਤੋਂ ਦੇਖਿਆ ਜਾਵੇ ਤਾਂ ਨਹਿਰੂਵਾਦੀ ਸਮਾਜਵਾਦ ਅਤੇ ਖੁੱਲ੍ਹੀ ਮੰਡੀ ਦੇ ਸੁਧਾਰ ਦੋਵੇਂ ਇਹ ਟੀਚਾ ਹਾਸਲ ਕਰਨ ਵਿਚ ਨਾਕਾਮ ਰਹੇ ਹਨ। ਜਦੋਂ ਸਵੈ-ਕਿਰਤ ਦਾ ਸਵਾਲ ਆਉਂਦਾ ਹੈ ਤਾਂ ਸਮੇਂ ਦੇ ਅਨੁਸ਼ਾਸਨ ਦਾ ਆਭਾਸ ਨਾ ਹੋਣ ਦਾ ਅਹਿਸਾਸ ਇਕੱਲੇ ਮਨੋਜ ਦਾ ਮਸਲਾ ਨਹੀਂ ਹੈ। ਸਮੇਂ ਦੀ ਸੋਝੀ ਵਿਚ ਨਿਰੰਤਰ ਨਿਘਾਰ ਆਉਣ ਦੇ ਤਿੰਨ ਕਾਰਨ ਹਨ; ਪਹਿਲਾ, ਆਜ਼ਾਦੀ ਤੋਂ 75 ਸਾਲਾਂ ਬਾਅਦ ਵੀ ਇੱਕ ਤਿਹਾਈ ਤੋਂ ਜ਼ਿਆਦਾ ਰੁਜ਼ਗਾਰ ਹਾਲੇ ਵੀ ਖੇਤੀਬਾੜੀ 'ਚੋਂ ਮਿਲਦਾ ਹੈ ਜਿੱਥੇ ਕੰਮ ਦੀ ਚਾਲ ਸੂਰਜ ਦੀ ਗਤੀ ਅਤੇ ਖੇਤੀਬਾੜੀ ਰੁੱਤਾਂ ਨਾਲ ਨਿਰਧਾਰਤ ਹੁੰਦੀ ਹੈ। ਦੂਜਾ ਕਾਰਨ ਇਹ ਹੈ ਕਿ ਕੰਮਕਾਜੀ ਉਮਰ ਵਰਗ ਦੇ 40 ਫ਼ੀਸਦ ਤੋਂ ਘੱਟ ਭਾਰਤੀ ਕਾਮਿਆਂ ਕੋਲ ਦਿਹਾੜੀ-ਦੱਪੇ ਵਾਲਾ ਰੁਜ਼ਗਾਰ ਹੀ ਹੁੰਦਾ ਹੈ, ਪੱਕੀ ਉਜਰਤ ਵਾਲਾ ਰੁਜ਼ਗਾਰ ਨਹੀਂ ਮਿਲਦਾ। ਆਖਰੀ ਇਹ ਕਿ ਸਾਡੇ ਅਰਥਚਾਰੇ ਅੰਦਰ ਜਿਹੋ ਜਿਹਾ ਰੁਜ਼ਗਾਰ ਮਿਲ ਰਿਹਾ ਹੈ, ਉਸ ਨਾਲ ਕਾਮਿਆਂ ਅੰਦਰ ਪੂੰਜੀਵਾਦੀ ਸਮੇਂ ਦਾ ਅਨੁਸ਼ਾਸਨ ਅਤੇ ਖਾਹਸ਼ਾਂ ਦਾ ਉਭਾਰ ਰੁਕ ਗਿਆ ਹੈ।

ਸਭ ਤੋਂ ਪਹਿਲਾਂ ਨਿਰਮਾਣ ਖੇਤਰ ਅੰਦਰ ਇਹ ਪੂੰਜੀਵਾਦੀ ਨੇਮ ਵਿਕਸਤ ਹੋਏ ਸਨ, ਉੱਥੇ ਹੁਣ ਕੁੱਲ ਰੁਜ਼ਗਾਰ ਦਾ ਮਸਾਂ ਦਸ ਕੁ ਫ਼ੀਸਦ ਹਿੱਸਾ ਹੀ ਰਹਿ ਗਿਆ ਹੈ ਜਦਕਿ ਵੱਡਾ ਹਿੱਸਾ ਗ਼ੈਰ-ਜਥੇਬੰਦ ਖੇਤਰ ਵਿਚ ਹੈ। ਛੇ ਵਿਚੋਂ ਕਰੀਬ ਇੱਕ ਕਾਮਾ ਉਸਾਰੀ ਵਿਚ ਲੱਗਿਆ ਹੋਇਆ ਹੈ ਜਿੱਥੇ ਆਮ ਤੌਰ 'ਤੇ ਗ਼ੈਰ-ਹੁਨਰਮੰਦ ਜਾਂ ਸਰੀਰਕ ਮੁਸ਼ੱਕਤ ਵਾਲਾ ਕੰਮ ਹੁੰਦਾ ਹੈ। ਹਾਲਾਂਕਿ ਉਸਾਰੀ ਕਾਮਿਆਂ ਨੂੰ ਦਿਹਾੜੀ ਦਿੱਤੀ ਜਾਂਦੀ ਹੈ ਪਰ ਉਨ੍ਹਾਂ ਦੇ ਲੇਬਰ ਟਾਈਮ ਉੱਪਰ ਠੇਕੇਦਾਰਾਂ ਦਾ ਪੂਰਾ ਕੰਟਰੋਲ ਹੁੰਦਾ ਹੈ। ਕੁੱਲ ਰੁਜ਼ਗਾਰ ਦਾ ਲਗਭਗ ਵੀਹ ਫ਼ੀਸਦ ਹਿੱਸਾ ਪ੍ਰਚੂਨ ਕਾਰੋਬਾਰ ਵਿਚ ਲੱਗਿਆ ਹੋਇਆ ਹੈ, ਪਰ ਇਨ੍ਹਾਂ 'ਚੋਂ ਜ਼ਿਆਦਾਤਰ ਕਾਮੇ ਖੋਖੇ ਜਾਂ ਛੋਟੀਆਂ ਦੁਕਾਨਾਂ ਚਲਾਉਂਦੇ ਹਨ ਅਤੇ ਪਰਿਵਾਰਕ ਲੇਬਰ ਦੀ ਵਰਤੋਂ ਕਰਦੇ ਹਨ ਜਿੱਥੇ ਸਮਾਂ ਆਧਾਰਿਤ ਉਜਰਤ ਦਾ ਕੋਈ ਮਤਲਬ ਨਹੀਂ ਹੁੰਦਾ। ਪੰਜ ਫ਼ੀਸਦ ਕਾਮੇ ਪਲੰਬਰ, ਇਲੈਕਟ੍ਰੀਸ਼ਨ, ਨਾਈ, ਸੁਰੱਖਿਆ ਗਾਰਡ, ਘਰੇਲੂ ਨੌਕਰ ਆਦਿ ਦੇ ਰੂਪ ਵਿਚ ਗ਼ੈਰ-ਪੇਸ਼ੇਵਰ ਨਿੱਜੀ ਸੇਵਾਵਾਂ ਮੁਹੱਈਆ ਕਰਾਉਂਦੇ ਹਨ ਜਿੱਥੇ ਉਨ੍ਹਾਂ ਦੀ ਕਮਾਈ ਵਕਤੀ ਕੰਮ 'ਤੇ ਮੁਨੱਸਰ ਕਰਦੀ ਹੈ।

ਪੂੰਜੀਵਾਦੀ ਸਮੇਂ ਦੇ ਅਨੁਸ਼ਾਸਨ ਅਤੇ ਸਮੇਂ ਦੇ ਆਧਾਰ 'ਤੇ ਉਜਰਤਾਂ ਦੀ ਅਣਹੋਂਦ ਦੇ ਕਾਫ਼ੀ ਅਹਿਮ ਸਭਿਆਚਾਰਕ ਸਿੱਟੇ ਨਿਕਲਦੇ ਹਨ। ਇਸ ਨਾਲ ਕੰਮ ਦੇ ਆਧਾਰ 'ਤੇ ਉਮੀਦਾਂ ਜਗਾਉਣ ਦੀ ਰੁਚੀ ਵੀ ਘਟ ਜਾਂਦੀ ਹੈ ਸਗੋਂ ਲੰਮਾ ਸਮਾਂ ਬੇਰੁਜ਼ਗਾਰ ਰਹਿਣ ਨਾਲ ਉਹ ਕੰਮ ਦੀ ਤਲਾਸ਼ ਕਰਨਾ ਵੀ ਛੱਡ ਦਿੰਦੇ ਹਨ। ਖੇਤੀਬਾੜੀ ਦਾ ਕੰਮ-ਕਾਜ ਛੱਡ ਕੇ ਗ਼ੈਰ-ਖੇਤੀ ਰੁਜ਼ਗਾਰ ਦੀ ਤਲਾਸ਼ ਕਰਨ ਵਾਲੇ ਕਾਮੇ ਵਾਪਸ ਪਿੰਡ ਪਰਤ ਜਾਂਦੇ ਹਨ ਅਤੇ ਉਨ੍ਹਾਂ ਨੂੰ ਮੁੜ ਖੇਤੀਬਾੜੀ ਦੇ ਕੰਮਾਂ ਵਿਚ ਹੱਥ ਵਟਾਉਣਾ ਪੈਂਦਾ ਹੈ। ਲੋਕ ਇਸ ਨੂੰ ਆਪਣੀ ਕਿਸਮਤ ਦੀ ਹੋਣੀ ਸਮਝ ਲੈਂਦੇ ਹਨ। ਦਿਨ ਕਟੀ ਲਈ ਉਹ ਸਰਕਾਰੀ ਇਮਦਾਦ 'ਤੇ ਗੁਜ਼ਾਰਾ ਕਰਦੇ ਹਨ ਅਤੇ ਇਸ ਲਈ ਵੀ ਉਨ੍ਹਾਂ ਨੂੰ ਸਿਆਸੀ ਤੌਰ 'ਤੇ ਜਥੇਬੰਦ ਹੋਣਾ ਪੈਂਦਾ ਹੈ। ਇਸੇ ਕਰ ਕੇ ਰੁਜ਼ਗਾਰ ਦੀ ਬਜਾਇ ਸਰਕਾਰੀ ਇਮਦਾਦ ਮੌਜੂਦਾ ਦੌਰ ਦੀ ਰਾਜਨੀਤੀ ਦੀ ਮੁੱਖ ਸੰਚਾਲਕ ਬਣ ਗਈ ਹੈ।

# ਪੁਰਖਿਆਂ ਦੀਆਂ ਪੈੜਾਂ ਤਲਾਸ਼ਦਿਆਂ

*(ਪਿਛਲੇ ਸਫੇ ਦੀ ਬਾਕੀ)*

ਉਨ੍ਹਾਂ ਦੀ ਰਵਾਇਤੀ ਢੰਗ ਨਾਲ ਤਰਾਸ਼ੀ ਚਿੱਟੀ ਦਾੜ੍ਹੀ ਹੈ ਪਰ ਬੁੱਲ੍ਹੀਆਂ ਦਾ ਉਤਲਾ ਹਿੱਸਾ ਪੂਰਾ ਮੁੰਨਿਆ ਹੋਇਆ।" ਤੁਸੀਂ ਆਏ ਹੋ ਇੰਡੀਆ ਤੋਂ?" ਉਹ ਪੁੱਛਦੇ ਹਨ ਪਰ ਮੇਰਾ ਜਵਾਬ ਉਡੀਕੇ ਬਿਨਾ ਮੈਨੂੰ ਧਾਹ ਗਲਵੱਕੜੀ ਪਾ ਲੈਂਦੇ ਹਨ, ਤੇ ਫੇਰ ਇਕ ਨਹੀਂ, ਤਿੰਨ-ਤਿੰਨ ਵਾਰ ਗਲ਼ੇ ਲਾਂਦੇ ਹਨ। ਜਿਵੇਂ ਚਿਰ ਵਿਛੁੰਨੇ ਭਰਾ ਮਿਲ ਰਹੇ ਹੋਣ। ਹਮੇਸ਼ਾ ਤੋਂ ਮੇਰਾ ਸੁਭਾਅ ਅਜਨਬੀਆਂ ਨਾਲ ਮਿਲਣ ਸਮੇਂ ਕੁਝ ਸੰਕੋਚੀ ਜਿਹਾ ਰਿਹਾ ਹੈ ਤੇ ਰਾਏ ਸਾਹਬ ਦੀ ਇਹ ਅਣਕਿਆਸੀ ਨਿੱਘੀ ਅਪਣੱਤ ਮੈਨੂੰ ਰਤਾ ਚੌਂਕਾ ਜਾਂਦੀ ਹੈ।

"ਜਲੰਧਰ ਤੋਂ ਆਏ ਓ ਤੁਸੀਂ? ਕਿੱਥੇ ਰਹਿੰਦੇ ਓ ਓਥੇ? ਜਲੰਧਰ ਦਾ ਹੀ ਜਨਮ ਹੈ ਤੁਹਾਡਾ?" ਰਾਏ ਸਾਹਬ ਤਾਬੜ-ਤੋੜ ਸਵਾਲਾਂ ਦੀ ਝੜੀ ਲਾ ਦੇਂਦੇ ਹਨ, ਮੇਰਾ ਹੱਥ ਨਹੀਂ ਛੱਡਦੇ, ਤੇ ਮੈਂ ਸੋਚਣ ਲੱਗ ਪੈਂਦਾ ਹਾਂ ਉਨ੍ਹਾਂ ਦੇ ਪੁਰਖੇ ਸ਼ਾਇਦ ਜਲੰਧਰ ਜਾਂ ਓਥੋਂ ਦੇ ਕਿਸੇ ਪਿੰਡ ਤੋਂ ਉੱਜੜ ਕੇ ਆਏ ਹੋਣਗੇ। ਪਾਕਿਸਤਾਨ ਫੇਰੀਆਂ ਦੌਰਾਨ ਮੈਂ ਕਈ ਵੇਰ ਉਨ੍ਹਾਂ ਲੋਕਾਂ ਨੂੰ ਮਿਲਿਆ ਹਾਂ ਜੋ ਸਿਰਫ਼ ਇਹ ਸੁਣ ਕੇ ਮੈਨੂੰ ਘਰ ਆਣ ਦੀ ਦਾਅਵਤ ਦੇ ਦੇਂਦੇ ਹਨ, ਕਿਉਂਕਿ ਮੈਂ ਉਸ ਸ਼ਹਿਰ ਤੋਂ ਹਾਂ ਜਿੱਥੋਂ ਕਦੇ ਉਨ੍ਹਾਂ ਦੇ ਵਡਿਕੇ ਹਿਜਰਤ ਕਰਨ 'ਤੇ ਮਜਬੂਰ ਹੋਏ ਸਨ। ਸ਼ਾਇਦ ਏਸੇ ਲਈ ਉਨ੍ਹਾਂ ਨੂੰ ਮੈਨੂੰ ਮਿਲਾਣ ਲਈ ਉਚੇਚਾ ਸੱਦ ਲਿਆ ਗਿਆ ਹੈ, ਤੇ ਉਹ ਝੱਟਪੱਟ, ਖੜ੍ਹੇ ਪੈਰੀਂ ਆ ਗਏ ਹਨ। ਆਖ਼ਰ ਜਾਮਕੇ ਚੀਮਾ ਕੋਈ ਲਾਹੌਰ ਤਾਂ ਹੈ ਨਹੀਂ; ਏਥੇ ਜਲੰਧਰ ਤੋਂ ਤਾਂ ਛੱਡੋ, ਕਿਸੇ ਵੀ ਹੋਰ ਭਾਰਤੀ ਸ਼ਹਿਰ ਦਾ ਕੋਈ ਬਾਸ਼ਿੰਦਾ ਸ਼ਾਇਦ ਹੀ ਕਦੇ ਪਹੁੰਚਦਾ ਹੋਵੇ।

ਪਰ ਨਹੀਂ, ਰਾਏ ਅਬਦੁਲ ਹਮੀਦ ਚੋਪੜਾ ਸਾਹਬ ਬਾਕੀ ਦੋ ਸੱਜਣਾਂ ਵਾਂਗ ਹੀ ਪੈਦਾਇਸ਼ੀ ਜਾਮਕੀਏ ਹਨ, ਪੁਸ਼ਤ ਦਰ ਪੁਸ਼ਤ ਉਨ੍ਹਾਂ ਦੇ ਪੁਰਖੇ ਏਸੇ ਧਰਤ 'ਤੇ ਜਨਮ ਲੈਂਦੇ ਆਏ ਹਨ। ਉਹ ਏਥੇ ਬੈਠਿਆਂ ਸਾਰੇ ਜਾਮਕੀਆਂ ਵਿਚੋਂ ਸਭ ਤੋਂ ਵੱਡੇ ਹਨ। ਮੇਰੀ ਲਿਆਂਦੀ ਤਸਵੀਰ ਉਨ੍ਹਾਂ ਨੂੰ ਦਿਖਾਈ ਜਾਂਦੀ ਹੈ, ਮੈਂ ਆਪਣੇ ਪੜਨਾਨੇ ਦਾ ਨਾਂ ਉਨ੍ਹਾਂ ਨੂੰ ਦੱਸਦਾ ਹਾਂ। ਸੁਲਤਾਨ ਸਿੰਘ ਆਹਲੂਵਾਲੀਆ ਦਾ ਨਾਂ ਉਨ੍ਹਾਂ ਲਈ ਓਪਰਾ ਹੈ, ਉਨ੍ਹਾਂ ਦਾ ਆਪਣਾ ਜਨਮ ਵੰਡ ਤੋਂ ਕੁਝ ਸਾਲ ਬਾਅਦ ਦਾ ਹੈ ਪਰ ਘਰ ਨੂੰ ਉਹ ਪਛਾਣ ਲੈਂਦੇ ਹਨ। ਕੋਲ਼ ਬੈਠਿਆਂ ਨੂੰ ਦੱਸਦੇ ਹਨ ਕਿ ਇਹ ਉਹ ਘਰ ਹੈ ਜਿਹੜਾ ਫਲਾਣੇ ਦਾ ਹੁੰਦਾ ਸੀ ਤੇ ਫੇਰ ਜਦੋਂ ਵਿਕਿਆ, ਇਸ ਨੂੰ ਢਾਹ ਕੇ ਫਲਾਣੇ ਫਲਾਣੇ ਨੇ ਓਥੇ ਆਪੋ-ਆਪਣੇ ਘਰ ਬਣਾ ਲਏ; ਤੇ ਮੇਰੇ ਬਿਨਾ ਦੱਸਿਆਂ ਹੀ ਕਹਿੰਦੇ ਹਨ, "ਏਸ ਘਰ ਦੇ ਵਿਹੜੇ ਵਿਚ ਖੂਹ ਹੁੰਦਾ ਸੀ, ਤੇ ਵੱਡਾ ਸਾਰਾ ਜਾਮਨੂੰਆਂ ਦਾ ਰੁਖ ਵੀ ਪਰ ਹੁਣ ਓਥੇ ਨਿੱਕੇ-ਨਿੱਕੇ ਕਈ ਘਰ ਹਨ।" ਪਤਾ ਨਹੀਂ ਕਿਉਂ, ਇਹ ਗੱਲ ਸੁਣ ਕੇ ਮੇਰੇ ਅੰਦਰ ਦੋ ਵਿਪਰੀਤ ਖਿਆਲ ਉਭਰਦੇ ਹਨ; ਕਿ ਉਹ ਘਰ ਮੈਂ ਦੇਖ ਲਿਆ ਹੈ, ਤੇ ਉਸ ਦੀ ਥਾਂ ਬਣੇ ਨਿੱਕੇ-ਨਿੱਕੇ ਘਰ ਮੈਂ ਦੇਖਣਾ ਨਹੀਂ ਚਾਹਵਾਂਗਾ। ਸ਼ਾਇਦ ਮੈਂ ਆਪਣੇ ਤਸੱਵਰ ਵਿਚ ਹਮੇਸ਼ਾ ਲਈ ਉਸ ਮੋਕਲ਼ੇ ਵਿਹੜੇ ਵਾਲੇ ਘਰ ਦੀ ਤਸਵੀਰ ਸਾਂਭ ਕੇ ਰੱਖਣਾ ਚਾਹੁੰਦਾ ਹਾਂ, ਹੁਣ ਟੋਟਿਆਂ ਵਿਚ ਵੰਡੀ ਜਾ ਚੁੱਕੀ ਉਸ ਭੋਇੰ ਨੂੰ ਦੇਖ ਕੇ ਮੈਂ ਕੀ ਲੈਣਾ!

ਤੇ ਫੇਰ ਆਪਣੇ ਹੱਥਾਂ ਵਿਚ ਮੇਰੇ ਹੱਥ ਨੂੰ ਲਈ ਰਾਏ ਅਬਦੁਲ ਹਮੀਦ ਚੋਪੜਾ ਆਪਣੀ ਕਹਾਣੀ ਸੁਣਾਉਂਦੇ ਹਨ; ਜਲੰਧਰ ਨਾਲ ਆਪਣੇ ਰਿਸ਼ਤੇ ਨੂੰ ਸਮਝਾਉਣ ਲਈ। ਉਨ੍ਹਾਂ ਦਾ ਪਰਿਵਾਰ ਹਿੰਦੂ ਚੋਪੜਿਆਂ ਦਾ ਪਰਿਵਾਰ ਸੀ, ਪਿੰਡ ਵਿਚ ਚੋਖੀ ਜ਼ਮੀਨ ਦਾ ਮਾਲਕ। ਜਦੋਂ ਮੁਲਕ ਤਕਸੀਮ ਹੋਇਆ, ਪਰਿਵਾਰ ਵੀ ਤਕਸੀਮ ਹੋ ਗਿਆ। ਸਾਰਾ ਪਰਿਵਾਰ ਓਧਰ ਚਲਾ ਗਿਆ ਪਰ ਰਾਏ ਸਾਹਬ ਦੇ ਵਾਲਿਦ ਏਧਰ ਹੀ ਰਹਿ ਗਏ ਤਾਂ ਜੋ ਘਰ ਦਾ ਇਕ ਪੁੱਤਰ ਜੱਦੀ ਭੋਂ ਦੀ ਮਾਲਕੀ ਤੇ ਪਹਿਰਾ ਦੇਂਦਾ ਰਵ੍ਹੇ ਪਰ ਜਦੋਂ ਵੰਡ ਦੀ ਹਨੇਰੀ ਠੱਲ੍ਹਣ ਦੀ ਥਾਂ ਅੱਗ ਦੇ ਭਾਂਬੜਾਂ ਵਿਚ ਤਬਦੀਲ ਹੋਣ ਲੱਗੀ, ਰਾਏ ਸਾਹਬ ਦੇ ਪਿਤਾ ਕੋਲ਼ ਹੋਰ ਕੋਈ ਚਾਰਾ ਨਾ ਰਿਹਾ, ਹਿੰਦੂ ਚੋਪੜਿਆਂ ਦਾ ਫ਼ਰਜ਼ੰਦ ਹੁਣ ਰਾਏ ਅਬਦੁਲ ਲਤੀਫ਼ ਹੋ ਗਿਆ ਪਰ ਆਪਣੇ ਨਾਂ ਨਾਲ ਚੋਪੜਾ ਲਾਣਾ ਨਾ ਛੱਡਿਆ। ਤੇ ਹਸਨਾਂ ਤੇ ਹੁਸੈਨਾਂ ਵਾਲੇ ਇਸ ਕਸਬੇ ਵਿਚ ਅੱਜ ਵੀ ਇਕ ਚੋਪੜਾ ਰਹਿੰਦਾ ਹੈ: ਰਾਏ ਅਬਦੁਲ ਹਮੀਦ ਚੋਪੜਾ ਜਿਹੜਾ ਮੇਰੇ ਹੱਥਾਂ ਵਿਚੋਂ ਕੋਈ ਨਿੱਘ ਭਾਲ਼ਦਾ ਮੈਨੂੰ ਦੱਸ ਰਿਹਾ ਹੈ: "ਮੇਰੇ ਤਾਇਆ ਅੱਬੂ ਜਲੰਧਰ ਜਾ ਵੱਸੇ ਸਨ, ਡਾਕਟਰ ਹਰਬੰਸ ਲਾਲ ਚੋਪੜਾ। ਫਗਵਾੜਾ ਗੇਟ, ਪੱਕੇ ਬਾਗ਼ ਵਿਚ ਰਹਿੰਦੇ ਸਨ। ਜਲੰਧਰ ਦੇ ਮਸ਼ਹੂਰ ਡਾਕਟਰ ਸਨ। ਤੁਸੀਂ ਉਨ੍ਹਾਂ ਦਾ ਨਾਂ ਸੁਣਿਆ ਹੋਵੇਗਾ।" ਇਹ ਨਾਂ ਮੈਂ ਸੱਚਮੁੱਚ ਸੁਣਿਆ ਹੋਇਆ ਹੈ, ਉਨ੍ਹਾਂ ਵੇਲ਼ਿਆਂ ਤੋਂ ਜਦੋਂ ਜਲੰਧਰ ਅਜੇ ਛੋਟਾ ਜਿਹਾ ਸ਼ਹਿਰ ਹੁੰਦਾ ਸੀ। ਮੈਂ ਇਹ ਗੱਲ ਰਾਏ ਸਾਹਬ ਨੂੰ ਦੱਸਦਾ ਹਾਂ, ਉਹ ਮੇਰਾ ਹੱਥ ਹੋਰ ਘੁੱਟ ਕੇ ਫੜ ਲੈਂਦੇ ਹਨ।

"ਤੁਸੀਂ ਹਿੰਦੁਸਤਾਨ ਗਏ ਹੋ ਕਦੇ?" ਮੈਂ ਪੁੱਛਦਾ ਹਾਂ।

"1981 ਤਕ ਜਾਂਦੇ ਰਹੇ, ਫੇਰ ਹੌਲ਼ੀ-ਹੌਲ਼ੀ ਸਾਰੇ ਬਜ਼ੁਰਗ ਟੁਰ ਗਏ, ਤੇ ਨਾਲੇ ਮੇਰੇ ਭਾਈ ਬੰਦ ਸਾਰੇ ਓਥੇ ਸਰਕਾਰੀ ਨੌਕਰੀਆਂ 'ਤੇ ਹਨ...", ਰਾਏ ਸਾਹਬ ਆਪਣਾ ਫਿਕਰਾ ਪੂਰਾ ਨਹੀਂ ਕਰਦੇ ਪਰ ਮੈਂ ਸਮਝ ਜਾਂਦਾ ਹਾਂ। ਇਕ ਦੂਜੇ ਨੂੰ ਵੈਰੀ ਸਮਝਣ ਵਾਲੀਆਂ ਸਰਕਾਰਾਂ ਦੇ ਸ਼ਹਿਰੀਆਂ 'ਤੇ ਵੀ ਅਜੀਬੋ-ਗ਼ਰੀਬ ਪਾਬੰਦੀਆਂ ਹਨ, ਬੇਲੋੜੇ ਸ਼ੱਕਾਂ ਦੇ ਘੇਰਿਆਂ ਵਿਚ ਫਾਥੇ ਹੋਏ ਲੋਕ ਹਨ। ਸਹਿਕ ਤੇ ਸਿੱਕ ਉੱਤੇ ਵੇਲ਼ੇ ਦੀ ਸਿਆਸਤ ਦੇ ਪਹਿਰੇ ਹਨ। ਹੁਣ ਮੈਂ ਆਪਮੁਹਾਰੇ ਉਨ੍ਹਾਂ ਦਾ ਹੱਥ ਸਹਿਲਾਉਣ ਲੱਗ ਪਿਆ ਹਾਂ।

ਰਾਏ ਸਾਹਬ ਆਪਣੇ ਘਰ ਲਿਜਾਣਾ ਚਾਹੁੰਦੇ ਹਨ ਪਰ ਸਮਾਂ ਬਹੁਤ ਹੋ ਗਿਆ ਹੈ ਤੇ ਅਸੀਂ ਅਗਲੇ ਮੁਕਾਮ 'ਤੇ ਪਹੁੰਚਣਾ ਹੈ। ਇਸ ਲਈ ਅਸੀਂ ਮਾਫੀ ਮੰਗਦਿਆਂ ਉਨ੍ਹਾਂ ਕੋਲ਼ੋਂ ਜਾਣ ਦੀ ਇਜਾਜ਼ਤ ਲੈਂਦੇ ਹਾਂ। ਸਕੂਲ ਵਿਚ ਮਿਲੇ ਦੋਵੇਂ ਮੁਹੰਮਦ ਤੇ ਰਾਏ ਸਾਹਬ ਸਾਨੂੰ ਸਾਡੀ ਕਾਰ ਤਕ ਛੱਡਣ ਆਂਦੇ ਹਨ। ਤੁਰਨ ਤੋਂ ਪਹਿਲਾਂ ਮੈਨੂੰ ਵਿਦਾਇਗੀ ਕਲਾਵਿਆਂ ਵਿਚ ਲਿਆ ਜਾਂਦਾ ਹੈ ਜਿਹੜੇ ਮੁੜ ਕਦੇ ਮੇਲੇ ਹੋਣ ਦੀ ਆਸ ਤੋਂ ਸੱਖਣੇ ਹਨ। ਅਸੀਂ ਕਾਰ ਵਿਚ ਬਹਿ ਜਾਂਦੇ ਹਾਂ, ਬੰਦ ਸ਼ੀਸ਼ਿਆਂ ਪਾਰੋਂ ਰੁਖ਼ਸਤੀ ਦੇ ਹੱਥ ਹਿਲਾਉਂਦੇ ਹਾਂ ਕਿ ਕਾਰ ਦੇ ਅਗਲੇ ਬੂਹੇ ਦੀ ਤਾਕੀ ਖੋਲ੍ਹ ਕੇ ਰਾਏ ਸਾਹਬ ਅੰਦਰ ਆ ਜਾਂਦੇ ਹਨ, "ਬਸ ਇਕ ਆਖਰੀ ਕੰਮ ਰਹਿ ਗਿਆ, ਇਹ ਵੀ ਬੜਾ ਜ਼ਰੂਰੀ ਏ।" ਉਹ ਆਪਣਾ ਬਟੂਆ ਖੋਲ੍ਹ ਕੇ 500 ਦਾ ਨੋਟ ਡਰਾਈਵਰ ਰਾਜੀਲ ਦੇ ਹੱਥ, ਤੇ 1000 ਦਾ ਨੋਟ ਮੇਰੇ ਨਾਲ ਬੈਠੇ ਅਲੀ ਵੱਲ ਵਧਾਂਦੇ ਹਨ। ਰਾਜੀਲ ਮੇਰੇ ਵੱਲ ਦੇਖਦਾ ਹੈ, "ਸਰ...?" ਤੇ ਅਲੀ ਜਿਵੇਂ ਸਕਤੇ ਵਿਚ ਹੋਵੇ ਕਿ ਇਹ ਕਿਸ ਗੱਲ ਦੇ!

"ਨਾਂਹ ਨਹੀਂ ਕਰਨੀ ਤੁਸੀਂ", ਰਾਏ ਸਾਹਬ ਦੋਹਾਂ ਵੱਲ ਮੁਖਾਤਬ ਹਨ, "ਤੁਸੀਂ ਮੇਰੇ ਭਰਾ ਨੂੰ ਮੇਰੇ ਨਾਲ ਮਿਲਾਉਣ ਦਾ ਮੂਜਬ ਬਣੇ ਹੋ। ਇਹ ਸ਼ੁਕਰਾਨਾ ਜੇ ਮੇਰਾ, ਨਾਂਹ ਨਹੀਂ ਕਰ ਸਕਦੇ ਤੁਸੀਂ।"

ਦੋਵੇਂ ਜਣੇ ਮੇਰੇ ਵੱਲ ਤੱਕੀ ਜਾ ਰਹੇ ਪਰ ਨੋਟ ਨਹੀਂ ਫੜ ਰਹੇ।

"ਲੈ ਲਓ, ਮੋੜੋ ਨਾ...", ਮੇਰੇ ਮੂੰਹੋਂ ਸਿਰਫ਼ ਏਨਾ ਹੀ ਨਿਕਲਦਾ ਹੈ।

# ਭ੍ਰਿਸ਼ਟਾਚਾਰ ਅਤੇ ਚਿੱਟੇ ਤੋਂ ਮੁਕਤ ਹੁੰਦਾ ਦਿਸਦਾ ਕਿਉਂ ਨਹੀਂ ਹੈ ਪੰਜਾਬ !

## *ਮਰਾਸੀਆਂ ਦੇ ਰੰਗਮੰਚ ਵਿਚ ਫਸੇ ਭੋਲ਼ੇ ਪੰਛੀ 'ਡੀ.ਐੱਸ.ਪੀ.' ਸੇਖੋਂ ਦੀ ਫੜਫੜਾਹਟ ਦੇ ਅਰਥਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਿਆਂ*

ਪੰਜਾਬ ਵਿਚ ਦੇਸ਼ ਦੇ ਬਾਕੀ ਰਾਜਾਂ ਵਾਂਗ ਹੀ ਲੰਮੇ ਸਮੇਂ ਤੋਂ ਨਸ਼ਿਆਂ ਦਾ ਨਾਜਾਇਜ਼ ਧੰਦਾ ਚੱਲ ਰਿਹਾ ਹੈ। ਸਰਹੱਦੀ ਸੂਬਾ ਹੋਣ ਕਰਕੇ ਪੰਜਾਬ ਵਿਚ ਦੇਸੀ ਅਤੇ ਵਿਦੇਸ਼ੀ ਵੱਡੇ ਗਰੋਹਾਂ ਜ਼ਰੀਏ ਨਸ਼ੀਲੇ ਪਦਾਰਥਾਂ ਦੀ ਲਗਾਤਾਰ ਸਪਲਾਈ ਹੋ ਰਹੀ ਹੈ। ਵੱਖ-ਵੱਖ ਰੰਗਾਂ ਦੀਆਂ ਸਰਕਾਰਾਂ ਆਉਂਦੀਆਂ- ਜਾਂਦੀਆਂ ਰਹੀਆਂ ਹਨ ਪਰ ਕੋਈ ਵੀ ਸਰਕਾਰ ਰਵਾਇਤੀ ਅਤੇ ਰਸਾਇਣਕ ਨਸ਼ਿਆਂ ਦੀ ਸਪਲਾਈ ਨਹੀਂ ਰੋਕ ਸਕੀ। ਅਸਲ ਵਿਚ ਪੁਲਿਸ, ਨੀਮ ਫੌਜੀ ਬਲਾਂ ਅਤੇ ਸਿਆਸਤਦਾਨਾਂ ਦਾ ਪੱਕਾ ਗੱਠਜੋੜ ਬਣ ਚੁੱਕਿਆ ਹੈ, ਜਿਸ ਕਰਕੇ ਨਸ਼ਿਆਂ 'ਤੇ ਕਾਬੂ ਪਾਏ ਜਾਣ ਦੀ ਉਮੀਦ ਘੱਟ ਹੀ ਨਜ਼ਰ ਆਉਂਦੀ ਹੈ। ਇਕ ਰਿਪੋਰਟ ਮੁਤਾਬਕ ਪੰਜਾਬ ਅੰਦਰ ਹੀ ਨਸ਼ਿਆਂ



**ਕਰਮ ਬਰਸਟ**
ਫੋਨ: +91-94170-73831

ਦਾ ਵਪਾਰ ਦਸ ਹਜ਼ਾਰ ਕਰੋੜ ਰੁਪਏ ਸਾਲਾਨਾ ਤੱਕ ਪਹੁੰਚ ਚੁੱਕਿਆ ਹੈ ਅਤੇ ਇਸਦਾ ਵੱਡਾ ਹਿੱਸਾ, ਚੰਦੇ ਦੇ ਰੂਪ ਵਿਚ ਸਿਆਸੀ ਪਾਰਟੀਆਂ ਨੂੰ ਮਿਲਣ ਕਰਕੇ ਕੋਈ ਵੀ ਇਸ ਧੰਦੇ ਨੂੰ ਬੰਦ ਕਰਨ ਦੇ ਪੱਖ ਵਿਚ ਨਹੀਂ ਹੈ। ਪੰਜਾਬ ਅੰਦਰ ਨਸ਼ਿਆਂ ਦੇ ਇਤਿਹਾਸ ਬਾਰੇ ਵਿਸ਼ੇਸ਼ ਕਰਕੇ ਪ੍ਰਤਾਪ ਸਿੰਘ ਕੈਰੋਂ ਦੇ ਮੁੱਖ ਮੰਤਰੀ ਬਣਨ ਦੇ ਸਮੇਂ ਤੋਂ ਸਾਰੇ ਲੋਕ ਜਾਣਦੇ ਹਨ। ਅਫੀਮ ਦੀ ਲੁਕਵੀਂ ਪੈਦਾਵਾਰ ਅਤੇ ਨਾਜਾਇਜ਼ ਤਜ਼ਾਰਤ ਬਾਰੇ ਵੀ ਲੋਕਾਂ ਕੋਲੋਂ ਕੁਝ ਛੁਪਿਆ ਹੋਇਆ ਨਹੀਂ ਹੈ।

ਪੰਜਾਬ ਅੰਦਰ ਸਿਆਸੀ ਭ੍ਰਿਸ਼ਟਾਚਾਰ ਅਤੇ ਲੀਡਰਾਂ ਦੀ ਆਪੋ-ਧਾਪੀ ਇਸ ਕਦਰ ਫੈਲ ਚੁੱਕੀ ਹੈ ਕਿ ਨੌਜਵਾਨ ਪੀੜ੍ਹੀ ਵੱਲ ਕਿਸੇ ਦਾ ਧਿਆਨ ਹੀ ਨਹੀਂ ਰਿਹਾ। ਜਵਾਨੀ ਹਨ੍ਹੇਰੀ ਗਲੀ ਵਿਚ ਭਟਕ ਰਹੀ ਹੈ। ਜਿਸ ਕਿਸੇ ਵੀ ਪਰਿਵਾਰ ਦਾ ਮਾੜਾ ਮੋਟਾ ਜੁਗਾੜ ਬਣਦਾ ਹੈ, ਉਹ ਆਪਣੇ ਮੁੰਡੇ-ਕੁੜੀਆਂ ਨੂੰ ਵਿਦੇਸ਼ਾਂ ਵਿਚ ਭੇਜਣ ਲਈ ਮਜਬੂਰ ਜਾਪਦਾ ਹੈ। ਮਾਪਿਆਂ ਦੀ ਚਿੰਤਾ ਦਾ ਇੱਕ ਕਾਰਨ ਨੌਜਵਾਨ ਵਰਗ ਦਾ ਨਸ਼ਿਆਂ ਦੀ ਦਲਦਲ ਵਿਚ ਫਸਣਾ ਵੀ ਹੈ।

ਸ਼ਾਇਦ ਨਸ਼ਿਆਂ ਬਾਰੇ ਬਹੁਤਾ ਰੌਲਾ ਨਾ ਪੈਂਦਾ ਜੇਕਰ ਬਾਦਲਾਂ ਦੀ ਅਕਾਲੀ ਸਰਕਾਰ ਵੇਲੇ ਅਰਜਨਾ ਐਵਾਰਡੀ ਪਹਿਲਵਾਨ ਅਤੇ ਪੰਜਾਬ ਪੁਲਿਸ ਦੇ ਤਤਕਾਲੀ ਡੀਐੱਸਪੀ ਜਗਦੀਸ਼ ਸਿੰਘ ਭੋਲ਼ਾ ਦੀ 2013 ਵਿਚ ਗ੍ਰਿਫ਼ਤਾਰੀ ਨਾ ਹੋਈ ਹੁੰਦੀ। ਨਸ਼ਿਆਂ ਦੇ ਕਾਰੋਬਾਰ ਵਿਚ ਅਨੇਕਾਂ ਲੋਕ ਸ਼ਾਮਲ ਰਹੇ ਹਨ ਪਰ ਇਸ ਵਿਚ ਪੁਲੀਸ ਦੇ ਇਕ ਦਰਮਿਆਨੇ ਅਫ਼ਸਰ ਦੀ ਸ਼ਮੂਲੀਅਤ ਨੇ ਸਨਸਨੀ ਫੈਲਾ ਦਿੱਤੀ ਸੀ। ਲੋਕ ਤਰਾਹ-ਤਰਾਹ ਕਰ ਰਹੇ ਸਨ ਅਤੇ "ਪੰਥਕ" ਸਰਕਾਰ ਨੂੰ ਕੋਸਣ ਲੱਗੇ ਸਨ।

ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਉੱਪਰ ਭਾਵੇਂ ਜਿਹੋ ਜਿਹੇ ਵੀ ਦੋਸ਼ ਲੱਗਦੇ ਰਹੇ ਹੋਣ ਪਰ ਉਹ ਇਸ ਮਸਲੇ ਤੋਂ ਅਵੇਸਲੇ ਨਹੀਂ ਆਖੇ ਜਾ ਸਕਦੇ। ਉਨ੍ਹਾਂ ਦੇ ਇਸੇ ਕਾਰਜਕਾਲ ਦੌਰਾਨ ਜੇਲ੍ਹਾਂ ਦੇ ਪੁਲਿਸ ਮੁਖੀ ਸ਼ਸ਼ੀ ਕਾਂਤ ਨੇ 2013 ਵਿਚ ਆਪਣੇ ਤੌਰ 'ਤੇ ਨਸ਼ਿਆਂ ਬਾਰੇ ਇੱਕ ਰਿਪੋਰਟ ਪੇਸ਼ ਕੀਤੀ ਸੀ। ਹਾਈ ਕੋਰਟ ਨੇ ਇਸ ਰਿਪੋਰਟ ਦਾ ਨੋਟਿਸ ਲੈਂਦਿਆਂ ਪੁੱਛਿਆ ਸੀ ਕਿ ਨਸ਼ਿਆਂ ਦੇ ਤਸਕਰਾਂ ਵਿਰੁੱਧ ਕੋਈ ਪੁਲਿਸ ਕਾਰਵਾਈ ਕਿਉਂ ਨਹੀਂ ਕੀਤੀ ਗਈ? ਅਦਾਲਤ ਨੇ ਸਿਆਸਤਦਾਨਾਂ ਦੀ ਭੂਮਿਕਾ ਅਤੇ ਬਾਕੀ ਨੁਕਤਿਆਂ 'ਤੇ ਜਵਾਬ ਦੇਣ ਲਈ ਵੀ ਕਿਹਾ ਸੀ ਪਰ ਮਸਲਾ ਦੱਬਿਆ ਹੀ ਰਿਹਾ।

ਪੰਜਾਬ ਦੀ ਜਨਤਾ ਅਤਿਵਾਦ ਦੇ ਲੰਮੇ ਦੌਰ ਦਾ ਸੰਤਾਪ ਭੋਗ ਚੁੱਕੀ ਸੀ। ਇਸ ਦੌਰ ਦੇ ਖਤਮ ਹੋਣ ਉਪਰੰਤ 1997 ਵਿਚ ਸ. ਪ੍ਰਕਾਸ਼ ਸਿੰਘ ਦੀ ਅਗਵਾਈ ਵਾਲੀ ਅਕਾਲੀ-ਭਾਜਪਾ ਸਰਕਾਰ ਬਣਨ ਨਾਲ ਉਮੀਦ ਬੱਝੀ ਸੀ ਕਿ ਹੁਣ ਪੰਜਾਬ ਅੰਦਰ ਸੁਨਹਿਰੀ ਯੁੱਗ ਦੀ ਸ਼ੁਰੂਆਤ ਹੋਵੇਗੀ। ਉਮੀਦ ਕੀਤੀ ਗਈ ਸੀ ਕਿ ਇਹ ਸਰਕਾਰ ਆਪਣੀਆਂ 1970 ਅਤੇ 1977-80 ਵਾਲੀਆਂ ਪੁਰਾਣੀਆਂ ਗਲਤੀਆਂ ਤੋਂ ਸਬਕ ਸਿੱਖਦੀ ਹੋਈ ਆਪਣੇ ਚੋਣ ਦਾਅਵਿਆਂ ਉੱਪਰ ਖਰੀ ਉਤਰੇਗੀ ਪਰ ਇਹ ਕਿਹੋ ਜਿਹਾ ਇਤਫ਼ਾਕ ਹੈ ਕਿ ਸਭ ਕੁਝ ਉਲਟ-ਪੁਲਟ ਵਾਪਰ ਗਿਆ! ਪੰਜਾਬ ਵਿਚ 'ਚਿੱਟੇ' ਦਾ ਅਜਿਹਾ ਰੌਲਾ ਪੈਣਾ ਸ਼ੁਰੂ ਹੋਇਆ ਕਿ ਚਿੱਟਾ ਇਕ ਮਿਥਿਹਾਸਕ ਛਲੇਡਾ ਬਣ ਗਿਆ, ਜੋ ਅੱਜ ਤੱਕ ਕਿਸੇ ਦੇ ਕਾਬੂ ਨਹੀਂ ਆਇਆ। ਕੌਡੇ ਰਾਖਸ਼ ਵਾਂਗ ਇਸਨੇ ਰੋਜ਼ਾਨਾ ਇਕ ਜਾਂ ਦੋ ਨੌਜਵਾਨਾਂ ਦੀ ਬਲੀ ਲੈਣੀ ਸ਼ੁਰੂ ਕੀਤੀ ਹੋਈ ਹੈ। ਕਿਹਾ ਜਾ ਸਕਦਾ ਹੈ ਕਿ ਚਿੱਟੇ ਵਰਗੇ ਨਸ਼ਿਆਂ ਦੀ ਸ਼ੁਰੂਆਤ 1997 ਵਿਚ ਬਾਦਲ ਪਰਿਵਾਰ ਦੇ ਸੱਤਾ ਵਿਚ ਆਉਣ ਉਪਰੰਤ ਹੀ ਨੰਗੀ ਹੋਣੀ ਸ਼ੁਰੂ ਹੋਈ ਸੀ। ਪਰ 2002-07 ਵਾਲੀ ਕੈਪਟਨ ਸਰਕਾਰ ਵੀ ਨਸ਼ਿਆਂ ਉੱਪਰ ਕਾਬੂ ਨਾ ਪਾ ਸਕੀ। ਪ੍ਰਕਾਸ਼ ਸਿੰਘ ਬਾਦਲ ਦੀ ਅਗਲੀ ਦਸ-ਸਾਲੀ ਸਰਕਾਰ ਦੌਰਾਨ ਪੰਜਾਬ ਅੰਦਰ ਚਿੱਟੇ ਨੇ ਪੂਰੀ ਤਰ੍ਹਾਂ ਪੈਰ ਪਸਾਰ ਲਏ। ਲੋਕ ਆਪਣੇ ਜਵਾਨ ਬੱਚਿਆਂ ਦੀਆਂ ਹੁੰਦੀਆਂ ਮੌਤਾਂ ਕਰਕੇ 'ਹਾਏ ਤੌਬਾ' ਕਰਨ ਲਈ ਮਜਬੂਰ ਸਨ।

ਚੇਤੇ ਕੀਤਾ ਜਾਵੇ ਤਾਂ ਜਸਟਿਸ ਸੂਰਿਆ ਕਾਂਤ ਨੇ 2014 ਵਿਚ ਇਹ ਕੇਸ ਪੰਜਾਬ ਸਥਿਤ ਈਡੀ ਦੇ ਜਲੰਧਰ ਦਫ਼ਤਰ ਨੂੰ ਸੌਂਪ ਦਿੱਤਾ ਸੀ। ਉੱਥੇ ਤਾਇਨਾਤ ਈਡੀ ਦੇ ਤਤਕਾਲੀ ਸਹਾਇਕ ਡਾਇਰੈਕਟਰ ਨਿਰੰਜਨ ਸਿੰਘ ਨੂੰ ਬਹੁ-ਕਰੋੜੀ ਡਰੱਗ ਰੈਕੇਟ ਦਾ ਜਾਂਚ ਅਧਿਕਾਰੀ ਬਣਾਇਆ ਗਿਆ ਸੀ ਅਤੇ ਉਸਨੇ ਜਗਦੀਸ਼ ਭੋਲ਼ੇ ਤੋਂ ਅਤੇ ਕੁਝ ਮਹੀਨਿਆਂ ਬਾਅਦ ਬਿਕਰਮ ਮਜੀਠੀਆ ਤੋਂ ਵੀ ਪੁੱਛਗਿੱਛ ਕੀਤੀ ਸੀ। ਭੋਲੇ ਨੇ ਇਸ ਮਾਮਲੇ ਵਿਚ ਉਪਰੋਕਤ ਅਕਾਲੀ ਆਗੂ ਦਾ ਇਕ ਵਾਰ ਫੇਰ ਨਾਮ ਦੁਹਰਾਅ ਦਿੱਤਾ ਸੀ। ਇਸ ਕੇਸ ਦੇ ਦੋ ਹੋਰ ਮੁੱਖ ਮੁਲਜ਼ਮਾਂ ਮਨਿੰਦਰ ਸਿੰਘ ਉਰਫ਼ ਬਿੱਟੂ ਔਲਖ ਅਤੇ ਅੰਮ੍ਰਿਤਸਰ ਦੇ ਕਾਰੋਬਾਰੀ ਜਗਜੀਤ ਸਿੰਘ ਚਾਹਲ ਨੇ ਵੀ ਮਜੀਠੀਆ ਦਾ ਹੀ ਨਾਮ ਲਿਆ ਸੀ। ਜਸਟਿਸ ਸੂਰਿਆ ਕਾਂਤ ਨੇ ਨਿਰੰਜਣ ਸਿੰਘ ਨੂੰ ਨਿਰਪੱਖ ਜਾਂਚ ਕਰਨ ਲਈ ਹਰ ਤਰ੍ਹਾਂ ਦੀ ਮਦਦ ਕੀਤੀ। ਪਰ ਬਾਅਦ ਵਿਚ ਨਿਰੰਜਣ ਸਿੰਘ ਡਿਪਟੀ ਡਾਇਰੈਕਟਰ ਬਣ ਗਿਆ ਅਤੇ ਸਮੇਂ ਤੋਂ ਤਿੰਨ ਸਾਲ ਪਹਿਲਾਂ ਹੀ ਸੇਵਾ ਮੁਕਤੀ ਲੈ ਲਈ। ਖੁਦ ਜਸਟਿਸ ਸੂਰਿਆ ਕਾਂਤ ਨੂੰ ਪੰਜਾਬ ਤੋਂ ਬਦਲ ਕੇ ਦਿੱਲੀ ਭੇਜ ਦਿੱਤਾ ਗਿਆ। ਕਿੰਨੇ ਸਾਲ ਇਸ ਕੇਸ ਦੀ ਸੁਣਵਾਈ ਕਰਨ ਤੋਂ ਬਾਅਦ ਸੂਰਿਆ ਕਾਂਤ ਨੇ ਆਪਣੇ ਆਪ ਨੂੰ ਇਸ ਕੇਸ ਨਾਲੋਂ ਹੀ ਵੱਖ (ਰੈਕਿਲਿਊਜ਼) ਕਰ ਲਿਆ। ਇਸ ਸਾਰੇ ਘਟਨਾਕ੍ਰਮ ਤੋਂ ਸਮਝਿਆ ਜਾ ਸਕਦਾ ਹੈ ਕਿ ਇਸ ਦੇਸ਼ ਵਿਚ ਸਿਆਸੀ, ਨਿਆਂਇਕ ਅਤੇ ਪੁਲਿਸ ਗੱਠਜੋੜ ਕਿੰਨਾ ਸ਼ਕਤੀਸ਼ਾਲੀ ਬਣਿਆ ਹੋਇਆ ਹੈ!

ਈਡੀ ਦੀ ਜਾਂਚ ਤੋਂ ਇਲਾਵਾ ਜਸਟਿਸ ਸੂਰਿਆ ਕਾਂਤ ਨੇ ਪੁਲਿਸ ਮਹਿਕਮੇ ਦੀ ਇੱਕ ਐਸ.ਆਈ.ਟੀ. ਵੀ ਬਣਵਾ ਦਿੱਤੀ ਸੀ, ਜਿਸ ਵਿਚ ਪੁਲਿਸ ਦੇ ਇੰਸਪੈਕਟਰ ਜਨਰਲ ਰੈਂਕ ਦੇ ਤਿੰਨ ਅਫਸਰ ਸ਼ਾਮਲ ਸਨ, ਜਿਨ੍ਹਾਂ ਵਿਚ ਈਸ਼ਵਰ ਸਿੰਘ, ਜੀ ਨਾਗੇਸ਼ਵਰ ਰਾਓ ਅਤੇ ਵੀ. ਨੀਰਜਾ ਸ਼ਾਮਲ ਸਨ। ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਸੁਦੀਪ ਆਹਲੂਵਾਲੀਆ ਦੇ ਬੈਂਚ ਨੇ ਇਸ ਕੇਸ ਦੀ ਸੁਣਵਾਈ ਕਰਨੀ ਸੀ। ਮਈ 2015 ਵਿਚ ਮੁਲਜ਼ਮ ਮਨਿੰਦਰ ਔਲਖ ਦੀ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਹਾਈ ਕੋਰਟ ਨੇ ਐਸ.ਆਈ.ਟੀ. ਨੂੰ ਸੱਤੇ ਅਤੇ ਪਿੰਦੀ ਦੀ ਭੂਮਿਕਾ ਦੀ ਜਾਂਚ ਕਰਨ ਅਤੇ ਉਨ੍ਹਾਂ ਨੂੰ ਫੜਨ ਲਈ ਕੀਤੀਆਂ ਗਈਆਂ ਕੋਸ਼ਿਸ਼ਾਂ ਦਾ ਵੇਰਵਾ ਦੇਣ ਲਈ ਵੀ ਕਿਹਾ ਸੀ। ਅਦਾਲਤ ਨੇ ਜਾਂਚ ਟੀਮ ਵੱਲੋਂ ਬਿਕਰਮ ਮਜੀਠੀਆ ਦੇ ਇਨ੍ਹਾਂ ਕੌਮਾਂਤਰੀ ਤਸਕਰਾਂ ਨਾਲ ਸਬੰਧਾਂ ਬਾਰੇ ਅਣਦੇਖੀ ਕਰਨ ਸੰਬੰਧੀ ਵੀ ਝਾੜ ਝੰਬ ਕੀਤੀ ਸੀ।

ਇਕ ਹੋਰ ਦਿਲਚਸਪ ਗੱਲ ਦੱਸਣੀ ਜ਼ਰੂਰੀ ਹੈ ਕਿ 2015 ਤੱਕ ਅਕਾਲੀ ਸਰਕਾਰ ਬੁਰੀ ਤਰ੍ਹਾਂ ਬਦਨਾਮ ਹੋ ਚੁੱਕੀ ਸੀ ਅਤੇ ਆਗਾਮੀ ਚੋਣਾਂ ਜਿੱਤਣ ਲਈ ਕੈਪਟਨ ਅਮਰਿੰਦਰ ਨੂੰ ਦੁਬਾਰਾ ਕਾਂਗਰਸ ਪਾਰਟੀ ਦਾ ਸੂਬਾ ਪ੍ਰਧਾਨ ਬਣਾ ਦਿੱਤਾ ਗਿਆ ਸੀ। ਉਸ ਨੇ ਤਲਵੰਡੀ ਸਾਬੋ ਵਿਖੇ ਆਪਣੀ ਤਾਜਪੋਸ਼ੀ ਦੌਰਾਨ ਲੱਖਾਂ ਦੇ ਇਕੱਠ ਦਾ ਜੋਸ਼ ਵੇਖ ਕੇ 16 ਦਸੰਬਰ 2015





*ਜਗਦੀਸ਼ ਭੋਲਾ* — *ਬਿਕਰਮ ਸਿੰਘ ਮਜਠਿੀਆ*

ਨੂੰ ਗੁਟਕਾ ਸਾਹਿਬ ਦੀ ਸਹੁੰ ਚੁੱਕ ਕੇ ਐਲਾਨ ਕਰ ਮਾਰਿਆ ਕਿ ਜੇ ਉਹ 2017 ਅੰਦਰ ਸੱਤਾ ਵਿਚ ਆਇਆ ਤਾਂ ਭ੍ਰਿਸ਼ਟਾਚਾਰ, ਬਰਗਾੜੀ ਬੇਅਦਬੀ ਕਾਂਡ ਅਤੇ ਨਸ਼ਿਆਂ ਵਿਚ ਲਿਪਤ ਵਿਅਕਤੀਆਂ ਨੂੰ ਇਕ ਮਹੀਨੇ ਦੇ ਅੰਦਰ ਅੰਦਰ ਸਖ਼ਤ ਸਜ਼ਾਵਾਂ ਦੇਵੇਗਾ। ਬਾਦਲਾਂ ਦਾ ਇਲਾਕਾ ਹੋਣ ਕਰਕੇ ਬਠਿੰਡਾ ਜ਼ਿਲ੍ਹਾ ਸਿਆਸੀ ਸਰਗਰਮੀਆਂ ਨਾਲ ਭਰਿਆ ਹੋਇਆ ਸੀ। ਮੁੱਖ ਵਿਰੋਧੀ ਪਾਰਟੀ ਕਾਂਗਰਸ, ਆਪਣੀ ਮੁਹਿੰਮ ਦੀ ਸ਼ੁਰੂਆਤ ਪਵਿੱਤਰ ਨਗਰੀ ਤਲਵੰਡੀ ਸਾਬੋ ਵਿਖੇ ਵਿਸ਼ਾਲ ਰੈਲੀ ਕਰ ਕੇ ਤਾਕਤ ਪ੍ਰਦਰਸ਼ਨ ਕਰਕੇ ਕਰ ਰਹੀ ਸੀ।

ਇਸ ਪਰਥਾਏ 'ਕਾਰਵਾਂ' ਮੈਗਜ਼ੀਨ ਦੇ ਦੋ ਰਿਪੋਰਟਰਾਂ- ਪ੍ਰਭਜੀਤ ਸਿੰਘ ਅਤੇ ਜਤਿੰਦਰ ਕੌਰ ਤੂਰ ਦੀ ਰਿਪੋਰਟ ਦੇ ਸ਼ੁਰੂਆਤੀ ਪੈਰੇ ਨੂੰ ਹੀ ਦੇਖਿਆ ਜਾ ਸਕਦਾ ਹੈ :

"ਮੰਚ ਕਾਂਗਰਸ ਦੇ ਮੈਂਬਰਾਂ ਨਾਲ ਖਚਾਖਚ ਭਰਿਆ ਹੋਇਆ ਸੀ। ਅਮਰਿੰਦਰ ਨੇ ਸਟੇਜ ਦੇ ਵਿਚਕਾਰ ਖੜ੍ਹੇ ਹੋ ਕੇ ਪਹਿਲਾਂ ਹੱਥ ਧੋਣ ਲਈ ਪਾਣੀ ਮੰਗਿਆ। ਫਿਰ, ਉਸਨੇ ਇਕ ਪਾਰਟੀ ਸਹਿਯੋਗੀ ਨੂੰ ਗੁਟਕਾ ਸਾਹਿਬ ਦੀ ਕਾਪੀ ਸੌਂਪਣ ਲਈ ਬੁਲਾਇਆ। ਉਸਨੇ ਆਪਣੇ ਖੱਬੇ ਹੱਥ ਵਿਚ ਨੀਲਾ ਰੁਮਾਲਾ ਚੁੱਕਦਿਆਂ ਕਿਹਾ, "ਸਿੱਖ ਧਰਮ ਦੇ ਪਵਿੱਤਰ ਅਸਥਾਨਾਂ ਵਿਚੋਂ ਇੱਕ ਤਖ਼ਤ ਦਮਦਮਾ ਸਾਹਿਬ ਇਥੋਂ ਤਿੰਨ ਕਿਲੋਮੀਟਰ ਦੂਰ ਹੈ, ਮੈਂ ਸਹੁੰ ਚੁੱਕ ਕੇ ਕਹਿੰਦਾ ਹਾਂ ਕਿ ਚਾਰ ਹਫ਼ਤਿਆਂ ਦੇ ਅੰਦਰ-ਅੰਦਰ ਨਸ਼ਿਆਂ ਦਾ ਲੱਕ ਤੋੜ ਕੇ ਰੱਖ ਦਿਆਂਗਾ, ਭ੍ਰਿਸ਼ਟਾਚਾਰ ਨੂੰ ਖਤਮ ਕਰ ਕੇ ਨੌਜਵਾਨਾਂ ਦੀ ਬੇਰੁਜ਼ਗਾਰੀ ਖਤਮ ਕਰ ਦਿਆਂਗਾ। ਉਸਨੇ ਬਾਦਲ ਸਰਕਾਰ ਵਲੋਂ ਕਾਂਗਰਸੀ ਵਰਕਰਾਂ ਵਿਰੁੱਧ ਦਰਜ ਕੀਤੀਆਂ ਸਾਰੀਆਂ ਐਫਆਈਆਰਜ਼ ਨੂੰ ਰੱਦ ਕਰਨ ਦਾ ਵਾਅਦਾ ਵੀ ਕਰ ਦਿੱਤਾ। ਉਸਨੇ ਜਨਤਾ ਨੂੰ ਸੰਬੋਧਿਤ ਹੁੰਦਿਆਂ ਕਿਹਾ, "ਮੈਂ ਇਹ ਸਭ ਕੁਝ ਪ੍ਰਾਪਤ ਕਰਨ ਲਈ ਆਪਣੇ ਦਸਵੇਂ ਗੁਰੂ ਦੇ ਨਾਮ 'ਤੇ ਸਹੁੰ ਚੁੱਕਦਾ ਹਾਂ। ਉਸਨੇ ਇਕ ਵਾਰ ਫਿਰ ਗੁਟਕਾ ਸਾਹਿਬ ਨੂੰ ਮੱਥੇ ਨਾਲ ਛੁਹਾਉਂਦਿਆਂ ਕਿਹਾ, "ਜੇ ਤੁਸੀਂ ਪੁੱਛਦੇ ਹੋ ਕਿ ਮੈਂ ਇਹ ਕਿਵੇਂ ਪ੍ਰਾਪਤ ਕਰ ਸਕਾਂਗਾ, ਤਾਂ ਇਹ ਸਿਰਫ ਸਮਾਂ ਹੀ ਦੱਸੇਗਾ।'' ਸਮਝਿਆ ਜਾ ਸਕਦਾ ਹੈ ਕਿ ਇਸ ਘਟਨਾ ਨਾਲ ਸਿਆਸੀ ਨਾਟਕ ਆਪਣੀ ਸਿਖਰ 'ਤੇ ਪਹੁੰਚ ਚੁੱਕਿਆ ਸੀ।

ਆਪਣੇ ਵਾਅਦੇ ਨੂੰ ਪੁਗਾਉਣ ਲਈ ਉਸਨੇ ਹਰਪ੍ਰੀਤ ਸਿੱਧੂ ਵਰਗੇ ਪੁਲੀਸ ਅਫ਼ਸਰ ਨੂੰ ਉਚੇਚੇ ਤੌਰ 'ਤੇ ਸੀਆਰਪੀਐਫ ਵਿਚੋਂ ਵਾਪਸ ਬੁਲਾ ਕੇ ਅਤੇ ਸਪੈਸ਼ਲ ਟਾਸਕ ਫੋਰਸ ਦਾ ਮੁਖੀ ਬਣਾ ਕੇ ਡਰੱਗ ਮਾਫੀਏ ਵਿਰੁੱਧ ਜਾਂਚ ਦਾ ਜ਼ਿੰਮਾ ਸੌਂਪ ਦਿੱਤਾ ਸੀ। ਪਰ ਸਿੱਧੂ ਉਸ ਸਮੇਂ ਅਮਰਿੰਦਰ ਦੀ ਲਾਡਲੀ ਲਿਸਟ ਵਿਚੋਂ ਬਾਹਰ ਹੋ ਗਿਆ ਜਦੋਂ ਉਸਨੇ ਫਰਵਰੀ 2018 ਵਿਚ ਆਪਣੀ ਜਾਂਚ ਰਿਪੋਰਟ ਵਿਚ ਮਜੀਠੀਆ ਵਿਰੁੱਧ ਕਾਰਵਾਈ ਦੀ ਸਿਫਾਰਸ਼ ਕਰ ਦਿੱਤੀ ਸੀ। ਉਦੋਂ ਤੱਕ ਕੈਪਟਨ-ਬਾਦਲ ਦੀ ਨੂਰਾਕੁਸ਼ਤੀ ਦੀਆਂ ਸਮੀਕਰਨਾਂ ਵੀ ਬਦਲ ਚੁੱਕੀਆਂ ਸਨ। ਇਸ ਨਾਲ ਪੰਜਾਬ ਪੁਲਿਸ ਦੀਆਂ ਸਫਾਂ ਅੰਦਰ ਇਕ ਦੂਜੇ ਨੂੰ ਖੁੱਡੇ ਲਾਉਣ ਦੀ ਲੜਾਈ ਵੀ ਸ਼ੁਰੂ ਹੋ ਗਈ ਸੀ ਅਤੇ ਦੋ ਡੀ.ਜੀ.ਪੀ. ਰੈਂਕ ਦੇ ਅਫਸਰਾਂ ਦੀ ਅੰਦਰੂਨੀ ਰੰਜਿਸ਼ ਕਾਰਨ ਹਰਪ੍ਰੀਤ ਸਿੱਧੂ ਦੀ ਰਿਪੋਰਟ 'ਤੇ ਕੋਈ ਵੀ ਕਾਰਵਾਈ ਕਰਨ ਲਈ ਤਿਆਰ ਨਹੀਂ ਸੀ। ਇਹ ਰਿਪੋਰਟ ਵੀ ਹਾਈਕੋਰਟ ਵਿਚ ਦੱਬੀਆਂ ਰਿਪੋਰਟਾਂ ਵਿਚੋਂ ਇਕ ਸੀ। ਫੇਰ ਇਕ ਰਿਪੋਰਟ ਸਿਧਾਰਥ ਚਟੋਪਾਧਿਆ ਦੀ ਜਾਂਚ ਟੀਮ ਵੱਲੋਂ ਪੇਸ਼ ਕੀਤੀ ਗਈ ਸੀ। ਇਸ ਰਿਪੋਰਟ ਨੇ ਸਿਆਸਤਦਾਨਾਂ ਅਤੇ ਵੱਡੇ ਪੁਲਿਸ ਅਫਸਰਾਂ ਨੂੰ ਹਰਪ੍ਰੀਤ ਸਿੱਧੂ ਦੀ ਰਿਪੋਰਟ ਨਾਲੋਂ ਵੀ ਵੱਧ ਨੰਗਾ ਕਰ ਦਿੱਤਾ। ਇਸਨੂੰ ਵੀ ਇਸ ਕਰਕੇ ਤਸਲੀਮ ਨਾ ਕੀਤਾ ਗਿਆ ਕਿ ਇਸ ਉੱਪਰ ਤਿੰਨ ਅਧਿਕਾਰੀਆਂ ਦੀ ਬਜਾਏ ਇਕੱਲੇ ਚਟੋਪਾਧਿਆ ਦੇ ਹਸਤਾਖਰ ਸਨ। ਨਸ਼ਿਆਂ ਵਾਲਾ ਇਹ ਮਾਮਲਾ ਐਨਾ ਉਲਝਾ ਦਿੱਤਾ ਗਿਆ ਹੈ ਕਿ ਇਸਦੀ ਤੰਦ-ਤਾਣੀ ਹੀ ਗੁਆਚ ਗਈ ਲੱਗਦੀ ਹੈ।

ਜਗਦੀਸ਼ ਭੋਲ਼ੇ ਦਾ ਕੇਸ ਤਾਂ ਲਗਭਗ ਦੱਬ ਚੁੱਕਿਆ ਸੀ। ਨਸ਼ਿਆਂ ਦੀ ਚਰਚਾ ਤਾਂ ਪਹਿਲਾਂ ਹੀ ਚੱਲ ਰਹੀ ਸੀ ਅਤੇ ਕੈਪਟਨ ਸਰਕਾਰ ਇਸ ਦੇ ਖ਼ਾਤਮੇ ਲਈ ਯਤਨਸ਼ੀਲ ਵੀ ਸੀ। ਉਸਨੇ ਨਵਜੋਤ ਸਿੱਧੂ ਨੂੰ ਸਥਾਨਕ ਸਰਕਾਰਾਂ ਦੀ ਵਜ਼ਾਰਤ ਦਾ ਮੰਤਰੀ ਬਣਾ ਦਿੱਤਾ ਸੀ। ਇਸ ਵੇਲੇ ਭਾਰਤ ਭੂਸ਼ਣ ਆਸ਼ੂ ਵੱਲੋਂ ਭੂਮੀ ਵਰਤੋਂ ਕਾਨੂੰਨ ਦੀ ਅਦਲਾ-ਬਦਲੀ ਸਬੰਧੀ ਨਿਯਮਾਂ ਦੀ ਦੁਰਵਰਤੋਂ ਦੀ ਚਰਚਾ ਜ਼ੋਰਾਂ 'ਤੇ ਸੀ। ਬਲਵਿੰਦਰ ਸੇਖੋਂ ਦੀ ਇਹ ਬਦਕਿਸਮਤੀ ਹੀ ਕਹੀ ਜਾ ਸਕਦੀ ਹੈ ਕਿ ਨਵਜੋਤ ਸਿੱਧੂ ਨੇ ਇਸ ਕੇਸ ਦੀ ਨਿਰਪੱਖ ਜਾਂਚ ਕਰਨ ਦਾ ਜ਼ਿੰਮਾ ਉਸਨੂੰ ਸੌਂਪ ਦਿੱਤਾ। ਉਸ ਨੇ ਕੈਪਟਨ ਦੇ ਭਾਰਤ ਭੂਸ਼ਣ ਆਸ਼ੂ ਵਰਗੇ ਖ਼ਾਸ ਵਿਅਕਤੀ ਵਿਰੁੱਧ ਜੋ ਜਾਂਚ ਕੀਤੀ, ਉਹ ਨਾ ਕਿਸੇ ਨੂੰ ਰਾਸ ਆਉਣੀ ਸੀ ਤੇ ਨਾ ਆਈ, ਕਿਉਂਕਿ ਇਸ ਵਿਚ ਆਸ਼ੂ ਬੁਰੀ ਤਰ੍ਹਾਂ ਫਸ ਰਿਹਾ ਸੀ। ਉਸ ਨੇ ਆਪਣੀ ਜਾਂਚ ਰਿਪੋਰਟ ਸਿੱਧੂ ਦੇ ਹਵਾਲੇ ਕਰ ਦਿੱਤੀ। ਇਸੇ ਸਮੇਂ ਦੌਰਾਨ ਸਿੱਧੂ ਦੀ ਅਮਰਿੰਦਰ ਸਿੰਘ ਨਾਲ ਅਣਬਣ ਹੋ ਗਈ ਤੇ ਉਸ ਨੇ ਸਿੱਧੂ ਕੋਲੋਂ ਸਥਾਨਕ ਸਰਕਾਰਾਂ ਦਾ ਮਹਿਕਮਾ ਖੋਹ ਲਿਆ। ਨਵਜੋਤ ਸਿੱਧੂ ਤਾਂ ਮੰਚ ਤੋਂ ਲਾਂਭੇ ਹੋ ਗਿਆ ਪਰ ਸੇਖੋਂ ਦਾ ਭਾਰਤ ਭੂਸ਼ਣ ਆਸ਼ੂ ਨਾਲ ਜਿਸ ਕਿਸਮ ਦਾ 'ਮਹਾਂਭਾਰਤ' ਵਿੱਢਿਆ ਗਿਆ, ਉਸਦਾ ਜਲਵਾ ਯੂ-ਟਿਊਬ ਚੈਨਲ 'ਤੇ ਸੇਖੋਂ ਵਲੋਂ ਕੀਤੇ ਗਏ ਪ੍ਰਗਟਾਵੇ ਨੂੰ ਦੇਖ ਕੇ ਹੀ ਜਾਣਿਆ ਜਾ ਸਕਦਾ ਹੈ। ਆਸ਼ੂ ਦੇ ਦਬਾਅ ਸਦਕਾ ਸੇਖੋਂ ਨੂੰ ਆਨੇ-ਬਹਾਨੇ ਮੁਅੱਤਲ ਕਰ ਕੇ ਅਤੇ ਵਿਭਾਗੀ ਜਾਂਚ ਦਾ ਪਾਖੰਡ ਕਰ ਕੇ ਸੇਵਾ ਮੁਕਤੀ ਤੋਂ ਇੱਕ ਦਿਨ ਪਹਿਲਾਂ ਹੀ ਬਰਤਰਫ ਕਰ ਦਿੱਤਾ ਗਿਆ।

ਇਸ ਤੋਂ ਬਾਅਦ ਸ਼ੁਰੂ ਹੁੰਦੀ ਹੈ ਬਲਵਿੰਦਰ ਸਿੰਘ ਸੇਖੋਂ ਦੀ ਨਸ਼ਿਆਂ, ਭ੍ਰਿਸ਼ਟਾਚਾਰ, ਆਸ਼ੂ, ਬੈਂਸ ਭਰਾਵਾਂ ਅਤੇ ਬਹੁ ਚਰਚਿਤ ਬਹੁ-ਕਰੋੜੀ ਸਿੰਜਾਈ ਘੁਟਾਲੇ ਨਾਲ ਸਬੰਧਤ ਵਜ਼ੀਰਾਂ ਅਤੇ ਭ੍ਰਿਸ਼ਟ ਅਫਸਰਸ਼ਾਹਾਂ ਵਿਰੁੱਧ ਦਿਲਚਸਪ ਮੁਹਿੰਮ। ਇੱਥੇ ਆਪਣੇ ਪਾਠਕਾਂ ਦੀ ਜਾਣਕਾਰੀ ਲਈ ਸੇਖੋਂ ਬਾਰੇ ਥੋੜਾ ਵਿਸਥਾਰ ਵਿਚ ਚਰਚਾ ਕਰਨੀ ਬੇਲੋੜੀ ਨਹੀਂ ਹੋਵੇਗੀ। ਇਹ ਜਾਣਕਾਰੀ ਇਸ ਲਈ ਵੀ ਜ਼ਰੂਰੀ ਹੈ ਤਾਂ ਕਿ ਅਸੀਂ ਸਮਝ ਸਕੀਏ ਕਿ ਸਿਆਸਤਦਾਨਾਂ, ਪੁਲਿਸ ਅਤੇ ਨਿਆਂਇਕ ਅਧਿਕਾਰੀਆਂ ਦਾ ਗੱਠਜੋੜ ਕਿੰਨਾ ਸ਼ਕਤੀਸ਼ਾਲੀ ਹੁੰਦਾ ਹੈ ਅਤੇ ਇਹ ਆਪਣੇ ਹੀਤੰਤਰ ਦੇ ਇਕ ਪੁਰਜ਼ੇ ਨੂੰ ਸਟੇਟ ਦੇ ਕੁਕਰਮਾਂ ਨੂੰ ਬੇਪਰਦ ਕਰਨ ਬਦਲੇ ਕਿਵੇਂ ਆਰਥਕ ਅਤੇ ਮਾਨਸਿਕ ਤੌਰ 'ਤੇ ਬਰਬਾਦ ਕਰ ਸਕਦਾ ਹੈ? ਇਸਦੀ ਇਕ ਮਿਸਾਲ ਗੁਜਰਾਤ ਕਾਡਰ ਦੇ ਸੀਨੀਅਰ ਪੁਲਿਸ ਅਫ਼ਸਰ ਸੰਜੀਵ ਭੱਟ ਦੀ ਜੇਲ੍ਹਬੰਦੀ ਦੀ ਮਿਲਦੀ ਹੈ। ਅਮਿਤ ਸ਼ਾਹ ਦੀ ਇੱਛਾ ਦੇ ਵਿਰੁੱਧ ਜਾਣ ਵਾਲੇ ਜਸਟਿਸ ਲੋਇਆ ਦੀ ਮੌਤ ਦੀ ਮਿਲਦੀ ਹੈ।

ਖੈਰ ਜੇਕਰ ਭ੍ਰਿਸ਼ਟ ਤੇ ਬਲਾਤਕਾਰੀ ਨੇਤਾਵਾਂ ਅਤੇ ਨਸ਼ਿਆਂ ਵਿਚ ਗ਼ਲਤਾਨ ਨੇਤਾਵਾਂ ਤੇ ਪੁਲਿਸ ਅਫਸਰਾਂ ਵਿਰੁੱਧ ਬਰਤਰਫ਼ ਕੀਤੇ ਸਾਬਕਾ ਪੁਲੀਸ ਅਫਸਰ ਬਲਵਿੰਦਰ ਸਿੰਘ ਸੇਖੋਂ ਨੇ ਮੁਹਿੰਮ ਨਾ ਛੇੜੀ ਹੁੰਦੀ ਤਾਂ ਸਾਨੂੰ ਮਸਲੇ ਦੀ ਗੰਭੀਰਤਾ ਦਾ ਅਹਿਸਾਸ ਨਹੀਂ ਹੋਣਾ ਸੀ।। ਸੇਖੋਂ ਵੱਲੋਂ ਵਿੱਢੇ ਜਿਹਾਦ ਅਤੇ ਹਾਈਕੋਰਟ ਵਿਚ ਮਾਰੀਆਂ ਗੁਸਤਾਖ਼ ਕੂਕਾਂ ਭਲਾ ਕਿਸ ਨੂੰ ਭੁੱਲ ਸਕਦੀਆਂ ਹਨ। ਉਸ ਨੇ ਭਾਰਤ ਦੀ ਨਿਆਂਪਾਲਿਕਾ ਦੇ ਇਕ ਅੰਗ ਵੱਲੋਂ ਦਿੱਤੀ ਸਜ਼ਾ ਨੂੰ ਪ੍ਰਵਾਨ ਕਰ ਕੇ ਨਾ ਸਿਰਫ ਬਹਾਦਰੀ ਨਾਲ ਲੋਕ-ਹੱਕਾਂ 'ਤੇ ਪਹਿਰਾ ਦਿੱਤਾ ਹੈ, ਸਗੋਂ ਇਨਸਾਫ ਦੀ ਦੁਨੀਆ ਵਿਚ ਇਸ ਬਹਿਸ ਨੂੰ ਵੀ ਤਿੱਖਾ ਕਰ ਦਿੱਤਾ ਹੈ ਕਿ ਕਿਸੇ ਵਿਸ਼ੇਸ਼ ਜੱਜ ਦੀ ਦਲੀਲ ਨੂੰ ਚੁਣੌਤੀ ਦੇਣ ਨਾਲ ਨਿਆਂਪਾਲਿਕਾ ਦੀ ਕਿਸੇ ਵੀ ਤਰ੍ਹਾਂ ਮਾਣਹਾਨੀ ਨਹੀਂ ਹੁੰਦੀ। ਪੂਰੀ ਦੁਨੀਆ ਸਮੇਤ ਭਾਰਤ ਅੰਦਰ ਸੈਂਕੜੇ ਮਿਸਾਲਾਂ ਮੌਜੂਦ ਹਨ, ਜਦੋਂ ਜੱਜਾਂ ਨੂੰ ਆਪਣੇ ਫੈਸਲੇ ਵਾਪਸ ਲੈਣੇ ਪਏ ਜਾਂ ਕਥਿਤ ਮਾਣਹਾਨੀ-ਕਰਤਾਵਾਂ ਨੂੰ ਮਾਮੂਲੀ ਸਜ਼ਾ ਦੇ ਕੇ ਛੱਡਣਾ ਪਿਆ। ਅਕਾਲੀ ਸਰਕਾਰ ਵੀ ਭੋਲਾ ਕੇਸ ਦੀ ਅੱਗ ਤੋਂ ਬਚੀ ਨਾ ਰਹਿ ਸਕੀ। ਉਸਨੂੰ ਮਜਬੂਰੀ ਵੱਸ ਇਸ ਕੇਸ ਨੂੰ ਅੱਗੇ ਤੋਰਨਾ ਪੈ

***ਬਲਵਿੰਦਰ ਸੇਖੋਂ 2019 ਤੋਂ ਸੁਰਖੀਆਂ ਵਿਚ ਆ ਰਿਹਾ ਸੀ ਜਦੋਂ ਉਸ ਨੇ ਸਾਬਕਾ ਕਾਂਗਰਸੀ ਮੰਤਰੀ ਭਾਰਤ ਭੂਸ਼ਣ ਆਸ਼ੂ ਉੱਪਰ ਲੁਧਿਆਣਾ ਹਾਊਸਿੰਗ ਪ੍ਰੋਜੈਕਟ ਵਿਚ ਜ਼ਮੀਨ ਦੀ ਵਰਤੋਂ ਵਿਚ ਤਬਦੀਲੀ ਕਰਨ ਬਦਲੇ ਘੁਟਾਲੇ ਦਾ ਦੋਸ਼ ਲਾਇਆ ਸੀ। ਇਸ ਤੋਂ ਬਾਅਦ ਝੂਠੀਆਂ ਜਾਂਚ ਰਿਪੋਰਟਾਂ, ਵੱਡੇ ਅਧਿਕਾਰੀਆਂ ਦੀ ਹੁਕਮ ਅਦੂਲੀ ਅਤੇ ਸਿਆਸਤਦਾਨਾਂ ਦੀ ਆਲੋਚਨਾ ਕਰਨ ਦੇ ਦੋਸ਼ ਵਿਚ ਉਸਨੂੰ ਅਗਸਤ 2021 ਵਿਚ ਸੇਵਾ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ। ਇਸ ਸਾਰੀ ਕਾਰਵਾਈ ਪਿੱਛੇ ਭਾਰਤ ਭੂਸ਼ਣ ਆਸ਼ੂ, ਨਵਜੋਤ ਸਿੱਧੂ, ਕੈਪਟਨ ਅਮਰਿੰਦਰ ਸਿੰਘ ਅਤੇ ਤਤਕਾਲੀ ਪੁਲਿਸ ਮੁਖੀ ਦਿਨਕਰ ਗੁਪਤਾ ਦਾ ਹੱਥ ਦੱਸਿਆ ਗਿਆ ਸੀ। ਬਰਤਰਫੀ ਤੋਂ ਬਾਅਦ ਸੇਖੋਂ ਖੁੱਲ੍ਹ ਕੇ ਜਨਤਕ ਸਰਗਰਮੀ ਵਿਚ ਸ਼ਾਮਲ ਹੋ ਗਿਆ। ਉਸ ਨੇ "ਮੈਂ ਪੰਜਾਬੀ ਮੰਚ" ਨਾਂ ਦਾ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਬਣਾਇਆ।***

*(ਬਾਕੀ ਅਗਲੇ ਸਫੇ 'ਤੇ)*

(ਪਿਛਲੇ ਸਫੇ ਦਾ ਬਾਕੀ)

## ਭ੍ਰਿਸ਼ਟਾਚਾਰ ਅਤੇ ਚਿੱਟੇ ਤੋਂ ਮੁਕਤ ਹੁੰਦਾ ਦਿਸਦਾ ਕਿਉਂ ਨਹੀਂ ਹੈ ਪੰਜਾਬ !

ਰਿਹਾ ਸੀ। ਨਸ਼ਾ ਤਸਕਰੀ ਦੇ ਕੇਸ ਵਿਚ ਪੁੱਛ-ਗਿੱਛ ਦੌਰਾਨ ਭੋਲੇ ਨੇ ਵਾਸਤਾ ਪਾ ਕੇ ਕਿਹਾ ਸੀ, "ਮੈਨੂੰ ਕਿਉਂ ਕੁੱਟੀ ਜਾਂਦੇ ਹੋ, ਸਾਡੇ ਇਸ ਸਾਰੇ ਕੰਮ ਦਾ ਸੂਤਰਧਾਰ ਤਾਂ ਬਿਕਰਮ ਮਜੀਠੀਆ ਹੈ।" ਇਸ ਬਿਆਨ ਨਾਲ ਸਿਆਸੀ ਸਫਾਂ ਵਿਚ ਖਲਬਲੀ ਮੱਚਣ ਦੇ ਨਾਲ-ਨਾਲ ਲੰਮੇ ਡਰਾਮੇ ਦੀ ਸ਼ੁਰੂਆਤ ਵੀ ਬੱਝ ਗਈ ਸੀ। ਇਸ ਲਈ ਕਿਹਾ ਜਾ ਸਕਦਾ ਹੈ ਕਿ ਨੇਤਾਵਾਂ ਵੱਲੋਂ ਸਿਆਸੀ ਜੋੜਾਂ-ਤੋੜਾਂ ਤਹਿਤ ਨਸ਼ਿਆਂ ਦੇ ਵਪਾਰ ਨੂੰ ਪ੍ਰਫੁੱਲਤ ਕਰਨ ਵਿਚ ਵੀ ਅਤੇ ਸੀਮਤ ਰੂਪ ਵਿਚ ਬੇਪਰਦ ਕਰਨ ਲਈ ਵੀ ਕੰਮ ਕੀਤਾ ਜਾਂਦਾ ਆ ਰਿਹਾ ਹੈ। ਪਰਸ਼ਾਂਤ ਭੂਸ਼ਣ ਅਤੇ ਅਰੁੰਧਤੀ ਰਾਏ ਦੇ ਕੇਸਾਂ ਨੇ ਸਾਬਤ ਕਰ ਦਿੱਤਾ ਸੀ ਕਿ ਕੋਈ ਵਿਸ਼ੇਸ਼ ਜੱਜ ਲੋਕਤੰਤਰ ਨਾਲੋਂ ਵੱਡਾ ਨਹੀਂ ਹੋ ਸਕਦਾ।

ਬਲਵਿੰਦਰ ਸੇਖੋਂ ਦੀ ਲੜਾਈ ਦਾ ਤਰੀਕਾ ਗਲਤ ਲੱਗ ਸਕਦਾ ਹੈ ਪਰ ਇਹ ਮੁਹਿੰਮ ਇਸ ਕਰਕੇ ਵੀ ਇਤਿਹਾਸਕ ਹੈ ਕਿ ਉਸ ਨੇ ਵੱਖ ਵੱਖ ਸਿਆਸੀ ਪਾਰਟੀਆਂ ਦੇ ਬਾਹੂਬਲੀ ਨੇਤਾਵਾਂ, ਪੰਜਾਬ ਪੁਲਿਸ ਦੇ ਖੂੰਖਾਰ ਸਮਝੇ ਜਾਂਦੇ ਮੁਖੀਆਂ ਅਤੇ ਨਿਆਂਪਾਲਿਕਾਂ ਦੇ ਹੰਕਾਰੇ ਹੋਏ ਜੱਜਾਂ ਨੂੰ ਸਿੰਗਾਂ ਤੋਂ ਫੜਨ ਦੀ ਸ਼ਾਨਦਾਰ ਮਿਸਾਲ ਸਥਾਪਤ ਕੀਤੀ ਹੈ। ਬੇਸ਼ੱਕ ਉਹ ਛੇ ਮਹੀਨਿਆਂ ਦੀ ਅਨਿਆਈਂ ਕੈਦ ਭੁਗਤ ਰਿਹਾ ਹੈ ਪਰ ਉਸ ਵੱਲੋਂ ਉਠਾਏ ਮੁੱਦਿਆਂ ਕਾਰਨ ਹੀ ਏਆਈਜੀ ਰਾਜਜੀਤ ਸਿੰਘ ਹੁੰਦਲ ਨੂੰ ਬਰਖਾਸਤ ਹੋਣਾ ਪਿਆ ਹੈ। ਬੇਸ਼ੱਕ ਰਾਜਜੀਤ ਨੂੰ ਤਾਂ ਅੜੰਗ ਲਿਆ ਗਿਆ ਹੈ ਪਰ ਉਸ ਵੱਲੋਂ ਇਸ ਨਾਜਾਇਜ਼ ਧੰਦੇ ਵਿਚ ਸ਼ਾਮਲ ਦੱਸੇ ਗਏ ਵੱਡੇ ਅਫਸਰਾਂ ਵੱਲ ਹਾਲੇ ਤੱਕ ਕਿਸੇ ਨੇ ਉਂਗਲ ਤੱਕ ਵੀ ਨਹੀਂ ਚੁੱਕੀ। ਉਨ੍ਹਾਂ ਚਾਰ ਹੋਰ ਐਸ.ਐਸ.ਪੀ. ਅਫਸਰਾਂ ਨੂੰ ਵੀ ਕਿਸੇ ਨੇ ਕੁਝ ਨਹੀਂ ਕਿਹਾ ਜਿਨ੍ਹਾਂ ਨਾਲ ਇੰਦਰਜੀਤ ਪਿਛਲੇ ਦਸ ਸਾਲਾਂ ਦੌਰਾਨ ਕੰਮ ਕਰਦਾ ਰਿਹਾ ਸੀ। ਜਿਨ੍ਹਾਂ ਨੇ ਉਸ ਨੂੰ ਬੇਲੋੜੀਆਂ ਤਰੱਕੀਆਂ ਦਿੱਤੀਆਂ ਅਤੇ ਇਕ ਤੋਂ ਬਾਅਦ ਦੂਜੇ ਜ਼ਿਲ੍ਹੇ ਵਿਚ ਬਦਲੀਆਂ ਕਰਦੇ ਰਹੇ। ਚੇਤੇ ਰਹੇ ਕਿ ਇਹ ਬਦਲੀਆਂ ਸਿਰਫ ਡੀਜੀਪੀ ਪੱਧਰ ਦੇ ਅਫ਼ਸਰ ਹੀ ਕਰ ਸਕਦੇ ਸਨ।

ਬਲਵਿੰਦਰ ਸੇਖੋਂ 2019 ਤੋਂ ਸੁਰਖੀਆਂ ਵਿਚ ਆ ਰਿਹਾ ਸੀ ਜਦੋਂ ਉਸ ਨੇ ਸਾਬਕਾ ਕਾਂਗਰਸੀ ਮੰਤਰੀ ਭਾਰਤ ਭੂਸ਼ਣ ਆਸ਼ੂ ਉਪਰ ਲੁਧਿਆਣਾ ਹਾਊਸਿੰਗ ਪ੍ਰੋਜੈਕਟ ਵਿਚ ਜ਼ਮੀਨ ਦੀ ਵਰਤੋਂ ਵਿਚ ਤਬਦੀਲੀ ਕਰਨ ਬਦਲੇ ਘੁਟਾਲੇ ਦਾ ਦੋਸ਼ ਲਾਇਆ ਸੀ। ਇਸ ਤੋਂ ਬਾਅਦ ਝੂਠੀਆਂ ਜਾਂਚ ਰਿਪੋਰਟਾਂ, ਵੱਡੇ ਅਧਿਕਾਰੀਆਂ ਦੀ ਹੁਕਮ ਅਦੂਲੀ ਅਤੇ ਸਿਆਸਤਦਾਨਾਂ ਦੀ ਆਲੋਚਨਾ ਕਰਨ ਦੇ ਦੋਸ਼ ਵਿਚ ਉਸਨੂੰ ਅਗਸਤ 2021 ਵਿਚ ਸੇਵਾ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ। ਇਸ ਸਾਰੀ ਕਾਰਵਾਈ ਪਿੱਛੇ ਭਾਰਤ ਭੂਸ਼ਣ ਆਸ਼ੂ, ਨਵਜੋਤ ਸਿੱਧੂ, ਕੈਪਟਨ ਅਮਰਿੰਦਰ ਸਿੰਘ ਅਤੇ ਤਤਕਾਲੀ ਪੁਲਿਸ ਮੁਖੀ ਦਿਨਕਰ ਗੁਪਤਾ ਦਾ ਹੱਥ ਦੱਸਿਆ ਗਿਆ ਸੀ। ਬਰਤਰਫੀ ਤੋਂ ਬਾਅਦ ਸੇਖੋਂ ਖੁੱਲ੍ਹ ਕੇ ਜਨਤਕ ਸਰਗਰਮੀ ਵਿਚ ਸ਼ਾਮਲ ਹੋ ਗਿਆ। ਉਸ ਨੇ "ਮੈਂ ਪੰਜਾਬੀ ਮੰਚ" ਨਾਂ ਦਾ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਬਣਾਇਆ। ਮੰਚ ਦੀ ਸਥਾਪਨਾ ਵੇਲੇ ਉਂਘੇ ਗਾਂਧੀਵਾਦੀ ਕਾਰਕੁਨ ਹਿਮਾਂਸ਼ੂ ਕੁਮਾਰ ਸਿਰਫ ਹਾਜ਼ਰ ਹੀ ਨਹੀਂ ਸਨ ਬਲਕਿ ਉਨ੍ਹਾਂ ਦੀ ਪੂਰੀ ਸ੍ਰਪਰਸਤੀ ਹਾਸਲ ਕਹੀ ਜਾ ਸਕਦੀ ਹੈ। ਇਸ ਮੰਚ ਵਿਚ ਸੇਖੋਂ ਤੋਂ ਇਲਾਵਾ ਉਂਘੇ ਵਕੀਲ ਰਾਜਵਿੰਦਰ ਸਿੰਘ ਬੈਂਸ, ਡਾ. ਦਲੇਰ ਸਿੰਘ ਮੁਲਤਾਨੀ, ਸਮਾਜਿਕ ਕਾਰਕੁਨ ਬਲਕੌਰ ਸਿੰਘ, ਜਸਪਾਲ ਸਿੰਘ ਨਿੱਝਰ, ਸਤਪਾਲ ਸਿੰਘ ਗਿੱਲ ਅਤੇ ਹੋਰ ਅਨੇਕਾਂ ਜਮਹੂਰੀ ਪਸੰਦ ਵਿਅਕਤੀ ਸ਼ਾਮਲ ਸਨ। ਇਸ ਤੋਂ ਬਾਅਦ ਉਸ ਨੇ ਫਿਰ ਆਸ਼ੂ ਅਤੇ ਨਵਜੋਤ ਸਿੱਧੂ ਵਿਰੁੱਧ ਪੰਜਾਬ ਵਿਧਾਨ ਸਭਾ ਦੀ 2022 ਦੀ ਚੋਣ ਵੀ ਲੜੀ ਸੀ। ਉਹ ਭਾਵੇਂ ਆਪ ਚੋਣ ਹਾਰ ਗਿਆ ਪਰ ਆਸ਼ੂ ਅਤੇ ਸਿੱਧੂ ਵੀ ਜਿੱਤ ਨਹੀਂ ਸਕੇ ਸਨ। ਉਸਨੇ ਸਪੱਸ਼ਟ ਕਹਿ ਦਿੱਤਾ ਸੀ "ਚੋਣਾਂ ਸਿਰਫ ਜਿੱਤਣ ਲਈ ਨਹੀਂ ਹੁੰਦੀਆਂ ਸਗੋਂ ਆਪਣੇ ਨਾਲ ਹੋਈ ਬੇਇਨਸਾਫੀ ਬਾਰੇ ਗੱਲ ਕਰਨ ਲਈ ਪਲੇਟਫਾਰਮ ਤਿਆਰ ਕਰਨ ਲਈ" ਅਤੇ ਵੋਟਰਾਂ ਨੂੰ 'ਆਸ਼ੂ ਵਰਗੇ ਨੇਤਾਵਾਂ' ਤੋਂ ਜਾਣੂ ਕਰਵਾਉਣ ਲਈ ਵੀ ਹੁੰਦੀਆਂ ਹਨ।" ਕੁਝ ਲੜਾਈਆਂ ਜਿੱਤਣ ਲਈ ਨਹੀਂ, ਸਗੋਂ ਕੁਝ ਲੋਕਾਂ ਨੂੰ ਉਨ੍ਹਾਂ ਦੀ ਜਗ੍ਹਾ ਦਿਖਾਉਣ ਲਈ ਲੜੀਆਂ ਜਾਂਦੀਆਂ ਹਨ। ਉਸਦੀ ਲੜਾਈ ਸਿਰਫ ਆਸ਼ੂ ਵਿਰੁੱਧ ਨਹੀਂ ਸੀ, ਬਲਕਿ ਤੰਤਰ ਵਿਚਲੇ ਇਸ ਤਰ੍ਹਾਂ ਦੇ ਸਾਰੇ ਹੀ ਬੇਈਮਾਨ ਅਤੇ ਭ੍ਰਿਸ਼ਟ ਸਿਆਸੀ ਆਗੂਆਂ ਵਿਰੁੱਧ ਸੀ।

ਸੇਖੋਂ ਨੂੰ ਸਿਰਫ ਬਰਤਰਫ ਹੀ ਨਹੀਂ ਕੀਤਾ ਗਿਆ ਸਗੋਂ ਉਸਦੇ ਵਿਰੁੱਧ ਪੱਟੀ ਦੇ ਵਿਧਾਇਕ ਹਰਮਿੰਦਰ ਸਿੰਘ ਗਿੱਲ, ਤਰਨਤਾਰਨ ਦੇ ਐਸ.ਐਸ.ਪੀ. ਅਤੇ ਪੰਜਾਬ ਦੇ ਡੀਜੀਪੀ ਖਿਲਾਫ ਫੇਸਬੁੱਕ 'ਤੇ ਪੋਸਟ ਪਾਉਣ, ਵੱਖ-ਵੱਖ ਗਰੁੱਪਾਂ ਵਿਚਕਾਰ ਦੁਸ਼ਮਣੀ ਵਧਾਉਣ, ਮਾਣਹਾਨੀ, ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਆਦਿ ਝੂਠੇ ਦੋਸ਼ਾਂ ਤਹਿਤ ਮਈ 2020 ਵਿਚ ਇਕ ਹੋਰ ਕੇਸ ਮੜ੍ਹ ਦਿੱਤਾ ਗਿਆ।


ਬਲਵਿੰਦਰ ਸੇਖੋਂ

ਇਸ ਸਮੇਂ ਦੌਰਾਨ ਹਾਈਕੋਰਟ ਨੇ ਵਿਸ਼ੇਸ਼ ਜਾਂਚ ਟੀਮ ਦੁਆਰਾ ਪੇਸ਼ ਕੀਤੀਆਂ - 1 ਫਰਵਰੀ, 2018, 15 ਮਾਰਚ, 2018 ਅਤੇ 8 ਮਈ, 2018 ਦੀਆਂ ਤਿੰਨੇ ਰਿਪੋਰਟਾਂ ਖੋਲ੍ਹਣ ਲਈ ਆਪਣੀ ਸਹਿਮਤੀ ਦੇ ਦਿੱਤੀ ਸੀ। ਇਸ ਬਾਰੇ 15 ਫਰਵਰੀ 2023 ਨੂੰ ਜਦੋਂ ਹਾਈਕੋਰਟ ਵਿਚ ਸੁਣਵਾਈ ਹੋਣੀ ਸੀ ਤਾਂ ਬਲਵਿੰਦਰ ਅਤੇ ਉਸਦੇ ਵਕੀਲ ਮਿੱਤਰ ਪ੍ਰਦੀਪ ਸ਼ਰਮਾ ਨੇ ਅਦਾਲਤ ਵੱਲੋਂ ਕੀਤੀ ਗਈ ਦੇਰੀ ਬਾਰੇ ਇਤਰਾਜ਼ ਕਰਨੇ ਸ਼ੁਰੂ ਕਰ ਦਿੱਤੇ। ਅਦਾਲਤ ਅੰਦਰ ਅਜਿਹਾ ਮਾਹੌਲ ਪੈਦਾ ਹੋ ਗਿਆ ਜਿਸ ਦੀ ਕਿਤੇ ਵੀ ਮਿਸਾਲ ਨਹੀਂ ਮਿਲਦੀ। ਨਿਆਂਪਾਲਿਕਾ ਅੰਦਰ ਚੱਲ ਰਹੀਆਂ ਪ੍ਰਕਿਰਿਆਵਾਂ ਨੂੰ ਬੁਰੀ ਤਰ੍ਹਾਂ ਬੇਪਰਦ ਕਰ ਦਿੱਤਾ ਗਿਆ। ਬੇਸ਼ੱਕ ਉਨ੍ਹਾਂ ਦੀ ਵਿਰੋਧ ਕਰਨ ਦੀ ਸ਼ੈਲੀ ਵਿਚ ਨੁਕਸ ਦਿਖਾਈ ਦਿੰਦੇ ਹਨ ਪਰ ਉਨ੍ਹਾਂ ਵੱਲੋਂ ਮਚਾਏ "ਤਾਂਡਵ" ਨੇ ਲੋਕ ਮਨਾਂ ਅੰਦਰ ਗਹਿਰੀ ਛਾਪ ਛੱਡੀ ਹੈ। ਸਿੱਟਾ ਇਹ ਨਿਕਲਿਆ ਕਿ ਹੁਣ ਇਕੱਲਾ ਬਲਵਿੰਦਰ ਜਾਂ ਪ੍ਰਦੀਪ ਸ਼ਰਮਾ ਨਹੀਂ ਸਗੋਂ ਸੈਂਕੜੇ ਲੋਕ ਇਸ ਅੰਦੋਲਨ ਨੂੰ ਕਾਨੂੰਨੀ ਅਤੇ ਜਨਤਕ ਦੋਵੇਂ ਰੂਪਾਂ ਵਿਚ ਅੱਗੇ ਵਧਾਉਣ ਲਈ ਸਾਹਮਣੇ ਆ ਚੁੱਕੇ ਹਨ। ਪਰ ਸਬੰਧਤ ਜੱਜਾਂ ਨੇ ਉਨ੍ਹਾਂ ਦੀ ਦਲੀਲਬਾਜ਼ੀ ਨੂੰ ਠਰ੍ਹੰਮੇ ਨਾਲ ਸੁਣਨ ਦੀ ਬਜਾਏ, ਇਸ ਕਾਰਵਾਈ ਨੂੰ ਆਪਣੀ ਨਿੱਜੀ ਮਾਣਹਾਨੀ ਸਮਝ ਲਿਆ। ਕੀ ਬਲਵਿੰਦਰ ਸੇਖੋਂ ਅਤੇ ਪ੍ਰਦੀਪ ਸ਼ਰਮਾ ਵੱਲੋਂ ਆਵਾਜ਼ ਉਠਾਉਣੀ ਗਲਤ ਗੱਲ ਸੀ? ਕੀ ਉਨ੍ਹਾਂ ਦੀ ਪੀੜਾ ਨੂੰ ਸਮਝਿਆ ਨਹੀਂ ਜਾਣਾ ਚਾਹੀਦਾ ਸੀ? ਇਕ ਬੰਦੇ ਨੂੰ ਨੌਕਰੀ 'ਚੋਂ ਕੱਢ ਦਿੱਤਾ, ਅਨੇਕਾਂ ਝੂਠੇ ਕੇਸ ਪਾ ਦਿੱਤੇ, ਪੈਸੇ ਟਕੇ ਵੱਲੋਂ ਕੰਗਾਲ ਕਰ ਦਿੱਤਾ ਗਿਆ ਅਤੇ ਇਕ ਤਰ੍ਹਾਂ ਭੁੱਖੇ ਮਰਨ ਲਈ ਮਜਬੂਰ ਕਰ ਦਿੱਤਾ ਗਿਆ। ਉਨ੍ਹਾਂ ਦੀ ਗਲਤ ਜਾਂ ਠੀਕ ਕਾਰਵਾਈ ਦਾ ਤਕਨੀਕੀ ਜਵਾਬ ਤਾਂ ਕੋਈ ਵੀ ਤਨਖਾਹਦਾਰ ਜੱਜ ਜਾਂ ਭਾੜੇ ਦਾ ਵਕੀਲ ਦੇ ਸਕਦਾ ਹੈ ਪਰ ਅਸਲੀ ਜਵਾਬ ਤਾਂ ਉਸ ਜਨਤਾ ਦਾ ਹੋਵੇਗਾ ਜੋ ਸਿਆਸਤਦਾਨਾਂ, ਪੁਲਿਸ ਅਫ਼ਸਰਾਂ ਅਤੇ ਨਿਆਂਇਕ ਅਧਿਕਾਰੀਆਂ ਦੇ ਨਾਪਾਕ ਗੱਠਜੋੜ ਤੋਂ ਤਪੀ ਪਈ ਹੈ। ਅਜੋਕੇ ਪੰਜਾਬ ਦੀ ਹਾਲਤ ਉਸੇ ਤਰ੍ਹਾਂ ਦੀ ਬਣੀ ਹੋਈ ਹੈ ਜਿਸ ਨੂੰ ਸਮਝਣ ਜਾਂ ਪੇਸ਼ ਕਰਨ ਲਈ ਪਿਛਲੀ ਸਦੀ ਅੰਦਰ ਜਾਂ ਪਾਲ ਸਾਰਤਰ ਜਾਂ ਅਲਬੇਅਰ ਕਾਮੂ ਦੀ ਪੀੜ੍ਹੀ ਦੇ ਕੁੱਝ ਫਰਾਂਸੀਸੀ ਨਾਟਕਕਾਰਾਂ ਨੇ "ਮਰਾਸੀਆਂ ਦਾ ਰੰਗਮੰਚ" (ਥੀਏਟਰ ਆਫ ਐਬਸਰਡਿਟੀ) ਵਾਲੀ ਸਾਹਿਤਕ ਵਿਧਾ ਈਜਾਦ ਕੀਤੀ ਸੀ। ਇਕ ਅਜਿਹੀ ਨਾਟਕੀ ਵਿਧਾ ਨਾਲ ਹੀ ਬਲਵਿੰਦਰ ਸਿੰਘ ਸੇਖੋਂ ਅਤੇ ਉਸਦੇ ਸਾਥੀ ਪ੍ਰਦੀਪ ਸ਼ਰਮਾ ਵੱਲੋਂ ਪੰਜਾਬ ਹਾਈ ਕੋਰਟ ਦੇ ਅਹਾਤੇ ਵਿਚ ਕੀਤੇ ਤਾਂਡਵ ਨ੍ਰਿਤ ਦੀ ਭਾਵਨਾ ਨੂੰ ਸਮਝਿਆ ਜਾ ਸਕਦਾ ਹੈ। ਕਾਸ਼ ਕੋਈ ਪੰਜਾਬੀ ਲੇਖਕ ਬਲਵਿੰਦਰ ਸੇਖੋਂ ਵਲੋਂ ਭਾਰਤ ਭੂਸ਼ਣ ਆਸ਼ੂ ਤੋਂ ਲੈ ਕੇ ਪੂਰੇ ਨਿਜ਼ਾਮ ਵਿਰੁੱਧ ਨੰਗੇ ਪਿੰਡੇ ਪੰਜ ਸਾਲਾਂ ਤੋਂ ਵਿੱਢੇ "ਧਰਮ ਯੁੱਧ" ਅਤੇ ਉਸ ਦੀ 'ਐਂਡ ਗੇਮ' ਵਜੋਂ ਸੇਖੋਂ ਅਤੇ ਉਸ ਦੇ ਸਾਥੀ ਪ੍ਰਦੀਪ ਸ਼ਰਮਾ ਵੱਲੋਂ ਹਾਈਕੋਰਟ ਦੇ ਅਹਾਤੇ ਵਿਚ ਜੱਜਾਂ ਅੱਗੇ ਬੇਬਸੀ ਵੱਸ ਨੱਚੇ 'ਤਾਂਡਵ ਨ੍ਰਿਤ' ਦੇ ਸੁੱਚੇ ਦਰਦ ਨੂੰ ਉਜਾਗਰ ਕਰਨ ਲਈ "ਮਰਾਸੀਆਂ ਦੇ ਰੰਗਮੰਚ" ਵਾਲੀ ਵਿਧੀ ਅਨੁਸਾਰ ਰਚੇ ਨਾਟਕਾਂ ਦੀ ਤਰ੍ਹਾਂ ਹੀ ਕਿਸੇ ਲਾਜਵਾਬ ਕਲਾਕ੍ਰਿਤ ਦਾ ਰੂਪ ਦੇ ਦੇਵੇ!

ਸਾਡਾ ਮੰਨਣਾ ਹੈ ਕਿ ਬਲਵਿੰਦਰ ਸੇਖੋਂ ਅਤੇ ਪ੍ਰਦੀਪ ਸ਼ਰਮਾ ਦੀ ਚੀਕ-ਬੁਲਬੁਲੀ ਨੂੰ ਸਹੀ ਅਰਥਾਂ ਵਿਚ ਸਮਝਿਆ ਹੀ ਨਹੀਂ ਗਿਆ। ਉਨ੍ਹਾਂ ਦੋਵਾਂ ਦਾ ਪਿਛੋਕੜ ਕਾਨੂੰਨ ਦੇ ਦਾਇਰੇ ਵਿਚ ਰਹਿ ਕੇ ਕੰਮ ਕਰਨ ਦਾ ਰਿਹਾ ਹੈ। ਉਨ੍ਹਾਂ ਦੀ ਕਦਾਚਿਤ ਵੀ ਇਹ ਮਨਸ਼ਾ ਨਹੀਂ ਸੀ ਕਿ ਕਿਸੇ ਵਿਸ਼ੇਸ਼ ਜੱਜ ਦੀ ਮਾਣਹਾਨੀ ਹੋਵੇ। ਜੇ ਕਿਸੇ ਵਿਸ਼ੇਸ਼ ਜੱਜ ਨੇ ਭੁਲੇਖੇ ਨਾਲ ਇਸਨੂੰ ਅਦਾਲਤ ਦੀ ਮਾਣਹਾਨੀ ਤਸੱਵਰ ਕਰ ਵੀ ਲਿਆ ਹੈ ਤਾਂ ਅਜੇ ਵੀ ਸਮਾਂ ਹੈ ਕਿ ਇਸ ਗਲਤ-ਫਹਿਮੀ ਨੂੰ ਦਰੁਸਤ ਕਰ ਲਿਆ ਜਾਵੇ। ਜੇ ਇਸ ਤਰ੍ਹਾਂ ਨਹੀਂ ਵਾਪਰਦਾ ਤਾਂ ਭਵਿੱਖ ਦਾ ਇਤਿਹਾਸ ਬਹੁਤ ਹੀ ਬੇਕਿਰਕ ਸਜ਼ਾ ਨਿਰਧਾਰਤ ਕਰਦਾ ਹੁੰਦਾ ਹੈ। ਆਪਾਂ ਨੇ ਜਹਾਂਗੀਰ, ਵਜੀਦ ਖਾਨ ਅਤੇ ਔਰੰਗਜ਼ੇਬ ਵਰਗੇ "ਜੱਜਾਂ" ਦੇ ਕੇਸ ਵਿਚ ਇਹ ਵਰਤਾਰਾ ਪੜ੍ਹਿਆ-ਸੁਣਿਆ ਹੋਇਆ ਹੈ।


ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਅਨੁਸਾਰ ਬਲਵਿੰਦਰ ਸਿੰਘ ਸੇਖੋਂ ਅਤੇ ਪ੍ਰਦੀਪ ਸ਼ਰਮਾ ਨੂੰ 20 ਫਰਵਰੀ 2023 ਨੂੰ ਗ੍ਰਿਫਤਾਰ ਕਰ ਕੇ 24 ਫਰਵਰੀ ਨੂੰ ਛੇ-ਛੇ ਮਹੀਨੇ ਦੀ ਸਜ਼ਾ ਅਤੇ 2000-2000 ਰੁਪਏ ਦਾ ਜੁਰਮਾਨਾ ਸੁਣਾ ਕੇ ਜੇਲ੍ਹ ਭੇਜ ਦਿੱਤਾ ਗਿਆ ਸੀ। ਪ੍ਰਦੀਪ ਸ਼ਰਮਾ ਨੂੰ ਇਸ ਕਦਰ ਜ਼ਲੀਲ ਕੀਤਾ ਗਿਆ ਕਿ ਉਸਦੇ ਵਿਦੇਸ਼ ਵਸਦੇ ਪੁੱਤਰ ਨੂੰ ਵੀ ਪ੍ਰੇਸ਼ਾਨ ਕਰ ਦਿੱਤਾ ਗਿਆ। ਰਿਸ਼ਤੇਦਾਰਾਂ ਵੱਲੋਂ ਹੁੱਕਾ ਪਾਣੀ ਛੇਕ ਦੇਣ ਵਰਗੀ ਸਥਿਤੀ ਬਣ ਗਈ। ਉਸਨੂੰ ਘਰੇਲੂ ਮਜਬੂਰੀਆਂ ਕਰਕੇ ਬਾਸ਼ਰਤ ਮੁਆਫ਼ੀ ਮੰਗਣ ਲਈ ਮਜਬੂਰ ਕਰ ਦਿੱਤਾ ਗਿਆ। ਕਿਸੇ ਨੂੰ ਇਹ ਮਿਹਣੇ ਵਰਗੀ ਗੱਲ ਲੱਗ ਸਕਦੀ ਹੈ। ਡਾ. ਦਲੇਰ ਸਿੰਘ ਮੁਲਤਾਨੀ ਦਾ ਵੀ ਮੰਨਣਾ ਸੀ ਕਿ ਬਲਵਿੰਦਰ ਸੇਖੋਂ ਦੀ ਕਾਹਲੀ ਅਤੇ ਜ਼ਾਬਤੇ ਦੀ ਘਾਟ ਕਾਰਨ ਉਨ੍ਹਾਂ ਦੀ ਮੁਹਿੰਮ ਨੂੰ ਥੋੜਾ ਜਿਹਾ ਧੱਕਾ ਜ਼ਰੂਰ ਲੱਗਿਆ ਸੀ। ਮੰਚ ਦੇ ਕੁਝ ਵਿਅਕਤੀਆਂ ਨੂੰ ਨਿਰਾਸ਼ਾ ਵੀ ਹੋਈ ਪਰ ਫੇਰ ਵੀ ਚੜ੍ਹਦੀ ਕਲਾ ਵਿਚ ਹਨ ਅਤੇ ਮੰਚ ਦੇ ਉਦੇਸ਼ਾਂ ਨੂੰ ਆਪਣੇ ਅੰਜਾਮ ਤੱਕ ਲੈ ਕੇ ਜਾਣਗੇ। ਪਰ ਕੀ ਪ੍ਰਦੀਪ ਵੱਲੋਂ ਕਚਹਿਰੀ ਵਿਚ ਸੇਖੋਂ ਨਾਲ ਮਿਲ ਕੇ ਮਾਰੀਆਂ ਹੂਕਾਂ ਦੀ ਅਹਿਮੀਅਤ ਘਟ ਸਕਦੀ ਹੈ? ਸ਼ਾਇਦ ਨਹੀਂ। ਕੀ ਸੇਖੋਂ ਅਤੇ ਪ੍ਰਦੀਪ ਦੀਆਂ ਗੁਸਤਾਖ ਚੀਕਾਂ ਨੂੰ ਸੁਣ ਕੇ ਉਨ੍ਹਾਂ ਦੇ ਆਲੇ-ਦੁਆਲੇ ਖੜ੍ਹੇ ਜੱਜਾਂ ਅਤੇ ਵਕੀਲਾਂ ਨੂੰ ਤੁਰੰਤ ਪੈਰੀਂ ਸਜ਼ਾ ਦੇਣ ਦੀ ਬਜਾਏ, ਆਪਣੀ ਅੰਤਰ-ਆਤਮਾ ਅੰਦਰ ਝਾਤੀ ਮਾਰਨ ਲਈ ਮਜਬੂਰ ਨਹੀਂ ਹੋਣਾ ਚਾਹੀਦਾ ਸੀ ਬਈ ਉਹ ਦੁਹਾਈਆਂ ਕਿਉਂ ਪਾ ਰਹੇ ਸਨ? ਉਨ੍ਹਾਂ ਦੀ ਪੀੜਾ ਲੋਕ ਮਨਾਂ ਵਿਚ ਤਰੰਗਾਂ ਛੇੜਦੀ ਰਹੇਗੀ। ਇੱਥੇ ਮੈਨੂੰ ਇਸ ਤ੍ਰਾਸਦਿਕ ਸਥਿਤੀ ਵਿਚ ਉਨ੍ਹਾਂ ਵੱਲੋਂ ਕੀਤੀ ਗਈ ਕਾਰਵਾਈ ਪੰਜਾਬ ਦੇ ਅਜ਼ੀਮ ਸ਼ਾਇਰ ਸੁਰਜੀਤ ਪਾਤਰ ਦੀਆਂ ਇਨ੍ਹਾਂ ਸਤਰਾਂ ਨਾਲ ਯਾਦ ਦਿਵਾਉਂਦੀ ਹੈ: "ਜੋ ਰੰਗਾਂ 'ਚ ਚਿੱਤਰੇ ਨੇ ਖੁਰ ਜਾਣਗੇ, ਜੋ ਮਰਮਰ 'ਚ ਉਕਰੇ ਨੇ ਮਿਟ ਜਾਣਗੇ, ਬਲਦੇ ਹੱਥਾਂ ਨੇ ਜੋ ਹਵਾ 'ਚ ਲਿਖੇ ਹਰਫ਼ ਉਹੀ ਹਮੇਸ਼ਾ ਲਈ ਲਿਖੇ ਰਹਿਣਗੇ।" ਸੇਖੋਂ ਅਜੇ ਵੀ ਪਿਛਲੇ ਚਾਰ ਮਹੀਨੇ ਤੋਂ ਕੈਦ ਕੱਟ ਰਿਹਾ ਹੈ। ਪਰ ਕੁਝ ਚੈਨਲਾਂ ਵੱਲੋਂ ਇਹ ਗੁਮਰਾਹਕੁਨ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਉਹ ਵੀ ਮੁਆਫੀ ਮੰਗ ਰਿਹਾ ਹੈ।

ਇੱਥੇ ਇਕ ਹੋਰ ਗੱਲ ਦਾ ਵੇਰਵਾ ਦੇਣਾ ਵੀ ਕੁਥਾਂਅ ਨਹੀਂ ਹੋਵੇਗਾ। ਲੁਧਿਆਣੇ ਦੇ ਉਂਘੇ ਵਕੀਲ, ਸਾਬਕਾ ਐਮ.ਐਲ.ਏ. ਅਤੇ ਸੇਖੋਂ ਦੇ ਮਿੱਤਰ ਹਰੀਸ਼ ਢਾਂਡਾ ਨੇ ਖੁਲਾਸਾ ਕੀਤਾ ਸੀ ਕਿ ਸੇਖੋਂ ਨੂੰ ਪਹਿਲਾਂ ਦਰਖ਼ਤ ਵੇਚਣ ਦੇ ਝੂਠੇ ਕੇਸ ਤਹਿਤ ਵੀ ਮੁਅੱਤਲ ਕੀਤਾ ਸੀ। ਇਕ ਪੁਲਿਸ ਅਫ਼ਸਰ ਨੇ ਉਸਦੀ ਨੌਕਰੀ ਬਹਾਲ ਕਰਨ ਲਈ ਵੀਹ ਲੱਖ ਦੀ ਰਿਸ਼ਵਤ ਲਈ ਸੀ। ਜਾਂਚ ਦੌਰਾਨ ਸਬੰਧਤ ਅਫਸਰ ਦੀ ਬਦਲੀ ਹੋ ਗਈ ਅਤੇ ਸਿੱਟੇ ਵਜੋਂ ਨਾ ਸੇਖੋਂ ਬਹਾਲ ਹੋ ਸਕਿਆ ਨਾ ਹੀ ਵੀਹ ਲੱਖ ਰੁਪਏ ਵਾਪਸ ਮਿਲੇ। ਉਨ੍ਹਾਂ ਨੇ ਇਕ ਨਿਆਂਇਕ ਪ੍ਰਕਿਰਿਆ ਦਾ ਦਿਲਚਸਪ ਕਿੱਸਾ ਸੁਣਾਉਂਦਿਆਂ ਦੱਸਿਆ ਕਿ ਕਿਸੇ ਕਾਲਜ ਦੇ ਲੈਕਚਰਾਰ ਦੀ ਨਿਯੁਕਤੀ ਵਾਲੀ ਮੈਰਿਟ ਲਿਸਟ ਵਿਚ ਉਨ੍ਹਾਂ ਦੀ ਪਤਨੀ ਪਹਿਲੇ ਨੰਬਰ ਉਪਰ ਸੀ ਪਰ ਚੋਣ ਦਸਵੇਂ ਨੰਬਰ ਦੀ ਉਮੀਦਵਾਰ ਦੀ ਕਰ ਲਈ ਗਈ। ਉਨ੍ਹਾਂ ਨੇ ਅਦਾਲਤ ਵਿਚ ਕੇਸ ਕੀਤਾ ਪਰ ਇਹ ਮਾਮਲਾ ਉਦੋਂ ਤਕ ਲਟਕਦਾ ਰਿਹਾ ਜਦੋਂ ਤਕ ਬਿਨਾਂ ਮੈਰਿਟ ਤੋਂ ਚੁਣੀ ਗਈ ਲੈਕਚਰਾਰ ਸੇਵਾ ਮੁਕਤ ਨਹੀਂ ਹੋ ਗਈ। ਇਹ ਘਟਨਾ ਅਦਾਲਤਾਂ ਵਿਚ ਕੇਸਾਂ ਨੂੰ ਲਮਕਾਉਣ ਦੀ ਤਸਵੀਰ ਪੇਸ਼ ਕਰਦੀ ਹੈ। ਨਸ਼ਿਆਂ ਵਾਲੀਆਂ ਰਿਪੋਰਟਾਂ ਦਾ ਪੰਜ ਸਾਲ ਤਕ ਹਾਈ ਕੋਰਟ ਵਿਚ ਦੱਬਿਆ ਰਹਿਣਾ ਵੀ ਕੋਈ ਅਪਵਾਦ ਨਹੀਂ ਹੈ। ਕੀ ਇਸ ਤੋਂ ਇਹ ਮਹਿਸੂਸ ਨਹੀਂ ਹੁੰਦਾ ਕਿ ਅਦਾਲਤਾਂ ਵੀ ਤੰਤਰ ਦੀ ਹੀ ਰਖਵਾਲੀ ਕਰ ਰਹੀਆਂ ਹਨ? ਇੱਥੇ ਪਾਤਰ ਦੀਆਂ ਇਹ ਸਤਰਾਂ ਵੀ ਬਾਖੂਬੀ ਢੁਕਦੀਆਂ ਹਨ:

"ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ
ਫੈਸਲੇ ਸੁਣਦਿਆਂ ਸੁਣਦਿਆਂ ਸੁੱਕ ਗਏ
ਆਖੋ ਇਨ੍ਹਾਂ ਨੂੰ ਉਜੜੇ ਘਰਾਂ ਜਾਣ ਉਹ
ਉਹ ਕਦੋਂ ਤੱਕ ਇੱਥੇ ਖੜੇ ਰਹਿਣਗੇ।"

ਚਲੋ ਅੱਗੇ ਵਧਦੇ ਹਾਂ। ਕੀ ਇਹ ਨੋਟ ਕਰਨ ਵਾਲੀ ਗੱਲ ਨਹੀਂ ਹੈ ਕਿ ਪੁਲਿਸ ਦੀਆਂ ਵਿਸ਼ੇਸ਼ ਜਾਂਚ ਟੀਮਾਂ ਦੀਆਂ ਰਿਪੋਰਟਾਂ ਵਿਚ ਗੰਭੀਰ ਮੁੱਦੇ ਉਠਾਉਣ ਤੋਂ ਬਾਅਦ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ? ਪੰਜਾਬ ਸਰਕਾਰ ਵੱਲੋਂ ਜੇ ਇਮਾਨਦਾਰੀ ਨਾਲ ਪੜਤਾਲ ਕਰਵਾਈ ਜਾਵੇ ਤਾਂ ਬਹੁਤ ਸਾਰੇ ਸਾਬਕਾ ਅਤੇ ਮੌਜੂਦਾ ਪੁਲਿਸ ਅਫ਼ਸਰਾਂ ਤੇ ਸਿਆਸੀ ਨੇਤਾਵਾਂ ਲਈ ਬਿਪਤਾ ਖੜੀ ਹੋ ਜਾਵੇਗੀ। ਆਮ ਆਦਮੀ ਪਾਰਟੀ ਨੇ ਪੰਜਾਬ ਵਿਚ ਸਰਕਾਰ ਬਣਾਉਣ ਤੋਂ ਪਹਿਲਾਂ ਨਸ਼ਿਆਂ ਦੇ ਅਤੇ ਇਕ ਵਿਸ਼ੇਸ਼ ਅਕਾਲੀ ਆਗੂ ਦੇ ਖ਼ਿਲਾਫ ਧੂੰਆਂਧਾਰ ਪ੍ਰਚਾਰ ਕਰ ਕੇ ਜਨਤਾ ਦਾ ਦਿਲ ਜਿੱਤਣ ਦੀ ਕੋਸ਼ਿਸ਼ ਕੀਤੀ ਸੀ ਪਰ 'ਆਪ' ਨੇ ਪੰਜਾਬ ਦੀ ਵਾਗਡੋਰ ਸੰਭਾਲਦਿਆਂ ਹੀ ਸੂਬੇ ਵਿਚੋਂ ਇਸ ਨਸ਼ਿਆਂ ਦੀ ਮਹਾਂਮਾਰੀ ਨੂੰ ਖ਼ਤਮ ਕਰਨ ਲਈ ਕੋਈ ਖਾਸ ਤਰੱਦਦ ਨਹੀਂ ਕੀਤਾ। ਸਗੋਂ ਹਰਪਾਲ ਚੀਮਾ ਅਤੇ ਮੀਤ ਹੇਅਰ ਵਰਗੇ ਮੰਤਰੀਆਂ ਉਪਰ ਚੌਕਸੀ ਵਿਭਾਗ ਵੱਲੋਂ ਕੇਸ ਚਲਾਉਣ ਲਈ ਮੰਗੀ ਗਈ ਲਾਜ਼ਮੀ ਮਨਜ਼ੂਰੀ ਦੇਣ ਤੋਂ ਟਾਲਾ ਵੱਟਣ ਦੇ ਦੋਸ਼ ਲੱਗ ਰਹੇ ਹਨ। ਸਰਕਾਰਾਂ ਪਹਿਲਾਂ ਵੀ ਕੁਝ ਛੋਟੀਆਂ ਮੱਛੀਆਂ ਵਿਰੁੱਧ ਕਾਰਵਾਈ ਕਰਦੀਆਂ ਆ ਰਹੀਆਂ ਹਨ ਪਰ ਕਾਲੇ ਕਾਰੋਬਾਰ ਦੇ ਵੱਡੇ ਮਗਰਮੱਛ ਹਮੇਸ਼ਾ ਹੀ ਬਚ ਜਾਂਦੇ ਰਹੇ ਹਨ। ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬ ਵਿਚ ਨਸ਼ੀਲੇ ਪਦਾਰਥਾਂ ਦੇ ਗੈਰ-ਕਾਨੂੰਨੀ ਵਪਾਰ ਵਿਚ ਤੇਜ਼ੀ ਨਾਲ ਹੋ ਰਹੇ ਵਧਾਰੇ ਨੇ ਗੰਭੀਰ ਚਿੰਤਾ ਜ਼ਰੂਰ ਪੈਦਾ ਕੀਤੀ ਹੈ। ਇਕ ਅੰਦਾਜ਼ੇ ਮੁਤਾਬਕ ਦੋ ਦੀ ਔਸਤ ਨਾਲ ਹਰ ਰੋਜ਼ ਨਸ਼ੇ ਦੀ ਵਾਧੂ ਡੋਜ਼ ਜਾਂ ਨਸ਼ੇ ਦੀ ਘਾਟ ਸਦਕਾ ਗਭਰੇਟਾਂ ਦੀ ਮੌਤ ਹੋ ਰਹੀ ਹੈ। ਪੁਲੀਸ ਦੇ ਰੋਜ਼ਨਾਮਚੇ ਵਿਚ ਨਾ ਚੜ੍ਹਨ ਵਾਲੇ ਜਾਂ ਸਮਾਜਿਕ ਬਦਨਾਮੀ ਡਰੋਂ ਚੁੱਪ-ਚੁਪੀਤੇ ਸਸਕਾਰ ਕੀਤੇ ਜਾਣ ਵਾਲੇ ਵਿਅਕਤੀ ਵੱਖਰੇ ਹਨ। ਨੌਜਵਾਨਾਂ ਖਾਸ ਕਰਕੇ ਕੁੜੀਆਂ ਦੀਆਂ ਮੌਤਾਂ ਨੂੰ ਦਿਲ ਫੇਲ੍ਹ ਹੋ ਜਾਣ ਦੇ ਖਾਤੇ ਵਿਚ ਪਾ ਦਿੱਤਾ ਜਾਂਦਾ ਹੈ।

ਸਰਕਾਰਾਂ ਮੌਜੂਦਾ ਖਤਰੇ ਨੂੰ ਰੋਕਣ ਲਈ ਬੁਰੀ ਤਰ੍ਹਾਂ ਅਸਫਲ ਸਾਬਤ ਹੋ ਰਹੀਆਂ ਹਨ। ਹੇਠਲੇ ਦਰਜੇ ਦੇ ਪੁਲਿਸ ਮੁਲਾਜ਼ਮਾਂ, ਆਮ ਨਸ਼ੇੜੀਆਂ, ਛੋਟੇ ਤਸਕਰਾਂ ਨੂੰ ਗ੍ਰਿਫਤਾਰ ਕਰਨਾ ਆਮ ਜਿਹੀ ਗੱਲ ਹੈ ਪਰ ਪੁਲਿਸ ਦੇ ਉੱਚ ਅਧਿਕਾਰੀਆਂ ਅਤੇ ਸਿਆਸਤਦਾਨਾਂ ਦੀ ਮਿਲੀਭੁਗਤ ਨਾਲ ਚੱਲ ਰਹੇ ਡਰੱਗ ਸਿੰਡੀਕੇਟਾਂ ਅਤੇ ਮਾਫੀਆ ਦੇ ਨਾਮੀ ਵਿਅਕਤੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ। ਨਸ਼ੇ ਦੇ ਧੰਦੇ ਵਿਚ ਲਿਪਤ ਅਖੌਤੀ ਇੰਸਪੈਕਟਰ (ਅਸਲ ਵਿਚ ਹੌਲਦਾਰ) ਇੰਦਰਜੀਤ ਸਿੰਘ ਵਰਗੇ ਅਨੇਕਾਂ ਮੁਲਾਜ਼ਮਾਂ ਨੂੰ ਪ੍ਰਮੋਟ ਕਰਨ ਵਾਲੇ ਅਧਿਕਾਰੀਆਂ ਨੂੰ ਅਜੇ ਤੱਕ ਵੀ ਹੱਥ ਨਹੀਂ ਪਾਇਆ ਗਿਆ। ਏਆਈਜੀ ਰਾਜਜੀਤ ਸਿੰਘ ਹੁੰਦਲ ਤਾਂ ਇਕ ਅਪਵਾਦ ਹੈ, ਜਿਸਦਾ ਨਾਮ ਉਛਾਲ ਕੇ ਪਤਾ ਨਹੀਂ ਕਿੰਨੇ ਹੀ ਹਜ਼ਾਰਾਂ ਅਫ਼ਸਰਾਂ ਤੇ ਸਿਆਸਤਦਾਨਾਂ ਨੂੰ ਬੇਪਰਦ ਹੋਣ ਤੋਂ ਬਚਾ ਲਿਆ ਗਿਆ ਹੈ। ਪਰ ਫੇਰ ਵੀ ਇਹ ਸ਼ੁਭ ਸ਼ੁਰੂਆਤ ਹੈ ਕਿ ਪਹਿਲੀ ਵਾਰ ਕਿਸੇ ਸੀਨੀਅਰ ਪੁਲਿਸ ਅਧਿਕਾਰੀ ਨੂੰ ਨੌਕਰੀ ਤੋਂ ਬਰਖਾਸਤ ਕੀਤਾ ਗਿਆ ਹੈ। ਇਹ ਗੱਲ ਬਿਨਾਂ ਸ਼ੱਕ ਸਾਬਤ ਹੁੰਦੀ ਹੈ ਕਿ ਪੁਲਿਸ ਅਤੇ ਸਿਆਸਤਦਾਨ ਤੇਜ਼ੀ ਨਾਲ ਕਾਲਾ ਧਨ ਕਮਾਉਣ ਲਈ ਸਿੰਥੈਟਿਕ ਨਸ਼ਿਆਂ ਦੇ ਕਾਰੋਬਾਰ ਵਿਚ ਡੂੰਘੀ ਤਰ੍ਹਾਂ ਸ਼ਾਮਲ ਹਨ। ਬੇਸ਼ਕ ਇਹ ਉਮੀਦ ਕਰਨਾ ਬੇਲੋੜਾ ਹੈ ਪਰ ਕਹਿਣਾ ਤਾਂ ਪਵੇਗਾ ਹੀ ਕਿ ਇਸ ਬੁਰਿਆਈ ਨੂੰ ਖਤਮ ਕਰਨ ਲਈ ਸਰਕਾਰ ਨੂੰ ਧੜੱਲੇ ਅਤੇ ਇਮਾਨਦਾਰੀ ਨਾਲ ਯਤਨ ਕਰਨੇ ਚਾਹੀਦੇ ਹਨ।


ਭਾਰਤ ਭੂਸ਼ਣ ਆਸ਼ੂ

ਇਹ ਸਮਝਣ ਦੀ ਲੋੜ ਹੈ ਕਿ ਨਸ਼ਾ ਸਿਰਫ ਪੰਜਾਬ ਵਿਚ ਹੀ ਨਹੀਂ ਸਗੋਂ ਹੋਰਨਾਂ ਸੂਬਿਆਂ ਵਿਚ ਵੀ ਇਕ ਗੰਭੀਰ ਸਮੱਸਿਆ ਹੈ। ਘਾਤਕ ਅਤੇ ਰਸਾਇਣਕ ਨਸ਼ਿਆਂ ਤੋਂ ਬਚਣ ਦਾ ਇਕ ਹੱਲ ਇਹ ਵੀ ਸੁਝਾਇਆ ਜਾਂਦਾ ਹੈ ਕਿ ਪੰਜਾਬ ਵਿਚ ਅਫ਼ੀਮ ਦੀ ਖੇਤੀ ਨੂੰ ਲਾਇਸੈਂਸ ਪ੍ਰਣਾਲੀ ਨਾਲ ਜੋੜ ਕੇ ਕਾਨੂੰਨੀ ਰੂਪ ਦਿੱਤਾ ਜਾ ਸਕਦਾ ਹੈ ਜਿਵੇਂ ਕਿ ਇਹ ਮੱਧ ਪ੍ਰਦੇਸ਼, ਯੂਪੀ ਅਤੇ ਰਾਜਸਥਾਨ ਵਿਚ ਪਹਿਲਾਂ ਹੀ ਚੱਲ ਰਿਹਾ ਹੈ। ਇਕ ਨਿਸ਼ਚਤ ਪੈਦਾਵਾਰ ਕਰਨ ਵਾਲੇ ਕਿਸਾਨਾਂ ਅਤੇ ਵਪਾਰੀਆਂ ਉਪਰ ਟੈਕਸ ਲਾਇਆ ਜਾ ਸਕਦਾ ਹੈ। ਅਫ਼ੀਮ ਦੀ ਖਪਤ ਨੂੰ ਹਸਪਤਾਲਾਂ ਅਧੀਨ ਰੱਖਿਆ ਜਾ ਸਕਦਾ ਹੈ ਅਤੇ ਅਮਲੀਆਂ ਲਈ ਲੋੜੀਂਦੀ ਮਿਕਦਾਰ ਤੈਅ ਕੀਤੀ ਜਾ ਸਕਦੀ ਹੈ। ਪਰ ਇਹ ਸਾਰੇ ਵਕਤੀ ਹੱਲ ਹਨ। ਡਾ. ਮੁਲਤਾਨੀ ਇਸ ਪਹੁੰਚ ਨਾਲ ਇਤਫ਼ਾਕ ਨਹੀਂ ਰੱਖਦੇ। ਉਨ੍ਹਾਂ ਦੀ ਰਾਏ ਹੈ ਕਿ ਇਸ ਨਾਲ ਨਸ਼ਿਆਂ ਦੀ ਸਮੱਸਿਆ ਹੋਰ ਗੰਭੀਰ ਹੋ ਸਕਦੀ ਹੈ। ਅਸਲ ਵਿਚ ਸਾਰੇ ਹੀ ਕੰਮ ਕਰਨਯੋਗ ਵਿਅਕਤੀਆਂ ਲਈ ਢੁਕਵੇਂ ਰੁਜ਼ਗਾਰ, ਮਨੋਰੰਜਨ, ਖੇਡਾਂ ਅਤੇ ਸਿਰਜਣਾਤਮਕ ਸਰਗਰਮੀਆਂ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਪੰਜਾਬ ਅਤੇ ਸਮੁੱਚੇ ਦੇਸ਼ ਵਿਚ ਨਸ਼ਿਆਂ ਨੂੰ ਖਤਮ ਕਰਨ ਲਈ ਲੋਕ ਜਮਹੂਰੀ ਸਮਾਜ ਹੀ ਇਕੋ ਇਕ ਹੱਲ ਹੈ।

ਲੱਗਦੈ 'ਮਰਾਸੀਆਂ ਦੇ ਰੰਗਮੰਚ' ਵਿਚ ਉਲਝ ਗਿਆ ਹੈ, ਸਾਬਕਾ ਡੀ.ਐਸ.ਪੀ.ਸੇਖੋਂ ਅਤੇ ਉਸਨੂੰ ਫੰਦੇ ਵਿਚੋਂ ਕੱਢਣ ਲਈ ਕਿਸੇ "ਗੋਦੋ ਦੀ ਉਡੀਕ ਵਿਚ" ਬਾਹਰ ਖੜ੍ਹੇ ਤੱਕ ਰਹੇ ਹਨ, ਉਸਦੇ ਬੇਬਸ ਹਮਦਰਦ ਲੋਕ !!!

# ਰੁਤਬੇ ਦੀਆਂ ਜੁਰਾਬਾਂ ਲਾਹ ਕੇ ਮਿਲਣ ਵਾਲਾ ਬੀਰ ਦੇਵਿੰਦਰ ਸਿੰਘ ਤੁਰ ਗਿਆ

ਗੁਰਭਜਨ ਗਿੱਲ

ਬੜੇ ਚਿਰਾਂ ਬਾਅਦ ਕਿਸੇ ਸਿਆਸਤ ਦੇ ਪਾਂਧੀ ਦੇ ਤੁਰ ਜਾਣ 'ਤੇ ਦਿਲ ਡੁੱਬਿਆ ਹੈ। ਅਸਲ ਵਿਚ ਉਹ ਸਿਆਸਤ ਵਿਚ ਜ਼ਰੂਰ ਸੀ ਪਰ ਸਿਆਸਤੀ ਨਹੀਂ ਸੀ। ਸੁਭਾਸ਼ ਚੰਦਰ ਬੋਸ ਦੇ ਬੋਲ 'ਏਕਲਾ ਚਲੋ ਰੇ' ਉਸ ਨੇ ਸਾਹੀਂ ਰਮਾ ਲਏ ਸਨ। ਉਹ ਯਾਰਾਂ ਦਾ ਯਾਰ ਸੀ ਪਰ ਸਿਆਸਤ 'ਚ ਇਕ ਪੁਰਖੀ ਕਾਫ਼ਲਾ ਸੀ। ਬਹੁਤ ਸਾਰੇ ਲੋਕਾਂ ਲਈ ਉਹ ਦਲ-ਬਦਲੀ ਕਰਕੇ ਸੱਤਾ ਦੇ ਆਖ਼ਰੀ ਡੰਡੇ ਤੀਕ ਨਾ ਪਹੁੰਚਿਆ, ਪਰ ਆਪਣੀਆਂ ਸ਼ਰਤਾਂ 'ਤੇ ਜੀਊਣ ਵਾਲੀ ਧਰਤੀ ਹੋਰ ਹੁੰਦੀ ਹੈ। ਉਹ ਤਾਂ ਰੱਤ ਪੀਣਿਆਂ ਦੇ ਟੱਬਰ 'ਚ ਤਾਕਤ ਭਾਲਦਾ ਸੀ, ਜਿੱਥੇ ਸ਼ਬਦ, ਸੁਰ, ਸਲੀਕਾ ਤੇ ਸੁਹਜ ਬਾਹਰ ਰੱਖ ਕੇ ਆਉਣਾ ਪੈਂਦਾ ਹੈ।

ਸੱਤਾਧਾਰੀਆਂ ਨੇ ਫ਼ੈਜ਼ ਅਹਿਮਦ ਫ਼ੈਜ਼, ਨਾਜ਼ਿਮ ਹਿਕਮਤ, ਇਕਬਾਲ ਜਾਂ ਖੀਲ ਜਿਬਰਾਨ ਤੋਂ ਕੀ ਲੈਣਾ ਹੈ, ਉਨ੍ਹਾਂ ਤਾਂ ਘੁੰਮਣ ਵਾਲੀ ਕੁਰਸੀ ਲੈਣੀ ਹੈ।

ਬੀਤੇ ਦਿਨੀਂ ਖਬਰ ਮਿਲੀ ਤਾਂ ਲੱਗਿਆ ਜਿਵੇਂ ਸਰੀਰ ਦਾ ਪਾਸਾ ਮਾਰਿਆ ਗਿਆ ਹੋਵੇ। ਐਨਟਨ ਚੈਖਵ ਦੀ ਕਹਾਣੀ 'ਗਰੀਫ' ਯਾਦ ਆਈ। ਪੁੱਤਰ ਮਰੇ 'ਤੇ ਜਦ ਟਾਂਗੇ ਵਾਲੇ ਕੋਚਵਾਨ ਨੂੰ ਕੋਈ ਦਰਦ ਸੁਣਨ ਵਾਲਾ ਨਹੀਂ ਮਿਲਦਾ ਤਾਂ ਉਹ ਆਪਣੇ ਘੋੜੇ ਦੇ ਗਲ ਬਾਹਾਂ ਪਾ ਕੇ ਪੁੱਤ ਦੀਆਂ ਗੱਲਾਂ ਕਰ ਕਰ ਕੇ ਦਿਲ ਹੌਲਾ ਕਰਦਾ ਹੈ।

ਮੇਰੇ ਗੁਆਂਢੀ ਪਿੰਡ ਬੰਬ ਦਾ ਜ਼ਹੀਨ ਤੇ ਮਹੀਨ ਸੂਝ ਵਾਲਾ ਨਿੱਕਾ ਵੀਰ ਹਰਜਿੰਦਰ ਸਿੰਘ ਰੰਧਾਵਾ ਨਾਲ ਮੇਰੀ ਗੱਲ ਚੱਲ ਰਹੀ ਸੀ ਉਦੋਂ ਜਦ ਇਹ ਖ਼ਬਰ ਪਰਮਿੰਦਰ ਜੱਟਪੁਰੀ ਨੇ ਭੇਜੀ ਮੈਨੂੰ। ਮੈਂ ਵਿਚੋਂ ਹੀ ਫੋਨ ਕੱਟ ਕੇ ਖ਼ਬਰ ਪੜ੍ਹੀ ਤਾਂ ਮੇਰੀ ਲੇਰ ਨਿਕਲ ਗਈ। ਹਰਜਿੰਦਰ ਨਾਲ ਦਰਦ ਸਾਂਝਾ ਕੀਤਾ ਪਰ ਟੁੱਟਵੇਂ ਸ਼ਬਦਾਂ ਵਿਚ। ਉਹ ਵੀ ਬੀਰ ਦੇਵਿੰਦਰ ਸਿੰਘ ਦੇ ਗਿਆਨਸਾਗਰ ਦਾ ਸਦ ਅਭਿਲਾਖੀ ਸੀ।

ਇੰਗਲੈਂਡ ਤੋਂ ਬਜ਼ੁਰਗ ਲੇਖਕ ਸ. ਬਲਬੀਰ ਸਿੰਘ ਕੰਵਲ ਦਾ ਫੋਨ ਆਇਆ, ਬੀਰ ਦੇਵਿੰਦਰ ਚਲਾ ਗਿਆ? ਮੇਰਾ ਮਿੰਟਗੁਮਰੀ ਸਕੂਲ ਜਲੰਧਰ ਵਿਚ ਵਿਦਿਆਰਥੀ ਸੀ ਕਦੇ। ਸ਼ਬਦ ਸਲੀਕਾ ਬਚਪਨ ਤੋਂ ਹੀ ਉਸ ਦਾ ਸੰਗੀ ਸੀ।

ਇੰਡੀਅਨ ਐਕਸਪ੍ਰੈਸ ਦੀ ਚੰਡੀਗੜ੍ਹ ਤੋਂ ਰੈਜ਼ੀਡੈਂਟ ਐਡੀਟਰ ਮਨਰਾਜ ਗਰੇਵਾਲ ਦਾ ਉਦਾਸ ਫੋਨ ਆਇਆ। ਬੀਰ ਦੇਵਿੰਦਰ ਸਿੰਘ ਮਹੱਤਵਪੂਰਨ ਵਿਸ਼ਿਆਂ 'ਤੇ ਅਕਸਰ ਗੱਲ ਤੋਰਦੇ। ਇਤਿਹਾਸ ਤੋਂ ਵਰਤਮਾਨ ਤੀਕ ਤਾਰੀਆਂ ਲਾਉਂਦੇ।



ਮੈਨੂੰ ਚੇਤੇ ਆਇਆ ਸਆਦਤ ਹਸਨ ਮੰਟੋ ਦੀ ਜਨਮ ਸ਼ਤਾਬਦੀ ਦਾ ਸਾਲ। ਸਮਰਾਲੇ ਸਮਾਗਮ ਸੀ। ਮੈਂ ਸੂਚਨਾ ਦਿੱਤੀ ਤਾਂ ਬੋਲੇ ਕਿ ਅਵੱਸ਼ ਆਵਾਂਗਾ। ਉਹ ਆਏ ਅਤੇ ਅਡੋਲ ਸਰੋਤਿਆਂ ਵਿਚ ਬੈਠ ਗਏ, ਸਭ ਹੈਰਾਨ ਕਿ ਉਨ੍ਹਾਂ ਨੇ ਕੋਈ ਉਚੇਚ ਨਹੀਂ ਚਾਹਿਆ। ਕਹਾਣੀਕਾਰ ਸੁਖਜੀਤ ਕੱਲ੍ਹ ਹੀ ਮੈਨੂੰ ਇਸ ਗੱਲ ਦਾ ਚੇਤਾ ਕਰਵਾ ਰਿਹਾ ਸੀ।

ਕਈ ਸਾਲ ਪਹਿਲਾਂ ਨਿਰਮਲ ਰਿਸ਼ੀ, ਬਲਵਿੰਦਰ ਗਿੱਲ, ਜਨਮੇਜਾ ਸਿੰਘ ਜੌਹਲ ਅਤੇ ਕੁਝ ਹੋਰ ਦੋਸਤਾਂ ਨੇ ਰਲ ਕੇ ਜਗਦੀਸ਼ ਸਚਦੇਵਾ ਦਾ ਨਾਟਕ 'ਸਾਵੀ' ਪੰਜਾਬੀ ਭਵਲ 'ਚ ਅਲਾਈਵ ਆਰਟਿਸਟ ਗਰੁੱਪ ਵਲੋਂ ਖੇਡਣ ਦਾ ਮਨ ਬਣਾਇਆ। ਤਿਆਰੀ ਉਪਰੰਤ ਮੁੱਖ ਮਹਿਮਾਨ ਵਜੋਂ ਬੀਰ ਦੇਵਿੰਦਰ ਸਿੰਘ ਨੂੰ ਬੁਲਾਇਆ ਗਿਆ। ਉਦੋਂ ਉਹ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਸਨ। ਸਮਾਪਤੀ 'ਤੇ ਬੋਲਣ ਵੇਲੇ ਉਨ੍ਹਾਂ ਗੁੱਜਰ ਕਬੀਲੇ ਦੇ ਸੱਭਿਆਚਾਰ ਬਾਰੇ ਇਸ ਨਾਟਕ ਦੀ ਰੱਜਵੀਂ ਤਾਰੀਫ਼ ਕੀਤੀ ਤੇ ਐਲਾਨ ਕੀਤਾ ਕਿ ਇਹ ਨਾਟਕ ਪੰਜਾਬ ਵਿਧਾਨ ਸਭਾ ਦੇ ਸਾਰੇ ਮੈਂਬਰਾਂ ਨੂੰ ਚੰਡੀਗੜ੍ਹ ਵਿਚ ਦਿਖਾਇਆ ਜਾਵੇਗਾ। ਉਨ੍ਹਾਂ ਉਹ ਨਾਟਕ ਵਿਧਾਨ ਸਭਾ ਵਲੋਂ ਕਰਵਾਇਆ, ਜਿਸ ਵਿਚ ਵਿਧਾਨ ਸਭਾ ਦੇ ਸਪੀਕਰ ਡਾ. ਕੇਵਲ ਕ੍ਰਿਸ਼ਨ ਤੇ ਵਿੱਤ ਮੰਤਰੀ ਸ. ਲਾਲ ਸਿੰਘ ਵੀ ਆਏ। ਪੰਜਾਹ ਕੁ ਵਿਧਾਇਕ ਪਰਿਵਾਰ ਸਮੇਤ ਸਨ, ਅਧਿਕਾਰੀ ਲੋਕ ਵੀ।

ਗੱਲਾਂ ਤਾਂ ਬਹੁਤ ਕਰਨ ਵਾਲੀਆਂ ਨੇ ਪਰ ਕਦੇ ਫੇਰ ਸਹੀ।

ਜਾਂਦੇ ਜਾਂਦੇ ਪਹਿਲੀ ਮੁਲਾਕਾਤ ਚੇਤੇ ਆ ਗਈ। 1985-86 ਦੀ ਗੱਲ ਹੋਵੇਗੀ ਜਦ ਬੀਰ ਦੇਵਿੰਦਰ ਸਿੰਘ ਆਪਣੇ ਨਿੱਕੇ ਵੀਰ ਪਰਮਜੀਤ ਸਿੰਘ ਸਰਾਓ ਦੇ ਨਾਲ ਗੁਰਮਤਿ ਸੰਗੀਤ ਵਾਲੇ ਵੀਰ ਗੁਰਨਾਮ ਸਿੰਘ ਨੂੰ ਨਾਲ ਲੈ ਕੇ ਸ. ਜਸਦੇਵ ਸਿੰਘ ਜੱਸੋਵਾਲ ਦੇ ਘਰ ਆਏ। ਗੁਰਨਾਮ ਨੇ ਜਗਤਾਰ, ਸ.ਸ. ਮੀਸ਼ਾ, ਕੁਲਵੰਤ ਗਰੇਵਾਲ ਤੇ ਕੁਝ ਹੋਰ ਪਸੰਦੀਦਾ ਸ਼ਾਇਰਾਂ ਦੀਆਂ ਰਚਨਾਵਾਂ ਕੈਸੇਟ ਵਿਚ ਰਿਕਾਰਡ ਕੀਤੀਆਂ ਸਨ ਉਦੋਂ। ਇਸ ਵਿਚ ਕੁਮੈਂਟਰੀ ਸ. ਬੀਰ ਦੇਵਿੰਦਰ ਸਿੰਘ ਦੀ ਸੀ। ਉਸ ਸਿਆਲੀ ਦੁਪਹਿਰ ਅਸੀਂ ਗੁਰਨਾਮ ਦੀਆਂ ਗਾਈਆਂ ਗ਼ਜ਼ਲਾਂ ਤੇ ਬੀਰ ਦੇਵਿੰਦਰ ਸਿੰਘ ਦੀਆਂ ਜੱਸੋਵਾਲ ਜੀ ਨਾਲ ਸਬੰਧਤ ਯਾਦਾਂ ਦੇ ਨਿੱਘ ਵਿਚ ਗੁਜ਼ਾਰੀ।

ਕੁਝ ਅਰਸਾ ਪਹਿਲਾਂ ਅਸੀਂ ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ ਦੇ ਹਾਲ ਵਿਚ ਡਾ. ਗੁਰਨਾਮ ਸਿੰਘ ਦੀ ਜੋਗੀ ਅੱਲ੍ਹਾ ਯਾਰ ਖਾਂ ਦੀ ਰਚਨਾ ਦੀ ਸੰਗੀਤਕ ਐਲਬਮ ਤੇ ਵੀਡੀਓ ਦੇ ਲੋਕ ਅਰਪਣ ਸਮਾਗਮ 'ਚ ਇਕੱਠੇ ਹੋਏ। ਦਿਲੀਓਂ ਡਾ. ਜਸਪਾਲ ਸਿੰਘ ਜੀ ਵੀ ਆਏ ਹੋਏ ਸਨ। ਡਾ. ਐਸ ਪੀ ਸਿੰਘ (ਸਾਬਕਾ ਵੀ ਸੀ ਗੁਰੂ ਨਾਨਕ ਦੇਵ ਯੂਨੀਵਰਸਿਟੀ) ਡਾ. ਜਸਵਿੰਦਰ ਸਿੰਘ, ਗੁਰਨਾਮ, ਗਲੋਬਲ ਟੀਵੀ ਵਾਲਾ ਵੀਰ ਹਰਭਜਨ ਸਿੰਘ ਤੇ ਮੇਰਾ ਸੱਜਣ ਤੇਜ ਪਰਤਾਪ ਸਿੰਘ ਸੰਧੂ ਵੀ ਨਾਲ ਸੀ। ਪ੍ਰਸ਼ਾਦਾ-ਪਾਣੀ ਛਕ ਕੇ ਅਸੀਂ ਲੰਮਾ ਸਮਾਂ ਯਾਦਾਂ ਦੀਆਂ ਗਲੀਆਂ 'ਚ ਘੁੰਮਦੇ ਰਹੇ। ਵਕਤ ਦਾ ਚੇਤਾ ਹੀ ਨਾ ਰਿਹਾ ਕਿ ਬੀਤ ਰਿਹਾ ਹੈ। ਅੱਜ ਵੀ ਸੂਈ ਉਥੇ ਹੀ ਖੜ੍ਹੀ ਹੈ।

ਤਿੰਨ-ਚਾਰ ਮਹੀਨੇ ਪਹਿਲਾਂ ਅਚਾਨਕ ਫੋਨ ਆਇਆ। ਬੋਲੇ, ਅੱਜ ਵਰ੍ਹਿਆਂ ਬਾਅਦ ਕਿਸੇ ਬੀਬਾ ਨੇ ਕਾਲਜ ਪੜ੍ਹਨ ਵੇਲੇ ਦਾ ਅਨਾਭੀ ਕੋਟ ਚੇਤੇ ਕਰਵਾਇਆ ਹੈ? ਪੰਜਾਬ ਤੇ ਇਸ ਦਾ ਇਤਿਹਾਸ ਉਨ੍ਹਾਂ ਲਈ ਸਿਮਰਨਯੋਗ ਸੀ। ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਇਤਿਹਾਸ ਦੇ ਪੁਰਾਤਨ ਹਵਾਲੇ ਲੱਭਣ ਤੇ ਦੱਸਣ ਵਿਚ ਉਹ ਤਤਪਰ ਰਹਿੰਦੇ। ਸਾਹਿਬਜ਼ਾਦਿਆਂ ਦੀ ਸਰਹਿੰਦ ਵਿਚ ਸ਼ਹਾਦਤ ਵੇਲੇ ਦੇ ਸਰਕਾਰੀ ਵਕਤਨਵੀਸ ਭਾਈ ਦੁੰਨਾ ਸਿੰਘ ਹੰਡੂਰੀਆ ਦਾ ਹਾਵਾਲਾ ਸਭ ਤੋਂ ਪਹਿਲਾਂ ਇਨ੍ਹਾਂ ਨੇ ਦਿਤਾ।

ਹਜ਼ਾਰਾਂ ਕਿਤਾਬਾਂ ਵਾਲੀ ਘਰ ਵਿਚ ਬਣਾਈ ਲਾਇਬ੍ਰੇਰੀ ਉਦਾਸ ਹੈ, ਕਿਤਾਬਾਂ ਵੀ ਬੀਰ ਨੂੰ ਉਡੀਕਦੀਆਂ ਹੋਣਗੀਆਂ। ਰੇਸ਼ਮਾਂ ਦੇ ਗੀਤ ਨੂੰ ਯਾਦ ਕਰਕੇ ਮਨ ਸਮਝਾਉਂਦਾ ਹਾਂ ਮੈਂ ਵੀ।

ਚੁੱਪ ਕਰਕੇ ਜਿੰਦੜੀਏ ਬਹਿ ਜਾ,
ਨੀ ਰੋਇਆਂ ਤੈਨੂੰ ਕੀ ਲੱਭਣਾ?

ਅਜ ਸਵੇਰੇ ਉਠਣ ਸਾਰ ਇਹ ਕੁਝ ਸ਼ਬਦ ਗਜ਼ਲ ਰੂਪ ਵਿਚ ਲਿਖੇ ਨੇ, ਪ੍ਰਵਾਨ ਕਰਨਾ:

ਅਚਨਚੇਤ ਤੂੰ ਤੁਰਿਐਂ,
ਲੱਗਿਆ ਮੌਤ ਝਕਾਨੀ ਦੇ ਗਈ ਯਾਰਾ।
ਵਖਰੇ ਵਖਰੇ ਰਾਹ ਸੀ ਭਾਵੇਂ
ਫਿਰ ਵੀ ਇਕ ਸੀ ਸ਼ਬਦ ਸਹਾਰਾ।
ਨੰਗੀ ਹੋ ਗਈ ਕੰਢ ਤੇ ਜਾਪੇ,
ਢਹਿ ਗਿਆ ਕੋਸ ਮੀਨਾਰ ਆਖਰੀ।
ਸੋਹਣਾ ਭਿੜਿਓਂ ਨਾਲ ਸਮੇਂ ਦੇ
ਆਤਮ ਬਲ ਦੇ ਪਹਿਰੇਦਾਰਾ।
ਵਤਨ ਤੇਰਾ ਸਵੈਮਾਨ ਦੀ ਵਾਦੀ,
ਹਰ ਪਲ ਤੁਰਨਾ, ਕਦੇ ਨਾ ਝੁਰਨਾ।
ਪਿਘਲ ਗਿਆ ਤੂੰ ਸੁਹਜ ਦੀ ਖਾਤਰ,
ਸਿਰ-ਪੈਰੋਂ ਸਾਰੇ ਦਾ ਸਾਰਾ।
ਕੁਰਸੀਧਾਰੀ ਸਾਰੇ ਦਹਿਸਿਰ,
ਤੇਰੇ ਤੋਂ ਹੀ ਡਰ ਕੇ ਰਹਿੰਦੇ।
ਚੜ੍ਹੇ ਅਨੇਕਾਂ ਲਸ਼ਕਰ ਲੈ ਕੇ,
ਤੂੰ ਨਾ ਝੁਕਿਓਂ ਵਾਹ ਸਰਦਾਰਾ।
ਖਿੜੇ ਗੁਲਾਬ ਜਿਹਾ ਸੀ,
ਤੇਰਾ ਖਿੜਿਆ ਮੁਖੜਾ, ਸਹਿਜ ਸਰੂਰਿਆ।
ਰਿਹਾ ਚਮਕਦਾ ਨੂਰ ਨਿਰੰਤਰ,
ਤੇਰੇ ਮੱਥੇ ਕਿਰਨ ਪਸਾਰਾ।
ਤੇਰਾ ਪਹਿਰਨ, ਮੁੱਛ ਖੜੀ ਵੀ,
ਜਿਸਮ ਤੇਰੇ ਦਾ ਹਿੱਸਾ ਬਣ ਗਈ।
ਸਾਰੀ ਉਮਰ ਨਹੀਂ ਤੂੰ ਲਿਫਿਆ,
ਤੱਕ ਵੈਰੀ ਦਾ ਲਸ਼ਕਰ ਭਾਰਾ।
ਮਾਰ ਫੂਕ ਤੂੰ ਉਠ ਕੇ ਸ਼ੇਰਾ,
ਤੁਰਿਓਂ ਛਡ ਕੇ ਬਾਕ ਅਧੂਰੀ।
ਸੁਰਵੰਤਾ ਕੋਈ ਨਾਦ ਵਜਾ ਦੇ,
ਕੁਝ ਪਲ ਦੇ ਜਾ ਜੀਣ ਉਧਾਰਾ।

# ਜਾਗਰੂਕਤਾ ਦਾ ਹੋਕਾ ਮਲਵਿੰਦਰ ਦੀ ਪੁਸਤਕ 'ਚੁੱਪ ਦਾ ਮਰਮ ਪਛਾਣੀਏ'


ਡਾ. ਸੁਖਦੇਵ ਸਿੰਘ ਝੰਡ

ਮੁੱਢਲੇ ਤੌਰ 'ਤੇ ਮਲਵਿੰਦਰ ਕਵੀ ਹੈ ਤੇ ਕਵਿਤਾਵਾਂ ਦੀਆਂ ਉਸ ਦੀਆਂ ਅੱਧੀ ਦਰਜਨ ਤੋਂ ਵਧੇਰੇ ਪੁਸਤਕਾਂ ਛਪ ਚੁੱਕੀਆਂ ਹਨ। ਇਨ੍ਹਾਂ ਵਿਚ ਇਕ ਪੁਸਤਕ ਹਾਇਕੂ ਦੀ ਅਤੇ ਇੱਕ ਬਾਲ-ਕਵਿਤਾਵਾਂ ਦੀ ਵੀ ਸ਼ਾਮਲ ਹੈ। ਕਵਿਤਾ ਲਿਖਦੇ-ਲਿਖਦੇ ਉਹ ਵਾਰਤਕ ਵੱਲ ਰੁਚਿਤ ਹੋਇਆ ਅਤੇ ਉਸ ਨੇ ਵੱਖ-ਵੱਖ ਵਿਸ਼ਿਆਂ 'ਤੇ ਕਈ ਛੋਟੇ-ਛੋਟੇ ਨਿਬੰਧ ਲਿਖ ਕੇ ਅਖ਼ਬਾਰਾਂ ਨੂੰ ਛਪਣ ਲਈ ਭੇਜਣੇ ਸ਼ੁਰੂ ਕਰ ਦਿੱਤੇ ਜਿਸ ਦਾ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ। ਇਸ ਤੋਂ ਉਤਸ਼ਾਹਿਤ ਹੋ ਕੇ ਉਸ ਨੇ ਹੋਰ ਕਈ ਨਿਬੰਧ ਲਿਖੇ। ਸਕੂਲ ਅਧਿਆਪਕ ਵਜੋਂ ਸੇਵਾ-ਮੁਕਤੀ ਤੋਂ ਬਾਅਦ ਉਹ ਕੈਨੇਡਾ ਰਹਿੰਦੇ ਆਪਣੇ ਬੇਟੇ ਨੂੰ ਮਿਲਣ ਲਈ ਪਿਛਲੇ ਸਾਲਾਂ ਵਿਚ ਦੋ ਵਾਰ ਕੈਨੇਡਾ ਦੇ ਓਨਟਾਰੀਓ ਸੂਬੇ ਦੇ ਸ਼ਹਿਰ ਬਰੈਂਪਟਨ ਗਿਆ ਜਿੱਥੇ ਉਸ ਨੂੰ ਸਾਹਿਤਕ-ਮਹਿਫ਼ਲਾਂ ਵਿੱਚ ਕਈ ਦੋਸਤਾਂ ਨੂੰ ਮਿਲਣ ਅਤੇ ਟੋਰਾਂਟੋ ਏਰੀਏ ਦੇ ਕਈ ਹੋਰ ਸ਼ਹਿਰਾਂ ਵਿੱਚ ਜਾਣ ਦਾ ਮੌਕਾ ਮਿਲਿਆ। ਇਸ ਨਾਲ ਉਸ ਦਾ ਕੈਨੇਡਾ ਵਿੱਚ ਰਹਿੰਦੇ ਪੰਜਾਬੀਆਂ ਦੀ ਜੀਵਨ-ਸ਼ੈਲੀ ਨੂੰ ਨੇੜਿਉਂ ਹੋ ਕੇ ਵੇਖਣ ਦਾ ਸਬੱਬ ਬਣਿਆ ਜਿਸ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਕਈ ਨਿਬੰਧ ਕੈਨੇਡੀਅਨ ਪੰਜਾਬੀਆਂ ਦੀ ਜੀਵਨ-ਸ਼ੈਲੀ ਬਾਰੇ ਲਿਖੇ ਜੋ ਕੈਨੇਡਾ ਅਤੇ ਪੰਜਾਬ ਦੀਆਂ ਅਖ਼ਬਾਰਾਂ ਵਿੱਚ ਛਪੇ। ਉਨ੍ਹਾਂ ਵਿੱਚੋਂ ਕਈ ਲੇਖ ਹੋਰ ਲੇਖਾਂ ਸਮੇਤ ਇਸ ਵਾਰਤਕ ਪੁਸਤਕ ਵਿਚ ਸ਼ਾਮਲ ਕੀਤੇ ਗਏ ਹਨ।

ਮਲਵਿੰਦਰ ਨਾਲ ਮੇਰੀ ਨੇੜਤਾ ਕਈ ਤਰ੍ਹਾਂ ਦੀ ਹੈ, ਅਤੇ ਹੈਰਾਨੀ ਦੀ ਗੱਲ ਹੈ ਕਿ ਇਸ ਨੇੜਤਾ ਦਾ ਪਤਾ ਸਾਨੂੰ ਦੋਹਾਂ ਨੂੰ ਉਸ ਦੇ ਬਰੈਂਪਟਨ ਆਉਣ 'ਤੇ ਲੱਗਾ ਜਦੋਂ ਪੰਜ ਕੁ ਸਾਲ ਪਹਿਲਾਂ ਉਹ ਪਹਿਲੀ ਵਾਰ ਇੱਥੇ ਆਪਣੇ ਬੇਟੇ ਕੋਲ ਆਇਆ। ਸਾਡੀ ਮੁਲਾਕਾਤ ਇੱਕ ਸਾਹਿਤਕ ਇਕੱਤਰਤਾ ਵਿਚ ਹੋਈ ਜਿਸ ਦੀ ਸਮਾਪਤੀ 'ਤੇ ਜਦੋਂ ਅਸੀਂ ਮਿਲੇ ਅਤੇ ਉਸ ਨੇ ਆਪਣਾ ਪਿੰਡ ਛੱਜਲਵੱਡੀ ਦੱਸਿਆ ਜੋ ਮੇਰੇ ਪਿੰਡ ਚੌਹਾਨ ਤੋਂ ਮਹਿਜ਼ ਡੇਢ ਕਿਲੋਮੀਟਰ ਦੂਰ ਹੈ। ਮੈਂ ਉਸ ਪਿੰਡ ਦੇ ਸਕੂਲ ਵਿਚ ਛੇਵੀਂ ਤੋਂ ਦਸਵੀਂ ਤੱਕ ਪੜ੍ਹਿਆ ਹਾਂ। ਮੇਰੇ ਪਿਤਾ ਜੀ ਉਸ ਸਕੂਲ ਵਿੱਚ ਪਹਿਲਾਂ ਕਈ ਸਾਲ ਸਾਇੰਸ ਅਧਿਆਪਕ ਅਤੇ ਫਿਰ ਕੁਝ ਸਾਲ ਮੁੱਖ-ਅਧਿਆਪਕ ਵੀ ਰਹੇ ਹਨ ਜਦੋਂ ਇਹ ਹਾਈ ਸਕੂਲ ਹੁੰਦਾ ਸੀ। ਮਲਵਿੰਦਰ ਸਾਇੰਸ ਦਾ ਵਿਦਿਆਰਥੀ ਅਤੇ ਅਧਿਆਪਕ ਰਿਹਾ ਹੈ ਅਤੇ ਮੇਰਾ ਪਿਛੋਕੜ ਵੀ ਸਾਇੰਸ ਦਾ ਹੈ। ਇਹ ਵੱਖਰੀ ਗੱਲ ਹੈ ਕਿ ਮੈਂ ਬਾਅਦ ਵਿੱਚ ਲਾਇਬ੍ਰੇਰੀ ਸਾਇੰਸ ਦੇ ਖੇਤਰ ਵਿਚ ਪੈਰ ਧਰ ਲਿਆ ਅਤੇ ਪਹਿਲਾਂ ਨਵਾਬ ਜੱਸਾ ਸਿੰਘ ਆਹਲੂਵਾਲੀਆ ਕਾਲਜ ਕਪੂਰਥਲਾ ਤੇ ਫਿਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਭਾਈ ਗੁਰਦਾਸ ਲਾਇਬ੍ਰੇਰੀ ਵਿਚ ਤਿੰਨ ਦਹਾਕਿਆਂ ਤੋਂ ਵੀ ਵਧੇਰੇ ਨੌਕਰੀ ਕੀਤੀ। ਇਸ ਤਰ੍ਹਾਂ ਮੇਰਾ ਵੀ ਮਲਵਿੰਦਰ ਵਾਂਗ ਹਜ਼ਾਰਾਂ ਹੀ ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਵਾਹ ਪਿਆ ਹੈ। ਮਲਵਿੰਦਰ ਵਾਂਗ ਮੈਨੂੰ ਵੀ ਲਿਖਣ ਪੜ੍ਹਨ ਦਾ ਸ਼ੌਕ ਹੈ ਅਤੇ ਇਸ ਤਰ੍ਹਾਂ ਪਿੰਡਾਂ ਦੀ ਨੇੜਤਾ ਦੇ ਨਾਲ ਨਾਲ ਸਮਾਂ ਪਾ ਕੇ ਸਾਡੀ ਦੋਹਾਂ ਦੀ ਸਾਹਿਤਕ ਅਤੇ ਬੌਧਕ ਨੇੜਤਾ ਵੀ ਹੁੰਦੀ ਗਈ।

ਮਲਵਿੰਦਰ ਦੀਆਂ ਕਵਿਤਾਵਾਂ ਦੀਆਂ ਪੁਸਤਕਾਂ ਦੀ ਲੜੀ ਵਿਚ ਉਸ ਦੀ 2020 ਵਿੱਚ ਛਪੀ ਪੁਸਤਕ 'ਚੁੱਪ ਦੇ ਬਹਾਨੇ' ਲੰਮੀ ਕਵਿਤਾ ਹੈ ਜਿਸ ਵਿਚ ਉਸ ਨੇ 'ਚੁੱਪ' ਦੇ ਮੈਟਾਫ਼ਰ ਨੂੰ ਲੈ ਕੇ ਇਸ ਦੇ ਬਹੁ-ਪਰਤੀ ਅਤੇ ਬਹੁ-ਦਿਸ਼ਾਵੀ ਅਰਥ ਸਮਝਣ ਅਤੇ ਸਮਝਾਉਣ ਦਾ ਯਤਨ ਕੀਤਾ ਹੈ ਅਤੇ ਉਹ ਇਸ ਵਿੱਚ ਕਾਮਯਾਬ ਵੀ ਹੋਇਆ ਹੈ। ਮੈਂ ਇਸ ਪੁਸਤਕ ਦਾ ਵਿਸਿਤ੍ਰਤ ਰੀਵਿਊ ਵੀ ਲਿਖਿਆ ਸੀ ਜੋ ਭਾਰਤ ਅਤੇ ਕੈਨੇਡਾ ਦੀਆਂ ਕਈ ਅਖ਼ਬਾਰਾਂ ਅਤੇ ਮੈਗ਼ਜ਼ੀਨਾਂ ਵਿੱਚ ਛਪਿਆ ਸੀ।

'ਚੁੱਪ' ਦੀ ਇਸ ਲੜੀ ਨੂੰ ਅੱਗੇ ਵਧਾਉਂਦਿਆਂ ਵਾਰਤਕ ਵੱਲ ਮੋੜਾ ਕੱਟ ਕੇ ਮਲਵਿੰਦਰ ਹਥਲੀ ਪੁਸਤਕ 'ਚੁੱਪ ਦੀ ਮਰਮ ਪਛਾਣੀਏ' ਰਾਹੀਂ ਇਸ ਚੁੱਪ ਦੀ 'ਮਰਮ' ਪਛਾਣਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਹ ਕਹਿੰਦਾ ਹੈ ਕਿ




ਮਨੁੱਖੀ ਮਨ ਬੜਾ ਚੰਚਲ ਹੈ ਅਤੇ ਇਹ ਚੁੱਪ ਦੀ ਅਤੀ ਗੁੰਝਲਦਾਰ ਅਵਸਥਾ ਹੈ। ਇਸ ਦੀ ਪਰਤ ਇਕਹਿਰੀ ਨਹੀਂ ਹੈ, ਸਗੋਂ ਇਸ ਦੀਆਂ ਅਨੇਕਾਂ ਪਰਤਾਂ ਹਨ ਜੋ ਸਮੇਂ ਨਾਲ ਹੌਲੀ-ਹੌਲੀ ਖੁੱਲ੍ਹਦੀਆਂ ਹਨ। ਚੁੱਪ ਮਨੁੱਖ ਨੂੰ ਕਦੀ ਆਨੰਦ ਦੀ ਉਚੇਰੀ ਅਵਸਥਾ ਤੱਕ ਲੈ ਜਾਂਦੀ ਹੈ ਅਤੇ ਕਦੀ ਉਸ ਨੂੰ ਜ਼ਿੰਦਗੀ ਦੀਆਂ ਤਲਖੀਆਂ ਦੀਆਂ ਡੂੰਘਾਣਾਂ ਵਿੱਚ ਜਾ ਸੁੱਟਦੀ ਹੈ। ਕੁਦਰਤ ਦੇ ਇਸ ਵਿਆਪਕ ਪਸਾਰੇ ਵਿੱਚ ਚੁੱਪ ਕਈ ਰੰਗਾਂ ਵਿੱਚ ਰੂਪਮਾਨ ਹੁੰਦੀ ਹੈ। ਮਲਵਿੰਦਰ ਅਨੁਸਾਰ "ਘਣੇ ਜੰਗਲ ਦੀ ਚੁੱਪ ਕੋਲ ਸਹਿਜ, ਸੁਹਜ ਅਤੇ ਸਿਦਕ ਵੀ ਹੁੰਦਾ ਹੈ ਅਤੇ ਜੰਗਲੀ ਵਿਵਹਾਰ ਦਾ ਖੌਫ਼ ਵੀ।" (ਪੰਨਾ-15)

ਅਧਿਆਪਨ ਦੇ ਕਿੱਤੇ ਨਾਲ ਗੂੜ੍ਹੀ ਤਰ੍ਹਾਂ ਜੁੜਿਆ ਰਿਹਾ ਮਲਵਿੰਦਰ ਸਿੱਖਿਆ, ਪੰਜਾਬੀ ਬੋਲੀ, ਭਾਸ਼ਾ ਅਤੇ ਸਾਹਿਤ ਦੀ ਗੱਲ ਬਾਖੂਬੀ ਕਰਦਾ ਹੈ। ਉਹ ਐਲਾਨੀਆ ਕਹਿੰਦਾ ਹੈ ਕਿ ਅਜੋਕੀ ਸਿੱਖਿਆ ਮਨੁੱਖੀ ਲੋੜ ਦੇ ਦਾਇਰੇ ਅੰਦਰ ਕੈਦ ਸੀਮਤ ਸੁਤੰਤਰਤਾ ਹੈ ਅਤੇ ਇਹ ਸਾਡੇ ਬੌਧਿਕ ਵਿਕਾਸ ਵਿਚ ਬਣਦਾ ਹਿੱਸਾ ਨਹੀਂ ਪਾਉਂਦੀ। ਇਹ ਸਿੱਖਿਆ ਸਾਡੇ ਉੱਪਰ ਪੜ੍ਹੇ-ਲਿਖੇ ਹੋਣ ਦਾ ਲੇਬਲ ਜ਼ਰੂਰ ਲਾਉਂਦੀ ਹੈ ਅਤੇ ਸਾਨੂੰ ਰੁਜ਼ਗਾਰ ਵੀ ਦਿਵਾਉਂਦੀ ਹੈ, ... ਪਰ ਇਹ ਅਜੇ ਦੇਸ਼ ਦੀ ਮਾਨਸਿਕਤਾ ਨਾਲ ਸੁਭਾਵਿਕ ਸਾਂਝ ਸਿਰਜਣ ਵਿੱਚ ਸਫ਼ਲ ਨਹੀਂ ਹੋਈ (ਪੰਨਾ -18)। ਮਲਵਿੰਦਰ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਜੀਵਨ ਵਿੱਚ ਸਹੀ ਸਿੱਖਿਆ ਦੀ ਪ੍ਰਾਪਤੀ ਅਤੇ ਜ਼ੇਹਨੀ ਵਿਕਾਸ ਲਈ ਸਾਨੂੰ ਸਿਲੇਬਸ ਦੀਆਂ ਪੁਸਤਕਾਂ ਤੋਂ ਇਲਾਵਾ ਹੋਰ ਕਿਤਾਬਾਂ ਵੀ ਪੜ੍ਹਨ ਦੀ ਲੋੜ ਹੈ ਜੋ ਜੀਵਨ ਨੂੰ ਵਧੀਆ ਸੇਧ ਦੇਣ ਵਿਚ ਸਹਾਈ ਹੁੰਦੀਆਂ ਹਨ।

ਮਲਵਿੰਦਰ ਦੇ ਨਿਬੰਧਾਂ ਦਾ ਘੇਰਾ ਵਿਸ਼ਾਲ ਹੈ। ਜਿੱਥੇ ਉਹ ਆਪਣੇ ਨਿਬੰਧਾਂ ਵਿੱਚ 'ਸਿੱਖਿਆ, ਭਾਸ਼ਾ ਤੇ ਸਾਹਿਤ', 'ਕਵੀ ਤੇ ਭਾਸ਼ਾ', 'ਕਵਿਤਾ ਦੇ ਸਵੈ-ਸੰਵਾਦ' ਅਤੇ 'ਆਓ ਵਾਰਤਕ ਲਿਖੀਏ' ਵਰਗੇ ਸਾਹਿਤਕ ਵਿਸ਼ੇ ਲੈਂਦਾ ਹੈ, ਉੱਥੇ 'ਭੀੜ', 'ਡਰ ਰਹਿਤ ਸਮਾਜ ਸਿਰਜੀਏ', 'ਨਫ਼ਰਤ ਦੇ ਪਸਾਰ' ਅਤੇ 'ਬਾਲ-ਮਜ਼ਦੂਰੀ ਵਰਗੇ ਸਮਾਜਿਕ ਵਿਸ਼ੇ ਵੀ ਉਸ ਦੀ ਵਾਰਤਕ ਦਾ ਅਹਿਮ ਹਿੱਸਾ ਬਣਦੇ ਹਨ। ਇਸ ਦੇ ਨਾਲ ਹੀ ਉਸ ਦੀ ਸਵੈ-ਜੀਵਨੀ ਵਰਗੇ ਲੇਖ 'ਇੰਜ ਸ਼ਹਿਰ 'ਚ ਬਣਿਆ ਮੇਰਾ ਘਰ', 'ਮੇਰੇ ਬਚਪਨ ਦੇ ਗੁਆਂਢ' ਅਤੇ 'ਪੱਕੀ ਗ਼ਲੀ ਦੀ ਕਹਾਣੀ' ਉਸ ਦੀ ਨਿੱਜੀ ਜੀਵਨ ਉੱਪਰ ਵਧੀਆ ਝਾਤ ਪੁਆਉਂਦੇ ਹਨ। ਪੁਸਤਕ ਵਿਚਲੇ ਕਈ ਲੇਖਾਂ ਵਿੱਚ ਮਲਵਿੰਦਰ ਵੱਲੋਂ ਕੀਮਤੀ ਸੁਝਾਅ ਦਿੱਤੇ ਗਏ ਹਨ। ਸੈਰ ਨਾਲ ਸਬੰਧਿਤ ਇੱਕ ਲੇਖ ਵਿੱਚ ਉਹ ਕਹਿੰਦਾ ਹੈ ਕਿ ਸੈਰ ਨੂੰ ਸਲਾਹ ਦੀ ਲੋੜ ਨਹੀਂ ਹੁੰਦੀ ਅਤੇ ਨਾ ਹੀ ਇਸ ਦੇ ਲਈ ਕਿਸੇ 'ਸਾਜ਼ੋ-ਸਮਾਨ' ਦੀ ਜ਼ਰੂਰਤ ਹੈ। ਇਹਦੇ ਲਈ ਤਾਂ ਬਸ, ਸਧਾਰਨ ਜਿਹੇ ਬੂਟਾਂ ਦਾ ਇੱਕ ਜੋੜਾ ਅਤੇ ਦ੍ਰਿੜ ਇਰਾਦਾ ਹੀ ਕਾਫੀ ਹੈ। ਇਸ ਦੇ ਨਾਲ ਹੀ ਉਹ ਜੀਵਨ ਵਿੱਚ ਟਾਲ ਮਟੋਲ ਦੀ ਨੀਤੀ ਛੱਡਣ ਅਤੇ 'ਜੋ ਅੱਜ ਕਰਨਾ ਸੋ ਅਬ' ਦੀ ਵੀ ਨੇਕ ਸਲਾਹ ਦਿੰਦਾ ਹੈ।

ਪੁਸਤਕ ਦੇ ਦੂਸਰੇ ਭਾਗ ਵਿੱਚ ਮਲਵਿੰਦਰ ਵੱਲੋਂ ਪਰਵਾਸ ਨਾਲ ਜੁੜੇ ਹੋਏ ਸਰੋਕਾਰ ਪੇਸ਼ ਕੀਤੇ ਗਏ ਹਨ। ਇਸ ਭਾਗ ਵਿਚਲੇ ਲੇਖਾਂ ਵਿੱਚ ਉਹ ਕੈਨੇਡਾ ਵਿੱਚ ਵੱਸਦੇ ਪੰਜਾਬੀਆਂ ਦੇ ਜੀਵਨ ਨੂੰ ਬਹੁਤ ਨੇੜਿਉਂ ਵੇਖਦਾ ਹੈ ਅਤੇ ਆਪਣਾ ਪ੍ਰਤੀਕਰਮ ਪ੍ਰਗਟ ਕਰਦਾ ਹੈ। 'ਪਾਰਕਾਂ ਨੂੰ ਦੁੱਖ ਦੱਸਦੇ' ਲੇਖ ਵਿੱਚ ਉਹ ਬਜ਼ੁਰਗਾਂ ਨੂੰ ਆਪਣੇ ਬੱਚਿਆਂ ਵੱਲੋਂ ਅਣਗੌਲੇ ਕੀਤੇ ਜਾਣ ਦੇ ਅਹਿਮ ਮਸਲੇ ਬਾਰੇ ਗੱਲ ਕਰਦਾ ਹੈ। ਇੱਕ ਹੋਰ ਲੇਖ ਵਿਚ ਉਹ ਫੁੱਲਾਂ ਦੇ ਸ਼ਹਿਰ ਬਰੈਂਪਟਨ, ਇਸ ਦੀਆਂ ਖ਼ੂਬਸੂਰਤ ਝੀਲਾਂ, ਪਾਰਕਾਂ, ਗੁਰਦੁਆਰਿਆਂ ਅਤੇ ਮੰਦਰਾਂ ਦਾ ਬਾਖ਼ੂਬੀ ਜ਼ਿਕਰ ਕਰਦਾ ਹੈ। ਉਹ ਨਿਆਗਰਾ ਫਾਲਜ਼ ਦੀ ਕੀਤੀ ਸੈਰ ਦਾ ਜ਼ਿਕਰ ਕਰਨੋਂ ਨਹੀਂ ਭੁੱਲਦਾ ਜਿਸ ਦੀ ਵਿਅੰਗਾਤਮਿਕ ਲਹਿਜ਼ੇ ਵਿੱਚ ਪੰਜਾਬੀਆਂ ਵੱਲੋਂ 'ਜਠੇਰਿਆਂ ਦੇ ਮੱਥਾ ਟੇਕਣ' ਨਾਲ ਤੁਲਨਾ ਕੀਤੀ ਜਾਂਦੀ ਹੈ (ਪੰਨਾ-130)। ਇਸ ਦੇ ਨਾਲ ਹੀ ਉਹ ਖ਼ੂਬਸੂਰਤ ਕੈਲਸੋ ਬੀਚ ਪਾਰਕ ਦੀ ਸੈਰ ਨੂੰ ਵੀ ਬਾਖ਼ੂਬੀ ਯਾਦ ਕਰਦਾ ਹੈ (ਪੰਨਾ-134)। ਇਸ ਤਰ੍ਹਾਂ ਪੁਸਤਕ ਦਾ ਇਹ ਭਾਗ ਮਲਵਿੰਦਰ ਦੀਆਂ ਬਰੈਂਪਟਨ ਵਿਚਲੀਆਂ ਯਾਦਾਂ ਦਾ ਇੱਕ ਅਤੀ ਖ਼ੂਬਸੂਰਤ ਬਿਆਨ ਹੋ ਨਿਬੜਦਾ ਹੈ।

'ਕੈਫੇ ਵਰਲਡ' ਜਲੰਧਰ-ਕਪੂਰਥਲਾ-ਬਠਿੰਡਾ ਵੱਲੋਂ ਛਾਪੀ ਗਈ 136 ਪੰਨਿਆਂ ਦੀ ਇਹ ਪੁਸਤਕ ਮਲਵਿੰਦਰ ਦਾ ਵਾਰਤਕ ਵੱਲ ਭਾਗਾਂ ਭਰਿਆ ਪਲੇਠਾ ਕਦਮ ਹੈ। ਗੁਰਦੇਵ ਚੌਹਾਨ ਵੱਲੋਂ ਲਿਖੀ ਗਈ ਭੂਮਿਕਾ ਇਸ ਨੂੰ ਹੋਰ ਵੀ ਚਾਰ ਚੰਨ ਲਾਉਂਦੀ ਹੈ। ਮੈਨੂੰ ਪੂਰਨ ਉਮੀਦ ਹੈ ਕਿ ਕਵਿਤਾ ਦੇ ਖੇਤਰ ਵਿੱਚ ਪਹਿਲਾਂ ਧਰੇ ਗਏ ਸੱਤ ਕਦਮਾਂ ਵਾਂਗ ਇਹ ਕਦਮ ਵੀ ਪੂਰੀ ਤਰ੍ਹਾਂ ਸਫ਼ਲ ਹੋਵੇਗਾ। ਵਾਰਤਕ ਦੀ ਇਹ ਪੁਸਤਕ ਲਿਆਉਣ 'ਤੇ ਮੈਂ ਉਸ ਨੂੰ ਹਾਰਦਿਕ ਮੁਬਾਰਕਬਾਦ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਉਸ ਦੀ ਕਲਮ ਹੋਰ ਵੀ ਅਜਿਹੇ ਸਾਰਥਕ ਉਪਰਲੇ ਕਰਦੀ ਰਹੇਗੀ।

# ਅਮਰੀਕਾ ’ਚ ਮੋਦੀ ਦਾ ਦੌਰਾ ਆਰਥਿਕਤਾ ਨੂੰ ਮਜ਼ਬੂਤ ਕਰੇਗਾ: ਦਰਸ਼ਨ ਧਾਲੀਵਾਲ

**ਸ਼ਿਕਾਗੋ:** ਬੀਤੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭਾਰਤ-ਅਮਰੀਕਾ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਅਮਰੀਕਾ ਦੇ ਦੌਰੇ ‘ਤੇ ਆਏ। ਯੂ.ਐਸ.-ਅਧਾਰਤ ਉੱਦਮੀ ਅਤੇ ਕਾਰੋਬਾਰੀ ਸ. ਦਰਸ਼ਨ ਸਿੰਘ ਧਾਲੀਵਾਲ, ਜਿਨ੍ਹਾਂ ਨੂੰ ਜਨਵਰੀ ਵਿੱਚ ਪ੍ਰਵਾਸੀ ਭਾਰਤੀ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਸੀ, ਉਨ੍ਹਾਂ ਗੈਰ-ਨਿਵਾਸੀ ਭਾਰਤੀਆਂ (ਐਨਆਰਆਈਜ਼) ਵਿਚ ਸ਼ਾਮਲ ਸਨ ਜਿਨ੍ਹਾਂ ਨੇ ਵ੍ਹਾਈਟ ਹਾਊਸ ਵਿਖੇ ਰਾਸ਼ਟਰਪਤੀ ਜੋ ਬਾਇਡਨ ਦੁਆਰਾ ਆਯੋਜਿਤ ਸਟੇਟ ਡਿਨਰ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਕੀਤੀ।


ਰਾਤ ਦੇ ਖਾਣੇ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਸ. ਦਰਸ਼ਨ ਸਿੰਘ ਧਾਲੀਵਾਲ ਨੇ ਮੋਦੀ ਦੀ ਫੇਰੀ ਨੂੰ ਸ਼ਾਨਦਾਰ ਸਫ਼ਲਤਾ ਕਰਾਰ ਦਿੱਤਾ। ਉਨ੍ਹਾਂ ਕਿਹਾ, “ਅਮਰੀਕਾ ਅਤੇ ਭਾਰਤ ਦਰਮਿਆਨ ਨਜ਼ਦੀਕੀ ਸਬੰਧ ਦੋਵਾਂ ਲੋਕਤੰਤਰਾਂ ਲਈ ਫਾਇਦੇਮੰਦ ਹਨ। ਇਹ ਦੌਰਾ ਦੋਵਾਂ ਦੇਸ਼ਾਂ ਦੀਆਂ ਅਰਥਵਿਵਸਥਾਵਾਂ ਨੂੰ ਹੁਲਾਰਾ ਦੇਵੇਗਾ ਕਿਉਂਕਿ ਇਸ ਦੇ ਨਤੀਜੇ ਵਜੋਂ ਤਕਨਾਲੌਜੀ ਅਤੇ ਨਵੀਨਤਾ ਦੇ ਆਦਾਨ-ਪ੍ਰਦਾਨ, ਭਾਰਤ ਵਿਚ ਅਮਰੀਕੀ ਵਣਜ, ਦੂਤਘਰਾਂ ਵਿਚ ਵਾਧਾ, ਭਾਰਤੀਆਂ ਲਈ ਵਿਸ਼ੇਸ਼ ਵੀਜ਼ਾ ਦੇ ਨਾਲ-ਨਾਲ ਸੈਮੀਕੰਡਕਟਰ, ਜੈੱਟ ਇੰਜਣ, ਅਤੇ ਸਪੇਸ ਸੌਦਿਆਂ ਵਰਗੇ ਸਮਝੌਤਿਆਂ ਦਾ ਨਿਰਮਾਣ ਹੋਇਆ ਹੈ।

ਧਾਲੀਵਾਲ, ਜੋ ਕਿ ਪਟਿਆਲਾ ਦੇ ਪਿੰਡ ਰੱਖੜਾ ਨਾਲ ਸਬੰਧਤ ਹਨ ਅਤੇ 1972 ਵਿਚ ਮਕੈਨੀਕਲ ਇੰਜਨੀਅਰਿੰਗ ਦੀ ਪੜ੍ਹਾਈ ਕਰਨ ਲਈ ਅਮਰੀਕਾ ਆਏ ਸਨ, ਨੇ ਦੇਸ਼ ਲਈ ਅਤੇ ਖਾਸ ਤੌਰ ‘ਤੇ ਸਿੱਖ ਭਾਈਚਾਰੇ ਲਈ ਕੀਤੇ ਮੋਦੀ ਦੇ ਕੰਮਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਪ੍ਰਧਾਨ ਮੰਤਰੀ ਲਈ ਆਪਣੇ ਅਟੁੱਟ ਸਮਰਥਨ ਦੀ ਪੁਸ਼ਟੀ ਕੀਤੀ।

ਰਾਤ ਦੇ ਭੋਜਨ ਦੀ ਮੀਟਿੰਗ ਦੌਰਾਨ, ਮੋਦੀ ਨੇ ਧਾਲੀਵਾਲ ਅਤੇ ਉਨ੍ਹਾਂ ਦੀ ਪਤਨੀ ਡੇਬਰਾ ਨਾਲ ਯਾਦਗਾਰੀ ਪਲ ਬਿਤਾਏ ਤੇ ਗੱਲਬਾਤ ਕੀਤੀ। ਪ੍ਰਧਾਨ ਮੰਤਰੀ ਨੇ ਡੇਬਰਾ ਨੂੰ ਭਾਰਤ-ਅਮਰੀਕਾ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਸ. ਧਾਲੀਵਾਲ ਨੂੰ ‘ਵਧੇਰੇ ਸਰਗਰਮ ਭੂਮਿਕਾ’ ਨਿਭਾਉਣ ਲਈ ਉਤਸ਼ਾਹਿਤ ਕਰਨ ਦੀ ਅਪੀਲ ਕੀਤੀ। ਸ. ਧਾਲੀਵਾਲ ਦਾ ਛੋਟਾ ਭਰਾ, ਸੁਰਜੀਤ ਰੱਖੜਾ, ਪੰਜਾਬ ਦਾ ਸਾਬਕਾ ਕੈਬਨਿਟ ਮੰਤਰੀ ਹੈ, ਜਦੋਂਕਿ ਇਕ ਹੋਰ ਭਰਾ ਚਰਨਜੀਤ ਰੱਖੜਾ ਅਤੇ ਉਹ ਅਮਰੀਕਾ ਵਿਚ ਗੈਸੋਲੀਨ ਅਤੇ ਰੀਅਲ ਅਸਟੇਟ ਸੈਕਟਰ ਵਿਚ ਕਾਰੋਬਾਰ ਚਲਾਉਂਦੇ ਹਨ।







# ਸਿੱਖ ਸੋਸਾਇਟੀ ਆਫ ਡੇਅਟਨ ਨੇ ਅਮਰੀਕਾ ਦਾ ਆਜ਼ਾਦੀ ਦਿਹਾੜਾ ਮਨਾਇਆ

**ਡੇਅਟਨ, ਓਹਾਇਓ:** ਸਿੱਖ ਸੋਸਾਇਟੀ ਆਫ ਡੇਅਟਨ ਨੇ ਪਿਛਲੇ ਐਤਵਾਰ 4 ਜੁਲਾਈ ਨੂੰ ਅਮਰੀਕਾ ਦਾ ਆਜ਼ਾਦੀ ਦਿਹਾੜਾ ਮਨਾਇਆ। ਸਿੱਖ ਭਾਈਚਾਰੇ ਦੇ ਮੈਂਬਰ ਪੂਰੇ ਜੋਸ਼ ਨਾਲ ਬੱਚਿਆਂ ਅਤੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬ ਦੀ ਗਰਾਊਂਡ ਵਿਚ ਇਕੱਠੇ ਹੋਏ। ਡਾ. ਦਰਸ਼ਨ ਸਿੰਘ ਸੈਹਬੀ ਨੇ ਸਮਾਗਮ ਦੀ ਸੰਖੇਪ ਜਾਣਕਾਰੀ ਦਿੱਤੀ। ਭਾਈ ਹੇਮ ਸਿੰਘ ਜੀ ਨੇ ਸਰਬੱਤ ਦੇ ਭਲੇ ਭਾਵ ਸਮੁੱਚੀ ਮਨੁੱਖਤਾ ਦੀ ਸ਼ਾਂਤੀ ਲਈ ਅਰਦਾਸ ਕਰ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ।

ਕਮਿਸ਼ਨਰ ਰਿਕ ਪੇਰੇਲਸ ਨੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਇਸ ਸਮਾਗਮ ਦੀ ਅਗਵਾਈ ਕਰਨ ਵਾਲੀ ਡਾ. ਸਿਮਰਨ ਕੌਰ ਨੇ ਆਪਣੇ ਸੁਆਗਤੀ ਭਾਸ਼ਣ ਵਿਚ ਦੱਸਿਆ ਕਿ ਕਮਿਸ਼ਨਰ ਪੇਰਾਲੇਸ ਦਾ ਡੇਟਨ ਗੁਰਦੁਆਰੇ ਨਾਲ ਲੰਮਾ ਰਿਸ਼ਤਾ ਹੈ, ਜੋ ਕਿ 20 ਸਾਲ ਤੋਂ ਵੱਧ ਪੁਰਾਣਾ ਹੈ, ਜਦੋਂ ਉਹ ਬੀਵਰਕ੍ਰੀਕ ਓਹਾਇਓ ਦੇ ਮੇਅਰ ਵਜੋਂ ਗੁਰਦੁਆਰੇ ਆਉਂਦੇ ਸਨ। ਉਹ ਲਗਭਗ ਹਰ ਸਾਲ ਮਹੱਤਵਪੂਰਨ ਮੌਕਿਆਂ ‘ਤੇ ਗੁਰਦੁਆਰਾ ਸਾਹਿਬ ਆਉਂਦੇ ਰਹੇ ਹਨ। ਬੀਬੀ ਜਤਿੰਦਰ ਕੌਰ ਨੇ ਡੇਅਟਨ ਦੇ ਸਿੱਖ ਭਾਈਚਾਰੇ ਦੀ ਭੂਮਿਕਾ ਬਾਰੇ ਸੰਖੇਪ ਜਾਣਕਾਰੀ ਦਿੱਤੀ। ਸ. ਅਵਤਾਰ ਸਿੰਘ ਸਪਰਿੰਗਫੀਲਡ ਨੇ ਇਸ ਦਿਹਾੜੇ ’ਤੇ ਸ਼ੁਭਕਾਮਨਾਵਾਂ ਭੇਟ ਕੀਤੀਆਂ। ਪ੍ਰੋਗਰਾਮ ਦੀ ਸਮਾਪਤੀ ਪੀ.ਐੱਸ. ਸੈਂਭੀ ਨੇ ਇਸ ਸਮਾਗਮ ਨੂੰ ਸਫਲ ਬਣਾਉਣ ਲਈ ਕਮਿਸ਼ਨਰ ਅਤੇ ਸਮੂਹ ਸੰਗਤ ਦਾ ਧੰਨਵਾਦ ਕਰਦਿਆਂ ਕੀਤੀ।














ਕਹਾਣੀ

# ਝਾਂਜਰਾਂ ਦਾ ਜੋੜਾ

***ਪੰਜਾਬੀ ਕਹਾਣੀ ਦੇ ਨਵੇਂ ਪੂਰ ਦੇ ਅਹਿਮ ਕਹਾਣੀਕਾਰ ਸਿਮਰਨ ਧਾਲੀਵਾਲ ਨੇ ਆਪਣੀ ਕਹਾਣੀ ਕਲਾ ਨਾਲ ਸਭ ਦਾ ਧਿਆਨ ਖਿੱਚਿਆ ਹੈ। ਉਹਦੀਆਂ ਰਚਨਾਵਾਂ ਵਿਚ ਮਨੁੱਖੀ ਰਿਸ਼ਤਿਆਂ ਦੇ ਵੱਖ-ਵੱਖ ਜ਼ਾਵੀਏ ਰੂਪਮਾਨ ਹੋਏ ਹਨ। 'ਝਾਂਜਰਾਂ ਦਾ ਜੋੜਾ' ਕਹਾਣੀ ਵਿਚ ਘਰ ਦੀ ਚਾਰਦੀਵਾਰੀ ਅਤੇ ਬਾਹਰ ਬਣਦੇ-ਵਿਗੜਦੇ ਰਿਸ਼ਤਿਆਂ ਦੀ ਖ਼ੂਬਸੂਰਤ ਪਰਿਕਰਮਾ ਹੈ। ਇਨ੍ਹਾਂ ਰਿਸ਼ਤਿਆਂ ਵਿਚ ਹਕੀਕਤਾਂ ਥਾਂ ਪੁਰ ਥਾਂ ਝਾਤੀਆਂ ਮਾਰਦੀਆਂ ਦਿਸਦੀਆਂ ਹਨ।***

ਕਿਸ਼ਨ ਬਾਬੂ ਇਕਦਮ ਜਿਵੇਂ ਤ੍ਰਭਕਿਆ ਹੋਵੇ।

ਉਸ ਦੀ ਧੜਕਣ ਵਧ ਗਈ। ਵ੍ਹੱਟਸਐਪ ਉਪਰ ਚੈਟ ਕਰਦਿਆਂ ਉਸ ਕੋਲੋਂ ਦਿਲ ਦਾ ਨਿਸ਼ਾਨ ਭੇਜਿਆ ਗਿਆ ਸੀ ਤੇ ਹੁਣ ਅੱਗਿਉਂ ਬਦਲੇ ਵਿਚ ਉਸ ਨੂੰ ਦੋ ਦਿਲ ਦੇ ਨਿਸ਼ਾਨ ਮਿਲੇ ਸਨ। ਉਸ ਨੂੰ ਉਮੀਦ ਵੀ ਸ਼ਾਇਦ ਇਸੇ ਦੀ ਸੀ। ਉਹ ਸਰੂਰ ਜਿਹੇ ਵਿਚ ਵੀ ਸੀ ਪਰ ਥੋੜ੍ਹਾ-ਥੋੜ੍ਹਾ ਡਰ ਵੀ ਰਿਹਾ ਸੀ। ਉਹਨੇ ਫੋਨ ਪਾਸੇ ਰੱਖਿਆ ਤੇ ਪੀਅਨ ਰਾਮ ਜਸ ਨੂੰ ਆਵਾਜ਼ ਦੇ ਕੇ ਚਾਹ ਲੈ ਕੇ ਆਉਣ ਲਈ ਆਖਿਆ। ਨਵੰਬਰ ਮਹੀਨੇ ਦੇ ਆਖ਼ਰੀ ਦਿਨ ਸਨ। ਹਲਕੀ ਜਿਹੀ ਠੰਢ ਸੀ। ਆਪਣੇ ਕੈਬਿਨ ਵਿਚ ਬੈਠਾ ਉਹ ਆਨੰਦ ਦੀ ਅਵਸਥਾ ਵਿਚ ਪਹੁੰਚਿਆ ਹੋਇਆ ਸੀ। ਕੱਲ੍ਹ ਸ਼ਨਿਚਰਵਾਰ ਸੀ ਤੇ ਪਰਸੋਂ ਐਤਵਾਰ। ਦੋ ਛੁੱਟੀਆਂ ਸਨ। ਉਸ ਦੀ ਨਜ਼ਰ ਸਾਹਮਣੇ ਖ਼ਾਲੀ ਪਏ ਗੀਤਾ ਮੈਡਮ ਦੇ ਕੈਬਿਨ 'ਤੇ ਪਈ। ਹੁਣ ਉਹਨੇ



ਸਿਮਰਨ ਧਾਲੀਵਾਲ
ਫੋਨ: +91-94632-15168

ਸੋਮਵਾਰ ਨੂੰ ਦਫ਼ਤਰ ਆਉਣਾ ਸੀ। ਕਿਸ਼ਨ ਬਾਬੂ ਨੂੰ ਇਕ ਵਾਰ ਤਾਂ ਅੱਚਵੀ ਜਿਹੀ ਮਹਿਸੂਸ ਹੋਈ। ਲੱਗਿਆ ਕਿ ਗੀਤਾ ਨੂੰ ਫੇਸ ਕਿਵੇਂ ਕਰਾਂਗਾ?

ਫਿਰ ਲੱਗਿਆ, ਕੁਝ ਨਹੀਂ ਹੋਣ ਲੱਗਾ। ਸੰਗ-ਸ਼ਰਮ ਤਾਂ ਛੱਡਣੀ ਪੈਣੀ। ਅਗਲੀ ਤਾਂ ਜਮਾਂ ਨਹੀਂ ਸੰਗਦੀ।... ਤੇ ਉਸ ਕਹਾਣੀ ਨੂੰ ਕਿਸ਼ਨ ਨੇ ਹੁਣ ਆਪਣੇ ਹੱਥਾਂ ਵਿਚ ਲੈ ਲਿਆ ਸੀ ਜੋ ਗੀਤਾ ਸੱਭਰਵਾਲ ਨੇ ਸ਼ੁਰੂ ਕੀਤੀ ਸੀ ਪਰ ਅਸਲ ਵਿਚ ਇਹ ਕਹਾਣੀ ਗੀਤਾ ਨੇ ਨਹੀਂ, ਆਸ਼ਾ ਦੇਵੀ ਨੇ ਸ਼ੁਰੂ ਕੀਤੀ ਸੀ। ਅਜੀਬ ਉਲਝੀ ਜਿਹੀ ਤੰਦ ਹੈ ਵੈਸੇ। ਗੀਤਾ ਦੀ ਕਹਾਣੀ ਦੇ ਨਾਲ-ਨਾਲ ਕਿਸ਼ਨ ਦੇ ਮੱਥੇ ਵਿਚ ਆਸ਼ਾ ਦੇਵੀ ਦੀ ਕਹਾਣੀ ਵੀ ਚੱਲਦੀ ਰਹਿੰਦੀ। ਆਸ਼ਾ ਉਸ ਦੀ ਪਤਨੀ। ਉਮਰ ਵਿਚ ਉਸ ਤੋਂ ਤਿੰਨ ਸਾਲ ਛੋਟੀ ਪਰ ਵਿਹਾਰ ਵਿਚ ਦਸ ਸਾਲ ਵੱਡੀ ਲੱਗਦੀ। ਉਹ ਕਈ ਵਰ੍ਹੇ ਪਿੱਛੇ ਪਹੁੰਚ ਗਿਆ। ਧਿਆਨ ਗੀਤਾ ਦੇ ਕੈਬਿਨ ਵੱਲੋਂ ਹਟ ਗਿਆ।

***

ਉਨ੍ਹਾਂ ਦਾ ਜਦ ਵਿਆਹ ਹੋਇਆ ਸੀ, ਉਨ੍ਹਾਂ ਜਿਹੀ ਜੋੜੀ ਦੂਰ-ਦੂਰ ਤਕ ਕਿਤੇ ਵੀ ਨਹੀਂ ਸੀ ਦਿਸਦੀ। ਆਸ਼ਾ ਗੋਰੀ ਚਿੱਟੀ। ਲੰਮਾ ਕੱਦ। ਬਿੱਲੀਆਂ ਅੱਖਾਂ। ਲੰਮੇ ਵਾਲ। ਹੱਸਦੀ ਤਾਂ ਜਿਵੇਂ ਫੁੱਲ ਕਿਰਦੇ। ਕਿਸ਼ਨ ਉਡਿਆ ਫਿਰਦਾ। ਨਵਾਂ-ਨਵਾਂ ਉਹ ਉਦੋਂ ਅੰਕੜਾ ਵਿਭਾਗ ਵਿਚ ਕਲਰਕ ਭਰਤੀ ਹੋਇਆ ਸੀ। ਨਿਯੁਕਤੀ ਸ਼ਹਿਰ ਦੀ ਹੀ ਸੀ। ਦੁਪਹਿਰੇ ਰੋਟੀ ਖਾਣ ਲਈ ਘਰ ਆ ਜਾਂਦਾ। ਦੋਨੋਂ ਚੁਬਾਰੇ ਵਿਚ ਵੜ ਜਾਂਦੇ। ਗੱਲਾਂ ਨਾ ਮੁੱਕਦੀਆਂ। ਉਨ੍ਹਾਂ ਦਾ ਹਾਸਾ ਚੁਬਾਰੇ ਦੀ ਬਾਰੀ ਵਿਚੋਂ ਨਿਕਲ ਕੇ ਹੇਠਾਂ ਪਹੁੰਚ ਜਾਂਦਾ। ਰੋਟੀ ਠੰਢੀ ਹੋ ਜਾਂਦੀ। ਬੁਰਕੀ ਤੋੜਦਾ ਤੇ ਮੂੰਹ ਵਿਚ ਪਾਉਣੀ ਭੁੱਲ ਜਾਂਦਾ। ਸੂਈਆਂ ਆਪਣੀ ਸੀਮਾ ਟੱਪ ਜਾਂਦੀਆਂ। ਕਿਸ਼ਨ ਲੇਟ ਹੋ ਜਾਂਦਾ। ਦਫ਼ਤਰ ਇੰਚਾਰਜ ਕੁਨੱਖਾ ਜਿਹਾ ਝਾਕਦਾ। ਕਿਸ਼ਨ ਦਾ ਜੀਅ ਕਰਦਾ ਲੰਮੀ ਛੁੱਟੀ ਲੈ ਕੇ ਕਿਤੇ ਦੂਰ ਪਹੁੰਚ ਜਾਏ। ਜਿੱਥੇ ਉਹ ਤੇ ਬਸ ਆਸ਼ਾ ਹੋਵੇ।

ਚੁਬਾਰੇ ਤੋਂ ਉਤਰੀ ਆਸ਼ਾ ਨੂੰ ਜੇਠਾਣੀ ਛੇੜਦੀ ਰਹਿੰਦੀ। ਦੋਨੋਂ ਹੱਸਦੀਆਂ ਤੇ ਆਸ਼ਾ ਦਾ ਚਿਹਰਾ ਸੰਗ ਨਾਲ ਲਾਲ ਵੀ ਹੁੰਦਾ ਰਹਿੰਦਾ। ਕਿਆ ਦਿਨ ਸਨ ਉਹ। ਕਿਸ਼ਨ ਬਾਬੂ ਉਹ ਸਭ ਯਾਦ ਕਰ ਕੇ ਚਹਿਕ ਉਠਦਾ। ਸਮਾਂ ਕਿੰਨੀ ਤੇਜ਼ ਗਤੀ ਨਾਲ ਚੱਲਦਾ ਹੈ। ਵਿਆਹ ਦੇ ਡੇਢ ਸਾਲ ਮਗਰੋਂ ਉਨ੍ਹਾਂ ਦੇ ਘਰ ਧੀ ਨੇ ਜਨਮ ਲਿਆ। ਆਸ਼ਾ ਬੱਚੀ ਵਿਚ ਉਲਝ ਗਈ। ਧੀ ਵੈਸ਼ਾਲੀ ਤੋਂ ਬਾਅਦ ਬੇਟੇ ਸਿਧਾਰਥ ਦਾ ਜਨਮ ਹੋਇਆ। ਦੋਨੋਂ ਬੱਚੇ ਹਾਣੀਆਂ ਵਰਗੇ ਸਨ। ਆਸ਼ਾ ਸਾਰਾ ਦਿਨ ਬੱਚਿਆਂ ਵਿਚ ਗੁਆਚੀ ਰਹਿੰਦੀ। ਕਿਸ਼ਨ ਬਾਬੂ ਦੀ ਬਦਲੀ ਨੇੜਲੇ ਸ਼ਹਿਰ ਵਿਚ ਹੋ ਗਈ। ਦੁਪਹਿਰ ਦੀ ਰੋਟੀ ਉਹ ਘਰੋਂ ਨਾਲ ਲੈ ਜਾਂਦਾ। ਟਿਫਨ ਪੈਕ ਕਰ ਕੇ। ਚੁਬਾਰੇ ਵਾਲੀ ਰੌਣਕ ਖਿੰਡ ਗਈ।... ਤੇ ਹੁਣ ਉਹ ਦੋਵੇਂ ਚਾਲੀਵਾਂ ਵਰ੍ਹਾ ਪਾਰ ਕਰ ਚੁੱਕੇ ਸਨ। ਵਾਲਾਂ ਵਿਚ ਸਫੈਦੀ ਉਤਰ ਰਹੀ ਸੀ। ਐਤਵਾਰ ਨੂੰ ਕਿਸ਼ਨ ਬਾਬੂ ਕੌਲੀ ਵਿਚ ਡਾਈ ਘੋਲਦਾ ਫਿਰਦਾ ਤੇ ਆਸ਼ਾ ਵਾਲਾਂ ਵਿਚ ਮਹਿੰਦੀ ਦਾ ਲੇਪ ਲਗਾਉਂਦੀ। ਬੱਚੇ ਵੱਡੇ ਹੁੰਦੇ ਗਏ, ਉਨ੍ਹਾਂ ਵਿਚਾਲੇ ਦੂਰੀ ਆਉਂਦੀ ਗਈ। ਆਸ਼ਾ ਜਦ ਨੂੰ ਬੈਡਰੂਮ ਵਿਚ ਆਉਂਦੀ, ਕਿਸ਼ਨ ਬਾਬੂ ਉਡੀਕਦਾ ਸੌਂ ਚੁੱਕਾ ਹੁੰਦਾ। ਕਦੇ ਉਹ ਨੇੜੇ ਹੋਣ ਲੱਗਦੇ ਤਾਂ ਦੋਨਾਂ ਬੱਚਿਆਂ ਵਿਚੋਂ ਕੋਈ ਨਾ ਕੋਈ ਉਠ ਜਾਂਦਾ। ਕਿਸ਼ਨ ਬਾਬੂ ਅਵਾਜ਼ਾਰ ਜਿਹਾ ਹੋ ਕੇ ਰਹਿ ਜਾਂਦਾ।

***

ਦਫ਼ਤਰ ਵਿਚ ਹਮਉਮਰਾਂ ਨਾਲ ਕਦੇ ਕੋਈ ਗੱਲ ਛਿੜਦੀ ਤਾਂ ਕਿਸ਼ਨ ਬਾਬੂ ਚੁੱਪ ਰਹਿੰਦਾ। ਸਾਥੀ ਆਖਦੇ, ਇਹ ਤਾਂ ਉਮਰ ਦੀ ਦੂਜੀ ਪਾਰੀ ਹੈ। ਸਭ ਦੀਆਂ ਆਪਣੀਆਂ ਕਹਾਣੀਆਂ ਸਨ। ਕਦੇ ਕੋਈ ਕਿਸ਼ਨ ਬਾਬੂ ਨੂੰ ਵੀ ਛੇੜ ਦਿੰਦਾ।

"ਕਿਸ਼ਨ ਜੀ ਫੇਰ ਕਾਟੋ ਖੇਡਦੀ ਫੁੱਲਾਂ 'ਤੇ ਜਾਂ ਨਹੀਂ?"

ਕਿਸ਼ਨ ਬਾਬੂ ਸੰਗ ਕੇ ਰਹਿ ਜਾਂਦਾ। ਕੀ ਦੱਸਦਾ ਕਿਸੇ ਨੂੰ? ਉਹ ਤਾਂ ਮਸਾਂ ਹੀ ਨੇੜੇ ਜਾਂਦੇ ਸਨ ਇਕ ਦੂਜੇ ਦੇ ਕਿਤੇ। ਉਹ ਹੱਸ ਕੇ ਟਾਲ ਦਿੰਦਾ। ਉਨ੍ਹਾਂ ਦੀਆਂ ਸੁਣਦਾ ਰਹਿੰਦਾ। ਮੱਖਣ ਸਿਹੁੰ ਸਹਾਇਕ ਤਾਂ ਹੋਰ ਸੰਗ ਲਾਹ ਦਿੰਦਾ, "ਘਰ ਲਵੇਰਾ ਨਾ ਹੋਵੇ ਤਾਂ ਦੁੱਧ ਬਾਹਰੋਂ ਲੈਣਾ ਪੈਂਦਾ ਬੰਦੇ ਨੂੰ।"

ਕਿਸ਼ਨ ਬਾਬੂ ਵਰਗਾ ਬੰਦਾ ਤਾਂ ਐਸੀ ਗੱਲ ਕਦੇ ਸੋਚ ਵੀ ਨਹੀਂ ਸੀ ਸਕਦਾ। ਉਹ ਬਸ ਆਸ਼ਾ ਦੇ ਵਿਹਾਰ ਤੋਂ ਹੀ ਕੁੜ੍ਹ ਸਕਦਾ ਸੀ।

ਉਹਨੇ ਤਾਂ ਜਵਾਨੀ ਵੇਲੇ ਕਿਸੇ ਵੱਲ ਅੱਖ ਚੁੱਕ ਕੇ ਨਹੀਂ ਸੀ ਵੇਖਿਆ। ਕਾਲਜ ਪੜ੍ਹਦਿਆਂ, ਉਹ ਘਰ ਤੋਂ ਕਾਲਜ ਤੇ ਕਾਲਜ ਤੋਂ ਸਿੱਧਾ ਘਰ ਆਉਂਦਾ। ਕਾਲਜ ਘਰ ਤੋਂ ਨੇੜੇ ਹੀ ਸੀ। ਉਹ ਪੈਦਲ ਆਉਂਦਾ ਜਾਂਦਾ। ਕਦੇ ਕਿਤੇ ਕੋਈ ਦਿਨ ਐਸਾ ਵੀ ਹੁੰਦਾ, ਆਪਣੀ ਦੁਕਾਨ 'ਤੇ ਜਾਣ ਤੋਂ ਪਹਿਲਾਂ ਉਸ ਦੇ ਬਾਊ ਜੀ ਉਸ ਨੂੰ ਆਪਣੇ ਸਕੂਟਰ 'ਤੇ ਕਾਲਜ ਛੱਡ ਜਾਂਦੇ। ਪੜ੍ਹਾਈ ਮੁਕਾ ਕੇ ਉਹ ਕੁਝ ਮਹੀਨੇ ਦੁਕਾਨ 'ਤੇ ਜਾਂਦਾ ਰਿਹਾ ਤੇ ਫਿਰ ਨੌਕਰੀ ਲੱਗਣ ਦੇ ਅੱਗੇ-ਪਿੱਛੇ ਹੀ ਉਸ ਦਾ ਵਿਆਹ ਹੋ ਗਿਆ।... ਤੇ ਕਿਸ਼ਨ ਬਾਬੂ ਆਸ਼ਾ ਵਿਚ ਗੁਆਚ ਗਿਆ। ਮੁਹੱਬਤ ਦੇ ਰੰਗ ਵਿਚ ਰੰਗਿਆ ਉਹ ਭਲਾ ਕਿਵੇਂ ਦੇਖਦਾ ਕਿਸੇ ਹੋਰ ਵੱਲ?

ਪਰ ਗੀਤਾ ਤਾਂ ਜਿਵੇਂ ਮੱਲੋਜ਼ੋਰੀ ਉਸ ਦੀ ਜ਼ਿੰਦਗੀ ਵਿਚ ਆਣ ਵੜੀ ਸੀ।

ਕਿਸੇ ਹੋਰ ਦਫ਼ਤਰ ਵਿਚੋਂ ਬਦਲ ਕੇ ਆਈ ਗੀਤਾ, ਪਹਿਲੇ ਦਿਨ ਹੀ ਪੂਰੇ ਦਫ਼ਤਰ ਵਿਚ ਚਰਚਾ ਦਾ ਵਿਸ਼ਾ ਬਣ ਗਈ ਸੀ। ਉੱਚੀ-ਲੰਮੀ, ਗੋਰਾ ਰੰਗ। ਅੱਖਾਂ ਵਿਚ ਚਮਕ। ਉਹ ਉਮਰੋਂ ਦਸ ਸਾਲ ਛੋਟੀ ਲੱਗਦੀ। ਉਸ ਦੀ ਹਰ ਗੱਲ ਵਿਚ ਸਲੀਕਾ ਸੀ। ਕੱਪੜਿਆਂ ਤੋਂ ਲੈ ਕੇ ਮੇਕਅੱਪ ਤਕ। ਮੇਕਅੱਪ ਤੋਂ ਲੈ ਕੇ ਚਾਲ-ਢਾਲ ਤਕ। ਮਰਦਾਨਾ ਸਟਾਫ ਉਹਦੀਆਂ ਗੱਲਾਂ ਕਰਦਾ। ਉਸ ਵੇਲੇ ਵੀ ਕਿਸ਼ਨ ਬਾਬੂ ਕੁਝ ਨਾ ਕਹਿੰਦਾ। ਦੂਜਿਆਂ ਦੀ ਸੁਣ ਲੈਂਦਾ। ਹੱਸ ਲੈਂਦਾ। ਉਸ ਦਾ ਦੂਜਿਆਂ ਨਾਲੋਂ ਅਲੱਗ ਹੋਣਾ ਹੀ ਸ਼ਾਇਦ ਗੀਤਾ ਨੂੰ ਜਚ ਗਿਆ ਸੀ। ਉਹ ਕਿਸ਼ਨ ਬਾਬੂ ਨਾਲ ਗੱਲਬਾਤ ਕਰਨ ਲੱਗੀ। ਲੰਚ ਬ੍ਰੇਕ ਵਿਚ ਲੋਕਲ ਲੋਕ ਘਰ ਚਲੇ ਜਾਂਦੇ। ਗੀਤਾ ਆਪਣਾ ਲੰਚ ਬਾਕਸ ਲੈ ਕੇ ਕਿਸ਼ਨ ਬਾਬੂ ਦੇ ਟੇਬਲ 'ਤੇ ਜਾਂਦੀ। ਪਹਿਲਾਂ ਦੋਨਾਂ ਵਿਚਾਲੇ ਦੀ ਚੁੱਪ ਟੁੱਟੀ ਤੇ ਫੇਰ ਰਸਮੀਪਣ। ਰੋਟੀ ਖਾਂਦਿਆਂ ਉਹ ਗੱਲਾਂ ਕਰਦੇ ਰਹਿੰਦੇ। ਇਕ ਦੂਜੇ ਦੇ ਟਿਫਨ ਵਿਚੋਂ ਬੁਰਕੀ ਲਗਾ ਲੈਂਦੇ।... ਤੇ ਕੁਝ ਮਹੀਨਿਆਂ ਵਿਚ ਉਨ੍ਹਾਂ ਵਿਚਾਲੇ ਕਾਫ਼ੀ ਨੇੜਤਾ ਹੋ ਗਈ। ਬੱਸ 'ਤੇ ਆਉਂਦੇ ਤਾਂ ਦੋਵੇਂ ਬੱਸ ਅੱਡੇ ਤਕ ਇਕੱਠਿਆਂ ਜਾਂਦੇ। ਉਥੋਂ ਆਪੋ-ਆਪਣੇ ਸ਼ਹਿਰ ਦੀ ਬੱਸ ਫੜ ਲੈਂਦੇ। ਕਿਸ਼ਨ ਬਾਬੂ ਕਦੇ ਕਾਰ 'ਤੇ ਦਫ਼ਤਰ ਆਉਂਦਾ ਤਾਂ ਵਲ ਪਾ ਕੇ ਗੀਤਾ ਨੂੰ ਉਸ ਦੇ ਸ਼ਹਿਰੋਂ ਨਾਲ ਬਿਠਾ ਕੇ ਦਫ਼ਤਰ ਲੈ ਕੇ ਆਉਂਦਾ। ਗੱਡੀ ਵਿਚ ਜਗਜੀਤ ਸਿੰਘ ਦੀਆਂ ਗ਼ਜ਼ਲਾਂ ਵੱਜਦੀਆਂ ਰਹਿੰਦੀਆਂ ਤੇ ਉਹ ਗੱਲਾਂ ਵਿਚ ਗੁਆਚੇ ਕਦ ਦਫ਼ਤਰ ਆਣ ਪਹੁੰਚਦੇ, ਉਨ੍ਹਾਂ ਨੂੰ ਵੀ ਪਤਾ ਨਾ ਲੱਗਦਾ। ਕਦੇ-ਕਦੇ ਘਰੇ ਵੀ ਇਕ ਦੂਜੇ ਨੂੰ ਕੋਈ ਮੈਸੇਜ ਕਰ ਲੈਂਦੇ। ਕਦੇ-ਕਦੇ ਕਿਸ਼ਨ ਬਾਬੂ ਡਰਦਾ। ਸੋਚਦਾ। ਗੀਤਾ ਨਾਲ ਨੇੜਤਾ ਉਸ ਨੂੰ ਗ਼ਲਤ ਲੱਗਦੀ। ਆਪਣੀ ਪਤਨੀ ਆਸ਼ਾ ਦਾ ਖ਼ਿਆਲ ਆਉਂਦਿਆਂ, ਉਸ ਦੇ ਅੰਦਰ ਕੋਈ ਅਪਰਾਧ ਬੋਧ ਜਾਗਣ ਲੱਗਦਾ ਪਰ ਅਚਾਨਕ ਆਸ਼ਾ ਦੇ ਸੁਭਾਅ ਵਿਚ ਅਜੀਬ ਜਿਹਾ ਬਦਲਾਅ ਆ ਗਿਆ। ਕਿਸ਼ਨ ਬਾਬੂ ਕਦੇ ਛੂੰਹਦਾ ਵੀ ਤਾਂ ਉਹ ਤ੍ਰਭਕ ਉਠਦੀ। ਉਸ ਨੂੰ ਦੂਰ ਹੋਣ ਲਈ ਤਰਲਾ ਕਰਦੀ। ਹਰ ਦੂਜੇ ਦਿਨ ਵਰਤ ਰੱਖ ਲੈਂਦੀ। ਦੋ-ਦੋ ਘੰਟੇ ਪੂਜਾ ਵਾਲੇ ਕਮਰੇ ਵਿਚ ਬੈਠੀ ਰਹਿੰਦੀ। ਕਿਸ਼ਨ ਬਾਬੂ ਕੋਲ ਹੋਣ ਦੀ ਕੋਸ਼ਿਸ਼ ਵੀ ਕਰਦਾ ਤਾਂ ਆਸ਼ਾ ਇਨਕਾਰ ਕਰਦੀ। ਕਿਸ਼ਨ ਬਾਬੂ ਦਫ਼ਤਰ ਚਲਿਆ ਜਾਂਦਾ ਤਾਂ ਆਸ਼ਾ ਸੀ.ਡੀ. ਪਲੇਅਰ ਉਪਰ ਕਿਸੇ ਅਚਾਰੀਆ ਦੇਵ ਦਾ ਲੈਕਚਰ ਚਲਾ ਲੈਂਦੀ। ਲੌਬੀ ਵਿਚ ਲੈਕਚਰ ਚਲਦਾ ਰਹਿੰਦਾ ਤੇ ਆਸ਼ਾ ਨਾਲ-ਨਾਲ ਨਿੱਕੇ ਮੋਟੇ ਕੰਮ ਕਰਦੀ ਰਹਿੰਦੀ। ਆਸ਼ਾ ਦਿਨੋ-ਦਿਨ ਅਚਾਰੀਆ ਦੇਵ ਦੇ ਰੰਗ ਵਿਚ ਰੰਗਦੀ ਜਾ ਰਹੀ ਸੀ। ਉਸ ਨੇ ਰੰਗ ਤਿਆਗ ਦਿੱਤੇ। ਚਿੱਟੇ ਕੱਪੜੇ



ਪਾਉਣ ਲੱਗੀ। ਮੇਕਅੱਪ ਛੱਡ ਦਿੱਤਾ। ਬੜਾ ਧੀਮਾ ਬੋਲਣ ਲੱਗੀ। ਸ਼ਾਂਤ ਜਿਹੀ। ਅਡੋਲ ਜਿਹੀ। ਬੱਚਿਆਂ ਨੂੰ ਜਦੋਂ ਵੱਡੇ ਦਿਨਾਂ ਦੀਆਂ ਛੁੱਟੀਆਂ ਹੋਈਆਂ, ਆਸ਼ਾ ਨੇ ਕਿਸ਼ਨ ਬਾਬੂ ਕੋਲੋਂ ਦੋ ਦਿਨ ਵਾਸਤੇ ਦੇਵ ਆਸ਼ਰਮ ਜਾਣ ਦੀ ਇਜਾਜ਼ਤ ਮੰਗੀ। ਕਿਸ਼ਨ ਬਾਬੂ ਨੇ ਤਾਂ ਕਦੇ ਕਿਸੇ ਗੱਲੋਂ ਆਸ਼ਾ ਨੂੰ ਵਰਜਿਆ ਹੀ ਨਹੀਂ ਸੀ। ਉਸ ਦੀ ਖ਼ੁਸ਼ੀ ਸੀ ਕਿ ਉਹ ਜਾਣਾ ਚਾਹੁੰਦੀ ਹੈ। ਕਿਸ਼ਨ ਬਾਬੂ ਕਿਵੇਂ ਰੋਕਦਾ? ਆਸ਼ਾ ਦੇਵ ਆਸ਼ਰਮ ਚਲੀ ਗਈ। ਅਚਾਰੀਆ ਦੇਵ ਦੇ ਪ੍ਰਵਚਨ ਸੁਣੇ। ਆਸ਼ਰਮ ਦੀ ਸ਼ਾਂਤੀ ਨੂੰ ਮਾਣਿਆ। ਘਰ ਤੋਂ ਦੂਰ ਜ਼ਿੰਮੇਦਾਰੀਆਂ ਤੋਂ ਦੂਰ। ਕੋਈ ਫੋਨ ਕਾਲ ਨਹੀਂ, ਕੋਈ ਸ਼ੋਰ ਨਹੀਂ। ਸੰਸਾਰ ਤੋਂ ਦੂਰ ਹੁੰਦੀ-ਹੁੰਦੀ ਆਸ਼ਾ, ਕਿਸ਼ਨ ਬਾਬੂ ਤੋਂ ਕੋਹਾਂ ਦੂਰ ਹੋ ਗਈ।

"ਹੁਣ ਮੇਰਾ ਮਨ ਨ੍ਹੀਂ ਹੁੰਦਾ ਇਹਨਾਂ ਗੱਲਾਂ ਲਈ।"... ਤੇ ਉਹਨੇ ਅਲੱਗ ਕਮਰੇ ਵਿਚ ਸੌਣਾ ਸ਼ੁਰੂ ਕਰ ਦਿੱਤਾ। ਜ਼ਰਾ ਜਿਹਾ ਤਕਰਾਰ ਵੀ ਹੋਇਆ ਪਰ ਕਿਸ਼ਨ ਬਾਬੂ ਆਖ਼ਰ ਕਰਦਾ ਵੀ ਕੀ?...

ਉਹਨੂੰ ਇਹ ਸਭ ਅਜੀਬ ਜਿਹਾ ਲੱਗ ਰਿਹਾ ਸੀ। ਉਹਨੇ ਵੀ ਚੁੱਪ ਧਾਰ ਲਈ। ਬਾਕੀ ਸਭ ਆਪਣੀ ਚਾਲ ਵਿਚ ਚੱਲ ਰਿਹਾ ਸੀ।

ਕਦੇ ਉਸ ਨੂੰ ਲੱਗਦਾ, ਇਸ ਪਿੱਛੇ ਕੋਈ ਵਿਗਿਆਨਕ ਕਾਰਨ ਹੈ। ਕਦੇ ਲੱਗਦਾ, ਕਬੀਲਦਾਰੀ ਦੀ ਜ਼ਿੰਮੇਦਾਰੀ ਨੇ ਉਸ ਅੰਦਰੋਂ ਸਭ ਅਹਿਸਾਸ ਮੁਕਾ ਦਿੱਤੇ ਨੇ।... ਤੇ ਕਿਸ਼ਨ ਬਾਬੂ ਸੋਚਾਂ ਦੀ ਜੋੜ ਘਟਾਓ ਕਰਦਾ ਰਹਿੰਦਾ।

ਇਸੇ ਚੁੱਪ ਨੂੰ ਅਚਾਨਕ ਗੀਤਾ ਨੇ ਤੋੜ ਸੁੱਟਿਆ ਸੀ। ਆਸ਼ਾ ਵੱਲੋਂ ਟੁੱਟਿਆ ਕਿਸ਼ਨ ਬਾਬੂ ਗੀਤਾ ਨਾਲ ਜੁੜਨ ਲੱਗਾ। ਉਨ੍ਹਾਂ ਦੀਆਂ ਗੱਲਾਂ ਵਧ ਗਈਆਂ। ਦੂਰੀਆਂ ਹੋਰ ਘਟ ਗਈਆਂ।

ਅਚਾਨਕ ਇਕ ਦਿਨ ਗੀਤਾ ਨੇ ਕਿਸ਼ਨ ਬਾਬੂ ਨੂੰ ਪੁੱਛ ਲਿਆ, "ਖ਼ੁਸ਼ ਹੋ ਆਪਣੀ ਲਾਈਫ ਵਿਚ?"

"ਪਤਾ ਨ੍ਹੀਂ!" ਕਿਸ਼ਨ ਬਾਬੂ ਦੇ ਅਧੂਰੇ ਜਿਹੇ ਜਵਾਬ ਦੇ ਵੀ ਪੂਰੇ ਅਰਥ ਗੀਤਾ ਸਮਝ ਗਈ ਸੀ।

"ਸਭ ਨੂੰ ਜਾਣੇ ਕਿਉਂ ਸਾਰਾ ਕੁਝ ਕਿਉਂ ਨਹੀਂ ਮਿਲਦਾ।" ਅੱਗਿਉਂ ਗੀਤਾ ਨੇ ਵੀ ਸਰਦ ਸਾਹ ਲਿਆ।... ਤੇ ਉਹ ਇਕ ਦੂਜੇ ਨਾਲ ਹੋਰ ਖੁੱਲ੍ਹ ਗਏ। ਦੋਹਾਂ ਨੇ ਦੁੱਖ-ਸੁੱਖ ਸਾਂਝੇ ਕੀਤੇ। ਆਪੋ-ਆਪਣੇ ਹਿੱਸੇ ਦਾ ਖ਼ਲਾਅ ਭਰਨ ਦੀ ਇਹ ਜਿਵੇਂ ਕੋਸ਼ਿਸ਼ ਹੀ ਤਾਂ ਸੀ। ਇਹ ਸਾਂਝ ਉਨ੍ਹਾਂ ਨੂੰ ਵੱਧ ਨੇੜੇ ਲੈ ਆਈ।

ਕਦੇ-ਕਦੇ ਆਪਣੀਆਂ ਉਦਾਸੀਆਂ ਸਾਂਝੀਆਂ ਕਰਦੀ ਗੀਤਾ ਕਿਸ਼ਨ ਬਾਬੂ ਦੇ ਸਾਹਮਣੇ ਰੋ ਪੈਂਦੀ। ਕਿਸ਼ਨ ਬਾਬੂ ਦੇ ਮੋਢੇ 'ਤੇ ਸਿਰ ਧਰੀ, ਉਨ੍ਹਾਂ ਤਮਾਮ ਦੁੱਖਾਂ ਨੂੰ ਭੁੱਲ ਜਾਂਦੀ ਜਿਨ੍ਹਾਂ ਦੇ ਕਰ ਕੇ ਇਹ ਜਨਮ ਉਸ ਨੂੰ ਵਿਅਰਥ ਲੱਗਣ ਲੱਗਿਆ ਸੀ।

***

ਗੀਤਾ ਦੇ ਜਨਮ ਦਿਨ ਮੌਕੇ ਕਿਸ਼ਨ ਬਾਬੂ ਨੇ ਉਸ ਨੂੰ ਝਾਂਜਰਾਂ ਦਾ ਜੋੜਾ ਗਿਫਟ ਕੀਤਾ। ਚੜ੍ਹਦੀਆਂ ਸਰਦੀਆਂ, ਗੀਤਾ ਉਸ ਲਈ ਸਵੈਟਰ ਬੁਣ ਕੇ ਲਿਆਈ। ਦਫ਼ਤਰ ਵਾਲੇ ਸਾਥੀਆਂ ਨੂੰ ਦਾਲ ਵਿਚ ਕੁਝ ਕਾਲਾ ਮਹਿਸੂਸ ਹੋਇਆ ਤਾਂ ਦੋਹਾਂ ਨੇ ਲੋਕਾਂ ਸਾਹਮਣੇ ਦੂਰੀ ਪੈਦਾ ਕਰ ਲਈ। ਸਿਰਫ ਸਹਿ-ਕਰਮੀਆਂ ਵਰਗਾ ਵਿਹਾਰ ਕਰਦੇ।

ਕਿਸ਼ਨ ਬਾਬੂ ਨੂੰ ਗੀਤਾ ਦਾ ਹੋਣਾ ਚੰਗਾ ਲੱਗਦਾ। ਉਹ ਉਸ ਦੀਆਂ ਦਿੱਤੀਆਂ ਝਾਂਜਰਾਂ ਪਾ ਕੇ ਜਦ ਵੀ ਦਫ਼ਤਰ ਆਉਂਦੀ ਤਾਂ ਕਿਸ਼ਨ ਬਾਬੂ ਨੂੰ ਸਾਰਾ ਦਫ਼ਤਰ ਖਣਕਦਾ ਮਹਿਸੂਸ ਹੁੰਦਾ। ਫਿਰ ਕਿਸ਼ਨ ਬਾਬੂ ਨੇ ਇਕ ਦਿਨ ਦਿਲ ਦੀ ਗੱਲ ਦੱਸਣ ਲਈ ਫੋਨ ਉਪਰ ਦਿਲ ਦਾ ਨਿਸ਼ਾਨ ਭੇਜ ਦਿੱਤਾ। ਗੱਲ ਖੁੱਲ੍ਹ ਗਈ। ਪਹਿਲ ਹੋ ਗਈ ਤੇ ਬਦਲੇ ਵਿਚ ਉਸ ਨੂੰ ਦੋ ਦਿਲ ਨਿਸ਼ਾਨ ਮਿਲ ਗਏ। ਨਾਲ ਲਿਖਿਆ ਸੀ, "ਇਸ ਰਿਸ਼ਤੇ ਦਾ ਮਾਣ ਰੱਖਿਓ!"

***

ਉਹ ਇਸ ਨਵੇਂ ਰਿਸ਼ਤੇ ਨੂੰ ਜਿਊਣ ਲੱਗੇ।

ਆਸ਼ਾ ਨਾਲ ਜਿਵੇਂ ਕਿਸ਼ਨ ਬਾਬੂ ਦਾ ਵਾਸਤਾ ਹੀ ਮੁੱਕ ਗਿਆ ਹੋਵੇ। ਉਹ ਸਫੈਦ ਕੱਪੜੇ ਪਾਈ, ਸ਼ਾਂਤ ਜਿਹੀ ਆਪਣੇ ਰੰਗ ਵਿਚ ਰੰਗੀ ਰਹਿੰਦੀ। ਕਿਸ਼ਨ ਬਾਬੂ ਫੋਨ ਉਪਰ ਗੀਤਾ ਨਾਲ ਰੁੱਝਿਆ ਰਹਿੰਦਾ। ਆਸ਼ਾ ਕੰਮ ਮੁਕਾਉਂਦੀ ਤੇ ਦੂਜੇ ਕਮਰੇ ਵਿਚ ਜਾ ਕੇ ਮਾਲਾ ਫੜ ਲੈਂਦੀ।

***

ਕਿਸ਼ਨ ਬਾਬੂ ਜਿੰਨਾ ਗੀਤਾ ਦੀ ਮੁਹੱਬਤ ਵਿਚ ਗੁਆਚ ਰਿਹਾ ਸੀ, ਆਸ਼ਾ ਉਨੀ ਜ਼ਿਆਦਾ ਸੰਸਾਰਕ ਮੋਹ ਤੋਂ ਮੁਕਤ ਹੋ ਰਹੀ ਸੀ। ਕਦੇ-ਕਦੇ ਕਿਸ਼ਨ ਬਾਬੂ ਸ਼ਿਕਾਇਤ ਵੀ ਕਰਦਾ।

"ਤੂੰ ਤਾਂ ਸਾਧਣੀ ਬਣ ਕੇ ਬਹਿ ਗਈ। ਤੈਨੂੰ ਕਿਸੇ ਨਾਲ ਕੀ।"

ਆਸ਼ਾ ਮੁਸਕਰਾਉਂਦੀ। ਸ਼ਾਂਤ ਰਹਿੰਦੀ।

"ਦੇਹ ਦਾ ਰਿਸ਼ਤਾ ਮੁੱਕਿਆ ਰੂਹਾਂ ਦਾ ਨਹੀਂ। ਹਰ ਪਲ ਕੋਲ ਹਾਂ ਤੁਹਾਡੇ। ਆਈ ਕਿਸੇ ਗੱਲ ਦੀ ਕਮੀ?"... ਤੇ ਉਹ ਕਿਸ਼ਨ ਬਾਬੂ ਦੀ ਸ਼ਿਕਾਇਤ ਦੂਰ ਕਰਨ ਲਈ ਖ਼ੁਦ ਨੂੰ ਹੋਰ ਸਮਰਪਿਤ ਕਰ ਲੈਂਦੀ। ਕਿਸ਼ਨ ਬਾਬੂ ਪੰਜ ਵਜੇ ਉਠਦਾ ਤੇ ਸੈਰ ਲਈ ਜਾਂਦਾ। ਆਸ਼ਾ ਉਸ ਤੋਂ ਵੀ ਪਹਿਲਾਂ ਉਠ ਖੜ੍ਹਦੀ। ਪੀਣ ਲਈ ਕੋਸਾ ਪਾਣੀ ਦਿੰਦੀ। ਪੈਰੀਂ ਪਾਉਣ ਲਈ ਰੈਕ ਤੋਂ ਬੂਟ ਚੁੱਕ ਲਿਆਉਂਦੀ। ਕਿਸ਼ਨ ਬਾਬੂ ਚਲਾ ਜਾਂਦਾ ਤਾਂ ਖ਼ੁਦ ਫਟਾਫਟ ਨਹਾ ਕੇ ਪੂਜਾ ਰੂਮ ਵਿਚ ਜਾ ਬੈਠਦੀ। ਕਦੇ ਚਾਹ ਕਦੇ ਰੋਟੀ ਕੱਪੜੇ। ਸਫਾਈਆਂ। ਉਹ ਸਭ ਤੋਂ ਪਹਿਲਾਂ ਉਠਦੀ ਤੇ ਸਭ ਤੋਂ ਬਾਅਦ ਵਿਚ ਉਸ ਨੂੰ ਮੰਜਾ ਨਸੀਬ ਹੁੰਦਾ। ਕਿਸ਼ਨ ਬਾਬੂ ਜ਼ਰਾ ਜਿੰਨੀ ਵੀ ਤੱਤੇ-ਠੰਢੇ ਦੀ ਸ਼ਿਕਾਇਤ ਕਰਦਾ, ਆਸ਼ਾ ਪੱਬਾਂ ਭਾਰ ਹੋ ਜਾਂਦੀ। ਕਿਸ਼ਨ ਬਾਬੂ ਇਸ ਸਭ ਕੁਝ ਤੋਂ ਸੰਤੁਸ਼ਟ ਵੀ ਸੀ ਪਰ ਆਸ਼ਾ ਵੱਲੋਂ ਬਣਾਈ ਦੂਰੀ ਉਸ ਨੂੰ ਖ਼ਲਦੀ ਵੀ। ਉਹ ਇਸ ਦੂਰੀ ਨੂੰ ਗੀਤਾ ਵੱਲ ਤੁਰ ਕੇ ਮਿਟਾਉਣਾ ਚਾਹੁੰਦਾ।

***

ਕਿਸ਼ਨ ਬਾਬੂ ਸੈਰ ਤੋਂ ਵੀ ਮੁੜ ਆਇਆ ਪਰ ਆਸ਼ਾ ਅੱਜ ਉਠੀ ਨਹੀਂ ਸੀ। ਸਵੇਰੇ ਜਾਣ ਵੇਲੇ ਉਹਨੇ ਪਾਣੀ ਖ਼ੁਦ ਹੀ ਕੋਸਾ ਕਰ ਕੇ ਪੀ ਲਿਆ ਸੀ। ਸੋਚਿਆ, ਉਠਣ ਵਿਚ ਘੌਲ ਹੋ ਗਈ ਹੋਣੀ ਹੈ ਪਰ ਆਸ਼ਾ ਤਾਂ ਐਸ ਵੇਲੇ ਤੀਕ ਕਦੇ ਵੀ ਨਹੀਂ ਸੀ ਸੌਂਦੀ। ਉਹਨੂੰ ਫ਼ਿਕਰ ਵੀ ਹੋਇਆ ਤੇ ਖਿਝ ਵੀ ਆਈ। ਅੱਜ ਤਾਂ ਉਹਨੇ ਗੀਤਾ ਨਾਲ ਦੋ ਦਿਨ ਲਈ ਡਲਹੌਜ਼ੀ ਜਾਣ ਦਾ ਪ੍ਰੋਗਰਾਮ ਉਲੀਕਿਆ ਸੀ। ਦੋ ਹਫ਼ਤੇ ਹੋ ਗਏ ਸੀ ਦੋਨਾਂ ਨੂੰ ਸੌ ਤਰ੍ਹਾਂ ਦੀਆਂ ਸੈਟਿੰਗਾਂ ਕਰਦਿਆਂ। ਮਸਾਂ ਇਹ ਪਲ ਆਏ ਸਨ। ਉਹ ਕਿਸੇ ਵੀ ਕਿਸਮ ਦਾ ਕੋਈ ਵਿਘਨ ਨਹੀਂ ਸੀ ਚਾਹੁੰਦਾ। ਉਹਨੇ ਵਿਭਾਗੀ ਟ੍ਰੇਨਿੰਗ ਲਈ ਦਿੱਲੀ ਜਾਣ ਦਾ ਬਹਾਨਾ ਬਣਾਇਆ ਸੀ। ਬੈਗ ਪੈਕ ਕਰਨ ਵਾਲਾ ਸੀ। ਕੱਪੜੇ ਪ੍ਰੈੱਸ ਹੋਣ ਵਾਲੇ ਸਨ। ਨਾਸ਼ਤਾ ਅਜੇ ਬਣਨਾ ਸੀ। ਕਿੰਨਾ ਕੁਝ ਸੀ ਆਸ਼ਾ ਦੇ ਕਰਨ ਵਾਲਾ।

ਉਹ ਦੂਜੇ ਕਮਰੇ ਵਿਚ ਗਿਆ। ਆਸ਼ਾ ਚਾਦਰ ਤਾਣੀ ਪਈ।

"ਕੀ ਗੱਲ ਉਠੀ ਨਹੀਂ?" ਉਹਨੇ ਰੁੱਖਾ ਜਿਹਾ ਪੁੱਛਿਆ।

"ਰਾਤ ਤੇਜ਼ ਬੁਖ਼ਾਰ ਹੋ ਗਿਆ।" ਆਸ਼ਾ ਦੀ ਆਵਾਜ਼ ਮਸਾਂ ਨਿਕਲੀ।

"ਰਾਤ 'ਵਾਜ ਦਿੰਦੀ। ਕੋਈ ਦਵਾ-ਦਾਰੂ ਲਿਆ ਦਿੰਦਾ। ਹੁਣ ਤਾਂ ਮੈਂ..." ਕਿਸ਼ਨ ਬਾਬੂ ਹੋਰ ਖਿਝਿਆ।

"ਕੋਈ ਨਾ। ਤੁਸੀਂ ਨਹਾਓ। ਮੈਂ ਉਠਦੀ ਹਾਂ। ਝੱਟ ਹੋ ਜਾਣਾ ਸਾਰਾ ਕੁਝ।" ਉਹ ਉਠ ਖੜ੍ਹੀ ਹੋਈ।... ਤੇ ਕਿਸ਼ਨ ਬਾਬੂ ਦੇ ਘਰੋਂ ਤੁਰਨ ਤੀਕ ਉਹ ਡਿੱਗਣ ਵਾਲੀ ਹੋ ਗਈ। ਗੇਟ ਵਿਚ ਆ ਕੇ ਕਿਸ਼ਨ ਬਾਬੂ ਨੂੰ ਤੋਰਿਆ। ਹੱਸ ਕੇ ਬਾਏ ਕਿਹਾ। ਕਿਸ਼ਨ ਬਾਬੂ ਨੇ ਬਹੁਤਾ ਧਿਆਨ ਨਹੀਂ ਦਿੱਤਾ। ਗੱਡੀ ਦੇ ਸ਼ੀਸ਼ੇ ਚੜ੍ਹਾਏ ਤੇ ਰੇਸ ਦੱਬ ਦਿੱਤੀ।

ਸ਼ਹਿਰੋਂ ਬਾਹਰ ਗੋਲ ਚੌਕ 'ਤੇ ਕੋਈ ਉਸ ਨੂੰ ਉਡੀਕ ਜੋ ਰਿਹਾ ਸੀ।

***

ਗੀਤਾ ਚੌਕ ਵਿਚ ਨਹੀਂ ਸੀ।

ਕਿਸ਼ਨ ਬਾਬੂ ਨੇ ਫੋਨ ਮਿਲਾਇਆ। ਰਿੰਗ ਗਈ। ਜਾਂਦੀ ਰਹੀ ਤੇ ਫੋਨ ਕੱਟਿਆ ਗਿਆ। ਕਿਸੇ ਚੁੱਕਿਆ ਨਹੀਂ।

"ਰਸਤੇ ਵਿਚ ਹੋਣੀ ਏ।" ਸੋਚ ਕੇ ਕਿਸ਼ਨ ਬਾਬੂ ਉਡੀਕਣ ਲੱਗਾ।

ਅੱਧਾ ਘੰਟਾ ਹੋਰ ਬੀਤ ਗਿਆ।

ਗੀਤਾ ਨਹੀਂ ਆਈ। ਕਿਸ਼ਨ ਬਾਬੂ ਨੇ ਮੁੜ ਨੰਬਰ ਡਾਇਲ ਕੀਤਾ।

"ਹੈਲੋ! ਸੌਰੀ। ਪਹਿਲਾਂ ਪਤਾ ਹੀ ਨਹੀਂ ਲੱਗਾ ਕਾੱਲ ਦਾ..." ਉਹਨੇ ਬੜੇ ਬੇਪਰਵਾਹ ਅੰਦਾਜ਼ ਵਿਚ ਆਖਿਆ।

"ਤਿਆਰ ਨਹੀਂ ਹੋਏ?" ਕਿਸ਼ਨ ਬਾਬੂ ਤਾਂ ਸੁਹਾਣੇ ਸਫ਼ਰ ਦੀ ਕਾਹਲ ਵਿਚ ਸੀ।

"ਅਸਲ ਵਿਚ ਇਹ ਰਾਤ ਦੇ ਕਾਫ਼ੀ ਬਿਮਾਰ ਨੇ... ਮੈਂ ਤਾਂ ਰਾਤ ਸੁੱਤੀ ਵੀ ਨਹੀਂ ਚੱਜ ਨਾਲ। ਥੋੜ੍ਹੀ ਜਿਹੀ ਹੋਰ ਵੇਟ ਕਰ ਲਓ ਪਲੀਜ਼।"

"ਕੀ ਗੱਲ ਗੁਣ ਇਹਦਾ ਮਲੰਗੀ ਦਾ ਇੰਨਾ ਮੋਹ ਆ ਗਿਆ।" ਕਿਸ਼ਨ ਬਾਬੂ ਨੇ ਕਟਾਕਸ਼ ਕੀਤਾ।

"ਨਹੀਂ ਬਾਬਾ! ਹੁਣ ਵੇਖਣਾ ਤਾਂ ਪੈਂਦਾ ਹੈ ਨਾ। ਸਿਆਣੇ ਐਵੇਂ ਥੋੜ੍ਹਾ ਕਹਿੰਦੇ, ਬੰਦਾ ਤਾਂ ਭਾਵੇਂ ਮਿੱਟੀ ਦਾ ਵੀ ਹੋਵੇ..."

ਗੀਤਾ ਦੀ ਇਸ ਗੱਲ ਨਾਲ ਕਿਸ਼ਨ ਬਾਬੂ ਉਕਤਾ ਜਿਹਾ ਗਿਆ।

(ਬਾਕੀ ਅਗਲੇ ਸਫੇ 'ਤੇ)

# ਮੌਨਸੂਨ/ਮੀਂਹ ਦਾ ਮਹੱਤਵ

ਵਿਅੰਗ

"ਓ ਸਜਨਾ! ਬਰਖਾ ਬਹਾਰ ਆਈ"

ਭੱਠੀ ਦੇ ਅੰਗਿਆਰਾਂ ਵਾਂਗ ਭਖਦੇ ਹਾੜ ਮਹੀਨੇ ਵਿਚ ਤੇ ਜਾਂ ਰਾਂਗਲੇ ਸਾਵਣ 'ਚ ਵਰਖਾ ਦੀਆਂ ਪਹਿਲੀਆਂ ਵਰਦਾਨੀ ਬੂੰਦਾਂ ਮਿੱਟੀ ਦੀ ਸੋਂਧੀ ਸੋਂਧੀ ਖੁਸ਼ਬੂ ਨਾਲ ਸਾਹਾਂ ਨੂੰ ਸ਼ਰਾਬੋਰ ਕਰ ਦਿੰਦੀਆਂ ਹਨ। ਤਪਦੀ ਧਰਤੀ ਅਤੇ ਤ੍ਰੇਹ-ਮਾਰੀ ਮਿੱਟੀ ਉੱਪਰ ਇਹ ਟਿੱਪ-ਟਿੱਪ ਡਿਗਦੀਆਂ ਅੰਮ੍ਰਿਤੀ ਕਣੀਆਂ ਨਿੱਕੀਆਂ ਨਿੱਕੀਆਂ ਖੁੱਤੀਆਂ ਜਿਹੀਆਂ ਬਣਾਉਂਦੀਆਂ ਹਨ। ਪਿੰਡ ਦੇ ਛੱਪੜ ਉਪਰ ਡਿਗਦੇ ਮੀਂਹ ਦੇ ਇਹ ਮਾਣਕ-ਮੋਤੀ ਇਕ ਜਲਤਰੰਗ ਵਰਗਾ ਸੰਗੀਤ ਛੇੜ ਕੇ ਕੰਨਾਂ ਨੂੰ ਮੰਤਰ-ਮੁਗਧ ਕਰਦੇ ਹਨ ਅਤੇ ਫਿਰ ਮੂਸਲਾਧਾਰ ਮੌਨਸੂਨੀ ਮੀਂਹ/ਬਰਸਾਤ ਨਾਲ ਚਾਰ-ਚੁਫੇਰੇ ਜਲ ਥਲ ਹੋ ਜਾਂਦੀ ਹੈ। "ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ"(ਸ੍ਰੀ ਗੁਰੂ ਗ੍ਰੰਥ ਸਾਹਿਬ,ਅੰਗ-472) ਦੇ ਸਾਖਸ਼ਾਤ ਦਰਸ਼ਨ ਹੋ ਜਾਂਦੇ ਹਨ।



ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਮੌਨਸੂਨ ਸਾਡੇ ਮੁਲਕ ਦੀ 'ਲਾਈਫਲਾਈਨ' (ਜੀਵਨ ਰੇਖਾ) ਹੈ, ਖਾਸ ਕਰਕੇ ਕਿਸਾਨੀ ਜੀਵਨ ਦਾ ਤਾਂ ਮੂਲ ਹੀ ਹੈ! ਇਸੇ ਲਈ ਸਾਵਣ ਸਾਡਾ ਬੜਾ ਲਾਡਲਾ ਮਹੀਨਾ ਹੈ! ਉਤਸਵੀ, ਜਸ਼ਨੀ, ਮੇਲਾਨੁਮਾ ਮਹੀਨਾ! ਵਰਖਾ ਦਾ ਦੇਵਤਾ ਇੰਦਰ ਕਿਸਾਨਾਂ ਦਾ ਮਿੱਤਰ ਦੇਵਤਾ ਮੰਨਿਆ ਜਾਂਦੈ, ਕਿਉਂਕਿ ਆਧੁਨਿਕ ਸਿੰਜਾਈ ਸਾਧਨਾਂ ਦੇ ਬਾਵਜੂਦ ਦੇਸ਼ ਦੇ ਬਹੁਤੇ ਹਿੱਸੇ ਅਜੇ ਵੀ ਬਰਸਾਤ ਉਪਰ ਨਿਰਭਰ ਕਰਦੇ ਹਨ।

ਕੋਲਿਨਜ਼ ਇੰਗਲਿਸ਼ ਡਿਕਸ਼ਨਰੀ, ਆਨਲਾਈਨ ਐਟੀਮੋਲੋਜੀ ਡਿਕਸ਼ਨਰੀ ਅਤੇ ਹੋਰ ਸਰੋਤਾਂ ਅਨੁਸਾਰ ਮੌਨਸੂਨ ਅਰਬੀ ਭਾਸ਼ਾ ਦੇ ਸ਼ਬਦ 'ਮਵਾਸਿਮ' ਤੋਂ ਆਇਆ ਹੈ ਜਿਸ ਦਾ ਮਤਲਬ ਮੌਸਮ ਹੈ।

(ਇਕ ਫਿਲਮੀ ਗੀਤ ਹੈ ਨਾ-ਪਤਝੜ ਸਾਵਨ ਬਸੰਤ ਬਹਾਰ,/ਏਕ ਬਰਸ ਕੇ ਮੌਸਮ ਚਾਰ'। ਇਨ੍ਹਾਂ ਚਾਰਾਂ ਮੌਸਮਾਂ 'ਚੋਂ ਇਕ ਮੌਸਮ ਹੈ ਸਾਵਣ ਦੀ ਬਾਰਿਸ਼ ਦਾ, ਜਿਸ ਬਾਰੇ ਮਸ਼ਹੂਰ ਹੈ-'ਸਾਵਣ ਦੀ ਝੜੀ, ਨਾ ਕੋਠਾ ਨਾ ਕੜੀ)!

ਇਨ੍ਹਾਂ ਸਰੋਤਾਂ ਅਨੁਸਾਰ ਇਹ ਅਰਬੀ ਸ਼ਬਦ ਅਰੈਬਿਕ ਮੂਲ ਦੇ ਹੀ 'ਵਸਾਮਾ' ਤੋਂ ਉਪਜਿਆ ਹੈ ਜਿਸ ਦਾ ਅਰਥ ਦਿਸ਼ਾ ਨਿਰਧਾਰਤ ਕਰਨਾ ਹੈ। ਅਰਬ ਦੇ ਵਪਾਰੀ ਮੁਆਫਕ ਵਗਦੀ ਹਵਾ ਵੇਲੇ ਸਮੁੰਦਰ ਰਾਹੀਂ ਵਪਾਰ ਕਰਨ ਆਉਂਦੇ ਸਨ। ਪੁਰਤਗਾਲੀ ਭਾਸ਼ਾ ਵਿਚ ਮੌਨਸੂਨ ਨੂੰ 'ਮੋਂਕਾਓ' ਕਹਿੰਦੇ ਹਨ। ਸੋਲਵੀਂ ਸਦੀ ਦੇ ਪਿਛਲੇ ਪਹਿਰ ਇਹ ਸ਼ਬਦ ਅੰਗਰੇਜ਼ੀ 'ਚ ਮੌਨਸੂਨ ਵਜੋਂ ਵਰਤਿਆ ਗਿਆ। ਇਹ ਇੰਡੀਅਨ ਓਸ਼ਨ ਦੀਆਂ ਬਦਲਦੀਆਂ ਟਰੇਡ ਹਵਾਵਾਂ ਵਾਸਤੇ ਵਰਤਿਆ ਜਾਂਦਾ ਸੀ। ਕਿਉਂਕਿ ਮੌਨਸੂਨ ਦੱਖਣੀ ਏਸ਼ੀਆ ਦੀ ਮੌਸਮੀ ਹਵਾ ਹੈ ਜੋ ਗਰਮੀਆਂ 'ਚ ਦੱਖਣ-ਪੱਛਮ ਵਲੋਂ ਵਗਦੀ ਹੈ ਅਤੇ ਭਾਰੀ ਬਾਰਿਸ਼ ਕਰਦੀ ਹੈ; ਸਰਦੀਆਂ ਵਿਚ ਇਹ ਉੱਤਰ-ਪੂਰਬ ਵਲੋਂ ਵਗਦੀ ਹੈ।

ਯੂਨਾਨੀ ਸਮੁੰਦਰੀ ਯਾਤਰੀ ਤੇ ਸੌਦਾਗਰ ਹਿੱਪਾਲੁਸ ਦੱਖਣੀ-ਪੱਛਮੀ ਮਾਨਸੂਨ ਦਾ ਬਾਨੀ ਹੈ ਅਤੇ ਇਹ ਵਿਸ਼ਵਾਸ ਕੀਤਾ ਜਾਂਦੈ ਕਿ ਉਸ ਨੇ 45-47 ਈਸਵੀ ਵਿਚ ਇਹ ਸ਼ਬਦ ਸਿਰਜਿਆ। ਭਾਰਤ ਵਿਚ ਵਿਗਿਆਨੀ ਵਸੰਤ ਗੋਵਾਰਿਕਰ ਨੂੰ ਮਾਨਸੂਨ-ਮਾਡਲ ਦਾ ਪਿਤਾਮਾ ਮੰਨਿਆ ਜਾਂਦਾ ਹੈ।

ਸਾਡੇ ਖਟ-ਰਿਤੂ (6 ਰੁੱਤਾਂ) ਦੀ ਵੀ ਚਰਚਾ ਹੈ। ਮੌਸਮ ਭਾਂਵੇਂ ਚਾਰ ਦੱਸੇ ਗਏ ਹਨ ਪਰ ਰੁੱਤਾਂ ਛੇ ਹਨ। ਜਿਵੇਂ ਦਿਸ਼ਾਵਾਂ ਉਂਜ ਤਾਂ ਚਾਰ ਹੀ ਹਨ-ਪੂਰਬ, ਪੱਛਮ, ਉੱਤਰ, ਦੱਖਣ ਪਰ ਮੰਨੀਆਂ ਦਸ ਜਾਂਦੀਆਂ ਹਨ-'ਮਨੂਆ ਦਹ ਦਿਸ ਧਾਵਦਾ'(ਗੁਰਬਾਣੀ-ਅੰਗ 565)। ਸਾਲ ਦੇ 12 ਮਹੀਨਿਆਂ ਨੂੰ 2-2 ਮਹੀਨਿਆਂ ਦੀਆਂ ਰੁੱਤਾਂ ਵਿਚ ਵੰਡਿਆ ਗਿਆ ਹੈ-ਵਸੰਤ/ਬਹਾਰ (ਮਾਰਚ-ਅਪ੍ਰੈਲ/ਚੇਤਰ-ਵੈਸਾਖ), ਗਰਿਸ਼ਮਾ/ਗਰਮੀਆਂ ਦੀ ਰੁੱਤ (ਮਈ-ਜੂਨ/ਜੇਠ-ਹਾੜ), ਵਰਸ਼ਾ/ਮਾਨਸੂਨ (ਜੁਲਾਈ-ਅਗਸਤ/ਸਾਵਣ-ਭਾਦੋਂ), ਸ਼ਰਦ/ਪਤਝੜ (ਸਤੰਬਰ-ਅਕਤੂਬਰ/ਅਸੂ-ਕਤਕ), ਹੇਮੰਤ/ਪੂਰਵ ਸਰਦ-ਰੁੱਤ (ਨਵੰਬਰ-ਦਸੰਬਰ/ਮਘਰ-ਪੋਹ) ਅਤੇ ਸ਼ਿਸ਼ਿਰਾ/ਸ਼ੀਤਾ/ਸਰਦ ਰੁੱਤ (ਜਨਵਰੀ-ਫਰਵਰੀ/ਮਾਘ-ਫਗਣ)।

ਇਨ੍ਹਾਂ ਵਿਚੋਂ ਬਹਾਰ ਅਤੇ ਵਰਖਾ ਰੁੱਤਾਂ, ਰੁੱਤਾਂ ਦੀਆਂ ਰਾਣੀਆਂ ਹਨ! ਬਰਸਾਤ ਨੂੰ ਤਾਂ ਪ੍ਰਾਣੀ, ਪੇੜ-ਪੌਦੇ, ਪਸ਼ੂ-ਪੰਛੀ, ਵਣ-ਤ੍ਰਿਣ ਸਭ ਉਡੀਕਦੇ ਹਨ। ਮੀਂਹ ਨਾਲ ਗਰਮੀ ਤੋਂ ਰਾਹਤ ਮਿਲਦੀ ਹੈ; ਧਰਤੀ ਉਪਰ ਹਰੇ ਮਖਮਲੀ ਘਾਹ ਦੀ ਚਾਦਰ ਵਿਛ ਜਾਂਦੀ ਹੈ; ਸੁਕੇ ਪੱਤੇ ਮੁੜ ਹਰੇ ਹੋ ਜਾਂਦੇ ਹਨ; ਜਲ-ਸਰੋਤ ਭਰ ਜਾਂਦੇ ਹਨ; ਫਸਲਾਂ ਲਹਿਲਹਾਉਣ ਲੱਗ ਪੈਂਦੀਆਂ ਹਨ; ਕਿਸਾਨਾਂ ਲਈ ਤਾਂ ਇਹ ਈਸ਼ਵਰੀ ਵਰਦਾਨ ਹੈ; ਸਾਰਾ ਵਾਤਾਵਰਣ ਨਹਾਤਾ-ਧੋਤਾ ਬਣ ਜਾਂਦੈ; ਫਲਾਂ ਦੇ ਰਾਜੇ ਅੰਬ ਦਾ ਬੋਲਬਾਲਾ ਹੋ ਜਾਂਦੈ; ਮੇਲੇ-ਮਸਾਧੇ ਲਗਦੇ ਹਨ, ਮਾਲ-ਪੂੜੇ-ਖੀਰਾਂ ਬਣਦੇ ਹਨ, ਤੀਆਂ ਦੇ ਤਿਉਹਾਰ, ਖੁਸ਼ੀਆਂ ਦੀ ਬੌਛਾਰ ਹੋਣ ਲਗਦੀ ਹੈ; ਆਕਾਸ਼ ਵਿਚ ਸਤਰੰਗੀ ਪੀਂਘ (ਇੰਦਰਧਨੁਸ਼) ਦਾ ਕਰਤਾਰੀ ਦੀਦਾਰ ਹੁੰਦੈ। ਕੁਲ ਕਾਇਨਾਤ ਟਹਿਕਣ ਲਗਦੀ ਹੈ!



ਸਾਵਣ ਤੇ ਵਰਖਾ ਰੁਮਾਂਚਕਾਰੀ ਸੁਭਾਅ ਅਤੇ ਸੀਨੇ ਦੀ ਕਸਕ ਨੂੰ ਪ੍ਰਗਟਾਉਂਦੇ ਹਨ।

ਬੱਚਿਆਂ ਲਈ ਤਾਂ ਬਰਸਾਤ ਨੰਗੇ ਧੜ ਨਹਾਉਣ ਅਤੇ ਧਮਾਲਾਂ ਮਚਾਉਣ ਦਾ ਮੌਸਮ ਹੈ! ਅਸੀਂ ਖੁਦ ਬਚਪਨ ਤੋਂ ਲੈ ਕੇ ਬੁਢਾਪੇ ਤਕ ਮੀਂਹ ਵਿਚ ਨਹਾਉਂਦੇ ਰਹੇ ਹਾਂ! ਬਸ ਥੋੜੇ ਸਾਲ ਪਹਿਲਾਂ ਹੀ ਅਜਿਹਾ ਕਰਨਾ ਛੱਡਿਆ ਹੈ। ਮੀਂਹ ਪੈਣ 'ਤੇ ਅਜੇ ਵੀ ਮਨ ਮਚਲਦਾ ਰਹਿੰਦੈ ਕਿ ਅੰਡਰਵੀਅਰ 'ਚ ਨਹਾਉਣ ਲੱਗ ਪਵਾਂ ਪਰ ਵਧਦੀ ਉਮਰ ਰਾਹ ਦਾ ਰੋੜਾ ਬਣ ਜਾਂਦੀ ਹੈ।

ਬੱਚੇ ਤਾਂ ਬੱਚੇ, ਪੰਛੀ, ਖਾਸ ਕਰਕੇ ਚਿੜੀਆਂ ਵੀ ਬਾਰਿਸ਼ ਵਿਚ ਖੂਬ ਨਹਾਉਂਦੀਆਂ ਹਨ! ਵੈਸੇ ਇਹ ਵੀ ਮਨੌਤ ਸੀ ਕਿ ਜੇ ਚਿੜੀਆਂ ਮਿੱਟੀ ਵਿਚ ਨਹਾਉਣ ਤਾਂ ਮੀਂਹ ਪੈਂਦੈ। ਔੜ ਵੇਲੇ ਕੁਆਰੀਆਂ ਕੁੜੀਆਂ ਕੋਲੋਂ ਭਰ ਗਰਮੀ ਵਿਚ ਪਹੇ/ਫਿਰਨੀ ਉਪਰ ਅੱਡੀਆਂ ਘਸਵਾਈਆਂ/ਰਗੜਾਈਆਂ ਜਾਂਦੀਆਂ ਸਨ ਤਾਂ ਕਿ ਮੀਂਹ ਪੈ ਜਾਵੇ। ਕੱਪੜਿਆਂ ਦੀ ਗੁੱਡੀ ਬਣਾ ਕੇ ਜਲਾਈ ਜਾਂਦੀ ਸੀ, ਦਲੀਆ ਵੰਡਿਆ ਜਾਂਦਾ ਸੀ ਤਾਂ ਕਿ ਔੜ ਮੁੱਕੇ। ਭਾਂਵੇਂ ਇਹ ਸਭ ਗੱਲਾਂ ਗੈਰ-ਵਿਗਿਆਨਕ ਹਨ, ਪਰ ਕੀਤੀਆਂ ਜਾਂਦੀਆਂ ਸਨ।

ਬੱਚੇ ਉੱਚੀ ਉੱਚੀ ਗਾਉਂਦੇ ਸਨ-'ਰੱਬਾ! ਰੱਬਾ! ਮੀਂਹ ਬਰਸਾ, ਸਭ ਦੀ ਕੋਠੀ ਦਾਣੇ ਪਾ'।

ਪਿੰਡਾਂ ਵਿਚ ਤਾਂ ਇਹ ਵੀ ਧਾਰਨਾ ਸੀ ਕਿ ਪਹਿਲੀ ਬਾਰਿਸ਼ ਵਿਚ ਨਹਾਉਣ ਨਾਲ ਸਰੀਰ ਉਪਰਲੀ ਪੱਤ/ਗਰਮੀ-ਧੱਫੜ ਠੀਕ ਹੋ ਜਾਂਦੇ ਹਨ।

ਬਾਰਿਸ਼ ਅਤੇ ਬੌਲੀਵੁੱਡ ਦਾ ਚੋਲੀ ਦਾਮਨ ਦਾ ਸਾਥ ਹੈ। ਪੁਰਾਣੀਆਂ ਫਿਲਮਾਂ ਵਿਚ ਖਾਸ ਕਰਕੇ ਬਾਰਿਸ਼/ਬਰਸਾਤ/ਬਰਖਾ/ਬੱਦਲ-ਮੇਘਾ/ਮੀਂਹ ਅਤੇ ਪਿਆਰ-ਮੁਹੱਬਤ, ਇਸ਼ਕ-ਮੁਸ਼ਕ, ਨਾਚ-ਗਾਣੇ, ਮੇਲ-ਮਿਲਾਪ, ਵਿਛੋੜਾ-ਉਦਾਸੀ ਦੇ ਦ੍ਰਿਸ਼ਾਂ ਦਾ ਨਹੁੰ-ਮਾਸ ਦਾ ਰਿਸ਼ਤਾ ਸੀ।

ਬਾਰਿਸ਼ ਇਨ੍ਹਾਂ ਸਭ ਭਾਵਨਾਵਾਂ ਦੀ ਸ਼ਿੱਦਤ ਵਧਾ ਦਿੰਦੀ ਹੈ। ਬਰਸਾਤ ਵਿਚ ਵਿਛੜੇ ਸੱਜਣ ਦੀ ਯਾਦ ਵਧੇਰੇ ਸਤਾਉਣ ਲਗਦੀ ਹੈ ਅਤੇ ਪਿਆਰ, ਪ੍ਰਬਲ-ਪ੍ਰਚੰਡ ਹੋ ਜਾਂਦੈ। 1949 ਦੀ ਫਿਲਮ ਬਰਸਾਤ ਦਾ ਗੀਤ-'ਬਰਸਾਤ ਮੇਂ ਹਮ ਸੇ ਮਿਲੇ ਤੁਮ ਸਜਨ/ਤੁਮ ਸੇ ਮਿਲੇ ਹਮ (ਤਕ ਧਿਨਾ-ਧਿਨ)' ਕਿਸ ਨੂੰ ਨਹੀਂ ਯਾਦ! ਨਿਰੀ ਬਾਰਿਸ਼ ਹੀ ਨਹੀਂ, ਸਗੋਂ ਘਨਘੋਰ ਘਟਾ ਵੀ ਮਨ ਮਚਲਾ ਦਿੰਦੀ ਹੈ-'ਘਟਾ ਘਨਘੋਰ ਘੋਰ ਮੋਰ ਮਚਾਵੇ ਸ਼ੋਰ ਮੋਰੇ ਸਜਨ ਆ ਜਾ'-(ਤਾਨਸੇਨ-1943)

ਕੁਝ ਹੋਰ ਫਿਲਮਾਂ ਦੇ ਗੀਤ ਹਨ-

-ਲਪਕ ਝਪਕ ਤੂ ਆ ਰੇ ਬਦਰਵਾ-ਬੂਟ ਪੌਲਿਸ਼-1953

-ਡਮ ਡਮ ਡੀਗਾ ਡੀਗਾ-ਛਲੀਆ-1960

-ਜ਼ਿੰਦਗੀ ਭਰ ਨਹੀਂ ਭੂਲੇਗੀ ਵੋ ਬਰਸਾਤ ਕੀ ਰਾਤ/ਇਕ ਅਨਜਾਨ ਹਸੀਨਾ ਸੇ ਮੁਲਾਕਾਤ ਕੀ ਰਾਤ-ਬਰਸਾਤ ਕੀ ਰਾਤ-1960

-ਅਬ ਕੇ ਸਜਨ ਸਾਵਨ ਮੇਂ ਆਗ ਲਗੇਗੀ ਬਦਨ ਮੇਂ/ਘਟਾ ਬਰਸੇਗੀ, ਮਗਰ ਤਰਸੇਗੀ ਨਜ਼ਰ ਮਿਲ ਨਾ ਸਕੇਂਗੇ ਦੋ ਮਨ ਏਕ ਹੀ ਆਂਗਨ ਮੇਂ-ਚੁਪਕੇ ਚੁਪਕੇ-1975

-ਤੇਰੀ ਦੋ ਟਕਿਆਂ ਦੀ ਨੌਕਰੀ ਮੇਰਾ ਲਾਖੋਂ ਕਾ ਸਾਵਨ ਜਾਏ-ਰੋਟੀ ਕੱਪੜਾ ਔਰ ਮਕਾਨ-1974

-ਰਿਮ ਝਿਮ ਗਿਰੇ ਸਾਵਨ-ਮੰਜ਼ਿਲ-1979

-ਮੇਘਾ ਰੇ ਮੇਘਾ ਰੇ-ਪਿਆਸਾ ਸਾਵਨ-1981

-ਪਤਝੜ ਸਾਵਨ ਬਸੰਤ ਬਹਾਰ/ਏਕ ਬਰਸ ਕੇ ਮੌਸਮ ਚਾਰ 2/ਪਾਂਚਵਾਂ ਮੌਸਮ ਪਿਆਰ ਕਾ,ਇੰਤਜ਼ਾਰ ਕਾ-ਸਿੰਧੂਰ-1987

-ਲਗੀ ਆਜ ਸਾਵਨ ਕੀ ਫਿਰ ਵੋ ਝੜੀ-ਚਾਂਦਨੀ-1989

-ਸੁਨ ਸੁਨ ਸੁਨ ਬਰਸਾਤ ਕੀ ਧੁਨ-ਸਰ-1993

-ਟਿਪ ਟਿਪ ਬਰਸਾ ਪਾਨੀ,ਪਾਨੀ ਨੇ ਆਗ ਲਗਾਈ-ਮੋਹਰਾ-1994

-ਘਨਨ ਘਨਨ ਗਿਰ ਆਏ ਬਦਰਾ/ਕਾਲੇ ਮੇਘਾ ਰੇ 2 ਪਾਨੀ ਤੋ ਬਰਸਾਓ-ਲਗਾਨ-2001

-ਗਿਵ ਮੀ ਸਮ ਸਨਸ਼ਾਈਨ/ਗਿਵ ਮੀ ਸਮ ਰੇਨ-3 ਈਡੀਅਟਸ-2009

ਫਿਲਮ ਪਰਖ (1960) ਦੇ ਗੀਤ ਦੀਆਂ ਸਤਰਾਂ ਹਨ-'ਓ ਸਜਨਾ, ਬਰਖਾ ਬਹਾਰ ਆਈ/ਰਸ ਕੀ ਫੁਹਾਰ ਲਾਈ/ਅੱਖੀਉਂ ਮੇਂ ਪਿਆਰ ਲਾਈ'।

ਹੁਣ ਸਵਾਲ ਇਹ ਉਠਦਾ ਹੈ ਕਿ ਬਰਖਾ/ਬਰਸਾਤ ਵਿਚ 'ਅੱਖੀਉਂ ਮੇਂ ਪਿਆਰ' ਅਤੇ 'ਪਾਂਚਵਾਂ ਮੌਸਮ ਪਿਆਰ ਕਾ' ਕਿਦਾਂ ਹੋ ਜਾਂਦੈ। ਕਿਸੇ ਵੇਲੇ ਅਮਰੀਕੀ ਕਵੀ ਐਜ਼ਰਾ ਪਾਊਂਡ(1885-1972) ਨੇ ਇਹ ਸਵਾਲ ਕੀਤਾ ਸੀ-'ਬਾਰਿਸ਼ ਵਿਚ ਅਜਿਹਾ ਕੀ ਹੈ ਜਿਹੜਾ ਦਿਲਾਂ ਅੰਦਰ ਇਕ ਦੂਸਰੇ ਲਈ ਤਾਂਘ/ਤੜਪ ਹੋਰ ਵਧਾ ਦਿੰਦੈ'? ਉਸ ਦੇ ਦੋਸਤ ਅਤੇ ਨੋਬੇਲ ਇਨਾਮ ਵਿਜੇਤਾ ਮਹਾਨ ਕਵੀ ਟੀ.ਐਸ.ਐਲੀਅਟ, ਜੋ 1888 'ਚ ਅਮਰੀਕਾ ਵਿਚ ਹੀ ਪੈਦਾ ਹੋਇਆ ਸੀ, ਬੇਸ਼ਕ ਉਸ ਦੀ ਮੌਤ 1965 'ਚ ਲੰਡਨ ਵਿਚ ਹੋਈ, ਨੇ ਇਸ ਦਾ ਜਵਾਬ ਦਿੱਤਾ ਸੀ-'ਬੂੰਦਾ-ਬਾਂਦੀ ਦਿਲਾਂ 'ਚ ਉਮਾਹ ਭਰਦੀ ਐ ਅਤੇ (ਪ੍ਰੇਮੀ/ਪ੍ਰੇਮਕਾ) ਨੂੰ ਅੱਖ ਬਚਾ ਕੇ ਕੋਲ ਆਉਣ ਲਈ ਆਖਦੀ ਐ''।

ਵੈਸੇ ਵੀ ਇਸ ਦਾ ਜਵਾਬ ਬੜਾ ਹੀ 'ਸਿੰਪਲ' ਹੈ, ਜਾਣੀ ਸਾਦਾ। ਜਿਵੇਂ ਲਗੀ ਹੋਈ ਭੁੱਖ ਰਸੋਈ ਵਿਚ ਪੱਕ ਰਹੇ ਪਕਵਾਨਾਂ ਦੀ ਖੁਸ਼ਬੂ ਨਾਲ ਹੋਰ ਵਧੇਰੇ ਚਮਕ ਪੈਂਦੀ ਹੈ, ਉਵੇਂ ਹੀ ਪਿਆਰ/ਪ੍ਰੀਆ ਮਿਲਨ ਦੀ ਤੜਪ/ਲਾਲਸਾ ਵਰਖਾ/ਬਰਸਾਤ ਵਿਚ ਵਧੇਰੇ ਪ੍ਰਬਲ ਹੋ ਜਾਂਦੀ ਹੈ। ਵਰਖਾ ਪਿਆਰ ਦੀ ਉਤਪ੍ਰੇਰਕ ਰੁੱਤ ਹੈ। ਇਸ ਦੀ ਰਿਮ-ਝਿਮ, ਟਿਪ-ਟਿਪ ਪਿਆਰ ਕਰਨ ਵਾਲਿਆਂ ਅੰਦਰ ਅੱਗ ਪ੍ਰਜੱਵਲਤ ਕਰ ਦਿੰਦੀ ਹੈ। ਵਰਖਾ ਦੀਆਂ ਬੂੰਦਾਂ ਯੂਨਾਨੀ ਪ੍ਰੇਮ-ਦੇਵਤਾ ਕਿਯੂਪਿਡ ਦੇ ਤੀਰ ਹਨ ਜੋ ਠਾਹ ਠਾਹ ਸੀਨੇ ਵਿੰਨੀ ਜਾਂਦੇ ਹਨ (ਯਾਦ ਰਹੇ ਕਿ ਕਿਯੂਪਿਡ ਨੈਣ-ਵਿਹੂਣਾ ਹੈ ਅਤੇ ਆਪਣੇ ਭੱਥੇ 'ਚੋਂ ਤੀਰ ਤੇ ਤੀਰ ਚਲਾਈ ਜਾਂਦੈ, ਤੀਰ ਕਿਸ ਦੇ ਲਗਦੇ ਇਹ ਉਸ ਨੂੰ ਵੀ ਨਹੀਂ ਪਤਾ, ਇਸੇ ਲਈ ਤਾਂ ਕਹਿੰਦੇ ਹਨ ਕਿ ਪਿਆਰ ਅੰਧਾ ਹੁੰਦੈ)।

ਪਾਬਲੋ ਨੈਰੂਦਾ ਠੀਕ ਹੀ ਕਹਿੰਦੈ- 'ਵਰਖਾ ਅਤੇ ਰੁਮਾਂਸ ਨਾਲ ਨਾਲ ਚਲਦੇ ਹਨ। ਭਾਵੇਂ ਆਤਮਾ ਦਾ ਮਿਲਨ ਹੋਵੇ ਜਾਂ ਦਿਲਾਂ ਦਾ ਵਿਛੋੜਾ, ਬਾਰਿਸ਼ ਇਨ੍ਹਾਂ ਦੋਵਾਂ ਅਵਸਥਾਵਾਂ ਵਿਚ ਸ਼ਿੱਦਤ ਦਰਜ ਕਰਦੀ ਹੈ''। ਬਰਤਾਨਵੀ ਕਵੀ ਸਰ ਸਟੀਫਨ ਸਪੈਂਡਰ ਅਨੁਸਾਰ 'ਬਾਰਿਸ਼-ਭਿੱਜੇ ਦਿਲ ਪ੍ਰੇਮ ਕਰਨ ਦੀ ਇਕ ਸੰਪੂਰਨ ਵਿਧੀ ਹਨ'। ਸਾਡਾ ਆਪਣਾ ਕਾਲੀਦਾਸ ਵੀ ਆਪਣੇ ਇਕ ਨਾਟਕ ਵਿਚ ਕਹਿੰਦਾ ਹੈ ਕਿ 'ਬਾਰਿਸ਼ ਦੀ ਹਰ ਬੂੰਦ ਅਕਾਸ਼ੀ ਬੂੰਦ ਲਗਦੀ ਹੈ ਜੋ ਪਿਆਰ ਅਤੇ ਮਿਲਨ ਦੇ ਨਸ਼ੇ ਨਾਲ ਭਰੀ ਹੋਈ ਹੁੰਦੀ ਹੈ'।

ਗੁਰਬਾਣੀ ਵਿਚ ਵੀ ਵਰਖਾ ਅਤੇ ਬੱਦਲਾਂ ਦਾ ਬਹੁਤ ਜ਼ਿਕਰ ਹੈ। ਭਾਈ ਨਿਰਮਲ ਸਿੰਘ ਖਾਲਸਾ ਦਾ ਗਾਇਆ ਇਕ ਸ਼ਬਦ ਹੈ-'ਬਰਸੁ ਮੇਘ ਜੀ ਤਿਲੁ ਬਿਲਮੁ ਨ ਲਾਉ'॥(ਅੰਗ-1267) ਇਸ ਦਾ ਅਰਥ ਹੈ ਕਿ ਐ ਪਿਆਰੇ ਬੱਦਲੋ, ਬਿਨਾਂ ਪਲ ਭਰ ਦੀ ਦੇਰੀ ਦੇ ਬਰਸ ਪਵੋ। ਪਰ ਜਿਸ ਢੰਗ ਨਾਲ ਭਾਈ ਸਾਹਿਬ ਇਹ ਸ਼ਬਦ ਪੜ੍ਹਦੇ ਹਨ ਉਸ ਤੋਂ ਇਉਂ ਭਾਸਦੈ ਜਿਵੇਂ ਉਹ ਬੱਦਲ ਨੂੰ ਕੰਨੋਂ ਫੜ ਕੇ ਕਹਿ ਰਹੇ ਹੋਣ ਕਿ ਤੂੰ ਤੁਰੰਤ ਬਰਸਦੈਂ ਕਿ ਨਹੀਂ!

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਵੀ ਅਨੇਕਾਂ ਸ਼ਬਦ ਹਨ।

ਕੁਝ ਕੁ ਉਦਾਹਰਨਾਂ ਪੇਸ਼ ਹਨ-

-ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ॥-ਅੰਗ 1285

-ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ(ਭਾਈ ਗੁਰਦਾਸ ਜੀ)

-ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ॥ਅੰਗ 1285

-ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥ਅੰਗ 1108

-ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ॥ਅੰਗ 557

-ਸਾਵਣੁ ਆਇਆ ਝਿਮਝਿਮਾ...ਅੰਗ 1250

-ਸਾਵਣ ਵਣ ਹਰੀਆਵਲੇ ਅਕੁ ਜੰਮੇ ਅਉੜੀ(ਭਾਈ ਗੁਰਦਾਸ ਜੀ)

ਪਰ ਵਿਸ਼ਵ-ਵਿਆਪੀ 'ਗਲੋਬਲ ਵਾਰਮਿੰਗ', 'ਕਲਾਈਮੇਟ ਚੇਂਜ','ਗਰੀਨ-ਹਾਊਸ ਗੈਸਾਂ', ਦਰਖਤਾਂ ਦੀ ਅੰਨ੍ਹੇਵਾਹ ਕਟਾਈ, ਕਾਰਬਨ ਡਾਈਆਕਸਾਈਡ ਦੀ ਬਹੁਤਾਤ ਕਾਰਨ ਤਪਸ਼ ਵਿਚ ਬੇਇੰਤਹਾ ਵਾਧਾ ਹੋਇਆ ਹੈ ਅਤੇ ਮੌਸਮਾਂ ਦੇ ਮਿਜ਼ਾਜ ਵਿਚ ਬੜੀ ਤਬਦੀਲੀ ਆਈ ਹੈ। ਜਿਨ੍ਹਾਂ ਮਹੀਨਿਆਂ ਤੇ ਜਿਨ੍ਹਾਂ ਥਾਵਾਂ ਵਿਚ ਕਦੀ ਮੀਂਹ ਨਹੀਂ ਸਨ ਪੈਂਦੇ ਜਾਂ ਬਹੁਤ ਘੱਟ ਪੈਂਦੇ ਸਨ, ਓਥੇ ਪੈਣ ਲੱਗ ਪਏ ਹਨ ਅਤੇ ਜਿਥੇ ਪੈਂਦੇ ਸਨ ਓਥੇ ਘਟ ਗਏ ਹਨ। ਮੌਸਮਾਂ ਵਿਚ ਅਨਿਸ਼ਚਿਤਤਾ ਹੋਣ ਲਗੀ ਹੈ। ਬਰਸਾਤ ਦਾ ਮੌਸਮ ਕਦੀ ਲੇਟ ਤੇ ਕਦੀ ਅਗਾਊਂ ਹੋਣ ਲਗ ਪਿਆ ਹੈ (23 ਜੂਨ ਨੂੰ ਜਦੋਂ ਮੈਂ ਇਹ ਲੇਖ ਲਿਖ ਰਿਹਾ ਸਾਂ ਤਾਂ ਮੀਡੀਆ ਰਿਪੋਰਟਾਂ ਅਨੁਸਾਰ ਦੱਖਣੀ ਪੱਛਮੀ ਮੌਨਸੂਨ ਇਸ ਵਾਰ ਪੰਜਾਬ, ਹਰਿਆਣਾ ਅਤੇ ਦਿੱਲੀ ਵਿਚ ਚਾਰ ਦਿਨ ਪਹਿਲਾਂ ਆਉਣ ਦਾ ਅਨੁਮਾਨ ਹੈ)। ਵਰਖਾ ਘੱਟ ਅਤੇ ਗਰਮੀ ਵਧੇਰੇ ਪੈਣ ਲੱਗ ਪਈ ਹੈ। ਇਸ ਨਾਲ ਫਸਲਾਂ/.ਫਲਾਂ ਦੇ ਝਾੜ ਘਟ ਗਏ ਹਨ, ਬਿਜਲੀ ਦੀ ਖਪਤ ਵਧ ਗਈ ਹੈ, ਧਰਤੀ ਹੇਠਲਾ ਪਾਣੀ ਬਹੁਤ ਹੇਠ ਚਲਾ ਗਿਆ ਹੈ। ਇਸ ਸਾਲ ਵੀ ਅਨੁਮਾਨ ਲਗਾਏ ਜਾ ਰਹੇ ਹਨ ਕਿ ਮਾਨਸੂਨ 'ਚ ਮਿਕਦਾਰ ਨਾਲੋਂ ਘੱਟ ਮੀਂਹ ਪਵੇਗਾ ਜਿਸ ਨਾਲ ਖੇਤੀ ਅਤੇ ਹੋਰ ਜਨ-ਜੀਵਨ ਪ੍ਰਭਾਵਤ ਹੋਣਗੇ।

ਜੇ ਅਸੀਂ ਨਾਂ ਸੰਭਲੇ ਤਾਂ ਬਰਸਾਤਾਂ ਦੇ ਵਰਦਾਨ ਤੋਂ ਵਾਂਝੇ ਹੋ ਜਾਵਾਂਗੇ। ਪਾਣੀ ਬਿਨਾਂ ਜੀਵਨ ਦਾ ਤਸੱਵਰ ਵੀ ਨਹੀਂ ਕੀਤਾ ਜਾ ਸਕਦਾ। ਬਾਰਿਸ਼ ਦਾ ਪਾਣੀ ਸਾਂਭੀਏ, ਪਾਣੀ ਦੀ ਸੁਚੱਜੀ ਵਰਤੋਂ ਕਰੀਏ, ਝੋਨੇ ਤੋਂ ਖਹਿੜਾ ਛੁਡਾਈਏ ਅਤੇ ਗੁਰਬਾਣੀ ਵਿਚ ਜੋ ਰੋਜ਼ ਵਾਰ ਵਾਰ ਪੜ੍ਹਦੇ ਹਾਂ-'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ'॥(ਅੰਗ 8) ਨੂੰ ਅਮਲੀ ਜਾਮਾ ਪਹਿਨਾਈਏ!

ਕਿਉਂਕਿ 'ਮੀਹੁ ਪਇਆ ਪਰਮੇਸਰਿ ਪਾਇਆ॥ਜੀਅ ਜੰਤ ਸਭਿ ਸੁਖੀ ਵਸਾਇਆ॥(ਅੰਗ 105)

ਸੋ,"ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ"...(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 633)!

## ਝਾਂਜਰਾਂ ਦਾ ਜੋੜਾ

*(ਪਿਛਲੇ ਸਫੇ ਦਾ ਬਾਕੀ)*

"ਚੱਲ ਠੀਕ ਹੈ।" ਉਹਨੇ ਰੁੱਖਾ ਜਿਹਾ ਅਖਿਆ ਤੇ ਫੋਨ ਕੱਟ ਦਿੱਤਾ। ਕਿਸ਼ਨ ਬਾਬੂ ਦੀਆਂ ਅੱਖਾਂ ਸਾਹਵੇਂ ਆਸ਼ਾ ਦਾ ਚਿਹਰਾ ਆ ਗਿਆ। ਬਿਮਾਰ ਚਿਹਰਾ।

ਉਸ ਨੇ ਇਕ ਵਾਰ ਵੀ ਕੁਝ ਨਹੀਂ ਸੀ ਪੁੱਛਿਆ। ਕੁਝ ਨਹੀਂ ਸੀ ਆਖਿਆ।... ਤੇ ਹਮੇਸ਼ਾ ਵਾਂਗ ਬੜੇ ਮੋਹ ਨਾਲ ਉਸ ਨੂੰ ਗੇਟ ਤੀਕ ਆ ਕੇ ਵਿਦਾਅ ਕਰ ਕੇ ਗਈ ਸੀ।

ਕਿਸ਼ਨ ਬਾਬੂ ਆਸ਼ਾ ਬਾਰੇ ਸੋਚ ਕੇ ਉਦਾਸ ਜਿਹਾ ਹੋ ਗਿਆ।

ਉਸ ਨੇ ਤਾਂ ਬੇਰੁਖੀ ਵਿਚ ਉਸ ਵੱਲ ਤੱਕਿਆ ਵੀ ਨਹੀਂ ਸੀ ਜਿਸ ਲਈ ਉਹ ਘਰੋਂ ਸਰਪਟ ਦੌੜਿਆ ਸੀ। ਉਹ ਤਾਂ...।

ਕਿਸ਼ਨ ਬਾਬੂ ਦੇ ਮਨ ਵਿਚ ਕੁਝ ਟੁੱਟਣ ਜੁੜਨ ਲੱਗਾ।

***

ਉਹਨੇ ਮੁੜ ਫੋਨ ਕੱਢਿਆ। ਗੀਤਾ ਨੂੰ ਮਿਲਾਇਆ।

"ਬਸ ਨਿਕਲਣ ਲੱਗੀ ਇਕ ਮਿੰਟ 'ਚ।" ਉਹਨੇ ਕਾਹਲ ਜਿਹੀ ਵਿਚ ਦੱਸਿਆ।

"ਨਹੀਂ! ਮੈਂ ਕੀ ਕਹਿੰਦਾ ਸੀ। ਕੁਝ ਜ਼ਰੂਰੀ ਮਸਲਾ ਯਾਰ। ਅੱਜ ਕੈਂਸਲ ਕਰਨਾ ਪੈਣਾ।" ਕਿਸ਼ਨ ਬਾਬੂ ਨੇ ਝਕਦੇ ਜਿਹੇ ਆਖ ਦਿੱਤਾ।

"ਪਰ..." ਗੀਤਾ ਕੁਝ ਬੋਲਦੀ ਇਸ ਤੋਂ ਪਹਿਲਾਂ ਹੀ ਕਿਸ਼ਨ ਬਾਬੂ ਨੇ ਆਪਣੀ ਗੱਲ ਮੁਕਾ ਦਿੱਤੀ।

"ਕੋਈ ਬਹਾਨਾ ਬਣਾ ਦੇ। ਟ੍ਰੇਨਿੰਗ ਕੈਂਸਲ ਹੋ ਗਈ ਕਹਿ ਦੇ।"... ਤੇ ਉਸ ਨੇ ਫੋਨ ਕੱਟ ਦਿੱਤਾ। ਗੱਡੀ ਵਾਪਸ ਮੋੜ ਲਈ।

***

ਕਿਸ਼ਨ ਬਾਬੂ ਜਦੋਂ ਘਰ ਪਹੁੰਚਿਆ, ਉਸ ਦੇ ਹੱਥ ਵਿਚ ਆਸ਼ਾ ਲਈ ਖਰੀਦਿਆ, ਝਾਂਜਰਾਂ ਦਾ ਜੋੜਾ ਸੀ।

# ਦਸਤਕ ਤਾਂ ਦਿਓ ਯਾਰੋ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।***

ਅੱਜ-ਕੱਲ੍ਹ ਬਹੁਤ ਘੱਟ ਲੋਕ ਸਾਡੇ ਦਰਾਂ 'ਤੇ ਦਸਤਕ ਦਿੰਦੇ ਨੇ ਕਿਉਂਕਿ ਅਸੀਂ ਦਸਤਕ ਦਾ ਹੁੰਗਾਰਾ ਹੀ ਨਹੀਂ ਭਰਦੇ। ਅਸੀਂ ਘਰਾਂ ਨੂੰ ਹਾਊਸ ਨੰਬਰ ਬਣਾ ਲਿਆ ਏ ਅਤੇ ਹਾਊਸ ਨੰਬਰ ਬਣੇ ਘਰਾਂ ਵਿਚੋਂ ਹੁੰਗਾਰੇ ਦੀ ਆਸ ਕਿੰਝ ਰੱਖੋਗੇ?

ਕਦੇ ਵਕਤ ਸੀ ਕਿ ਲੋਕ ਬਿਨਾਂ ਦਸਤਕ ਤੋਂ ਹੀ ਘਰ ਆ ਜਾਂਦੇ ਅਤੇ ਨਿੱਕੇ ਜਹੇ ਘਰ ਨੂੰ ਵੱਡੇ ਅਰਥ ਦੇ ਦਿੰਦੇ। ਉਨ੍ਹਾਂ ਸਮਿਆਂ ਵਿਚ ਘਰ ਤਾਂ ਨਿੱਕੇ ਸਨ ਪਰ ਲੋਕਾਂ ਦੇ ਦਿਲ ਵੱਡੇ ਸਨ। ਕਿਸੇ ਨੂੰ ਜੀ-ਆਇਆਂ ਕਹਿਣ ਲਈ ਵਿਹੜੇ ਦਾ ਵੱਡਾ ਹੋਣਾ ਜ਼ਰੂਰੀ ਨਹੀਂ, ਪਰ ਘਰ ਵਾਲੇ ਵੱਡੇ ਹੋਣੇ ਚਾਹੀਦੇ। ਯਾਦ ਰੱਖਣਾ! ਸਿਰਫ਼ ਆਪਣੇ ਹੀ ਆਪਣਿਆਂ ਦੇ ਦਰਾਂ 'ਤੇ ਦਸਤਕ ਦਿੰਦੇ ਨੇ। ਜੇਕਰ ਆਪਣੇ ਹੀ ਆਪਣਿਆਂ ਲਈ ਦਰ ਨਹੀਂ ਖੋਲ੍ਹਣਗੇ ਤਾਂ ਕੌਣ ਦਰਵਾਜ਼ਾ ਖੋਲ੍ਹੇਗਾ? ਬੰਦ ਦਰਾਂ ਤੋਂ ਵਾਪਸ ਪਰਤਦੀ ਦਸਤਕ ਦੀ ਖਾਮੋਸ਼ੀ, ਦਰਵਾਜ਼ਿਆਂ 'ਤੇ ਇਕ ਚੁੱਪ ਚਿਪਕਾ ਜਾਂਦੀ ਹੈ ਅਤੇ ਇਸ ਚੁੱਪ ਨੂੰ ਤੋੜਨ ਲਈ ਬਹੁਤ ਤਰਦੱਦ ਕਰਨਾ ਪੈਂਦਾ।

ਦਸਤਕ ਬਹੁਤ ਰੂਪਾਂ ਵਿਚ ਸਾਡੇ ਸਨਮੁੱਖ ਹੁੰਦੀ। ਅਸੀਂ ਦਸਤਕ ਨੂੰ ਕਿਸ ਰੂਪ ਵਿਚ, ਕਿੰਝ ਤੇ ਕਦੋਂ ਮਿਲਦੇ? ਇਸਦਾ ਹੁੰਗਾਰਾ ਕਿਵੇਂ ਭਰਦੇ ਹਾਂ? ਕੀ ਅਸੀਂ ਇਸਦਾ ਸੁਆਗਤ ਕਰਦੇ ਜਾਂ ਨਿਰਾਦਰੀ ਕਰ ਕੇ ਵਾਪਸ ਮੋੜਦੇ, ਇਹੀ ਤਾਂ ਮਨੁੱਖ ਦਾ ਅਜੇਹਾ ਅੰਦਰਲਾ ਸੱਚ ਹੁੰਦਾ ਜਿਸ ਤੋਂ ਕਈ ਵਾਰ ਬੰਦਾ ਖ਼ੁਦ ਵੀ ਅਣਜਾਣ ਹੁੰਦਾ।

ਸੁਪਨੇ ਜਦ ਮਸਤਕ 'ਤੇ ਦਸਤਕ ਦਿੰਦੇ। ਸਾਡੇ ਨੈਣਾਂ ਵਿਚ ਉਤਰਨ ਲਈ ਲਿਲਕਦੇ ਪਰ ਅਸੀਂ ਇਨ੍ਹਾਂ ਨੂੰ ਬੇਧਿਆਨ ਕਰਦੇ ਤਾਂ ਮਸੋਸੇ ਸੁਪਨਿਆਂ ਦੇ ਦਰਦ ਵਿਚ ਸਰਦ ਹੋ ਜਾਂਦੇ ਚਾਅ ਅਤੇ ਭਵਿੱਖੀ ਦਿਸਹੱਦਿਆਂ ਨੂੰ ਜਾਂਦੀ ਪਗਡੰਡੀ ਰਾਹ ਵਿਚ ਹੀ ਦਮ ਤੋੜ ਜਾਂਦੀ।

ਕੁਦਰਤ ਦੀ ਇਨਾਇਤ ਜਦ ਪੱਤਝੜ ਦੀਆਂ ਬਰੂਹਾਂ 'ਤੇ ਦਸਤਕ ਦਿੰਦੀ ਤਾਂ ਬਹਾਰਾਂ ਦੀ ਆਮਦ ਕੁਦਰਤ ਨੂੰ ਰੰਗ ਬਿਰੰਗਤਾ ਨਾਲ ਲਬਰੇਜ਼ ਕਰਦੀ। ਇਹੀ ਸੁੰਦਰਤਾ ਮਨੁੱਖ ਦੀ ਮਾਨਸਿਕਤਾ ਨੂੰ ਬੰਦਿਆਈ ਦੇ ਰਾਹ ਤੋਰਦੀ। ਇਨ੍ਹਾਂ ਰਾਹਾਂ ਵਿਚੋਂ ਹੀ ਮਨੁੱਖ ਨੂੰ ਅਸੀਮ ਨਿਆਮਤਾਂ ਹਾਸਲ ਹੁੰਦੀਆਂ। ਕੁਦਰਤ ਅਤੇ ਮਨੁੱਖ ਦੀ ਇਕਸੁਰਤਾ ਦਾ ਰਾਜ਼ ਹੀ, ਕੁਦਰਤ ਦੀ ਹਰ ਦਸਤਕ ਨੂੰ ਸੁਣਨਾ ਅਤੇ ਸਾਜ਼ਗਾਰ ਤਰੀਕੇ ਨਾਲ ਇਸ ਦਸਤਕ ਦਾ ਹੁੰਗਾਰਾ ਭਰਨਾ ਹੁੰਦਾ। ਇਹ ਚਾਨਣੀ ਦੀ ਮਿੰਨੀ ਮਿੰਨੀ ਟਕੋਰ ਹੀ ਹੁੰਦੀ ਜਿਹੜੀ ਛੱਤ 'ਤੇ ਕੋਲ-ਕੋਲ ਲੇਟਿਆਂ ਮੁਹੱਬਤੀ ਜਿਊੜਿਆਂ ਦੇ ਮਨਾਂ ਵਿਚ ਮਿਲਾਪ ਦੀ ਤਾਂਘ ਪੈਦਾ ਕਰਦੀ। ਫਿਰ ਚਾਨਣੀ ਦੀ ਚਾਦਰ ਹੇਠ ਦੋ ਰੂਹਾਂ ਦਾ ਮਿਲਾਪ ਰਾਤ ਨੂੰ ਰੰਗੀਨੀ ਬਖਸ਼ਦਾ।

ਕਣੀਆਂ ਦੀ ਸੰਗੀਤਕ ਦਸਤਕ ਹੀ ਤਪਦੇ ਮਾਰੂਥਲ਼ਾਂ ਨੂੰ ਠੰਢਕ ਪਹੁੰਚਾਂਦੀ ਅਤੇ ਪਿਆਸੇ ਦੀ ਪਿਆਸ ਮਿਟਾਉਂਦੀ। ਇਹ ਕਣੀਆਂ ਹੀ ਹੁੰਦੀਆਂ ਜਿਹੜੀਆਂ ਮੋਹਲੇਧਾਰ ਮੀਂਹ ਬਣ ਕੇ ਨਦੀਆਂ-ਨਾਲਿਆਂ ਦੀਆਂ ਜਨਮ ਦਾਤੀਆਂ ਬਣਦੀਆਂ। ਫਿਰ ਦਰਿਆਵਾਂ ਦਾ ਰੂਪ ਧਾਰ ਹੌਲੀ-ਹੌਲੀ ਸਮੁੰਦਰ ਵਿਚ ਸਮਾ ਜਾਣ ਲਈ ਕਾਹਲੀ ਕਰਦੀਆਂ ਕਿਉਂਕਿ ਬਹੁਤ ਬਿਖੜਾ ਪਰ ਸੁਖਦਮਈ ਸਫ਼ਰ ਹੁੰਦਾ ਹੈ ਕਿਸੇ ਕਣੀ ਦਾ ਸਮੁੰਦਰ ਬਣ ਜਾਣਾ।

ਜਦ ਕਿਸੇ ਦਾ ਬੋਲ, ਸ਼ਬਦ, ਇਸ਼ਾਰਾ ਜਾਂ ਹਰਕਤ ਤੁਹਾਡੇ ਜ਼ਿਹਨ ਵਿਚ ਦਸਤਕ ਰਾਹੀਂ ਨਾਦੀ ਰੂਪ ਵਿਚ ਪ੍ਰਗਟਦੀ ਤਾਂ ਕਈ ਵਾਰ ਇਹ ਉਮਰਾਂ ਦਾ ਸਾਥ ਬਣ ਜਾਂਦੀ, ਕਈ ਵਾਰ ਔਕੜਾਂ ਭਰੇ ਰਾਹਾਂ ਦਾ ਹਮਸਫ਼ਰ ਹੋ ਜਾਂਦੀ, ਕਈ ਵਾਰ ਸੁਪਨਿਆਂ ਦੀ ਸਾਂਝ ਪੈਦਾ ਹੋ ਜਾਂਦੀ, ਕਈ ਵਾਰ ਤਰਜੀਹਾਂ ਦਾ ਮੇਲ ਹੋ ਜਾਂਦਾ ਅਤੇ ਵਿਰਲੇ ਵਕਤ ਇਹ ਦਸਤਕ ਦਿਲ ਤੋਂ ਦਿਲ ਤੀਕ ਦਾ ਪੈਂਡਾ ਤੈਅ ਕਰ ਕੇ, ਇੱਕਮਿਕਤਾ ਦਾ ਸਬੱਬ ਵੀ ਬਣਦੀ। ਇਸ ਸਬੱਬ ਵਿਚ ਅੰਤਰੀਵ ਦਾ ਸੰਪੂਰਨ ਰੂਪ ਵਿਚ ਪਿਘਲ ਜਾਣਾ ਸੁਭਾਵਕ ਹੁੰਦਾ।

ਜਨਮ ਤੋਂ ਬਾਅਦ ਬੱਚੇ ਦੀ ਪਹਿਲੀ ਕਿਲਕਾਰੀ, ਇਸ ਜਹਾਨ ਵਿਚ ਆਗਮਨ ਦਾ ਸ਼ੁੱਭ ਸੰਦੇਸ਼। ਨਵੀਂ ਦੁਨੀਆਂ, ਨਵੇਂ ਲੋਕ ਅਤੇ ਨਵਾਂ ਚੌਗਿਰਦਾ ਅਤੇ ਇਸ ਨਵੇਂਪਣ ਵਿਚ ਹੌਲੀ ਹੌਲੀ ਬੱਚੇ ਦਾ ਮਾਸੂਮਪੁਣਾ, ਸਾਦਗੀ, ਕੋਮਲਤਾ, ਅਤੇ ਪਾਕੀਜ਼ਗੀ ਪਲੀਤ ਹੋ ਜਾਂਦੀ। ਫਿਰ ਬੱਚਾ ਇਕ ਮਨੁੱਖ ਬਣ ਜਾਂਦਾ ਪਰ ਬਹੁਤ ਫਰਕ ਹੁੰਦਾ ਹੈ ਬੱਚੇ ਤੇ ਮਨੁੱਖ ਵਿਚ ਕਿਉਂਕਿ ਬੱਚਾ ਹਮੇਸ਼ਾ ਇਨਸਾਨ ਹੁੰਦਾ ਅਤੇ ਜਦਕਿ ਵਿਰਲਾ ਟਾਵਾਂ ਮਨੁੱਖ ਹੀ ਇਨਸਾਨ ਕਹਿਲਾਉਣ ਦਾ ਹੱਕਦਾਰ।

ਕਈ ਵਾਰ ਉਡੀਕ ਕਰਦਿਆਂ, ਦਰ ਹਿਰਖ਼ ਵੀ ਕਰਦਾ;

ਬੰਦ ਦਰ ਬੜਾ ਉਡੀਕਦਾ ਰਿਹਾ
ਕਿ ਕਦੇ ਤਾਂ ਕੋਈ ਆਵੇ
ਜੰਗਾਲੇ ਦਰਾਂ ਨੂੰ ਖੜਕਾਵੇ
ਘਰ ਦਰ ਨੂੰ ਖੋਲੇ
ਪਾਣੀ ਢੋਲੇ
ਤੇ ਤੇਲ ਚੋਵੇ
ਤੇ ਉਹ ਪੋਲੇ ਪੋਲੇ ਪੱਬੀਂ ਅੰਦਰ ਆਵੇ
ਤੇ ਜ਼ਿੰਦਗੀ ਦੇ ਜਸ਼ਨ ਮਨਾਵੇ
ਤੇ ਘਰ, ਘਰ ਬਣ ਜਾਵੇ।

ਤੇ ਸੱਚੀਂ ਇਕ ਦਿਨ ਜਦ ਮੇਰੇ ਦਰੀਂ ਸੱਜਣਾਂ ਨੇ ਦਸਤਕ ਦਿੱਤੀ। ਮੈਂ ਬੂਹਾ ਖੋਲ੍ਹਿਆ। ਸਾਹਮਣੇ ਬਹਾਰ ਖੜੀ ਮੁਸਕਰਾ ਰਹੀ ਸੀ। ਦਰਾਂ 'ਤੇ ਰੂਹ ਦਾ ਪਾਣੀ ਅਤੇ ਪਾਕੀਜ਼ਗੀ ਦਾ ਤੇਲ ਚੋਇਆ। ਬਹਾਰ ਨੇ ਅੰਦਰ ਆ ਕੇ ਮੇਰੇ ਮਕਾਨ ਨੂੰ ਘਰ ਬਣਾ ਦਿੱਤਾ। ਕੰਧਾਂ ਜਿਊਣ ਜੋਗੀਆਂ ਹੋ ਗਈਆਂ। ਰੌਸ਼ਨਦਾਨਾਂ ਵਿਚ ਚਾਨਣ ਬਰਸਣ ਲੱਗਾ ਅਤੇ ਖਿੜਕੀਆਂ ਨੇ ਤਾਜ਼ਗੀ ਨੂੰ ਕਮਰੇ ਦੀ ਹੁੰਮਸੀ ਹਵਾ ਦੇ ਨਾਮ ਲਾਇਆ।

ਜਦ ਬੁੱਢੇ ਮਾਪੇ ਸਿਵਿਆਂ ਦੀ ਰਾਖ਼ ਬਣਨ ਤੋਂ ਪਹਿਲਾਂ ਆਪਣੇ ਪ੍ਰਦੇਸੀ ਬੱਚਿਆਂ ਨੂੰ ਮਿਲਣ ਲਈ ਤਾਂਘਦੇ ਹੋਣ। ਬੱਚਿਆਂ ਦੀ ਦਸਤਕ ਸੁਣਨ ਲਈ ਅਹੁਲਦੇ ਹੋਣ। ਪਰ ਬੱਚੇ ਉਨ੍ਹਾਂ ਦੀ ਉਡੀਕ ਪੂਰੀ ਕਰਨ ਦੀ ਬਜਾਏ, ਬੇਰੁਖੀ ਵਿਚ ਧਕੇਲ ਦੇਣ ਅਤੇ ਮਾਪੇ ਆਪਣੇ ਬੁੱਢੇ ਦਰਾਂ 'ਤੇ ਬੈਠੇ ਬੈਠੇ ਹੀ ਆਪਣੇ ਆਪ ਨੂੰ ਹੂੰਝਿਆਂ ਵਿਚ ਖੋਰਦੇ ਆਖਰੀ ਸਫ਼ਰ 'ਤੇ ਤੁਰ ਜਾਣ ਤਾਂ ਦਸਤਕ ਦੀ ਨਮੋਸ਼ੀ ਦਾ ਕਿੰਝ ਸਾਹਮਣੇ ਕਰਨਗੇ ਬੱਚੇ? ਯਾਦ ਰੱਖਣਾ! ਮਾਪਿਆਂ ਦੇ ਤੁਰ ਜਾਣ ਤੋਂ ਬਾਅਦ ਕਿਸੇ ਨੇ ਨਹੀਂ ਕਹਿਣਾ,

"ਬੱਚੜਿਆ ਕਦੋਂ ਪਿੰਡ ਆਵੇਂਗਾ? ਤੈਨੂੰ ਮਿਲਣ ਨੂੰ ਬਹੁਤ ਜੀਅ ਕਰਦਾ ਹੈ, ਭੈੜਿਆ ਕਦੇ ਤਾਂ ਆਪਣੇ ਬੱਚਿਆਂ ਨੂੰ ਮਿਲਾ ਜਾ। ਅਸੀਂ ਆਪਣੇ ਪੋਤੇ-ਪੋਤਰੀਆਂ/ਦੋਹਤੇ-ਦੋਹਤਰੀਆਂ ਨਾਲ ਲਾਡ ਲਡਾ ਸਕੀਏ।" ਫਿਰ ਇਕ ਅਫਸੋਸ ਅਤੇ ਪਛਤਾਵਾ ਹੀ ਤੁਹਾਡੇ ਜੀਵਨ ਦਾ ਹਿੱਸਾ ਬਣ, ਸਾਰੀ ਉਮਰ ਧੁਖਦੀ ਧੂਣੀ ਵਰਗੇ ਪਲਾਂ ਨੂੰ ਜਿਊਣ ਲਈ ਮਜਬੂਰ ਕਰੇਗਾ ਬਸ਼ਰਤੇ ਕਿ ਤੁਹਾਡੀ ਆਤਮਾ ਜਿਉਂਦੀ ਹੋਵੇ। ਵਰਨਾ ਰੋਬੋਟ ਵਰਗੇ ਬੱਚਿਆਂ 'ਚ ਕਦੋਂ ਹੁੰਦੀਆਂ ਨੇ ਭਾਵਨਾਵਾਂ? ਉਨ੍ਹਾਂ ਲਈ ਕਿਸੇ ਦੀਆਂ ਭਾਵਨਾਵਾਂ ਦੀ ਕੋਈ ਤਰਜੀਹ ਨਹੀਂ। ਭਾਵੇਂ ਉਹ ਉਨ੍ਹਾਂ ਦੇ ਮਾਪੇ ਹੋਣ,ਭੈਣ/ ਭਰਾ ਹੋਣ ਜਾਂ ਆਪਣੇ ਹੀ ਬੱਚੇ ਹੋਣ।

ਸੁਬ੍ਹਾ ਦਸਤਕ ਦਿੰਦੀ ਤਾਂ ਸੂਰਜ ਧਰਤੀ ਦੇ ਵਿਹੜੇ ਉਤਰਦਾ। ਰਿਸ਼ਮਾਂ ਧਰਤੀ ਨੂੰ ਸੋਨਰੰਗੀ ਕਰਦੀਆਂ। ਫੁੱਲ ਪੱਤੀਆਂ 'ਤੇ ਪਈ ਤ੍ਰੇਲ ਵਿਚੋਂ ਰੰਗ ਲਿਸ਼ਕਦੇ। ਆਲ੍ਹਣਿਆਂ ਵਿਚ ਹਿੱਲਜੁਲ ਹੁੰਦੀ। ਪੰਛੀਆਂ ਦੇ ਪਰਾਂ ਵਿਚ ਭਰੀ

ਜਾਦੀ ਪ੍ਰਵਾਜ਼ ਅਤੇ ਉਹ ਨਵੇਂ ਅੰਦਾਜ਼ ਨਾਲ ਨਵੇਂ ਅੰਬਰਾਂ ਦੀ ਤਲਾਸ਼ ਵਿਚ ਉਚੀ ਉਡਾਣ ਭਰਦੇ। ਫਿਜ਼ਾ ਵਿਚ ਤਾਜ਼ਗੀ ਹੁੰਦੀ ਅਤੇ ਇਹੀ ਤਰੋ-ਤਾਜ਼ਗੀ ਮਨੁੱਖੀ ਸੋਚ ਅਤੇ ਸੰਵੇਦਨਾ ਵਿਚ ਪੈਦਾ ਹੁੰਦੀ। ਇਸ ਵਿਚੋਂ ਹੀ ਮਨੁੱਖੀ ਬਿਰਤੀਆਂ ਨੂੰ ਕੁਝ ਨਵਾਂ, ਨਰੋਇਆ ਤੇ ਚੰਗੇਰਾ ਕਰਨ ਦੀ ਹਿੰਮਤ ਅਤੇ ਹੌਸਲਾ ਮਿਲਦਾ। ਸੁਪਨਿਆਂ, ਸੋਚਾਂ, ਸੇਧਾਂ, ਅਤੇ ਸਫ਼ਲਤਾਵਾਂ ਦਾ ਇਕ ਨਵਾਂ ਕਾਫ਼ਲਾ ਪਿੰਡ ਦੀ ਜੂਹ 'ਚੋਂ ਬਾਹਰ ਨਿਕਲ, ਨਵੀਆਂ ਪਗਡੰਡੀਆਂ ਸਿਰਜਣ ਦੇ ਆਹਰ ਵਿਚ ਰੁੱਝ ਜਾਂਦਾ। ਇਹੀ ਰੁਝੇਵਾਂ ਹੀ ਜ਼ਿੰਦਗੀ ਨੂੰ ਨਵੇਂ ਅਰਥ ਦਿੰਦਾ ਅਤੇ ਇਸਨੂੰ ਜਿਉਣ ਜੋਗਾ ਕਰਦਾ।

ਦਸਤਕ ਦਰਦ ਵੀ ਅਤੇ ਦਰਿਆਦਿਲੀ ਵੀ, ਦਿੱਬ-ਦ੍ਰਿਸ਼ਟੀ ਵੀ ਅਤੇ ਦਵਾ-ਦਾਰੂ ਵੀ। ਦਰਿੰਦਗੀ ਵੀ ਅਤੇ ਦੰਭ ਵੀ। ਦੱਛਣਾ ਵੀ ਅਤੇ ਦਾਨ ਵੀ। ਦਮਦਾਰੀ ਵੀ ਅਤੇ ਦਿਲਦਾਰੀ ਵੀ। ਦਿਲ-ਲੱਗੀ ਵੀ ਤੇ ਦੋਖੀ ਵੀ। ਇਹ ਤਾਂ ਦਸਤਕ ਦੇਣ ਵਾਲੇ ਦੀ ਤਾਸੀਰ 'ਤੇ ਨਿਰਭਰ।

ਜਦ ਦਰਦ ਕਿਸੇ ਦਰ 'ਤੇ ਦਸਤਕ ਦਿੰਦਾ ਤਾਂ ਇਹ ਦਰਾਂ ਦੀ ਦਲੇਰੀ, ਸਿਰੜ, ਸਾਧਨਾ ਅਤੇ ਸਖ਼ਤ ਜਾਨ ਨੂੰ ਪਰਖਦਾ ਤਾਂ ਕਿ ਪਤਾ ਲੱਗ ਸਕੇ ਕਿ ਕੋਈ ਦਰਦ ਨੂੰ ਕਿਵੇਂ ਮਿਲਦਾ? ਇਸਦੇ ਸਨਮੁੱਖ ਹੋ ਇਸ ਵਿਚੋਂ ਕਿਹੜੀ ਅਰਥਕਾਰੀ ਕਰਦਾ? ਜ਼ਿੰਦਗੀ ਨੂੰ ਕਿਹੜੇ ਪੈਮਾਨੇ ਨਾਲ ਤੋਲਦਾ ਅਤੇ ਇਸ ਦੀਆਂ ਤਰਤੀਬਾਂ ਨਿਰਧਾਰਤ ਕਰਦਾ।

ਦਸਤਕ ਇੰਝ ਵੀ ਦਸਤਕ ਦਿੰਦੀ। ਸਰਘੀ ਨੇ ਦਸਤਕ ਦਿੱਤੀ ਤਾਂ ਅੰਬਰ ਨੇ ਬੂਹਾ ਖੋਲ੍ਹਿਆ। ਸੂਰਜ ਦੀਆਂ ਕਿਰਨਾਂ ਨੇ ਧਰਤੀ ਦਾ ਮੁੱਖ ਚੁੰਮ ਲਿਆ। ਬਹਾਰ ਨੇ ਦਸਤਕ ਦਿਤੀ ਤਾਂ ਟਾਹਣੀਆਂ ਨੇ ਅੰਗੜਾਈ ਭਰੀ। ਕਰੂੰਬਲਾਂ ਨੇ

ਅੱਖ ਪੁੱਟੀ ਅਤੇ ਬਿਰਖ਼-ਵਿਹੜਾ ਭਰ ਗਿਆ। ਬੰਦ ਦਰਾਂ 'ਤੇ ਸੱਜਣ ਨੇ ਦਸਤਕ ਦਿੱਤੀ। ਬੂਹਾ ਖੁੱਲ੍ਹਿਆ। ਘਰ ਮਹਿਕ ਨਾਲ ਭਰ ਹੋ ਗਿਆ।

ਬਾਰਸ਼ ਬੂੰਦਾਂ ਨੇ ਦਸਤਕ ਦਿੱਤੀ, ਫੁੱਲ ਪੱਤੀਆਂ ਥਿਰਕੀਆਂ। ਪਾਣੀ ਦੇ ਤੁਪਕਿਆਂ ਨੇ ਫੁੱਲ ਦੇ ਪਿੰਡੇ ਨੂੰ ਸ਼ਿੰਗਾਰਿਆ। ਪੁੰਨਿਆ ਦਾ ਚੰਨ ਚੜ੍ਹਿਆ। ਰਿਸ਼ਮਾਂ ਨੇ ਰਾਤ ਨੂੰ ਕਲੀ ਕੀਤਾ। ਸੰਦਲੀ ਸੁਪਨੇ ਮਨਾਂ ਦੇ ਵਿਹੜੇ ਵਿਚ ਧਮਾਲਾਂ ਪਾਉਣ ਲੱਗੇ। ਨਦੀ ਨੇ ਕੰਢਿਆਂ ਨੂੰ ਚੁੰਮਿਆ। ਪੱਤਣਾਂ 'ਤੇ ਖੜੀਆਂ ਦੇ ਮਨਾਂ 'ਚ ਮਿਲਾਪ ਦੀਆਂ ਸ਼ਹਿਨਾਈਆਂ ਗੂੰਜਣ ਲੱਗੀਆਂ। ਕੁੱਖ 'ਚ ਬੀਜ ਦੀ ਧੜਕਣ ਸੁਣਾਈ ਦਿੱਤੀ। ਮਾਂ ਦੀ ਕੁੱਖ ਸੁਲੱਖਣੀ ਹੋ ਗਈ। ਮੁੱਖ ਨੂਰੋ-ਨੂਰ ਹੋ ਗਿਆ। ਬੰਦ ਦਰਾਂ ਨੇ ਪ੍ਰਦੇਸੀ ਪੁੱਤ ਦੀ ਪੈੜਚਾਲ ਸੁਣੀ। ਕੰਧਾਂ ਤੇ ਕਮਰੇ ਜਿਊਂਦੇ ਹੋ ਗਏ ਅਤੇ ਬੇਜਾਨ ਇੱਟਾਂ ਅਤੇ ਪੱਥਰ ਘਰ ਬਣ ਗਏ।

ਮੈਂ ਬੰਦ ਪਿਆ ਜੰਗਾਲਿਆ ਗੇਟ ਖੋਲ੍ਹਿਆ। ਮਕਾਨ, ਘਰ ਬਣ ਗਿਆ। ਮੈਂ ਕਮਰੇ 'ਚ ਪੈਰ ਪਾਇਆ ਪਸਰੀ ਹੋਈ ਚੁੱਪ ਗਾਉਣ ਲੱਗ ਪਈ। ਮੈਂ ਬਿਸਤਰੇ 'ਤੇ ਲੇਟ ਸੁਸਤਾਉਣ ਲੱਗਾ, ਪਲੰਘ, ਸੇਜ ਬਣ ਗਿਆ। ਸੰਦਲੀ ਸੁਪਨਾ ਨੈਣਾਂ 'ਚ ਤਾਰੀ ਹੋਇਆ। ਅੱਖਾਂ 'ਚ ਲਾਲ ਡੋਰੇ ਉਤਰ ਆਏ। ਮਨ 'ਚ ਜਿਊਣ ਦਾ ਚਾਅ ਮਚਲਣ ਲੱਗਾ। ਉਮਰ ਪਿੱਛਲਖੁਰੀ ਹੋ ਤੁਰੀ।

ਪ੍ਰਦੇਸ ਨੂੰ ਤੁਰਨ ਲੱਗਿਆਂ ਮੈਂ ਘਰੋਂ ਬਾਹਰ ਪੈਰ ਪੁੱਟਿਆ। ਦਰਾਂ ਨੇ ਲੇਰ ਮਾਰੀ। ਮੇਰੀ ਨਿਗਾਹ ਪਿਛਾਂਹ ਨੂੰ ਪਰਤੀ। ਮੇਰੇ ਲਈ ਬਹੁਤ ਔਖਾ ਸੀ ਅਗਾਂਹ ਨੂੰ ਤੁਰਦਿਆਂ, ਪਿਛਾਂਹ ਨੂੰ ਝਾਕਦੇ ਰਹਿਣਾ। ਮੈਂ ਵੱਟ 'ਤੇ ਪੈਰ ਧਰਿਆ। ਖੇਤ 'ਚ ਉਗੀ ਕਬਰ ਦੀ ਧਾਅ ਨਿਕਲ ਗਈ। ਮੈਂ ਸਬਮਰਸੀਬਲ ਮੋਟਰ ਦਾ ਬਟਨ ਨੱਪਿਆ। ਧਰਤੀ ਦੇ ਹੰਝੂਆਂ ਨਾਲ ਪਾਣੀ ਖਾਰਾ ਹੋ ਗਿਆ।

ਮੈਂ ਪਹਿਲੀ ਵਾਰ ਵਾਹਗੇ ਦੀ ਲੀਕ ਟੱਪਿਆ। ਪੁਰਖ਼ਿਆਂ ਦੀ ਧਰਤੀ ਪੈਰਾਂ ਨੂੰ ਚਿੰਬੜ ਗਈ। ਚੌਰਸਤੇ 'ਚ ਬੰਬ ਫਟਿਆ। ਸਮੇਂ ਦੀ ਵੱਖੀ ਉਧੜ ਗਈ ਅਤੇ ਖ਼ੂਨ 'ਚ ਰੰਗੀ ਗਈ ਮਾਂ-ਧਰਤ। ਮਨਾਂ 'ਚ ਸੌੜੀਆਂ ਵਲਗਣਾਂ ਉਗੀਆਂ। ਵਿਚਾਰਾਂ ਨੂੰ ਦਫਨਾਉਣ ਲਈ ਕਬਰਾਂ ਘਟ ਗਈਆਂ। ਪੌਣ ਨੇ ਦਰਦੀਲੀ ਹੂਕ ਦਾ ਹੁੰਗਾਰਾ ਭਰਿਆ। ਫ਼ਿਜ਼ਾ ਦੀ ਸ਼ਫ਼ਾ ਹੋਰ ਗੂੜ੍ਹੀ ਹੋ ਗਈ।

ਮਾਂ-ਮਹਿਟਰ ਬੱਚੇ ਨੇ ਪਹਿਲੇ ਦਿਨ 'ੳ' ਪੂਰਨਾ ਪਾਇਆ। ਬਸਤਾ, ਚਾਨਣ ਚਾਨਣ ਹੋ ਗਿਆ। ਬਿਮਾਰ ਮਾਂ ਨੇ ਪਾਣੀ ਮੰਗਿਆ। ਪੁੱਤ ਦੀ ਬੇਰੁੱਖੀ, ਮਮਤਾ ਨੂੰ ਪਾਣੀ-ਪਾਣੀ ਕਰ ਗਈ। ਪਰ ਜਦ ਪਿਆਸੇ ਹੋਠਾਂ 'ਤੇ ਪਾਣੀ ਦੀ ਬੂੰਦ ਪਈ ਤਾਂ ਅੰਮ੍ਰਿਤ-ਧਾਰਾ ਨੇ ਸਾਹਾਂ ਨੂੰ ਜਿਊਣ ਜੋਗੇ ਕਰ ਦਿੱਤਾ। ਸੱਥ 'ਚ ਬਾਪ ਦਾ ਪਰਨਾ ਸਿਰੋਂ ਲੱਥ ਗਿਆ। ਪੁੱਤ ਦੀ ਚੌਧਰ ਪੈਰਾਂ ਵਿਚ ਰੁਲ ਗਈ।

ਦਸਤਕ ਸਿਰਫ਼ ਦਰਾਂ 'ਤੇ ਹੀ ਨਹੀਂ ਦਿੱਤੀ ਜਾਂਦੀ। ਮਨਾਂ 'ਤੇ ਦਸਤਕ ਦਿਓ ਅਤੇ ਜੇਕਰ ਦੂਸਰੇ ਪਾਸਿਉਂ ਦਸਤਕ ਦਾ ਹੁੰਗਾਰਾ ਮਿਲ ਜਾਵੇ ਤਾਂ ਜ਼ਿੰਦਗੀ ਮਿਲ ਜਾਂਦੀ। ਅਤੇ ਜੇਕਰ ਦਸਤਕ ਨੂੰ ਨਿਰਾਸ਼ ਮੁੜਨਾ ਪਵੇ ਤਾਂ ਮਨ ਦਾ ਮਰਨਾ ਹੋ ਜਾਂਦਾ।

ਅਕਸਰ ਹੀ;
ਕਦੇ ਵੀ ਦਸਤਕ ਦੇ ਦਿੰਦੀਆਂ,
ਕੋਈ ਵੇਲਾ ਨਾ ਮਨ ਦੀਆਂ ਰੁੱਤਾਂ ਦਾ।
ਕੀਹਦਾ, ਕਾਹਤੋਂ, ਕੋਈ ਮਾਣ ਕਰੇ,
ਇਨ੍ਹਾਂ ਬੰਦਿਆਂ ਵਰਗੇ ਬੁੱਤਾਂ ਦਾ।
ਮਾਪੇ ਘਰਾਂ 'ਚ ਕਬਰਾਂ ਬਣ ਗਏ,
ਦੱਸੋ! ਕੀ ਆਸਰਾ ਪੁੱਤਾਂ ਦਾ।
ਜੇ ਮਨ ਦੀ ਬਸਤੀ ਉਜੜ ਜਾਵੇ,
ਕੀ ਕਰਨਾ ਧਨ ਦੀਆਂ ਲੁੱਟਾਂ ਦਾ।
ਜੋ ਤਨ ਦੀ ਚਾਦਰ ਬਣ ਨਾ ਸਕੇ
ਕੀ ਫਾਇਦਾ ਖਿੜਦੇ ਫੁੱਟਾਂ ਦਾ।
ਜੋ ਜੀਵਨ-ਦਾਨੀ ਬਣੀਆਂ ਨਾ,
ਕੀ ਲਾਭ ਆ ਅੰਮ੍ਰਿਤ ਘੁੱਟਾਂ ਦਾ।

ਕਦੇ ਕਦੇ ਰੂਹਾਂ 'ਤੇ ਵੀ ਦਸਤਕ ਦੇਣਾ। ਦੇਖਣਾ ਕਿੰਨੀਆਂ ਕੁ ਰੂਹਾਂ ਇਸ ਦਸਤਕ ਦਾ ਹੁੰਗਾਰਾ ਭਰਦੀਆਂ ਅਤੇ ਕਿੰਨੀਆਂ ਕੁ ਇਸ ਦਸਤਕ ਨੂੰ ਦਰ-ਕਿਨਾਰ ਕਰਦੀਆਂ। ਤੁਹਾਡੀ ਦਸਤਕ ਦਾ ਹੁੰਗਾਰਾ ਭਰਨ ਵਾਲੀਆਂ ਰੂਹਾਂ, ਤੁਹਾਡੀ ਰੂਹ ਦੀਆਂ ਹਾਣੀ ਹੁੰਦੀਆਂ। ਉਨ੍ਹਾਂ ਲਈ ਰੂਹ ਤੋਂ ਰੂਹ ਤੀਕ ਦਾ ਫ਼ਾਸਲਾ ਤੈਅ ਕਰਨਾ, ਸਭ ਤੋਂ ਅਜ਼ੀਮ ਅਹਿਸਾਸ। ਜਦ ਰੂਹਾਂ ਮਿਲਦੀਆਂ ਤਾਂ ਜ਼ਿੰਦਗੀ ਨੂੰ ਜ਼ਿੰਦਗੀ ਕਹਿਣ ਦਾ ਹੁਨਰ ਹਾਸਲ ਹੁੰਦਾ।

ਜਦ ਕੋਈ ਰੂਹ ਦੇ ਦਰਵਾਜ਼ੇ 'ਤੇ ਪੋਲੀ ਜਹੀ ਦਸਤਕ ਦੇ, ਤੁਹਾਨੂੰ ਗੂੜ੍ਹੀ ਨੀਂਦ ਤੋਂ ਜਗਾਉਂਦਾ, ਤੁਹਾਨੂੰ ਅੰਤਰੀਵ ਦੀ ਯਾਤਰਾ 'ਤੇ ਤੋਰਦਾ। ਆਪੇ ਦੀ ਖੋਜ ਵਿਚੋਂ ਅਸੀਮਤ ਅਤੇ ਅਮੁੱਲ ਪਰਤਾਂ ਨੂੰ ਫਰੋਲਣ ਦੀ ਸੋਝੀ ਦਿੰਦਾ। ਇਨ੍ਹਾਂ ਨੂੰ ਜੀਵਨ-ਜਾਚ ਬਣਾਉਣ ਲਈ ਪ੍ਰੇਰਤ ਕਰਦਾ ਤਾਂ ਅਜੇਹੀ ਦਸਤਕ ਦੇ ਸਦਕੇ ਜਾਣਾ ਚਾਹੀਦਾ। ਅਜੇਹਾ ਕਦੇ-ਕਦਾਈਂ ਹੀ ਵਾਪਰਦਾ ਜਦ ਅਸੀਂ ਆਪਣੇ ਆਪ ਨੂੰ ਮਿਲਣਾ ਲੋਚਦੇ।

# ਕਾਵਿ ਕਿਆਰੀ

## *ਧੀਆਂ ਤੇ ਕਵਿਤਾਵਾਂ*

ਸਵੇਰ ਵੇਲੇ
ਰਸੋਈ 'ਚ ਰੁੱਝੀ
ਬੱਚੀਆਂ ਦੀ ਮਾਂ
ਜਦ ਆਖਦੀ
ਉਠਾਓ ਨਿਆਣੀਆਂ ਨੂੰ
ਸਕੂਲ ਦੀ ਬੱਸ ਛੁੱਟ ਜਾਊ
ਫੇਰ ਤੁਹਾਨੂੰ ਈ ਜਾਣਾ ਪਊ !

ਮੈਂ ਜਾ ਕੇ ਸਹਿਜੇ ਜਿਹੇ
ਮੂੰਹ ਤੋਂ ਰਜਾਈ ਹਟਾਉਂਦਾ
ਧੀਆਂ ਦਾ ਸਿਰ ਪਲੋਸਦਾ
ਕੰਨਾਂ 'ਚ ਹੌਲੀ ਜਿਹੇ
ਉੱਠਣ ਲਈ ਆਖਦਾ
ਉਨ੍ਹਾਂ ਦੀ ਨੀਂਦ ਸਗੋਂ
ਹੋਰ ਗੂੜ੍ਹੀ ਹੋ ਜਾਂਦੀ
ਪਾਪਾ ਦੇ ਹੱਥ ਦੀ ਛੋਹ ਨਾਲ।

ਥੋੜ੍ਹੀ ਦੇਰ ਬਾਅਦ ਰਸੋਈ 'ਚੋਂ
ਫੇਰ ਸਵਾਲ ਗੂੰਜਦਾ

ਉੱਠੀਆਂ ਭਲਾ ..?
ਉਠਾ ਤਾਂ ਆਇਆ ਸੀ ਭਾਈ
ਮੈਂ ਆਖਦਾ
ਫੇਰ ਇੱਕ ਲਡਿੱਕੀ ਜਿਹੀ
ਨਾ ਅਮਲਯੋਗ ਘੂਰੀ ਘੂਕਦੀ
ਜਿਸ ਤਰ੍ਹਾਂ ਤੁਸੀਂ ਉਠਾਉਂਦੇ ਓ
ਇਨ੍ਹਾਂ ਉੱਠਣਾ ਭਲਾ ...?
ਠਹਿਰੋ ਮੈਂ ਆਉਂਦੀ ਆਂ !

ਮੈਂ ਫੇਰ ਜਾਂਦਾ
ਉਨ੍ਹਾਂ ਦੇ ਸਿਰ ਪਲੋਸ ਕੇ ਆਖਦਾ
ਹੁਣ ਤਾਂ ਉੱਠਣਾ ਈ ਪੈਣਾ ਕਮਲ਼ੀਓ
ਨਹੀਂ ਤਾਂ ਪਾਪਾ ਦੇ ਕੁੱਟ ਪਈ ਸਮਝੋ!

ਉਹ ਉੱਠ ਕੇ ਅੰਗੜਾਈ ਭੰਨਦੀਆਂ
ਮੈਂ ਉਨ੍ਹਾਂ ਦੇ ਮੱਥੇ ਚੁੰਮਦਾ
ਰਸੋਈ 'ਚ ਪਿੱਛਿਓਂ ਦੀ ਆ
ਮਾਂ ਨੂੰ ਉਨ੍ਹਾਂ ਦੀ ਜੱਫੀ ਨਾਲ
ਪੂਰਾ ਹੁੰਦਾ ਸੀ ਸਾਡਾ ਨਿੱਤ ਨੇਮ!

ਧੀਆਂ ਹੁਣ ਕੋਲ ਨਹੀਂ ਰਹੀਆਂ
ਨਜ਼ਰਾਂ ਤੋਂ ਦੂਰ ਹੋ ਗਈਆਂ ਹਨ
ਉਨ੍ਹਾਂ ਦੇ ਸਿਰ ਦੀ ਛੋਹ ਨੂੰ ਤਰਸਦੇ
ਮੇਰੇ ਹੱਥ ਜਾ ਖੜਦੇ ਹਨ
ਆਪਣੀਆਂ ਕਵਿਤਾਵਾਂ ਸਿਰਹਾਣੇ
ਵਾਰ ਵਾਰ ਉਨ੍ਹਾਂ ਦੇ ਵਾਲ਼ ਸੰਵਾਰਦਾ ਹਾਂ
ਮੱਥਾ ਚੁੰਮਦਾ, ਮੰਮਾ ਦੇ ਆਉਣ ਦੀ
ਮਿੱਠੀ ਜਿਹੀ ਧਮਕੀ ਦਿੰਦਾ ਹਾਂ
ਤੇ ਆਖਦਾ ਹਾਂ
ਉੱਠੋ ਕਿਤੇ ਦੇਰ ਨਾ ਹੋ ਜਾਵੇ
ਕਿਤੇ ਬੱਸ ਨਾ ਲੰਘ ਜਾਵੇ !

ਅੱਖਾਂ 'ਚੋਂ ਉਮੜ੍ਹਦੀ ਸਿੱਲ੍ਹ
ਗੁੱਝੀ ਕਿੱਥੇ ਰਹਿੰਦੀ ਹੈ
ਧੀਆਂ ਦੀ ਮਾਂ ਆ ਕੇ
ਬਾਹ਼ਲਾ ਈ ਕਮ਼ਲਾ ਐ ਇਹ ਬੰਦਾ, ਆਖ
ਮੇਰਾ ਸਿਰ ਫੜ ਸੀਨੇ ਨਾਲ ਲਾਉਂਦੀ ਹੈ
ਤੇ ਮੈਂ ਕੁੱਝ ਵੀ ਨਾ ਹੋਣ ਦਾ ਨਾਟਕ ਕਰ
ਸਹਿਜ ਹੋਣ ਦਾ ਆਹਰ ਕਰਨ ਲੱਗਦਾ ਹਾਂ!

ਪਤਾ ਨਹੀਂ ਧੀਆਂ ਹਨ ਕਵਿਤਾਵਾਂ
ਜਾਂ ਕਵਿਤਾਵਾਂ ਹਨ ਧੀਆਂ
ਸਮਝ ਨਹੀਂ ਆਉਂਦੀ
ਕੋਈ ਰਿਸ਼ਤਾ ਤਾਂ ਜ਼ਰੂਰ ਹੈ
ਸ਼ਾਇਦ ਏਸੇ ਲਈ ਪੁੱਛਦੇ ਹਨ ਯਾਰ ਮੇਰੇ
ਕਿ ਤੇਰੀਆਂ ਕਵਿਤਾਵਾਂ 'ਚ
ਤਿਤਲੀਆਂ ਵਰਗਾ ਕਿਉਂ ਸਰੂਰ ਹੈ!

***-ਇੰਦਰਜੀਤ ਚੁਗਾਵਾਂ***

## *.ਗ਼ਜ਼ਲ*

ਵਿਕਣੇ ਵਾਲੇ ਟਿਕ ਜਾਂਦੇ ਨੇ,
ਅੜਨੇ ਵਾਲ਼ੇ ਝੜ ਜਾਂਦੇ ਨੇ,
ਸੱਚ ਦੇ ਆਸ਼ਿਕ ਔਖੇ ਵੇਲੇ,
ਨਾ਼ਲ ਸੱਚ ਦੇ ਖੜ ਜਾਂਦੇ ਨੇ।

ਸੱਚੋ ਸੱਚੀ ਪੱਤਰਕਾਰੀ,
ਜਾਨ ਅਤੇ ਈਮਾਨ ਦਾ ਜੋਖ਼ਮ
ਬਦੋ ਬਦੀ ਕਈ ਤਲੀਆਂ ਉੱਤੇ,
ਆਣ ਕਰੋੜਾਂ ਧਰ ਜਾਂਦੇ ਨੇ।

ਧਾਰ ਸ਼ਬਦਾਂ ਦੀ ਬੜੀ ਕਟੀਲੀ,
ਏਹੋ ਬੁਝਾਵੇ ਲਾਵੇ ਤੀਲੀ,
ਰਾਜਨੀਤੀ ਦੇ ਚਾਣਕਿਆ ਵੀ,
ਇਸ ਦੇ ਵਾਰ ਤੋਂ ਡਰ ਜਾਂਦੇ ਨੇ।

ਲੱਕੜੀ ਤੋਂ ਹੈ ਬਣਦਾ ਕਾਗਜ਼,
ਕਾਗਜ਼ ਤੋਂ ਫਿਰ ਉੱਤਪੰਨ ਮਾਇਆ,
ਸਰੀਰ ਮਿੱਟੀ ਦੇ ਆਖ਼ਰ ਵੇਲੇ,
ਲੱਕੜਾਂ ਵਿਚ ਹੀ ਸੜ ਜਾਂਦੇ ਨੇ।

ਬੋਦਲਾਂ ਦੇ ਸੁੱਖਵਿੰਦਰਾ ਕ੍ਰਾਂਤੀ,
ਕ਼ਲਮਾਂ ਤੋਂ ਤਲਵਾਰਾਂ ਤੀਕਰ,
ਟਾਮੇ ਟਾਮੇ ਕ੍ਰਾਂਤੀਆਂ ਦੇ ਅੰਬਰੀਂ,
ਬਣ ਕੇ ਤਾਰੇ ਚੜ੍ਹ ਜਾਂਦੇ ਨੇ।

***-ਸੁੱਖਵਿੰਦਰ ਬੋਦਲਾਂਵਾਲਾ (ਯੂ ਐਸ ਏ)***
***ਫੋਨ: 360-281-2624***


# ਯੂਰਪ ਤਬਾਹੀ ਦੇ ਕੰਢੇ 'ਤੇ

***ਉੱਘੇ ਫਿਲਮਸਾਜ਼ ਅਤੇ ਲਿਖਾਰੀ ਖਵਾਜਾ ਅਹਿਮਦ ਅੱਬਾਸ ਦਾ ਇਹ ਲੇਖ ਦੂਜਾ ਸੰਸਾਰ ਯੁੱਧ ਛਿੜਨ ਤੋਂ ਐਨ ਪਹਿਲਾਂ ਦਾ ਹੈ। ਇਸ ਲੇਖ ਵਿਚ ਉਨ੍ਹਾਂ ਉਸ ਵਕਤ ਯੂਰਪ ਦੇ ਹਾਲਾਤ ਬਾਰੇ ਝਾਕੀ ਪੇਸ਼ ਕੀਤੀ ਹੈ। ਇਸ ਲੇਖ ਵਿਚ ਸਾਹਿਤਕਾਰਾਂ ਅਤੇ ਕਲਾਕਾਰਾਂ ਦੀ ਭੂਮਿਕਾ ਵੱਲ ਸਪਸ਼ਟ ਇਸ਼ਾਰੇ ਮਿਲਦੇ ਹਨ ਅਤੇ ਪਤਾ ਲੱਗਦਾ ਹੈ ਕਿ ਪ੍ਰਚਾਰ ਤਹਿਤ ਇਨ੍ਹਾਂ ਲੋਕਾਂ ਨੂੰ ਕਿੰਨੀ ਅਹਿਮੀਅਤ ਮਿਲਦੀ ਸੀ।***

ਜਦੋਂ ਤਕ ਮੈਂ ਸੌਂ ਕੇ ਉੱਠਿਆ, ਜਹਾਜ਼ ਸਮੁੰਦਰ ਵਿਚ ਬਹੁਤ ਦੂਰ ਜਾ ਲਿਆ ਸੀ। ਨਿਊਯਾਰਕ ਦਾ ਧੁੰਦਲਾ ਜਿਹਾ ਖਾਕਾ ਦਿਖਾਈ ਦੇ ਰਿਹਾ ਸੀ ਅਤੇ ਆਜ਼ਾਦੀ ਦੀ ਦੇਵੀ ਦਾ ਬੁੱਤ ਦੂਰ ਛੋਟਾ ਜਿਹਾ ਧੱਬਾ ਦਿਖਾਈ ਦੇ ਰਿਹਾ ਸੀ।

ਸੌਣ ਨਾਲ ਮੇਰਾ ਦਿਮਾਗ ਸ਼ਾਂਤ ਹੋ ਗਿਆ ਸੀ। ਖਾਲੀ ਸੀਟਾਂ ਦੇਖ ਕੇ ਮੈਨੂੰ ਹੈਰਾਨੀ ਹੋ ਰਹੀ ਸੀ। ਇਹ ਭੇਤ ਉਦੋਂ ਖੁੱਲ੍ਹਿਆ ਜਦੋਂ ਮੈਂ ਟਹਿਲਣ ਲਈ ਕੈਬਿਨ ਤੋਂ ਬਾਹਰ ਆਇਆ ਅਤੇ ਡੈਕ 'ਤੇ ਪਈ ਰੱਦੀ ਦੀ ਟੋਕਰੀ ਵਿਚੋਂ ਅਖ਼ਬਾਰ ਚੁੱਕਿਆ। ਦੁਪਹਿਰ ਮਗਰੋਂ ਦੇ ਅਖ਼ਬਾਰ ਸਵੇਰੇ ਦਸ ਵਜੇ ਆਉਣੇ ਸ਼ੁਰੂ ਹੋ ਜਾਂਦੇ ਸਨ। ਅਖ਼ਬਾਰ ਦੇ ਪਹਿਲੇ ਪੰਨੇ 'ਤੇ ਦਹਿਸ਼ਤ ਪੈਦਾ ਕਰਨ ਵਾਲੀ ਇਹ ਮੋਟੀ ਸੁਰਖੀ ਸੀ- 'ਯੂਰਪ ਵਿਚ ਯੁੱਧ?' ਹੈਰਾਨੀ ਵਾਲੀ ਗੱਲ ਨਹੀਂ ਸੀ ਕਿ ਤਿੰਨ ਚੌਥਾਈ ਯਾਤਰੀਆਂ ਨੇ ਅਖ਼ੀਰ ਸਮੇਂ ਆਪਣੇ ਟਿਕਟ ਕੈਂਸਲ ਕਰ ਦਿੱਤੇ ਸਨ। ਸੁਰਖੀ 'ਤੇ ਲੱਗੇ ਪ੍ਰਸ਼ਨ ਚਿੰਨ੍ਹ ਉੱਤੇ ਕਿਸੇ ਦੀ ਨਜ਼ਰ ਨਹੀਂ ਪਈ ਸੀ ਜਾਂ ਕਿਸੇ ਨੇ ਇਸ ਨੂੰ ਮਹੱਤਵ ਹੀ ਨਹੀਂ ਦਿੱਤਾ ਸੀ।

ਯਾਤਰਾ ਦੌਰਾਨ ਗੱਲਬਾਤ ਦਾ ਵਿਸ਼ਾ ਯੁੱਧ ਦਾ ਖ਼ਤਰਾ ਹੀ ਰਿਹਾ। ਅਗਲੇ ਦਿਨ ਇਕ ਹੋਰ ਅਫ਼ਵਾਹ ਉੱਡੀ ਕਿ ਅਸਲ ਵਿਚ ਯੁੱਧ ਦਾ ਐਲਾਨ ਹੋ ਚੁੱਕਾ ਹੈ ਪਰ ਜਹਾਜ਼ ਦੇ ਪ੍ਰਬੰਧਕ ਦਹਿਸ਼ਤ ਫੈਲਣ ਦੇ ਡਰ ਤੋਂ ਖ਼ਬਰ ਲੁਕਾ ਰਹੇ ਸਨ। ਉਨ੍ਹਾਂ ਨੂੰ ਗਿਆਤ ਸੀ



**ਖਵਾਜਾ ਅਹਿਮਦ ਅੱਬਾਸ**
**ਅਨੁਵਾਦ: ਡਾ. ਨਰੇਸ਼**

ਕਿ ਜ਼ਿਆਦਾਤਰ ਯਾਤਰੀ ਜਹਾਜ਼ ਨਿਊਯਾਰਕ ਲੈ ਜਾਣ 'ਤੇ ਜ਼ੋਰ ਪਾਉਣਗੇ। ਜਹਾਜ਼ ਫਰਾਂਸ ਦਾ ਸੀ ਅਤੇ ਉਹ ਫਰਾਂਸ ਪੁੱਜਣ ਲਈ ਤਾਹੂ ਸਨ।

ਇਸੇ ਜਹਾਜ਼ 'ਤੇ ਅਮਰੀਕੀ ਸਾਹਿਤਕਾਰ ਅਰਨੈਸਟ ਹੈਮਿੰਗਵੇ ਵੀ ਸਵਾਰ ਸਨ। ਉਹ ਸਪੇਨ ਵਿਚ ਕੌਮਾਂਤਰੀ ਬ੍ਰਿਗੇਡ ਲਈ ਸੰਘਰਸ਼ ਕਰ ਰਹੇ ਸਨ। ਉਹ ਪੈਸੇ ਇਕੱਠੇ ਕਰਨ ਦੇ ਉਦੇਸ਼ ਨਾਲ ਭਾਸ਼ਣ ਦੇਣ ਲਈ ਅਮਰੀਕਾ ਗਏ ਸਨ। ਸਟੀਮਰ 'ਤੇ ਚੜ੍ਹਨ ਸਮੇਂ ਉਨ੍ਹਾਂ ਨੂੰ ਲਗਭਗ ਗ੍ਰਿਫ਼ਤਾਰ ਹੀ ਕਰ ਲਿਆ ਗਿਆ ਸੀ ਕਿਉਂਕਿ ਉਹ ਅਮਰੀਕਨਾਂ ਦੇ ਚੰਦੇ ਤੋਂ ਖਰੀਦਿਆ ਹਵਾਈ ਜਹਾਜ਼ ਨਾਲ ਲੈ ਆਏ ਸਨ। ਕਿਸੇ ਨੂੰ ਯਕੀਨੀ ਤੌਰ 'ਤੇ ਪਤਾ ਨਹੀਂ ਸੀ ਕਿ ਇਸ ਨੂੰ ਕਾਨੂੰਨੀ ਸਾਮਾਨ ਵਿਚ ਗਿਣਿਆ ਜਾ ਸਕਦਾ ਸੀ ਜਾਂ ਨਹੀਂ।

ਕਾਫੀ ਬਹਿਸ-ਮੁਬਾਹਿਸੇ ਮਗਰੋਂ ਅਰਨੈਸਟ ਨੂੰ ਸ਼ੱਕ ਦਾ ਫਾਇਦਾ ਦੇ ਦਿੱਤਾ ਗਿਆ ਸੀ।

ਯਾਤਰੀਆਂ ਵਿਚ 'ਕਾਲੇ ਉਕਾਬ' ਵਜੋਂ ਪ੍ਰਸਿੱਧ ਜੂਲੀਅਨ ਵੀ ਸਨ। ਉਹ ਨੀਗਰੋ ਹਵਾਬਾਜ਼ ਅਤੇ ਜਾਂਬਾਜ਼ ਸਨ। ਉਨ੍ਹਾਂ ਫਾਸ਼ੀਵਾਦੀ ਇਟਲੀ ਵਿਰੁੱਧ ਬਲੈਕ ਅਬੀਸੀਨੀਆ ਦੇ ਹੱਕ ਵਿਚ ਜੰਗ ਲੜੀ ਸੀ। ਹੁਣ ਉਹ ਆਖ ਰਹੇ ਸਨ ਕਿ ਹਿਟਲਰ ਵਿਰੁੱਧ ਜੰਗ ਕਰਨ ਲਈ ਫਰਾਂਸ ਦੀ ਹਵਾਈ ਫੌਜ ਨੂੰ ਤਿਆਰ ਕਰਨਾ ਹੈ।

ਇਹ ਦੋਵੇਂ ਪਹਿਲੇ ਦਰਜੇ ਵਿਚ ਯਾਤਰਾ ਕਰ ਰਹੇ ਸਨ। ਜਹਾਜ਼ੀ ਜਾਤ-ਪਾਤ ਨੇ ਸਾਨੂੰ ਉਨ੍ਹਾਂ ਤੋਂ ਵੱਖ ਕਰ ਰੱਖਿਆ ਸੀ। ਪਹਿਲੇ ਦਰਜੇ ਵਿਚ ਯਾਤਰੀ ਬਹੁਤ ਘੱਟ ਸਨ, ਇਸ ਲਈ ਹੈਮਿੰਗਵੇ ਅਕਸਰ ਬੀਅਰ ਪੀਣ ਸਾਡੇ ਕਿਫਾਇਤੀ ਦਰਜੇ ਦੇ ਖਾਣੇ ਦੇ ਕਮਰੇ ਵਿਚ ਆ ਜਾਂਦੇ ਸਨ। ਇਕ ਬੈਠਕ ਵਿਚ ਬੀਅਰ ਦੀਆਂ ਕਈ ਬੋਤਲਾਂ ਚੜ੍ਹਾ ਜਾਂਦੇ ਸਨ। ਲਲਿਤ ਕਲਾਵਾਂ ਦਾ ਇਕ ਅਮਰੀਕੀ ਵਿਦਿਆਰਥੀ ਫਰਾਂਸ ਜਾ ਰਿਹਾ ਸੀ। ਉਹ ਮੇਰੇ ਨਾਲ ਦੇ ਕੈਬਿਨ ਵਿਚ ਸੀ। ਇਕ ਦਿਨ ਉਸ ਨੇ ਮੈਨੂੰ ਅਮਰੀਕੀ ਨੌਜਵਾਨਾਂ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਿਹੜੇ ਹੈਮਿੰਗਵੇ ਨੂੰ ਸੁਣਨ ਲਈ ਇਕੱਠੇ ਹੋਏ ਸਨ। ਮੈਨੂੰ ਯਾਦ ਹੈ, ਹੈਮਿੰਗਵੇ ਲੰਮੇ-ਉੱਚੇ ਕੱਦ ਦੇ ਸ਼ਖ਼ਸ ਸਨ। ਉਨ੍ਹਾਂ ਦੀਆਂ ਸੰਘਣੀਆਂ ਮੁੱਛਾਂ ਫੌਜ ਦੇ ਕਿਸੇ ਕਰਨਲ ਦੀਆਂ ਮੁੱਛਾਂ ਵਾਂਗ ਸੂਹੇ ਰੰਗ ਦੀਆਂ ਸਨ। ਉਹ ਪੂਰਨਭਾਂਤ ਸਪੇਨ ਦੀ ਫਾਸ਼ੀਵਾਦ ਵਿਰੋਧੀ ਜੰਗ ਵਿਚ ਨਿਮਗਨ ਸਨ। ਇਸ ਨੂੰ ਉਹ ਹਫਤਿਆਂ ਵਿਚ ਨਹੀਂ ਤਾਂ ਮਹੀਨਿਆਂ ਵਿਚ ਸ਼ੁਰੂ ਹੋਣ ਵਾਲੀ ਵੱਡੀ ਯੂਰਪੀ ਜੰਗ ਦਾ ਨਿਯਮਿਤ ਅਭਿਆਸ ਆਖ ਰਹੇ ਸਨ। ਉਹ ਆਪਣੇ ਹੱਥਾਂ ਦੀਆਂ ਹਰਕਤਾਂ ਨਾਲ ਹੀ ਮੁੱਦਾ ਬਿਆਨ ਕਰ ਰਹੇ ਸਨ, ਉਨ੍ਹਾਂ ਇਕ ਪੇਪਰ ਨੈਪਕਿਨ ਉੱਪਰ ਯੂਰਪ ਦਾ ਨਕਸ਼ਾ ਬਣਾ ਕੇ ਬੀਅਰ ਦੀਆਂ ਖਾਲੀ ਬੋਤਲਾਂ ਦੁਆਰਾ ਸਮਝਾਇਆ ਕਿ ਹਿਟਲਰ ਕਿਸ ਤਰ੍ਹਾਂ ਆਪਣੀਆਂ ਫੌਜਾਂ ਨੂੰ ਲਾਮਬੰਦ ਕਰੇਗਾ। ਮੈਂ ਕੋਸ਼ਿਸ਼ ਕੀਤੀ ਕਿ ਉਹ ਸਾਹਿਤ ਬਾਰੇ ਵੀ ਗੱਲ ਕਰਨ ਪਰ ਉਨ੍ਹਾਂ ਤਲਖ਼ੀ ਨਾਲ ਆਖਿਆ, "ਇਸ ਵੇਲੇ ਮੈਂ ਕੇਵਲ ਯੁੱਧ ਦੀ ਗੱਲ ਕਰ ਸਕਦਾ ਹਾਂ।" ਮੈਨੂੰ ਯਾਦ ਹੈ, ਉਨ੍ਹਾਂ ਮੈਨੂੰ ਆਖਿਆ ਸੀ, "ਅਸੀਂ ਆਪਣੇ ਲਹੂ ਨਾਲ ਸਾਹਿਤ ਲਿਖਾਂਗੇ।"

ਲਲਿਤ ਕਲਾਵਾਂ ਦੇ ਅਮਰੀਕੀ ਵਿਦਿਆਰਥੀ ਨਾਲ ਮੇਰੀ ਦੋਸਤੀ ਹੋ ਗਈ। ਅਸੀਂ ਦੋਵੇਂ ਪਹਿਲੀ ਵਾਰੀ ਪੈਰਿਸ ਜਾ ਰਹੇ ਸੀ। ਦੋਵਾਂ ਕੋਲ ਬਹੁਤੇ ਪੈਸੇ ਨਹੀਂ ਸਨ। ਅਸੀਂ ਇਕੱਠੇ ਰਹਿਣ ਦਾ ਫੈਸਲਾ ਕਰ ਲਿਆ। ਯਾਤਰਾ ਦੇ ਅੰਤਿਮ ਦਿਨ ਅਸੀਂ ਬੜੀ ਵਾਰੀ ਪੈਰਿਸ ਜਾ ਚੁੱਕੇ ਇਕ ਅਮਰੀਕੀ ਤੋਂ ਪੁੱਛਿਆ ਕਿ ਪੈਰਿਸ ਵਿਚ ਸਸਤਾ ਹੋਟਲ ਕਿਹੜਾ ਹੈ? ਉਸ ਨੇ ਤੁਰੰਤ ਉੱਤਰ ਦਿੱਤਾ, "ਤੁਹਾਡੇ ਲਈ ਚੈਪ ਏਲੀਸੀਜ਼ ਹੋਟਲ ਠੀਕ ਰਹੇਗਾ।" ਅਸੀਂ ਲੈ ਹਾਰਵੇ ਉਤਰੇ। ਦੁਨੀਆ ਦੇ ਸਭ ਤੋਂ ਵੱਡੇ ਜਹਾਜ਼ ਨੂੰ 'ਰੱਬ ਰਾਖਾ' ਆਖਿਆ ਅਤੇ ਪੈਰਿਸ ਜਾਣ ਵਾਲੀ ਰੇਲ 'ਤੇ ਜਾ ਚੜ੍ਹੇ। ਜਹਾਜ਼ ਸਾਲ ਵਿਚ ਇਕ ਵਾਰੀ ਅੰਧ ਮਹਾਂਸਾਗਰ ਦੇ ਸਿਰੇ ਤੱਕ ਜਾਂਦਾ ਸੀ।

ਅਸੀਂ ਪੈਰਿਸ ਪੁੱਜੇ ਤਾਂ ਸ਼ਾਮਾਂ ਪੈ ਰਹੀਆਂ ਸਨ ਪਰ ਸਾਡੇ ਅੰਦਰ ਖੁਸ਼ੀ ਦੀ ਲਹਿਰ ਦੌੜ ਰਹੀ ਸੀ। ਜਵਾਨੀ ਅਤੇ ਪੈਰਿਸ! ਕੀ ਇਸ ਨੂੰ ਅਤਿਅੰਤ ਖੁਸ਼ੀ ਦਾ ਮਨੁੱਖੀ ਅਨੁਭਵ ਨਹੀਂ ਆਖਾਂਗੇ? ਅਸੀਂ ਸਟੇਸ਼ਨ ਤੋਂ ਬਾਹਰ ਆਏ ਤਾਂ ਟੈਕਸੀ ਵਾਲਿਆਂ ਨੇ ਸਾਨੂੰ ਘੇਰਾ ਪਾ ਲਿਆ। ਅਸੀਂ ਫਰਾਂਸੀਸੀ ਭਾਸ਼ਾ ਦਾ ਪਹਿਲਾ ਵਾਕ ਅਜ਼ਮਾਉਂਦਿਆਂ ਪੁੱਛਿਆ, "ਪਲਜ਼ ਵੀਜ਼ ਆਂਗਲਿਸ?" (ਕੀ ਤੁਸੀਂ ਅੰਗਰੇਜ਼ੀ ਜਾਣਦੇ ਹੋ?)। ਇਕ ਟੋਪੀ ਵਾਲੇ ਡਰਾਈਵਰ ਨੇ ਆਖਿਆ, "ਉਈ ਉਈ ਮੋਸਿਆ!" ਅਸੀਂ ਖੁਸ਼ੀ-ਖੁਸ਼ੀ ਉਸ ਦੀ ਟੈਕਸੀ ਵਿਚ ਬੈਠ ਗਏ। ਅਸੀਂ ਉਸ ਨੂੰ ਸ਼ਾਨ ਜੇ ਲਾਈਜ਼ ਚੱਲਣ ਲਈ ਆਖਿਆ ਤਾਂ ਉਸ ਦੀ ਖੁਸ਼ੀ ਭਰਪੂਰ ਹੈਰਾਨੀ ਝਲਕ ਪਈ। ਅਸੀਂ ਹੋਟਲ ਚੈਪ ਏਲੀਸੀਜ਼ ਦਾ ਫਰਾਂਸੀਸੀ ਨਾਂ ਲੱਭ ਲਿਆ ਸੀ। ਉਹ ਬੋਲਿਆ, "ਉਈ ਉਈ ਹੋਟਲ ਚੈਪ ਏਲੀਸੀਜ਼।"

ਫਿਰ ਉਹ ਪਾਗਲਾਂ ਵਾਂਗ ਟੈਕਸੀ ਚਲਾਉਣ ਲੱਗਾ। ਸਾਰੇ ਪੈਰਿਸ ਵਾਲੇ ਇਵੇਂ ਹੀ ਟੈਕਸੀ ਚਲਾਉਂਦੇ ਸਨ। ਸਾਨੂੰ ਡਰ ਤਾਂ ਲੱਗ ਰਿਹਾ ਸੀ ਪਰ ਅਸੀਂ ਟੋਕਾ-ਟਾਕੀ ਕਰ ਕੇ ਆਪਣੀ ਨਾ-ਤਜਰਬੇਕਾਰੀ ਦਾ ਵਿਖਾਲਾ ਨਹੀਂ ਕਰਨਾ ਚਾਹੁੰਦੇ ਸੀ। ਆਖ਼ਰ ਅਸੀਂ ਹੋਟਲ ਜਾ ਅੱਪੜੇ ਪਰ ਇਹ ਮੇਰੇ ਖਿਆਲਾਂ ਦਾ ਸਸਤਾ ਹੋਟਲ ਸੀ। ਸਾਰਾ ਹੋਟਲ ਸੰਗਮਰਮਰ, ਸ਼ੀਸ਼ੇ ਤੇ ਕਰੋਮੀਅਮ ਤੋਂ ਬਣਿਆ ਹੋਇਆ ਸੀ।

ਟੈਕਸੀ ਵਾਲੇ ਨੇ ਸਾਥੋਂ ਕਿਰਾਇਆ ਅਤੇ ਚੰਗੀ ਖਾਸੀ ਬਖਸ਼ੀਸ਼ ਵਸੂਲ ਕੀਤੀ, ਫਰਾਂਸੀਸੀ ਭਾਸ਼ਾ ਵਿਚ ਸਾਨੂੰ ਧੰਨਵਾਦ ਆਖਿਆ ਅਤੇ ਛੁੱਟੀਆਂ ਸੁਖ ਨਾਲ ਬੀਤਣ ਆਖ ਕੇ ਚਲਾ ਗਿਆ। ਅਸੀਂ ਅਨੁਮਾਨ ਲਗਾਇਆ ਕਿ ਉਸ ਨੂੰ ਅੰਗਰੇਜ਼ੀ ਦਾ ਇਕ ਸ਼ਬਦ ਵੀ ਨਹੀਂ ਆਉਂਦਾ ਸੀ। ਇਸ ਦੌਰਾਨ ਹੋਟਲ ਦਾ ਸਾਮਾਨ ਚੁੱਕ ਕੇ ਅੰਦਰ ਲੈ ਗਿਆ। ਮੈਂ ਆਪਣੇ ਸਾਥੀ ਵੱਲ ਦੇਖਿਆ। ਉਸ ਨੇ ਮੋਢੇ ਝਟਕ ਕੇ ਨੱਕ ਚੜ੍ਹਾਈ ਤੇ ਕਿਹਾ, "ਕਿਆ ਮੁਸੀਬਤ ਹੈ! ਮੇਰਾ ਖਿਆਲ ਹੈ ਕਿ ਆਪਣੇ ਵਿਚ ਇਸ ਇਕ ਰਾਤ ਠਹਿਰਨ ਦੀ ਸਮਰੱਥਾ ਤਾਂ ਹੈ।"

ਅਸੀਂ ਡਬਲ ਬੈੱਡਰੂਮ ਲੈ ਲਿਆ। ਇਹ ਦੋ ਵੱਖ-ਵੱਖ ਕਮਰਿਆਂ ਤੋਂ ਸਸਤਾ ਸੀ। ਅਸੀਂ ਸ਼ੇਵ ਕੀਤੀ, ਸ਼ਾਹੀ ਇਸ਼ਨਾਨ ਕੀਤਾ ਅਤੇ ਆਪਣੇ ਬਿਹਤਰੀਨ ਕੱਪੜੇ ਪਾ ਲਏ। ਅਸੀਂ ਤੈਅ ਕੀਤਾ ਕਿ ਅੱਜ ਦੀ ਰਾਤ ਜਸ਼ਨ ਮਨਾ ਕੇ ਗੁਜ਼ਾਰਾਂਗੇ। ਅਸੀਂ ਮਟਰਗਸ਼ਤੀ ਕਰਦੇ ਹੋਟਲ ਏਲੀਸੀਜ਼ ਤੋਂ ਬਾਹਰ ਨਿਕਲੇ ਤਾਂ ਮੈਂ ਪੁੱਛਿਆ, "ਜਾਵਾਂਗੇ ਕਿੱਥੇ?"

"ਫੋਲੀਜ਼ ਬਰਜਾਜਾਈ।" ਮਿੱਤਰ ਨੇ ਜਵਾਬ ਦਿੱਤਾ।

"ਚੱਲਣਾ ਹੈ ਤਾਂ ਅੱਜ ਹੀ ਚੱਲੀਏ, ਨਹੀਂ ਤਾਂ ਕੱਲ੍ਹ ਨੂੰ ਅਸੀਂ ਇਸ ਵੱਲ ਝਾਕਣ ਤੋਂ ਬੇਜ਼ਾਰ ਹੋ ਜਾਵਾਂਗੇ ਜਾਂ ਏਨੇ ਨੰਗ ਹੋ ਜਾਵਾਂਗੇ ਕਿ ਉੱਥੇ ਜਾਣ ਦੀ ਸਮਰੱਥਾ ਹੀ ਨਹੀਂ ਹੋਵੇਗੀ।"

ਲਿਹਾਜ਼ਾ ਅਸੀਂ ਪਲੇਸ ਪਗਾਲ ਗਏ ਅਤੇ ਦੋ ਮਹਿੰਗੀਆਂ ਟਿਕਟਾਂ ਖਰੀਦ ਲਈਆਂ। ਉਸ ਜ਼ਮਾਨੇ ਦੇ ਧਨ ਤਬਾਦਲੇ ਦੀ ਦਰ ਤੋਂ ਡਾਲਰਾਂ ਵਿਚ ਇਹ ਬਹੁਤੀਆਂ ਮਹਿੰਗੀਆਂ ਨਹੀਂ ਸਨ। ਨੰਗੀਆਂ ਅੱਧ-ਨੰਗੀਆਂ ਕੁੜੀਆਂ ਦੀ ਨੁਮਾਇਸ਼ ਦੇਖ ਕੇ ਸਾਨੂੰ ਇੰਝ ਜਾਪ ਰਿਹਾ ਸੀ ਜਿਵੇਂ ਕਿਸੇ ਗਊ ਮਾਸ ਦੀ ਦੁਕਾਨ ਵਿਚ ਆ ਵੜੇ ਹੋਈਏ ਜਿੱਥੇ ਚਮੜੀ ਵਿਹੀਨ ਗਾਵਾਂ ਆਪਣੇ ਚਿਹਰਿਆਂ 'ਤੇ ਮੁਸਕਾਨ ਚੇਪ ਕੇ



ਅਮਰੀਕੀ ਲੇਖਕ ਅਰਨੇਸਟ ਹੈਮਿੰਗਵੇ।

ਨ੍ਰਿਤ ਕਰ ਰਹੀਆਂ ਹੋਣ। ਅਸੀਂ ਦੇਖਿਆ ਕਿ ਉੱਥੇ ਅਮਰੀਕਨਾਂ, ਬਰਤਾਨਵੀਆਂ, ਯੂਰਪੀਅਨਾਂ ਅਤੇ ਕੁਝ ਇਕ ਭਾਰਤੀ ਸੈਲਾਨੀਆਂ ਨੇ ਸਾਰੀ ਥਾਂ ਮੱਲ ਰੱਖੀ ਸੀ। ਪੈਰਿਸ ਦਾ ਤਾਂ ਇਕ ਬੰਦਾ ਵੀ ਉੱਥੇ ਨਜ਼ਰ ਨਹੀਂ ਆ ਰਿਹਾ ਸੀ। ਉੱਥੇ ਹਰ ਬੰਦਾ ਅੱਕਿਆ ਹੋਇਆ ਦਿਸ ਰਿਹਾ ਸੀ ਪਰ ਖਰਚੇ ਪੈਸਿਆਂ ਦਾ ਹੱਕ ਵਸੂਲਣ ਲਈ ਉੱਥੇ ਬੈਠਣਾ ਮਜਬੂਰੀ ਸੀ।

ਅਗਲੇ ਦਿਨ ਅਸੀਂ ਆਪਣੇ ਕੁਝ ਭਾਰਤੀ ਦੋਸਤਾਂ ਨਾਲ ਸੰਪਰਕ ਕੀਤਾ ਤੇ ਉਨ੍ਹਾਂ ਦੀ ਸਲਾਹ 'ਤੇ ਬਲੇਵਰਡ ਸੇਂਟ ਮਾਈਕਲ ਅਤੇ ਸੋਰਬੋਨ ਯੂਨੀਵਰਸਿਟੀ ਨੇੜੇ ਲੈਟਿਨ ਕੁਆਰਟਰ ਦੇ 'ਪੈਨਸ਼ਨ' ਵਿਚ ਚਲੇ ਗਏ। ਗੁਸਲਖਾਨੇ ਤੋਂ ਵਾਂਝੇ ਮੇਰੇ ਛੋਟੇ ਜਿਹੇ ਕਮਰੇ ਦਾ ਕਿਰਾਇਆ ਡੇਢ ਰੁਪਿਆ ਸੀ। ਕਮਰੇ ਵਿਚ ਟੁੱਟਿਆ-ਭੱਜਿਆ ਕਮਾਨੀਦਾਰ ਪਲੰਘ, ਇਕ ਮੇਜ਼, ਇਕ ਕੁਰਸੀ ਅਤੇ ਇਕ ਚਿਲਮਚੀ (ਤਿੜਕੀ ਹੋਈ) ਮੁਹੱਈਆ ਕੀਤੀ ਗਈ ਸੀ; ਇਸ ਲਈ ਇਹ ਬੰਬਈ ਦੇ ਕਿਸੇ ਅਜਿਹੇ ਕਮਰੇ ਨਾਲੋਂ ਸਸਤਾ ਸੀ। ਮੇਰੇ ਅਮਰੀਕਨ ਦੋਸਤ ਨੇ ਸਭ ਤੋਂ ਉੱਪਰਲੀ ਮੰਜ਼ਿਲ 'ਤੇ ਸਟੂਡੀਓ ਬੈੱਡਰੂਮ ਲਿਆ ਸੀ ਜਿਸ ਦਾ ਕਿਰਾਇਆ ਮੇਰੇ ਕਮਰੇ ਨਾਲੋਂ ਦੁੱਗਣਾ ਸੀ ਪਰ ਇਸ ਦਾ ਕਿਰਾਇਆ ਵੀ ਇਕ ਡਾਲਰ ਪ੍ਰਤੀ ਦਿਨ ਤੋਂ ਘੱਟ ਸੀ।

ਪੈਰਿਸ ਵਿਚ ਵੀ ਅਸੀਂ ਯੁੱਧ ਸਬੰਧੀ ਮਾਨਸਿਕ ਪਰੇਸ਼ਾਨੀ ਤੋਂ ਮੁਕਤ ਨਹੀਂ ਸੀ। ਨਿਰੰਤਰ ਫੌਜਾਂ ਦੇ ਜਮਾਵੜੇ ਦੀਆਂ ਗੱਲਾਂ ਹੋ ਰਹੀਆਂ ਸਨ, ਹਰ ਰੋਜ਼ ਫੌਜੀਆਂ ਨੂੰ ਲੈ ਕੇ ਗੱਡੀਆਂ ਸੀਮਾ 'ਤੇ, ਸ਼ਾਇਦ ਮਜ਼ਬੂਤ ਮੈਜੀਨਾਟ ਲਾਈਨ 'ਤੇ, ਭੇਜੀਆਂ ਜਾ ਰਹੀਆਂ ਸਨ। ਸਾਡੇ ਪੈਨਸ਼ਨ ਸਹਿਤ ਹਰ ਘਰ, ਹਰ ਹੋਟਲ ਵਿਚ ਛਪੀਆਂ ਹੋਈਆਂ ਹਦਾਇਤਾਂ ਕੰਧਾਂ 'ਤੇ ਲਟਕਾ ਰੱਖੀਆਂ ਸਨ ਕਿ ਅਚਾਨਕ ਹਵਾਈ ਹਮਲਾ ਹੋ ਜਾਵੇ ਤਾਂ ਤੁਸੀਂ ਕੀ ਕਰਨਾ ਹੈ? ਟ੍ਰੈਵਲ ਏਜੰਸੀਆਂ ਮੱਧ ਯੂਰਪ ਜਾਣ ਵਾਲੇ ਸੈਲਾਨੀਆਂ ਦੀਆਂ ਟਿਕਟਾਂ 'ਤੇ ਇਹ ਵਾਕ ਜੋੜ ਰਹੀਆਂ ਸਨ- "ਜੇ ਉਦੋਂ ਤਕ ਸਰਹੱਦ ਖੁੱਲ੍ਹੀ ਰਹੀ।" ਬਸ 'ਤੇ ਚੜ੍ਹ ਕੇ ਅਸੀਂ ਵਿਦੇਸ਼ੀ ਲੋਕ ਸ਼ਹਿਰ ਦੇਖਣ ਨਿਕਲੇ ਤਾਂ ਗਾਈਡ ਨੇ ਇਕ ਗਿਰਜੇ ਵੱਲ ਇਸ਼ਾਰਾ ਕਰ ਕੇ ਦੱਸਿਆ ਕਿ ਪਿਛਲੇ ਯੁੱਧ ਵਿਚ ਇਸ ਇਮਾਰਤ 'ਤੇ ਜਰਮਨੀ ਦੀ 'ਬਿਗ ਬਰਥਾ' ਨੇ ਬੰਬ ਸੁੱਟੇ ਸਨ। ਸੁਣ ਕੇ ਸਾਡੇ 'ਤੇ ਨਹਿਸ਼ ਚੁੱਪ ਵਰਤ ਗਈ ਸੀ। ਹਰ ਕੋਈ ਕੰਬਣੀ ਜਿਹੀ ਮਹਿਸੂਸ ਕਰਦਿਆਂ ਸੋਚ ਰਿਹਾ ਸੀ ਕਿ ਅਜਿਹਾ ਮੁੜ ਤੋਂ ਵੀ ਤਾਂ ਹੋ ਸਕਦਾ ਹੈ, ਹੋਰ ਵੱਡੀਆਂ ਥਾਵਾਂ 'ਤੇ ਹੋਰ ਵੱਡੇ ਬੰਬ ਵੀ ਤਾਂ ਸੁੱਟ ਸਕਦੀਆਂ ਹਨ।

ਇਸ ਤਰਥੱਲੀ ਅਤੇ ਪਰੇਸ਼ਾਨੀ ਦਾ ਇਕੋ-ਇਕ ਜਨਮਦਾਤਾ ਹੁਣ ਦੁਨੀਆ ਨੂੰ ਸੰਬੋਧਨ ਕਰਨ ਵਾਲਾ ਸੀ। ਅਸੀਂ ਮੌਲਪਰਨਾਸ ਦੇ ਕੈਫੇ ਵਿਚ ਬੈਠੇ ਬੇਸਬਰੀ ਨਾਲ ਇਸ ਸੰਬੋਧਨ ਦੀ ਉਡੀਕ ਕਰ ਰਹੇ ਸੀ। ਯੂਰਪ ਦੇ ਦੂਤਾਵਾਸਾਂ ਵਿਚ ਇਸ ਨੂੰ ਚਿੰਤਾਪੂਰਵਕ, ਗਹੁ ਨਾਲ ਸੁਣਿਆ ਜਾ ਰਿਹਾ ਸੀ। ਇਸ ਸੰਬੋਧਨ ਤੋਂ ਮੱਚ ਰਹੀ ਤਰਥੱਲੀ ਨੂੰ ਭਾਵੇਂ ਰਤਾ ਠੱਲ੍ਹ ਪਈ ਸੀ ਅਤੇ ਯੁੱਧ ਤੋਂ ਦੁਖੀ ਲੋਕਾਂ ਨੂੰ ਆਰਾਮ ਨਾਲ ਸੌਣ ਦਾ ਤੁਰੰਤ ਸੰਦੇਸ਼ ਮਿਲਿਆ ਸੀ ਪਰ ਇਹ ਸੰਬੋਧਨ ਪ੍ਰਤੀ ਸਿਖਰ ਹੀ ਸੀ। ਜਿਨ੍ਹਾਂ ਸੁਆਣੀਆਂ ਦੇ ਪਤੀ ਜਾਂ ਪੁੱਤਰ ਫੌਜ ਵਿਚ ਸਨ, ਉਨ੍ਹਾਂ ਅਤਿਅੰਤ ਚਿੰਤਤ ਔਰਤਾਂ ਦੀਆਂ ਅੱਖਾਂ ਵਿਚ ਖੁਸ਼ੀ ਦੇ ਹੰਝੂ ਆ ਗਏ ਸਨ। ਇਸ ਰਾਤ ਦੀ ਮਹੱਤਵਪੂਰਨ ਗੱਲ ਇਹ ਸੀ ਕਿ ਲੋਕੀਂ ਗਲੀਆਂ ਵਿਚ ਨਿਕਲ ਕੇ ਆ ਰਹੇ ਸਨ ਕਿ ਅਜੇ ਵੀ ਸਾਡੇ ਕੋਲ ਅਮਨ-ਚੈਨ ਦੇ ਕੁਝ ਦਿਨ ਬਾਕੀ ਹਨ, ਵਕਤੀ ਤੌਰ 'ਤੇ ਸਾਨੂੰ ਪਰੇਸ਼ਾਨੀ ਤੋਂ ਨਿਜਾਤ ਮਿਲ ਗਈ ਹੈ। ਜਿਵੇਂ ਹੀ ਮਾਰਸਾਈ ਦੇ ਰੰਗਾਰੰਗ ਸੰਗੀਤ ਨਾਲ ਗਾਣੇ ਵਰ੍ਹਨ ਲੱਗੇ, ਉਦੋਂ ਹੀ ਸੰਗੀਤ ਘਰਾਂ ਅਤੇ ਨਾਚ-ਘਰਾਂ ਵਿਚ ਭੀੜ ਵਧਣ ਲੱਗੀ ਅਤੇ ਕੈਫਿਆਂ ਵਿਚ ਠਹਾਕੇ ਗੂੰਜਣ ਲੱਗੇ।

ਦਿਨ ਦੀ ਭਰਮ ਦੂਰ ਕਰਨ ਵਾਲੀ ਰੋਸ਼ਨੀ ਵਿਚ ਹਿਟਲਰ ਦਾ ਭਾਸ਼ਣ ਪੜ੍ਹਿਆ ਤਾਂ ਦੇਖਿਆ ਕਿ ਇਸ ਵਿਚ ਖੁਸ਼ ਹੋਣ ਵਾਲੀ ਕੋਈ ਗੱਲ ਹੀ ਨਹੀਂ ਸੀ। ਬਸ ਏਨਾ ਸੀ ਕਿ ਜੰਗੀ ਕੁੱਤਿਆਂ ਦੇ ਪਟੇ ਅਜੇ ਨਹੀਂ ਖੋਲ੍ਹੇ ਗਏ ਸਨ, ਕਿਆਮਤ ਮੁਲਤਵੀ ਕਰ ਦਿੱਤੀ ਗਈ ਸੀ।

ਰਾਤ ਵਾਲੀ ਸੰਖੇਪ ਰਾਹਤ ਮੁੱਕਣ 'ਤੇ ਸੀ। ਹਿਟਲਰ ਦੇ ਸੰਬੋਧਨ ਦੇ ਭੈੜੇ ਪੱਖਾਂ ਤੋਂ ਪਰਦਾ ਉੱਠ ਰਿਹਾ ਸੀ। ਦੁਪਹਿਰ ਮਗਰੋਂ ਅਖ਼ਬਾਰਾਂ ਨੇ ਇਕ ਹੋਰ ਸੰਗੀਨ ਵਾਰਦਾਤ ਦਾ ਸਮਾਚਾਰ ਪ੍ਰਕਾਸ਼ਿਤ ਕੀਤਾ। ਪੈਰਿਸ ਦੀਆਂ ਸੋਹਣੀਆਂ ਛਾਂਦਾਰ ਸੜਕਾਂ ਉੱਤੇ ਮੁੜ ਤੋਂ ਚਿੰਤਤ ਚਿਹਰੇ ਦਿਖਾਈ ਦੇਣ ਲੱਗੇ ਸਨ।

ਨਿਰਸੰਦੇਹ, ਪੈਰਿਸ ਦੁਨੀਆ ਦੇ ਸੱਭਿਆ ਸ਼ਹਿਰਾਂ ਵਿਚੋਂ ਇਕ ਸੀ। ਲੰਡਨ, ਬਰਲਿਨ, ਰੋਮ ਅਤੇ ਨਵੀਂ ਦਿੱਲੀ ਵਿਚ ਆਮ ਤੌਰ 'ਤੇ ਸੜਕਾਂ ਦੇ ਨਾਂ ਹਾਕਮਾਂ, ਫੌਜੀ ਜਰਨੈਲਾਂ ਅਤੇ ਨੌਕਰਸ਼ਾਹਾਂ ਦੇ ਨਾਵਾਂ ਤੋਂ ਰੱਖੇ ਜਾਂਦੇ ਹਨ; ਪੈਰਿਸ ਵਿਚ ਸੜਕਾਂ ਦੇ ਨਾਂ ਦਾਰਸ਼ਨਿਕਾਂ, ਬੁੱਧੀਜੀਵੀਆਂ ਅਤੇ ਕਵੀਆਂ ਦੇ ਨਾਵਾਂ 'ਤੇ ਰੱਖੇ ਗਏ ਸਨ (ਹੁਣ ਜ਼ਰੂਰ ਦਿੱਲੀ ਵਿਚ ਤਾਨਸੇਨ ਮਾਰਗ ਅਤੇ ਟਾਲਸਟਾਏ ਲੇਨ ਹਨ)। ਪੈਨਥੀਓਨ ਵਿਚ ਕੇਵਲ ਫਰਾਂਸ ਦੇ ਯੋਧਿਆਂ ਦੀਆਂ ਯਾਦਗਾਰਾਂ ਹੀ ਕਾਇਮ ਨਹੀਂ ਕੀਤੀਆਂ ਗਈਆਂ ਸਨ, ਉਨ੍ਹਾਂ ਕਲਮਕਾਰਾਂ ਦੀਆਂ ਯਾਦਗਾਰਾਂ ਵੀ ਬਣਾਈਆਂ ਗਈਆਂ ਸਨ ਜਿਨ੍ਹਾਂ ਦੀਆਂ ਲਿਖਤਾਂ ਨੇ ਇਸ ਮਹਾਨ ਜਨਤਕ ਕ੍ਰਾਂਤੀ ਲਈ ਜ਼ਿਹਨ ਤਿਆਰ ਕੀਤੇ ਸਨ। ਜਿੱਥੇ ਇਕ ਪਾਸੇ ਰੂਸੋ, ਵਾਲਟੇਅਰ, ਜ਼ੋਲਾ ਅਤੇ ਬਾਲਜ਼ਾਕ ਦੇ ਨਾਵਾਂ 'ਤੇ ਸੜਕਾਂ ਦੇ ਨਾਂ ਰੱਖੇ ਗਏ ਸਨ, ਉੱਥੇ ਸ਼ੇਕਸਪੀਅਰ ਅਤੇ ਵਲੇਵਰਡ ਹਾਊਜ਼ਮਨ ਦੇ ਨਾਵਾਂ 'ਤੇ ਵੀ ਸੜਕਾਂ ਬਣਾਈਆਂ ਗਈਆਂ ਸਨ। ਸਦੀਆਂ ਤਕ ਪੈਰਿਸ ਸੰਸਾਰ ਭਰ ਦੇ ਇਨਕਲਾਬੀ ਸਾਹਿਤਕਾਰਾਂ, ਬੁੱਧੀਜੀਵੀਆਂ ਅਤੇ ਕਲਾਕਾਰਾਂ ਲਈ ਬਹਿਸ਼ਤੀ ਓਟ ਰਿਹਾ ਹੈ। ਇਹ ਅਜਿਹਾ ਸ਼ਹਿਰ ਸੀ ਜਿੱਥੇ ਕੋਈ ਕਾਲਾ ਆਦਮੀ ਵੀ ਆਰਾਮ ਨਾਲ ਰਹਿ ਸਕਦਾ ਸੀ। ਇਸ ਸਮੇਂ ਮੈਨੂੰ ਹੋ ਚੀ-ਮਿੰਨ੍ਹ (ਵੀਅਤਨਾਮੀ ਆਗੂ) ਦੀ ਯਾਦ ਆ ਰਹੀ ਹੈ। ਉਸ ਨੇ ਨਾ ਕੇਵਲ ਪੈਰਿਸ ਤੋਂ ਸਿੱਖਿਆ ਹੀ ਪ੍ਰਾਪਤ ਕੀਤੀ ਸੀ ਸਗੋਂ ਫ੍ਰੈਂਚ ਕਮਿਊਨਿਸਟ ਪਾਰਟੀ ਬਣਾਉਣ ਵਿਚ ਵੀ ਯੋਗਦਾਨ ਪਾਇਆ ਸੀ।

ਇਹ ਪੈਰਿਸ ਵੀ ਵਿਰੋਧਾਭਾਸ ਸੀ। ਦੁਨੀਆ ਭਰ ਵਿਚ ਬਦਨਾਮ ਬੰਦੀਖਾਨੇ ਡੀਲਾ ਬੈਸਟਿਲ ਪਲੇਸ ਦੀ ਕੋਈ ਯਾਦਗਾਰ ਨਹੀਂ ਬਣਾਈ ਗਈ ਸੀ। ਜਨਤਾ ਦੇ ਇਨਕਲਾਬੀ ਜੋਸ਼ ਦੀ ਯਾਦਗਾਰ ਵਜੋਂ ਇਕ ਖੁੱਲ੍ਹਾ ਮੈਦਾਨ ਰਾਖਵਾਂ ਕਰ ਦਿੱਤਾ ਗਿਆ ਸੀ। ਇਨਕਲਾਬੀ ਲੋਕਤੰਤਰੀ ਸਾਹਿਤਕਾਰਾਂ ਦੀਆਂ

## ਦੂਜੇ ਸੰਸਾਰ ਜੰਗ ਤੋਂ ਪਹਿਲਾਂ ਦੀ ਕਹਾਣੀ

ਦਿਸ ਰਹੀਆਂ ਯਾਦਗਾਰਾਂ ਸ਼ਾਹੀ ਮਹਿਲਾਂ ਦੀ ਛਾਂ ਹੇਠਾਂ ਮੌਜੂਦ ਸਨ। ਆਪਣੇ ਸਟੀਲ ਦੀ ਮਜ਼ਬੂਤੀ ਮਸ਼ਹੂਰ ਕਰਨ ਲਈ ਇਕ ਅਮਰੀਕੀ ਕੰਪਨੀ ਦੁਆਰਾ ਬਣਵਾਇਆ ਭੈੜਾ ਜਿਹਾ ਆਈਫਲ ਟਾਵਰ ਪੈਨਥੀਓਨ ਦੇ ਸ਼੍ਰੇਸ਼ਟ ਗੁੰਬਦ ਨੂੰ ਬੌਣਾ ਬਣਾ ਰਿਹਾ ਸੀ। ਲੋਵਰ ਦੀਆਂ ਨੀਂਹਾਂ ਹੇਠੋਂ ਮੈਟਰੋ ਗੱਡੀਆਂ ਦਨਦਨਾਂਦੀਆਂ ਲੰਘ ਰਹੀਆਂ ਸਨ। ਖਾਣੇ ਨਾਲ ਸ਼ਰਾਬ ਮੁਫ਼ਤ ਦਿੱਤੀ ਜਾਂਦੀ ਸੀ ਪਰ ਪਾਣੀ ਦਾ ਘੁੱਟ ਬਹੁਤ ਮਹਿੰਗਾ ਸੀ। ਜਿਸ ਥਾਂ 'ਤੇ ਗੰਦੀਆਂ ਤਸਵੀਰਾਂ ਸ਼ਰੇਆਮ ਵੇਚੀਆਂ ਜਾ ਰਹੀਆਂ ਸਨ, ਉਹ ਥਾਂ ਲੋਟਰੀ ਡਾਮ ਦੇ ਗਿਰਜੇ ਤੋਂ ਬਹੁਤੀ ਦੂਰ ਨਹੀਂ ਸੀ।

ਲੀਗ ਆਫ ਨੇਸ਼ਨਜ਼ ਬਾਰੇ ਕੁਝ ਵੀ ਆਖਿਆ ਜਾਂਦਾ ਹੋਵੇ ਪਰ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਦਾ ਦਫ਼ਤਰ ਮਿਸਾਲੀ ਚੁਗਿਰਦੇ ਅੰਦਰ ਬਣਿਆ ਹੋਇਆ ਸੀ (ਹੁਣ ਇੱਥੇ ਯੂ.ਐਨ.ਓ. ਦੇ ਇੰਟਰਨੈਸ਼ਨਲ ਲੇਬਰ ਆਫਿਸ ਅਤੇ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਕਾਇਮ ਹਨ)। ਖ਼ੂਬਸੂਰਤ ਝੀਲ ਦੇ ਕੰਢੇ, ਹਰੀ-ਭਰੀ ਪਹਾੜੀਆਂ ਦੀ ਪਿੱਠਭੂਮੀ ਸਾਹਿਤ ਮਨਮੋਹਕ ਮੌਸਮ ਵਾਲੇ ਨਿਰਪੱਖ ਸਵਿਟਜ਼ਰਲੈਂਡ ਦੀ ਰਾਜਧਾਨੀ ਜਨੀਵਾ ਵਿਚ ਇਸ ਦੀ ਸਥਾਪਨਾ ਉਸ ਕੋਹਰੇ ਕੱਜੇ ਨਿਊਯਾਰਕ ਨਾਲੋਂ ਕਿਤੇ ਬਿਹਤਰ ਸੀ ਜਿੱਥੇ ਯੂ.ਐਨ.ਓ. ਦੇ ਸਾਰੇ ਭਾਗੀਦਾਰਾਂ ਉੱਪਰ ਸੀ.ਏ.ਆਈ. ਦੀ ਨਜ਼ਰ ਰਹਿੰਦੀ ਸੀ।

1938 ਵਿਚ ਜਦੋਂ ਮੈਂ ਉੱਥੇ ਗਿਆ ਸੀ ਤਾਂ ਤਿੱਖੇ ਨੱਕ ਅਤੇ ਚਮਕੀਲੀ ਐਨਕ ਵਾਲੇ ਡੀ ਵਾਲਰ ਲੀਗ ਆਫ ਨੇਸ਼ਨਜ਼ ਦੇ ਪ੍ਰਧਾਨ ਸਨ। ਰੋਚਕ ਇਹ ਸੀ ਕਿ ਬਰਤਾਨਵੀ ਪ੍ਰਤੀਨਿਧਾਂ ਨੂੰ ਆਪਣੇ ਸਾਬਕਾ ਬਾਗ਼ੀ ਸਾਹਮਣੇ ਸਿਰ ਝੁਕਾਉਣਾ ਪੈ ਰਿਹਾ ਸੀ।

ਅਕੇਵੇਂ ਮਾਰੇ, ਢਿੱਲੜ, ਸ਼੍ਰੇਸ਼ਟ ਰਾਜਦੂਤਾਂ ਵਿਚ ਭਾਰਤ ਦੀ ਖ਼ਿਤਾਬਯਾਫ਼ਤਾ ਤਿਕੜੀ ਵੀ ਸ਼ਾਮਲ ਸੀ- ਐਨ.ਐਨ. ਸਰਕਾਰ, ਸ਼ਨਮੁਖਮ ਚੈੱਟੀ ਅਤੇ ਸੁਲਤਾਨ ਅਹਿਮਦ। ਇਹ ਲੋਕ ਬਰਤਾਨਵੀ ਪ੍ਰਤੀਨਿਧਾਂ ਦੇ ਇਸ਼ਾਰੇ ਵੱਲ ਝਾਕਦੇ ਰਹਿੰਦੇ ਸਨ। ਚੀਨ ਅਤੇ ਸਪੇਨ ਦੇ ਪ੍ਰਤੀਨਿਧਾਂ ਦੇ ਭਾਸ਼ਨ ਬੇਹੱਦ ਖ਼ਰਾਬ ਸਨ। ਜਿਸ ਸਮੇਂ ਡਾ. ਵਲਿੰਗਟਨ ਕੂ ਅਤੇ ਸੀਨੋ ਡੇਨਲਿਓ ਆਪਣੇ ਸ਼ਹੀਦੀ ਭਾਗੀ ਦੇ ਸ਼ਾਂ ਪ੍ਰਤੀ ਲੀਗ ਦੀ ਅਪਰਾਧੀ ਸੰਵੇਦਨਸ਼ੀਨਤਾ ਦੀ ਨਿਖੇਧੀ ਕਰ ਰਹੇ ਸਨ ਤਾਂ ਮੈਂ ਉੱਥੇ ਬੈਠੇ ਲੋਕਾਂ ਦੀ ਪ੍ਰਤੀਕਿਰਿਆ ਦਾ ਅਧਿਐਨ ਕਰ ਰਿਹਾ ਸੀ। ਕਿਸੇ ਚਿਹਰੇ 'ਤੇ ਕੋਈ ਪ੍ਰਭਾਵ ਦਿਖਾਈ ਨਹੀਂ ਦੇ ਰਿਹਾ ਸੀ। ਇੰਝ ਜਾਪ ਰਿਹਾ ਸੀ ਜਿਵੇਂ ਉਹ ਕੰਪਨੀ ਡਾਇਰੈਕਟਰਾਂ ਦੀ ਕਿਸੇ ਮੀਟਿੰਗ ਵਿਚ ਕੰਪਨੀ ਦਾ ਚਿੱਠਾ ਸੁਣਾ ਰਹੇ ਹੋਣ। ਕਪਟ-ਵਿਦਿਆ ਦਾ ਸਿਖਰ ਤਾਂ ਮੈਂ ਉਦੋਂ ਦੇਖਿਆ ਜਦੋਂ ਇਕ ਤੋਂ ਮਗਰੋਂ ਇਕ ਪ੍ਰਤੀਨਿਧ ਨੇ ਚੀਨੀ ਅਤੇ ਸਪੈਨਿਸ਼ ਪ੍ਰਤੀਨਿਧਾਂ ਕੋਲ ਜਾ ਕੇ ਉਨ੍ਹਾਂ ਨੂੰ ਵਧਾਈ ਦਿੱਤੀ ਕਿ ਉਹ ਬਹੁਤ ਵਧੀਆ ਬੋਲੇ ਸਨ; ਜਿਵੇਂ ਇਹ ਕਿਸੇ ਸਕੂਲ ਦੀ ਡਿਬੇਟਿੰਗ ਸੁਸਾਇਟੀ ਹੋਵੇ। ਮੈਂ ਝੁੰਜਲਾ ਕੇ ਬਾਹਰ ਆ ਗਿਆ।

ਲਿਫਟ ਰਾਹੀਂ ਹੇਠਾਂ ਉਤਰਿਆ ਤਾਂ ਮੇਰੀ ਮੁਲਾਕਾਤ ਅਜਿਹੇ ਸ਼ਖ਼ਸ ਨਾਲ ਹੋਈ ਜਿਸ ਨੂੰ ਮੈਂ ਮਿਲਣਾ ਚਾਹੁੰਦਾ ਸੀ; ਜਿਸ ਨੇ ਮੈਨੂੰ ਮਿਲਣ ਦਾ ਵਾਅਦਾ ਕੀਤਾ ਹੋਇਆ ਸੀ ਅਤੇ ਜਿਹੜਾ ਮੈਨੂੰ 'ਮੁਰਦਾ ਪੰਖੇਰੂ ਨਵਾਂ ਪਿੰਜਰਾ' ਦਾ ਅਰਥ ਸਮਝਾ ਸਕਦਾ ਸੀ। ਰਾਸ਼ਟਰ ਸੰਘ ਬਾਰੇ ਇਹ ਟਿੱਪਣੀ ਆਪਣੇ ਦੇਸ਼ ਦਾ ਮੁਹਾਵਰਾ ਵਰਤਦਿਆਂ ਸਪੇਨ ਦੇ ਪ੍ਰਤੀਨਿਧ ਨੇ ਕੀਤੀ ਸੀ। ਇਹ ਸ਼ਖ਼ਸ ਸੀ ਜਵਾਹਰ ਲਾਲ ਨਹਿਰੂ।

# ਜੰਗਾਂ ਅਤੇ ਕੁਦਰਤੀ ਆਫਤਾਂ ਕਾਰਨ ਉਜੜਦੇ ਆਮ ਲੋਕ

ਕੀ ਸਾਡਾ ਕੀ ਬੇਗਾਨਾ ਮੁਲਕ
ਅਸੀਂ ਤਾਂ ਆਪਣੇ ਮੁਲਕ ਵਿਚ ਬੇਗਾਨੇ ਹੋਏ
ਅਸੀਂ ਇੱਥੇ ਹੀ ਜੰਮੇ,
ਅਸੀਂ ਇੱਥੇ ਹੀ ਉੱਜੜੇ,
ਇੱਥੇ ਹੀ ਕੱਖੋਂ ਹੌਲੇ ਹੋਏ।
ਧੀਆਂ, ਬੱਚੇ, ਮੇਰੇ ਮਾਈ-ਬਾਪੂ
ਦਰ-ਦਰ ਦੀ ਠੋਕਰ ਖਾਂਦੇ ਫਿਰਦੇ
ਭੁੱਖਣ ਭਾਣੇ, ਛੱਤ ਵਿਹੂਣੇ
ਅਸੀਂ ਇੱਥੇ ਹੀ ਮੋਏ।

ਜਿਸ ਨੇ ਕਦੇ ਘਰੋਂ ਉੱਜੜੇ ਲੋਕ ਦੇਖੇ, ਜਾਂ ਉੱਜੜ ਕੇ ਵਸਿਆਂ ਦੀਆਂ ਕਹਾਣੀਆਂ ਸੁਣੀਆਂ ਹੋਣ, ਸ਼ਾਇਦ ਉਸ ਨੂੰ ਅਹਿਸਾਸ ਹੋਵੇ ਕਿ ਉਜਾੜਾ ਕੀ ਹੁੰਦਾ ਹੈ! ਪੰਜਾਬ ਦੇ ਲੋਕਾਂ ਨੇ 1947 ਵਿਚ ਉਜਾੜਾ ਦੇਖਿਆ ਜਿਸ ਦੀਆਂ ਗੱਲਾਂ ਸਾਡੇ ਵਡੇਰੇ

**ਰਵਿੰਦਰ ਕੌਰ**
ਫੋਨ: +91-70873-49543

ਹੁਣ ਵੀ ਦੱਸਦੇ ਹਨ। ਪੰਜਾਬ ਦੇ ਲੋਕਾਂ ਦੇ ਉਜਾੜੇ ਦੇ ਕਾਰਨ ਸਿਆਸੀ ਸਨ। ਇਸ ਲੇਖ ਵਿਚ ਸੰਸਾਰ ਦੇ ਉੱਜੜੇ ਲੋਕਾਂ ਬਾਰੇ ਗੱਲ ਕਰਾਂਗੇ ਜਿਨ੍ਹਾਂ ਨੂੰ ਆਪਣਾ ਘਰ-ਬਾਰ, ਪਿੰਡ ਮਜਬੂਰੀ ਵਿਚ ਛੱਡਣੇ ਪਏ; ਇਸ ਦੇ ਕਾਰਨ ਵੀ ਸਿਆਸੀ ਹੀ ਹਨ! ਅੰਦਰੂਨੀ ਉਜਾੜੇ ਦੇ ਸ਼ਿਕਾਰ ਲੋਕ ਅਜਿਹੇ ਲੋਕ ਹਨ ਜਿਹੜੇ ਆਪਣੇ ਘਰਾਂ ਤੋਂ ਉੱਜੜ ਚੁੱਕੇ ਹਨ, ਆਪਣਾ ਇਲਾਕਾ ਛੱਡ ਕੇ ਦੇਸ਼ ਦੇ ਅੰਦਰ ਹੀ ਦੂਜੇ ਇਲਾਕੇ ਵਿਚ ਰਹਿੰਦੇ ਹਨ।

'ਕੌਮਾਂਤਰੀ ਅੰਦਰੂਨੀ ਉਜਾੜਾ ਨਿਗਰਾਨ ਕੇਂਦਰ' ਦੀ ਤਾਜ਼ਾ ਰਿਪੋਰਟ ਅਨੁਸਾਰ ਸਾਲ 2022 ਦੇ ਅੰਤ ਤੱਕ ਸੰਸਾਰ ਪੱਧਰ 'ਤੇ ਆਪਣੇ ਹੀ ਮੁਲਕ ਵਿਚ ਉੱਜੜ ਕੇ ਰਹਿ ਰਹੇ ਲੋਕਾਂ ਦੀ ਗਿਣਤੀ ਹੁਣ ਤੱਕ ਦੀ ਸਭ ਤੋਂ ਉੱਚੀ ਦਰ 'ਤੇ ਹੈ। ਇਹ 2021 ਦੇ ਮੁਕਾਬਲੇ 2022 ਵਿਚ 20% ਜ਼ਿਆਦਾ ਹੈ। 2020 ਦੇ ਅੰਤ ਵਿਚ ਇਹ ਗਿਣਤੀ 5.5 ਕਰੋੜ ਤੋਂ ਵੱਧ ਸੀ ਜੋ 2021 ਦੀ ਪਹਿਲੀ ਛਿਮਾਹੀ ਵਿਚ 6 ਕਰੋੜ ਸੀ। ਜਨਵਰੀ ਤੋਂ ਜੂਨ 2021 ਦੇ ਵਿਚਕਾਰ 33 ਦੇਸ਼ਾਂ ਵਿਚ 43 ਲੱਖ ਤੋਂ ਵੱਧ ਨਵੇਂ ਅੰਦਰੂਨੀ ਉਜਾੜੇ ਦਰਜ ਕੀਤੇ ਗਏ ਸਨ। ਏਜੰਸੀ ਨੇ ਕਿਹਾ ਕਿ ਸਾਲ ਪਹਿਲਾਂ ਦੇ ਮੁਕਾਬਲੇ ਉਜਾੜਾ ਤੇਜ਼ੀ ਨਾਲ ਵਧਿਆ; ਕਾਂਗੋ, ਇਥੋਪੀਆ, ਅਫਗਾਨਿਸਤਾਨ, ਮਿਆਂਮਾਰ, ਦੱਖਣੀ ਸੂਡਾਨ ਅਤੇ ਅਫਰੀਕੀ ਦੇਸ਼ਾਂ ਵਿਚ ਵੱਡਾ ਉਜਾੜਾ ਹੋਇਆ ਸੀ। ਇਸ ਸਮੇਂ ਕੀਨੀਆ ਵਿਚ ਅੰਦਰੂਨੀ ਉਜਾੜੇ ਦੇ ਸ਼ਿਕਾਰ ਲੋਕਾਂ ਦੀ ਗਿਣਤੀ ਲਗਭਗ 3 ਲੱਖ 80 ਹਜ਼ਾਰ ਹੈ। ਸੋਮਾਲੀਆ ਵਿਚ ਇਹ ਗਿਣਤੀ ਲਗਭਗ 30 ਲੱਖ ਹੈ। ਸਭ ਤੋਂ ਜ਼ਿਆਦਾ ਗਿਣਤੀ ਇਥੋਪੀਆ ਵਿਚ ਹੈ; ਰਿਪੋਰਟ ਅਨੁਸਾਰ ਉੱਥੇ ਲਗਭਗ 42 ਲੱਖ ਅੰਦਰੂਨੀ ਉਜਾੜੇ ਦੇ ਸ਼ਿਕਾਰ ਲੋਕ ਹਨ।

2022 ਦੇ ਅੱਧ ਤੱਕ 60 ਲੱਖ ਤੋਂ ਵੱਧ ਨਵਾਂ ਅੰਦਰੂਨੀ ਉਜਾੜਾ ਦਰਜ ਕੀਤਾ ਗਿਆ ਸੀ। ਇਸ ਸਾਲ ਦੇ ਅੰਤ ਤੱਕ ਇਸ ਦੀ ਗਿਣਤੀ 7 ਕਰੋੜ ਤੋਂ ਵੀ ਵਧ ਗਈ। ਯੂਕਰੇਨ, ਕਾਂਗੋ, ਇਥੋਪੀਆ, ਮਿਆਂਮਾਰ, ਸੋਮਾਲੀਆ ਵਿਚ ਪਿਛਲੇ ਸਾਲ ਉਜਾੜਾ ਸਭ ਤੋਂ ਵੱਧ ਹੋਇਆ। ਆਓ ਕੁਝ ਦੇਸ਼ਾਂ ਦੇ ਅੰਕੜੇ ਦੇਖੀਏ:

ਇਹਨਾਂ ਦੇਸ਼ਾਂ ਤੋਂ ਬਿਨਾ ਪਿਛਲੇ ਸਾਲ ਕੁਦਰਤੀ ਆਫ਼ਤਾਂ ਕਾਰਨ ਪਾਕਿਸਤਾਨ, ਫਿਲਪੀਨਜ਼, ਚੀਨ, ਭਾਰਤ ਅਤੇ ਨਾਇਜੀਰੀਆ ਵਿਚ ਵੀ ਲੋਕ ਆਪਣੇ ਖੇਤਰਾਂ ਤੋਂ ਉੱਜੜਨ ਲਈ ਮਜਬੂਰ ਹੋਏ। ਪਾਕਿਸਤਾਨ ਵਿਚ ਪਿਛਲੇ ਸਾਉਣ ਵਿਚ ਆਏ ਹੜ੍ਹਾਂ ਕਾਰਨ ਲਗਭਗ 80 ਲੱਖ ਲੋਕਾਂ ਦਾ ਉਜਾੜਾ ਹੋਇਆ। ਹੁਣ ਮੁੱਖ ਸਵਾਲ ਇਹ ਹੈ ਕਿ ਕਰੋੜਾਂ ਲੋਕਾਂ ਦੇ ਇਨ੍ਹਾਂ ਜਬਰੀ ਉਜਾੜਿਆਂ ਦਾ ਦੋਸ਼ੀ ਕੌਣ ਹੈ? ਇਹ ਲੋਕੀਂ ਵਸੇ ਵਸਾਏ ਘਰ ਛੱਡ ਕੇ, ਆਪਣੀ ਜੰਮਣ ਭੋਇੰ ਛੱਡਣ ਲਈ ਮਜਬੂਰ ਕਿਉਂ ਹੋਏ?



ਵੱਖੋ-ਵੱਖ ਰਿਪੋਰਟਾਂ ਅਨੁਸਾਰ ਇਸ ਦੇ ਕਾਰਨ ਕੁਦਰਤੀ ਆਫ਼ਤਾਂ ਜਿਵੇਂ ਪਾਕਿਸਤਾਨ ਵਿਚ ਆਏ ਹੜ੍ਹ, ਅਫਰੀਕਾ ਵਿਚ ਸੋਕੇ ਕਾਰਨ ਅਕਾਲ ਵਾਲੀ ਹਾਲਤ, ਭੂਚਾਲ (ਇਨ੍ਹਾਂ ਦੇ ਮਨੁੱਖੀ ਸੰਕਟ ਵਿਚ ਤਬਦੀਲ ਹੋਣ ਵਿਚ ਵੀ ਹਾਕਮ ਹੀ ਜ਼ਿੰਮੇਵਾਰ ਹਨ) ਆਦਿ ਅਤੇ ਜੰਗਾਂ ਹਨ ਪਰ ਮੁੱਖ ਕਾਰਨ ਜੰਗਾਂ ਹਨ ਜੋ ਸਾਮਰਾਜੀ ਤਾਕਤਾਂ ਦੂਜੇ ਦੇਸ਼ ਦੇ ਲੋਕਾਂ ਉੱਤੇ ਥੋਪਦੀਆਂ ਹਨ ਅਤੇ ਘਰੇਲੂ ਜੰਗਾਂ ਜੋ ਦੇਸ਼ ਦੇ ਹਾਕਮਾਂ ਨੇ ਦੇਸ਼ ਦੇ ਲੋਕਾਂ ਖਿਲਾਫ ਹੀ ਛੇੜੀਆਂ ਹੋਈਆਂ ਹਨ। ਸਾਮਰਾਜੀਆਂ ਨੇ ਵੱਡੇ ਪੱਧਰ 'ਤੇ ਤਬਾਹੀ ਮਚਾਈ ਹੋਈ ਹੈ। ਕਰੋੜਾਂ ਲੋਕਾਂ ਦੇ ਘਰ, ਸ਼ਹਿਰਾਂ ਦੇ ਸ਼ਹਿਰ ਤਬਾਹ ਕੀਤੇ ਗਏ ਅਤੇ ਇਹਨਾਂ ਨੂੰ ਆਪਣੇ ਹੀ ਮੁਲਕਾਂ ਵਿਚ ਸ਼ਰਨਾਰਥੀ ਬਣਾ ਦਿੱਤਾ ਗਿਆ। ਇੱਥੇ ਕੁਝ ਕੁ ਦੇਸ਼ਾਂ ਦੀਆਂ ਉਦਾਹਰਨਾਂ ਦੀ ਮਦਦ ਨਾਲ ਸਮਝਣ ਦੀ ਕੋਸ਼ਿਸ਼ ਕਰਾਂਗੇ ਕਿ ਕਿਵੇਂ ਮੁਨਾਫ਼ੇ ਦੀ ਦੌੜ, ਗਰੀਬ ਦੇਸ਼ਾਂ ਨੂੰ ਮੰਡੀਆਂ ਬਣਾਉਣ, ਦੂਜੇ ਦੇਸ਼ਾਂ ਦੇ ਕੁਦਰਤੀ ਸਰੋਤ ਲੁੱਟਣ ਲਈ ਸਾਮਰਾਜੀ ਮੁਲਕ ਜੰਗਾਂ ਦਾ ਸਹਾਰਾ ਲੈਂਦੇ ਹਨ ਅਤੇ ਘਾਣ ਕਿਰਤੀ ਲੋਕਾਂ ਦਾ ਹੁੰਦਾ ਹੈ। ਸਾਮਰਾਜੀ ਮੁਲਕ ਦੂਜੇ ਦੇਸ਼ਾਂ ਦੇ ਇਕੱਲੇ ਕੁਦਰਤੀ ਸਰੋਤ ਹੀ ਨਹੀਂ ਹੜੱਪਦੇ ਸਗੋਂ ਸਸਤੀ ਕਿਰਤੀ ਸ਼ਕਤੀ ਹੜੱਪਦੇ ਲੋਕਾਂ ਨੂੰ ਗਰੀਬੀ, ਭੁੱਖਮਰੀ, ਮੌਤ ਦੇ ਮੂੰਹ ਵਿਚ ਵੀ ਧੱਕਦੇ ਹਨ। ਮੁਲਕ ਦੇ ਅੰਦਰ ਹੁਕਮਰਾਨ ਮੁਲਕ ਦੇ ਹੀ ਲੋਕਾਂ ਨੂੰ ਜੰਗਾਂ ਅੰਦਰ ਝੋਕ ਦਿੰਦੇ ਹਨ। ਇਹ ਹੁਕਮਰਾਨ ਆਪਣੇ ਆਰਥਿਕ, ਸਿਆਸੀ ਹਿੱਤਾਂ ਕਾਰਨ ਲੋਕਾਂ ਦੀਆਂ ਲਹਿਰਾਂ ਨੂੰ ਬੰਦੂਕਾਂ ਦੇ ਜ਼ੋਰ 'ਤੇ ਚੁੱਪ ਕਰਵਾਉਣ ਦੀ ਕੋਸ਼ਿਸ਼ ਕਰਦੇ ਹਨ; ਜਿਵੇਂ ਇਥੋਪੀਆ ਵਿਚ ਟਾਇਗਰੀ ਦੇ ਇਲਾਕੇ ਵਿਚ ਹੋ ਰਿਹਾ ਹੈ, ਜਾਂ ਜਿਵੇਂ ਭਾਰਤ ਵਿਚ ਕਸ਼ਮੀਰ, ਮਨੀਪੁਰ ਵਿਚ ਹੋ ਰਿਹਾ ਹੈ।

ਮਿਆਂਮਾਰ ਵਿਚ ਪਹਿਲੀ ਫਰਵਰੀ 2022 ਨੂੰ ਫੌਜ ਨੇ ਅਮਰੀਕਾ ਪੱਖੀ ਆਂਗ ਸਾਨ ਦੀ ਸਰਕਾਰ ਦਾ ਤਖਤਾ ਪਲਟ ਕੇ ਫੌਜੀ ਤਾਨਾਸ਼ਾਹੀ ਸਥਾਪਿਤ ਕੀਤੀ। ਤਖਤਾ ਪਲਟ ਤੋਂ ਬਾਅਦ ਮਿਆਂਮਾਰ ਵਿਚ ਟਕਰਾਅ ਨੇ ਅੰਦਰੂਨੀ ਤੌਰ 'ਤੇ ਲਗਭਗ 10 ਲੱਖ ਲੋਕ ਉਜਾੜ ਦਿੱਤੇ। 70,000 ਲੋਕ ਗੁਆਂਢੀ ਦੇਸ਼ਾਂ ਨੂੰ ਚਲੇ ਗਏ। ਮੀਆਂਮਾਰ ਫੌਜ ਵੱਲੋਂ ਮੁੜ ਸੱਤਾ ਸਾਂਭਣ ਦੇ ਫ਼ੈਸਲੇ ਪਿੱਛੇ ਚਾਲਕ ਸ਼ਕਤੀ ਮਿਆਂਮਾਰ ਦਾ ਵਧ ਰਿਹਾ ਘਰੇਲੂ ਆਰਥਿਕ ਤੇ ਸਿਆਸੀ ਸੰਕਟ ਹੈ। ਮਿਆਂਮਾਰ ਦੇ ਕਿਰਤੀਆਂ ਦੇ ਕੰਮ ਹਾਲਾਤ ਮਾੜੇ ਹਨ। 2020 ਵਿਚ ਉੱਤਰੀ ਮਿਆਂਮਾਰ ਦੇ ਕਾਚੀਨ ਸੂਬੇ ਵਿਚ ਜੇਡ ਪੱਥਰਾਂ ਦੀ ਖਾਣ ਵਿਚ ਹਾਦਸੇ ਦੌਰਾਨ 200 ਦੇ ਕਰੀਬ ਮਜ਼ਦੂਰ ਮਾਰੇ ਗਏ। ਇਸ ਹਾਦਸੇ ਨੇ ਮਿਆਂਮਾਰ ਦੀ ਇਸ 31 ਅਰਬ ਡਾਲਰ ਦੀ ਸਭ ਤੋਂ ਵੱਡੀ ਪਰ ਪੂਰੀ ਤਰ੍ਹਾਂ ਗੈਰ-ਨਿਯਮਿਤ ਸਨਅਤ ਵਿਚ ਚੱਲ ਰਹੀ ਲੁੱਟ ਸਾਰਿਆਂ ਸਾਹਮਣੇ ਨਸ਼ਰ ਕੀਤੀ। ਇਸ ਅੰਨ੍ਹੀ ਲੁੱਟ ਵਿਚ ਆਂਗ ਸਾਨ ਦੀ ਪਾਰਟੀ ਤੋਂ ਲੈ ਫੌਜੀ ਅਫਸਰ ਸਭ ਸ਼ਾਮਲ ਸਨ। ਦੂਜੇ ਬੰਨੇ ਫੌਜ ਵਿਚ ਇਹ ਅਹਿਸਾਸ ਵਧ ਰਿਹਾ ਸੀ ਕਿ ਆਂਗ ਸਾਨ ਆਪ-ਮੁਹਾਰੀ ਹੋ ਰਹੀ ਹੈ। ਜਦ ਮਾਰਚ 2020 ਵਿਚ ਆਂਗ ਸਾਨ ਨੇ ਸੰਵਿਧਾਨ ਵਿਚ ਅਜਿਹੀ ਸੋਧ ਕਰਨੀ ਚਾਹੀ ਜਿਸ ਰਾਹੀਂ ਉਹ ਸਦਰ ਬਣ ਸਕੇ ਤਾਂ ਫੌਜ ਨੇ ਆਪਣੀ ਤਾਕਤ ਵਰਤਦਿਆਂ ਅਜਿਹੀ ਕਿਸੇ ਵੀ ਸੋਧ ਨੂੰ ਰੱਦ ਕਰ ਦਿੱਤਾ। ਉਸ ਮਗਰੋਂ ਦੋਹਾਂ ਧਿਰਾਂ ਦਾ ਇਹ ਤਣਾਅ ਤਿੱਖਾ ਹੁੰਦਾ ਗਿਆ, ਨਤੀਜੇ ਲੋਕਾਂ ਨੂੰ ਭੁਗਤਣੇ ਪੈ ਰਹੇ। ਫੌਜੀ ਤਾਨਾਸ਼ਾਹੀ ਨੇ ਆਮ ਲੋਕਾਂ ਦਾ ਜਿਊਣਾ ਔਖਾ ਕੀਤਾ ਹੋਇਆ ਹੈ।

ਇਥੋਪੀਆ ਬਹੁ-ਕੌਮੀ ਸਰਮਾਏਦਾਰਾ ਦੇਸ਼ ਹੈ। ਪ੍ਰਧਾਨ ਮੰਤਰੀ ਅਬੀ ਅਹਿਮਦ 'ਇੱਕ ਹੋਣ ਲਈ ਨੇੜੇ ਆਉਣ', 'ਕੌਮੀ ਏਕਤਾ' ਦੀਆਂ ਗੱਲਾਂ ਜ਼ੋਰ-ਸ਼ੋਰ ਨਾਲ ਕਰ ਰਿਹਾ ਹੈ। ਇਥੋਪੀਆ ਦੀ ਕੇਂਦਰੀ ਸਰਕਾਰ ਦੀ ਇਹ ਮੁਹਿੰਮ ਅਸਲ ਵਿਚ ਇਸ ਦੇਸ਼ ਵਿਚ ਕੌਮੀ ਜਬਰ-ਦਾਬਾ ਹੋਰ ਵਧਾਉਣ, ਕੌਮਾਂ ਨੂੰ ਕੁਝ ਹੱਦ ਤੱਕ ਮਿਲੀ ਖ਼ੁਦਮੁਖ਼ਤਾਰੀ ਖਤਮ ਕਰਨ ਅਤੇ ਸੱਤਾ ਦੇ ਕੇਂਦਰੀਕਰਨ ਦੀ ਮੁਹਿੰਮ ਹੈ। ਇਸ ਨਾਲ ਇੱਥੇ ਵਸਦੀਆਂ ਵੱਖ ਵੱਖ ਕੌਮਾਂ ਵਿਚ ਬੇਚੈਨੀ ਵਧ ਗਈ ਹੈ, ਕੌਮੀ ਹੱਕਾਂ ਲਈ ਸੰਘਰਸ਼ ਹੋਰ ਤੇਜ਼ ਹੋ ਗਿਆ ਹੈ। ਇਥੋਪੀਆ ਦੀ ਸਰਕਾਰ ਨੇ ਅਮਹਾਰਾ, ਟਾਈਗਰੀ ਦੇ ਖਿੱਤੇ ਦੇ ਲੋਕਾਂ 'ਤੇ ਭਿਆਨਕ ਜਬਰ ਢਾਹੇ। ਸਕੂਲ, ਹਸਪਤਾਲ, ਘਰ ਇਸ ਖਾਨਾਜੰਗੀ ਕਾਰਨ ਤਬਾਹ ਹੋ ਗਏ, ਨਿਰਦੋਸ਼ ਲੋਕਾਂ ਦੇ ਸਮੂਹਿਕ ਕਤਲ ਕੀਤੇ, ਲੋਕਾਂ ਦਾ ਵੱਡੀ ਪੱਧਰ 'ਤੇ ਭਿਆਨਕ ਉਜਾੜਾ ਹੋਇਆ। ਇਥੋਪੀਆ ਦੇ ਉੱਤਰੀ ਟਾਈਗਰੀ ਇਲਾਕੇ ਵਿਚ ਖਾਨਾਜੰਗੀ ਨਵੰਬਰ 2020 ਵਿਚ ਸ਼ੁਰੂ ਹੋਈ ਸੀ। ਇਹ ਸਰਕਾਰ ਤੇ ਇਸ ਦੇ ਸਹਿਯੋਗੀ ਅਤੇ ਲੋਕ ਮੁਕਤੀ ਮੋਰਚਾ ਵਿਚਕਾਰ ਹੈ। ਕੌਮੀ ਮਸਲੇ ਦਾ ਵੱਧ ਤੋਂ ਵੱਧ ਜਮਹੂਰੀ ਢੰਗ ਨਾਲ ਹੱਲ ਕਰਨ ਦੀ ਥਾਵੇਂ ਇਥੋਪੀਆ ਦੇ ਹਾਕਮਾਂ ਨੇ ਅਧੀਨ ਕੌਮਾਂ ਉੱਤੇ ਬੇਕਿਰਕ ਜਬਰ ਦਾ ਰਾਹ ਚੁਣਿਆ ਹੈ। ਦੇਸ਼ ਦੇ ਲੋਕਾਂ ਨੂੰ ਫੌਜ ਦੇ ਹਵਾਲੇ ਕਰ ਦਿੱਤਾ ਗਿਆ ਜਿਸ ਵਿਚ ਸਮੂਹਿਕ ਕਤਲ ਹੋਏ ਅਤੇ ਔਰਤਾਂ ਨਾਲ ਯੁੱਧ ਦੇ ਹਥਿਆਰ ਵਜੋਂ ਵੱਡੀ ਪੱਧਰ 'ਤੇ ਬਲਾਤਕਾਰ ਕੀਤੇ ਗਏ। ਇਥੋਪੀਆ ਸਰਕਾਰ ਨੇ ਜੰਗ ਪ੍ਰਭਾਵਿਤ ਇਲਾਕੇ ਵਿਚ ਕਿਸੇ ਵੀ ਤਰ੍ਹਾਂ ਦੀ ਮਨੁੱਖੀ ਮਦਦ, ਭੋਜਨ, ਦਵਾਈਆਂ ਆਦਿ ਲੈ ਕੇ ਜਾਣ 'ਤੇ ਵੀ ਨਾਕਾਬੰਦੀ ਕੀਤੀ। ਕੋਈ ਵੀ ਹੋਰ ਦੇਸ਼ ਜਾਂ ਉਸੇ ਦੇਸ਼ ਦੀ ਕੋਈ ਸੰਸਥਾ ਆਦਿ ਸਭ 'ਤੇ ਇਹ ਨਾਕਾਬੰਦੀ ਸੀ। ਲੋਕਾਂ ਨੂੰ ਭੁੱਖ ਨਾਲ ਮਰਨ ਲਈ ਛੱਡ ਦਿੱਤਾ ਗਿਆ ਹੈ।

ਕਾਂਗੋ ਅਜਿਹਾ ਦੇਸ਼ ਹੈ ਜਿੱਥੇ ਕੁਦਰਤੀ ਦੌਲਤ ਦੇ ਅੰਬਾਰ ਹਨ, ਖਣਿਜ ਪਦਾਰਥਾਂ ਦੇ ਭੰਡਾਰ ਹਨ। ਉਹ ਭਾਵੇਂ ਰਬੜ ਹੋਵੇ ਜਾਂ ਯੂਰੇਨੀਅਮ, ਕਾਂਗੋ ਦੇ ਕੁਦਰਤੀ ਸਰੋਤਾਂ ਦੀ ਲੁੱਟ ਲਈ ਹੀ ਦੂਜੇ ਦੇਸ਼ ਕਾਂਗੋ ਨੂੰ ਹਿੰਸਾ, ਜੰਗਾਂ ਵਿਚ ਝੋਕਦੇ ਹਨ। ਕਾਂਗੋ ਪਹਿਲਾਂ ਬੈਲਜੀਅਮ ਦੀ ਬਸਤੀ ਰਿਹਾ, ਦੂਜੀ ਸੰਸਾਰ ਜੰਗ ਤੋਂ ਬਾਅਦ 1960 ਵਿਚ ਆਜ਼ਾਦੀ ਹਾਸਲ ਹੋਈ ਤਾਂ ਹਾਕਮਾਂ ਨੇ ਸਾਮਰਾਜੀ ਮੁਲਕਾਂ ਨਾਲ ਮਿਲ ਕੇ ਕਾਂਗੋ ਦੇ ਕਿਰਤੀ ਲੋਕਾਂ ਨੂੰ ਗਰੀਬੀ, ਹਿੰਸਾ ਵਿਚ ਝੋਕ ਦਿੱਤਾ।

ਰੂਸ ਯੂਕਰੇਨ ਜੰਗ ਨੂੰ ਸਾਲ ਤੋਂ ਜ਼ਿਆਦਾ ਸਮਾਂ ਹੋ ਗਿਆ ਹੈ। ਜੰਗ ਕਾਰਨ ਵੱਡੇ ਪੱਧਰ 'ਤੇ ਯੂਕਰੇਨ ਦੇ ਲੋਕ ਅੰਦਰੂਨੀ ਤੌਰ 'ਤੇ ਉਜਾੜੇ ਦਾ ਸਾਹਮਣਾ ਕਰ ਰਹੇ ਹਨ। ਅਸਲ ਵਿਚ ਇਹ ਜੰਗ ਦੋ ਸਾਮਰਾਜੀ ਮੁਲਕਾਂ ਰੂਸ ਅਤੇ ਅਮਰੀਕਾ ਦਾ ਆਪਸੀ ਖਹਿ-ਭੇੜ ਹੈ ਜਿਸ ਦਾ ਅਖਾੜਾ ਯੂਕਰੇਨ ਬਣਿਆ ਹੋਇਆ ਹੈ। ਕਦੇ ਮੱਧ-ਪੂਰਬ, ਕਦੇ ਲਤੀਨੀ ਅਮਰੀਕਾ, ਕਦੇ ਅਫਰੀਕਾ ਤੇ ਕਦੇ ਏਸ਼ਿਆਈ ਮੁਲਕਾਂ ਵਿਚ ਖੇਤਰੀ ਜੰਗਾਂ ਦੇ ਰੂਪ ਵਿਚ ਇਹ ਟਕਰਾਅ ਸਾਹਮਣੇ ਆਉਂਦਾ ਰਿਹਾ ਹੈ ਜਾਂ ਕਦੇ ਇੱਕ-ਦੂਜੇ ਉੱਤੇ ਆਰਥਿਕ ਪਬੰਦੀਆਂ ਦੇ ਰੂਪ ਵਿਚ।

ਇਹ ਸਰਮਾਏਦਾਰਾ-ਸਾਮਰਾਜੀ ਢਾਂਚਾ ਹੀ ਸੰਸਾਰ ਭਰ ਦੀ ਆਮ ਲੋਕਾਈ ਦੇ ਸਭ ਦੁੱਖਾਂ-ਤਕਲੀਫਾਂ, ਤੰਗੀਆਂ-ਤੁਰਸ਼ੀਆਂ ਦੀ ਜੜ੍ਹ ਹੈ। ਜਦੋਂ ਤੱਕ ਇਹ ਢਾਂਚਾ ਹੈ, ਉਦੋਂ ਤੱਕ ਲੋਕ ਉਜਾੜੇ, ਭੁੱਖਮਰੀ, ਗਰੀਬੀ, ਬੇਰੁਜ਼ਗਾਰੀ, ਜੰਗਾਂ, ਹਾਕਮਾਂ ਦੇ ਜਬਰ ਤੋਂ ਨਿਜਾਤ ਨਹੀਂ ਪਾ ਸਕਦੇ। ਅੱਜ ਲੋੜ ਇਸ ਢਾਂਚੇ ਨੂੰ ਹੀ ਭੰਨ ਸੁੱਟਣ ਦੀ ਹੈ ਜੋ ਸਿਰ ਤੋਂ ਪੈਰ ਤੱਕ ਲੋਕਾਈ ਦੇ ਲਹੂ ਨਾਲ ਲਿੱਬੜਿਆ ਹੋਇਆ ਹੈ।

# 'ਸਰਬ-ਸ਼ਕਤੀਮਾਨ' ਅਮਰੀਕਾ ਨੂੰ ਵੰਗਾਰ: ਪੈਂਟਾਗਨ ਲੀਕਸ

ਪੂਰੀ ਦੁਨੀਆ ਵਿਚ 'ਪੈਂਟਾਗਨ ਲੀਕਸ' ਭਖਵੀਂ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਪੈਂਟਾਗਨ ਅਮਰੀਕਾ ਦੇ ਰੱਖਿਆ ਵਿਭਾਗ ਦੇ ਸਦਰ ਮੁਕਾਮ ਦਾ ਨਾਮ ਹੈ; ਆਮ ਕਰ ਕੇ ਇਸ ਦੇ ਰੱਖਿਆ ਵਿਭਾਗ ਨੂੰ ਇਸੇ ਨਾਮ ਨਾਲ ਜਾਣਿਆ ਜਾਂਦਾ ਹੈ। ਹਾਲ ਹੀ ਵਿਚ ਅਮਰੀਕਾ ਦੇ ਰੱਖਿਆ

**ਨਵਜੋਤ ਨਵੀ**
ਫੋਨ: +91-85578-12341

ਵਿਭਾਗ ਦੀਆਂ ਜਾਸੂਸੀ ਕਾਰਵਾਈਆਂ ਸਬੰਧੀ ਕਰੀਬ 100 ਪੰਨਿਆਂ ਦੇ ਦਸਤਾਵੇਜ਼ ਇੰਟਰਨੈੱਟ ਉੱਤੇ ਨਸ਼ਰ ਹੋਏ ਹਨ ਜਿਸ ਨੇ ਅਮਰੀਕੀ ਹਾਕਮਾਂ ਲਈ ਕਾਫੀ ਦਿੱਕਤ ਪੈਦਾ ਕਰ ਦਿੱਤੀ ਹੈ। ਇਸੇ ਘਟਨਾ ਨੂੰ 'ਪੈਂਟਾਗਨ ਲੀਕਸ' ਦਾ ਨਾਮ ਦਿੱਤਾ ਜਾ ਰਿਹਾ ਹੈ। ਇਸ ਲੀਕ ਪਿੱਛੇ 21 ਸਾਲਾ ਜੈਕ ਟੈਕਸੀਰਾ ਜੋ ਮੈਸੇਚਿਊਸੈਟਸ ਹਵਾਈ ਕੌਮੀ ਰੱਖਿਆ (ਐੱਮਏਐੱਨਜੀ) ਦਾ ਮੈਂਬਰ ਹੈ, ਨੂੰ ਦੋਸ਼ੀ ਦੱਸ ਰਹੀ ਹੈ ਅਤੇ ਉਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ। ਇਨ੍ਹਾਂ ਦਸਤਾਵੇਜ਼ਾਂ ਰਾਹੀਂ ਅਮਰੀਕਾ ਦੇ ਗੁਪਤ ਅਤੇ ਜਸੂਸੀ ਤੰਤਰ ਬਾਰੇ ਅਜਿਹੀ ਕਾਫੀ ਜਾਣਕਾਰੀ ਸਾਹਮਣੇ ਆਉਂਦੀ ਹੈ ਜੋ ਅਮਰੀਕੀ ਹਾਕਮਾਂ ਲਈ ਸਮੱਸਿਆਵਾਂ ਪੈਦਾ ਕਰ ਰਹੀ ਹੈ। ਅਮਰੀਕੀ ਹਾਕਮਾਂ ਵੱਲੋਂ ਵੱਖੋ-ਵੱਖ ਸਮੇਂ ਉੱਤੇ ਕੀਤੇ ਦਾਅਵੇ, ਖਾਸਕਰ ਯੂਕਰੇਨ ਜੰਗ, ਹੋਰਾਂ ਦੇਸ਼ਾਂ ਨਾਲ ਦੁਵੱਲੇ ਰਿਸ਼ਤੇ ਸਬੰਧੀ ਆਦਿ ਇਹਨਾਂ ਦਸਤਾਵੇਜ਼ਾਂ ਵਿਚ ਕੋਰਾ ਝੂਠ ਸਾਬਤ ਹੋ ਰਹੇ ਹਨ। ਇੱਥੇ ਅਸੀਂ 'ਪੈਂਟਾਗਨ ਲੀਕਸ' ਸਬੰਧੀ ਕੁਝ ਨੁਕਤਿਆਂ 'ਤੇ ਗੱਲ ਕਰਾਂਗੇ।

ਇਹਨਾਂ ਪੈਂਟਾਗਨ ਲੀਕਸ ਨਾਲ ਇਹ ਗੱਲ ਚਿੱਟੇ ਦਿਨ ਵਾਂਗ ਸਾਫ ਹੋ ਗਈ ਹੈ ਕਿ ਯੂਕਰੇਨ-ਰੂਸ ਜੰਗ ਤੱਤ ਵਿਚ ਅਮਰੀਕਾ (ਨਾਟੋ)-ਰੂਸ ਦੀ ਅੰਤਰ ਸਾਮਰਾਜੀ ਜੰਗ ਹੀ ਹੈ; ਭਾਵ, ਜੋ ਲੋਕ ਸਚਾਈ ਤੋਂ ਅੱਖਾਂ ਫੇਰੀ ਬੈਠੇ ਸਨ ਜਾਂ ਜਾਣ ਬੁੱਝ ਕੇ ਝੂਠ ਪ੍ਰਚਾਰ ਰਹੇ ਸਨ, ਉਹਨਾਂ ਦੇ ਵੱਡੇ ਹਿੱਸੇ ਨੂੰ ਇਹ ਤੱਥ ਕਬੂਲਣ ਲਈ ਮਜਬੂਰ ਹੋਣਾ ਪਿਆ ਹੈ। ਇਹ ਦਸਤਾਵੇਜ਼ ਅਮਰੀਕਾ ਦੇ ਅਜਿਹੇ ਦਾਅਵਿਆਂ ਨੂੰ ਝੁਠਲਾਉਂਦੇ ਹਨ ਕਿ ਸ਼ੁਰੂ ਵਿਚ ਜਾਂ ਹੁਣ ਵੀ ਅਮਰੀਕਾ ਨੇ ਇਸ ਜੰਗ ਤੋਂ ਇੱਕ ਖਾਸ ਹੱਦ ਦੀ ਦੂਰੀ ਬਣਾਈ ਰੱਖੀ। ਨਾ ਸਿਰਫ ਅਮਰੀਕਾ (ਤੇ ਨਾਟੋ) ਵੱਲੋਂ ਦਿੱਤੇ ਹਥਿਆਰ ਹੀ ਯੂਕਰੇਨ ਦੇ ਫੌਜੀਆਂ ਦੇ ਹੱਥ ਹਨ ਸਗੋਂ ਯੂਕਰੇਨ ਦੇ ਫੌਜੀ ਅਫਸਰਾਂ ਨੂੰ ਸ਼ੁਰੂ ਤੋਂ ਹੀ ਅਮਰੀਕੀ ਅਫਸਰ ਯੁੱਧਨੀਤੀ ਸਬੰਧੀ ਯੋਜਨਾ ਬਣਾ ਕੇ ਦਿੰਦੇ ਰਹੇ ਹਨ। ਪੈਂਟਾਗਨ ਲੀਕਸ ਦਾ ਵਿਸ਼ਲੇਸ਼ਣ ਕਰਨ ਤੋਂ ਮਗਰੋਂ ਕਈ ਮੁੱਖਧਾਰਾ ਮੀਡੀਆ ਤੇ ਚਿੰਤਕਾਂ ਨੇ ਵੀ ਆਪਣਾ ਰੁਖ਼ ਬਦਲਿਆ ਹੈ ਤੇ ਇਹ ਕਹਿਣ ਲਈ ਮਜਬੂਰ ਹੋਏ ਹਨ ਕਿ ਅਸਲ ਵਿਚ ਇਹ ਨਾਟੋ-ਰੂਸ ਜੰਗ ਹੀ ਹੈ ਜੋ ਨਾਟੋ ਯੂਕਰੇਨ ਦੀ ਧਰਤੀ ਉੱਤੇ ਆਪਣੇ ਸਾਜ਼ੋ-ਸਮਾਨ, ਆਪਣੀ ਯੁੱਧਨੀਤੀ ਰਾਹੀਂ ਆਪਣੇ ਹਿੱਤਾਂ ਲਈ ਲੜ ਰਿਹਾ ਹੈ। ਅਮਰੀਕਾ ਅਤੇ ਨਾਟੋ ਦੀ ਮਦਦ ਸਦਕਾ ਹੀ ਯੂਕਰੇਨ ਇੰਨਾ ਸਮਾਂ ਟਿੱਕ ਸਕਿਆ ਹੈ।


ਇਸ ਤੋਂ ਵੀ ਜ਼ਰੂਰੀ ਗੱਲ ਲੀਕ ਹੋਏ ਇਹਨਾਂ ਦਸਤਾਵੇਜ਼ਾਂ ਰਾਹੀਂ ਇਹ ਸਾਹਮਣੇ ਆਈ ਹੈ ਕਿ ਅਸਲ ਵਿਚ ਅਮਰੀਕੀ ਹਾਕਮਾਂ ਖਾਸਕਰ ਫੌਜੀ ਅਫਸਰਾਂ ਦਾ ਵੱਡਾ ਹਿੱਸਾ ਇਹ ਮੰਨਦਾ ਹੈ ਕਿ ਯੂਕਰੇਨ ਦੀ ਹਾਲਤ ਜੰਗ ਵਿਚ ਕਾਫੀ ਕਮਜ਼ੋਰ ਹੈ। ਬਾਇਡਨ ਤੇ ਅਮਰੀਕੀ ਹਾਕਮਾਂ ਵੱਲੋਂ ਇੱਕ ਪਾਸੇ ਜਨਤਕ ਤੌਰ ਉੱਤੇ ਇਹ ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਸਨ ਕਿ ਯੂਕਰੇਨ ਇਸ ਜੰਗ ਵਿਚ ਅੱਗੇ ਵਧ ਰਿਹਾ ਹੈ, ਰੂਸੀ ਫੌਜਾਂ ਕਾਫੀ ਭੈੜੀ ਹਾਲਤ ਵਿਚ ਹਨ, ਜਲਦ ਹੀ ਯੂਕਰੇਨ ਵਿਰੋਧੀ ਹਮਲੇ ਲਈ ਤਿਆਰ ਹੋਵੇਗਾ; ਅਸਲ ਹਾਲਤ ਇਹ ਸੀ ਕਿ ਅਮਰੀਕਾ ਦੇ ਫੌਜੀ ਅਫਸਰ ਆਪਣੀਆਂ ਗੁਪਤ ਰਿਪੋਰਟਾਂ ਵਿਚ ਲਿਖ ਰਹੇ ਸਨ ਕਿ ਜੰਗ ਵਿਚ ਨਾਟੋ ਧੜੇ ਦੀ ਹਾਲਤ ਕਾਫੀ ਪਤਲੀ ਹੈ!

ਯੂਕਰੇਨ ਜੰਗ ਵਿਚ ਪਤਲੀ ਹਾਲਤ ਦੇ ਨਾਲ-ਨਾਲ ਇਹਨਾਂ ਦਸਤਾਵੇਜ਼ਾਂ ਰਾਹੀਂ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਅਮਰੀਕਾ ਦੇ ਪ੍ਰਭਾਵ ਵਾਲੇ ਕੁਝ ਦੇਸ਼ਾਂ ਵਿਚ ਚੀਨ ਆਪਣੇ ਪੈਰ ਜਮਾਉਣ ਵਿਚ ਕਾਮਯਾਬ ਹੋ ਰਿਹਾ ਹੈ ਤੇ ਨਾਲ ਇਹਨਾਂ ਵਿਚੋਂ ਕੁਝ ਦੇਸ਼ਾਂ ਦੇ ਹਾਕਮ ਅਮਰੀਕਾ ਦੇ ਹਾਕਮਾਂ ਦੇ ਹਿੱਤਾਂ ਤੋਂ ਬਾਹਰੀ ਹੋ ਕੇ ਕੌਮਾਂਤਰੀ ਨੀਤੀਆਂ ਬਣਾ ਰਹੇ ਹਨ। ਅਮਰੀਕੀ ਸਾਮਰਾਜ ਦੀ ਕੁਝ ਖੇਤਰਾਂ ਵਿਚ ਘਟ ਰਹੇ ਪ੍ਰਭਾਵ ਉੱਤੇ ਵੀ ਇਹ ਦਸਤਾਵੇਜ਼ ਮੋਹਰ ਲਾਉਂਦੇ ਹਨ।

ਪੈਂਟਾਗਨ ਲੀਕਸ ਰਾਹੀਂ ਇੱਕ ਹੋਰ ਗੱਲ ਵਧੇਰੇ ਨੰਗੇ ਚਿੱਟੇ ਰੂਪ ਵਿਚ ਸਾਹਮਣੇ ਆਈ ਹੈ ਜੋ ਅਮਰੀਕਾ ਦਾ ਵਿਸ਼ਾਲ ਜਸੂਸੀ ਤੰਤਰ ਹੈ। ਇਹ ਕੋਈ ਬਿਲਕੁਲ ਨਵਾਂ ਤੱਥ ਨਹੀਂ ਕਿਉਂਕਿ ਪਹਿਲਾਂ ਨਸ਼ਰ ਹੋਏ ਅਜਿਹੇ ਦਸਤਾਵੇਜ਼ਾਂ ਆਦਿ ਦੇ ਆਧਾਰ ਉੱਤੇ ਵੀ ਕਈ ਵਿਚਾਰਵਾਨਾਂ, ਲੇਖਕਾਂ ਨੇ ਇਸ ਬਾਰੇ ਕਾਫੀ ਸਮੱਗਰੀ ਮੁਹੱਈਆ ਕਰਾਈ ਸੀ ਪਰ ਪੈਂਟਾਗਨ ਲੀਕਸ ਨੇ ਲਾਜ਼ਮੀ ਹੀ ਪਹਿਲਾਂ ਹਾਸਲ ਜਾਣਕਾਰੀ ਹੋਰ ਪੁਖ਼ਤਾ ਕੀਤੀ ਹੈ। ਇਸ ਰਾਹੀਂ ਇਹ ਸਾਫ ਹੋ ਚੁੱਕਿਆ ਹੈ ਕਿ ਪੂਰੀ ਦੁਨੀਆ ਵਿਚ ਹੀ ਅਮਰੀਕਾ ਦਾ ਜਸੂਸੀ ਤੰਤਰ ਕਿੰਝ ਡੂੰਘੀ ਤਰ੍ਹਾਂ ਧੱਸਿਆ ਹੋਇਆ ਹੈ। ਪੈਂਟਾਗਨ ਕੋਲ ਨਾ ਸਿਰਫ ਵਿਰੋਧੀ ਧੜੇ ਦੇ ਦੇਸ਼ਾਂ ਸਗੋਂ ਇਸ ਦੇ ਖੇਮੇ ਦੇ ਦੇਸ਼ਾਂ ਦੇ ਅੰਦਰੂਨੀ ਹਾਲਾਤ, ਸਿਆਸਤਦਾਨਾਂ, ਮੰਤਰੀ ਮੰਡਲਾਂ, ਫੌਜ, ਜਸੂਸੀ ਤੰਤਰ ਆਦਿ ਬਾਰੇ ਕਾਫੀ ਵਿਆਪਕ ਜਾਣਕਾਰੀ ਰਹਿੰਦੀ ਹੈ ਤੇ ਅਜਿਹੀਆਂ ਹਾਲਾਤ ਨੂੰ ਸਮੇਂ ਸਮੇਂ ਉੱਤੇ ਅਮਰੀਕਾ ਆਪਣੇ ਹਿੱਤਾਂ ਦੀ ਰਾਖੀ ਲਈ ਵਰਤਦਾ ਵੀ ਰਹਿੰਦਾ ਹੈ। ਦੱਖਣੀ ਕੋਰੀਆ ਜਿਹੇ ਕੁਝ ਦੇਸ਼ ਜੋ ਅਮਰੀਕਾ ਦੇ ਖੇਮੇ ਵਿਚ ਹਨ, ਇਸ ਗੱਲ ਬਾਰੇ ਆਪਣੀ ਨਾਰਾਜ਼ਗੀ ਵੀ ਜ਼ਾਹਿਰ ਕਰ ਰਹੇ ਹਨ ਕਿ ਅਮਰੀਕਾ ਦੇ ਜਸੂਸੀ ਤੰਤਰ ਕੋਲ ਉਹਨਾਂ ਦੇ ਦੇਸ਼ ਸਬੰਧੀ ਕਾਫੀ ਅੰਦਰਲੀ ਜਾਣਕਾਰੀ ਮੌਜੂਦ ਹੈ।

ਪਿਛਲੇ ਦਹਾਕੇ ਅੰਦਰ ਕਈ ਮੁੱਖਧਾਰਾ ਵਿਚਾਰਵਾਨਾਂ ਨੇ ਅਜਿਹੇ ਵਿਚਾਰ ਪੇਸ਼ ਕੀਤੇ ਕਿ ਆਧੁਨਿਕ ਜਸੂਸੀ ਤੰਤਰ ਕਰ ਕੇ ਹੁਣ ਲੋਕ ਲਹਿਰਾਂ ਦਾ ਜ਼ਮਾਨਾ ਗੁਜ਼ਰ ਚੁੱਕਾ ਹੈ; ਕਿ ਤਾਕਤਵਰ ਜਸੂਸੀ ਤੰਤਰ ਕਰ ਕੇ ਕਿਸੇ ਵੀ ਲੋਕ ਲਹਿਰ ਦਾ ਸਫ਼ਲ ਹੋਣਾ ਸੰਭਵ ਨਹੀਂ ਹੈ ਕਿਉਂ ਜੋ ਇਸ ਤੰਤਰ ਰਾਹੀਂ ਪਹਿਲਾਂ ਹੀ ਸਾਰੀ ਜਾਣਕਾਰੀ ਹਾਕਮਾਂ ਨੂੰ ਹਾਸਲ ਹੁੰਦੀ ਹੈ ਪਰ ਇਸ ਦੇ ਬਾਵਜੂਦ ਪਿਛਲੇ ਦਹਾਕੇ ਵਿਚ ਕਈ ਲੋਕ ਲਹਿਰਾਂ ਉੱਠੀਆਂ ਜਿਹਨਾਂ ਵਿਚੋਂ ਕਈ ਸਾਮਰਾਜੀ ਦੇਸ਼ਾਂ ਵਿਚ ਵੀ ਸਨ ਤੇ ਆਪਣੇ ਵਿਕਸਤ ਜਸੂਸੀ ਤੰਤਰ ਦੇ ਬਾਵਜੂਦ ਉੱਥੋਂ ਦੇ ਹਾਕਮ ਇਹਨਾਂ ਲਹਿਰਾਂ ਦਾ ਕੁਝ ਵੀ ਵਿਗਾੜਨ ਵਿਚ ਅਸਮਰੱਥ ਰਹੇ। ਇਹ ਇਹਨਾਂ ਜਸੂਸੀ ਤੰਤਰ ਦੇ 'ਸਰਵ ਸ਼ਕਤੀਮਾਨ' ਹੋਣ ਉੱਤੇ ਵੱਡਾ ਸਵਾਲੀਆ ਨਿਸ਼ਾਨ ਸੀ। ਹੁਣ ਪੈਂਟਾਗਨ ਲੀਕਸ ਅਤੇ ਸਮੇਂ ਸਮੇਂ ਉੱਤੇ ਨਸ਼ਰ ਹੁੰਦੇ ਅਜਿਹੇ ਹੋਰ ਦਸਤਾਵੇਜ਼ ਸਾਫ ਦਰਸਾਉਂਦੇ ਹਨ ਕਿ ਇਹ ਜਸੂਸੀ ਤੰਤਰ ਕੋਈ ਅਭੇਤ, ਅਜਿੱਤ ਤਾਕਤ ਨਹੀਂ ਸਗੋਂ ਮਨੁੱਖੀ ਦਖਲਅੰਦਾਜ਼ੀ ਰਾਹੀਂ ਦੁਨੀਆ ਦੇ ਵਿਕਸਿਤ ਤੋਂ ਵਿਕਸਿਤ ਜਸੂਸੀ ਤੰਤਰ ਦੇ ਜ਼ਰੂਰੀ ਦਸਤਾਵੇਜ਼ ਵੀ ਨਸ਼ਰ ਕੀਤੇ ਗਏ ਹਨ। ਅਜਿਹੇ ਮੌਕਿਆਂ ਉੱਤੇ ਇਹਨਾਂ ਦਸਤਾਵੇਜ਼ਾਂ ਵਿਚਲੀ ਸਮੱਗਰੀ ਖੁਦ ਹਾਕਮਾਂ ਦੇ ਹੀ ਗਲ ਦੀ ਹੱਡੀ ਬਣ ਜਾਂਦੀ ਹੈ ਜਿਵੇਂ ਪੈਂਟਾਗਨ ਲੀਕਸ ਵਿਚਲੇ ਦਸਤਾਵੇਜ਼ ਅਮਰੀਕੀ ਹਾਕਮ ਜਮਾਤ ਲਈ ਬਣੇ ਹੋਏ ਹਨ ਕਿਉਂ ਜੋ ਇਸ ਵਿਚ ਰਾਜ ਸੱਤਾ ਦੇ ਕੰਮ ਢੰਗ ਦੀ ਅਹਿਮ ਜਾਣਕਾਰੀ ਵੀ ਸਾਹਮਣੇ ਆ ਜਾਂਦੀ ਹੈ। ਪੈਂਟਾਗਨ ਲੀਕਸ ਸਿਰਫ ਆਧੁਨਿਕ ਸਰਮਾਏਦਾਰਾ ਸਮਾਜ ਦੇ ਜਸੂਸੀ ਤੰਤਰ, ਰਾਜ ਤੰਤਰ ਦੀ ਤਾਕਤ, ਵਿਆਪਕ ਜਾਲ ਨੂੰ ਹੀ ਨਹੀਂ ਪ੍ਰਗਟਾਉਂਦੇ ਸਗੋਂ ਇਹ ਇਸ ਦੇ ਜਸੂਸੀ ਤੰਤਰ ਦੀ ਕਮਜ਼ੋਰੀ ਤੇ ਖੁਦ ਇਸ ਪੂਰੇ ਢਾਂਚੇ ਦੀ ਜਰਜਰ ਹਾਲਤ, ਇਸ ਦੇ ਵੇਲਾ ਵਿਹਾ ਚੁੱਕੇ ਹੋਣੇ ਦਾ ਵੀ ਸਬੂਤ ਹਨ।

# ਖੂਬਸੂਰਤ ਅਦਾਕਾਰਾ ਮਧੂਬਾਲਾ ਦੀਆਂ ਬਾਤਾਂ



ਰੇਹਾਨ ਫ਼ਜ਼ਲ

ਬਹੁਤ ਘੱਟ ਲੋਕ ਇਸ ਗੱਲ ਤੋਂ ਜਾਣੂ ਹਨ ਕਿ ਮੁੰਬਈ ਦੇ ਵਰਲੀ ਸੀ ਫੇਸ 'ਚ ਭੁੱਟੋ ਪਰਿਵਾਰ ਦੀ ਆਲੀਸ਼ਾਨ ਕੋਠੀ ਹੁੰਦੀ ਸੀ। 1954 ਤੋਂ 1958 ਦਰਮਿਆਨ ਭੁੱਟੋ ਕੋਠੀ 'ਚ ਰਹਿੰਦੇ ਸਨ। ਉਨ੍ਹਾਂ ਦਾ ਪੂਰਾ ਪਰਿਵਾਰ ਪਾਕਿਸਤਾਨ ਜਾ ਚੁੱਕਿਆ ਸੀ। ਇਸੇ ਦੌਰਾਨ ਮੁੰਬਈ 'ਚ 'ਮੁਗ਼ਲ-ਏ-ਆਜ਼ਮ' ਫਿਲਮ ਦੀ ਸ਼ੂਟਿੰਗ ਹੋ ਰਹੀ ਸੀ। ਸੰਗੀਤਕਾਰ ਨੌਸ਼ਾਦ ਦੱਸਦੇ ਹਨ, "ਇਸ ਫਿਲਮ 'ਚ 'ਮੋਹੇ ਪਨਘਟ ਪੇ ਨੰਦਲਾਲਾ ਛੇੜ ਗਯੋ ਰੇ' ਗਾਣੇ ਦੀ ਸ਼ੂਟਿੰਗ ਹੋ ਰਹੀ ਸੀ। ਭੁੱਟੋ ਇਸ ਗੀਤ ਅਤੇ ਮਧੂਬਾਲਾ 'ਤੇ ਇੰਨੇ ਫਿਦਾ ਸੀ ਕਿ ਰੋਜ਼ਾਨਾ ਸ਼ੂਟਿੰਗ ਦੇਖਣ ਆਉਂਦੇ ਸਨ। ਉਹ ਮਧੂਬਾਲਾ ਨਾਲ ਵਿਆਹ ਨੂੰ ਲੈ ਕੇ ਬਹੁਤ ਗੰਭੀਰ ਸਨ। ਉਨ੍ਹਾਂ ਇੱਕ ਦੁਪਹਿਰ ਦੇ ਖਾਣੇ ਦੌਰਾਨ ਆਪਣੀ ਇੱਛਾ ਦਾ ਪ੍ਰਗਟਾਵਾ ਮਧੂਬਾਲਾ ਅੱਗੇ ਕੀਤਾ ਸੀ।" ਉਸ ਸਮੇਂ ਕਿਸੇ ਨੇ ਕਲਪਨਾ ਵੀ ਨਹੀਂ ਕੀਤੀ ਸੀ ਕਿ ਜ਼ੁਲਫ਼ਿਕਾਰ ਅਲੀ ਭੁੱਟੋ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਬਣਨਗੇ। ਜਦੋਂ ਇਹ ਗੀਤ ਸ਼ੂਟ ਕੀਤਾ ਜਾ ਰਿਹਾ ਸੀ ਤਾਂ 'ਮੁਗ਼ਲ-ਏ-ਆਜ਼ਮ' ਦੇ ਕੋਰੀਓਗ੍ਰਾਫਰ ਲੱਛੂ ਮਹਾਰਾਜ ਨੂੰ ਅਜਿਹੀ ਡਾਂਸਰ ਦੀ ਜ਼ਰੂਰਤ ਸੀ ਜੋ ਆਪਣੇ ਚਿਹਰੇ ਦੇ ਹਾਵ-ਭਾਵ ਅਤੇ ਹੱਥਾਂ ਦੀਆਂ ਘੁਮਾਓਦਾਰ ਹਰਕਤਾਂ ਨਾਲ ਗੀਤ ਦੇ ਸ਼ਬਦਾਂ ਦੀ ਅਦਾਇਗੀ ਕਰ ਸਕੇ। ਮਧੂਬਾਲਾ ਕਲਾਸੀਕਲ ਡਾਂਸਰ ਤਾਂ ਨਹੀਂ ਸੀ ਪਰ ਉਹਨੇ ਇਸ ਗੀਤ ਲਈ ਬਹੁਤ ਮਿਹਨਤ ਕੀਤੀ। ਲੱਛੂ ਮਹਾਰਾਜ ਨੇ ਕਈ ਮਹੀਨੇ ਉਸ ਨੂੰ ਕੱਥਕ ਸਿਖਾਇਆ।

ਮਧੂਬਾਲਾ ਬਹੁਤ ਸੁੰਦਰ ਅਦਾਕਾਰਾ ਸੀ। ਖੂਬਸੂਰਤ ਲੋਕਾਂ ਦੀ ਦੁਨੀਆ 'ਚ ਵੀ ਉਹ ਸਭ ਤੋਂ ਵੱਖਰੀ ਸੀ। ਕਿਹਾ ਜਾਂਦਾ ਹੈ ਕਿ ਉਸ ਦੀਆਂ ਤਸਵੀਰਾਂ 'ਚੋਂ ਕਿਸੇ ਇੱਕ ਨੇ ਵੀ ਉਸ ਖੂਬਸੂਰਤੀ ਨਾਲ ਇਨਸਾਫ਼ ਨਹੀਂ ਕੀਤਾ। ਉਸ ਦੀ ਤੁਲਨਾ ਹੌਲੀਵੁੱਡ ਅਦਾਕਾਰਾ ਮਾਰਲਿਨ ਮੁਨਰੋ ਨਾਲ ਕੀਤੀ ਜਾਂਦੀ ਸੀ। ਦੋਵਾਂ ਦੀ ਖੂਬਸੂਰਤੀ ਦੇ ਚਰਚੇ ਹਰ ਪਾਸੇ ਹੁੰਦੇ। ਇਤਫਾਕ ਦੀ ਗੱਲ ਹੈ ਕਿ ਦੋਵਾਂ ਦੀ ਮੌਤ ਮਹਿਜ਼ 36 ਸਾਲ ਦੀ ਉਮਰ 'ਚ ਹੋ ਗਈ। ਮਾਰਲਿਨ ਦਾ 1962 ਅਤੇ ਮਧੂਬਾਲਾ ਦਾ 1969 'ਚ ਦੇਹਾਂਤ ਹੋ ਗਿਆ। ਮਧੂਬਾਲਾ ਨੇ ਕਦੇ ਵੀ ਆਪਣੇ ਆਪ ਨੂੰ ਸੈਕਸ ਦੇ ਪ੍ਰਤੀਕ ਵੱਜੋਂ ਪੇਸ਼ ਨਹੀਂ ਕੀਤਾ ਅਤੇ ਪ੍ਰੈੱਸ ਤੇ ਆਮ ਲੋਕਾਂ ਨੂੰ ਹਮੇਸ਼ਾ ਹੀ ਆਪਣੀ ਨਿੱਜੀ ਜ਼ਿੰਦਗੀ ਤੋਂ ਦੂਰ ਰੱਖਿਆ ਜਦਕਿ ਮਾਰਲਿਨ ਦੀ ਜ਼ਿੰਦਗੀ ਦਾ ਮੂਲ ਮੰਤਰ ਹੀ ਸੀ- ਲੋਕਾਂ ਨਾਲ ਗੱਲਬਾਤ ਕਰਦੇ ਰਹਿਣਾ। ਮਧੂਬਾਲਾ ਹਮੇਸ਼ਾ ਸੈੱਟ 'ਤੇ ਸਮੇਂ ਸਿਰ ਆਉਂਦੀ ਸੀ; ਮਾਰਲਿਨ ਸੈੱਟ 'ਤੇ ਲੇਟ ਆਉਣ ਲਈ ਮਸ਼ਹੂਰ ਸਨ।

ਮਧੂ ਦੇ ਦਿਨ ਦਾ ਆਗਾਜ਼ ਸਵੇਰੇ 5 ਵਜੇ ਹੁੰਦਾ ਸੀ, ਜਦੋਂ ਉਹ ਮੁੰਬਈ ਦੇ ਕਾਰਟਰ ਰੋਡ ਬੀਚ ਨਜ਼ਦੀਕ ਸੈਰ ਕਰਦੀ। ਅਦਾਕਾਰ ਪ੍ਰੇਮਨਾਥ ਉਹਨੂੰ ਆਪਣਾ ਮੌਰਨਿੰਗ ਅਲਾਰਮ ਕਹਿੰਦੇ ਸਨ। ਮਧੂਬਾਲਾ ਰੋਜ਼ਾਨਾ ਸਵੇਰੇ 6 ਵਜੇ ਫੋਨ ਕਰ ਕੇ ਉਸ ਨੂੰ ਜਗਾਉਂਦੇ ਤਾਂ ਜੋ ਉਹ ਟੈਨਿਸ ਖੇਡਣ ਲਈ ਜਾ ਸਕਣ। 1952 'ਚ 'ਫਿਲਮਫੇਅਰ' ਮੈਗਜ਼ੀਨ ਨੇ ਇਹ ਜਾਣਨ ਲਈ ਸਰਵੇਖਣ ਕੀਤਾ ਸੀ ਕਿ ਭਾਰਤ 'ਚ ਸਭ ਤੋਂ ਸੁੰਦਰ ਅਦਾਕਾਰਾ ਕੌਣ ਹੈ। ਇਸ ਸਰਵੇਖਣ 'ਚ ਨਲਿਨੀ ਜੈਵੰਤ ਪਹਿਲੇ ਸਥਾਨ 'ਤੇ ਆਏ ਸਨ; ਦੂਜਾ ਸਥਾਨ ਨਰਗਿਸ ਤੇ ਤੀਜਾ ਸਥਾਨ ਬੀਨਾ ਰਾਏ ਦੀ ਝੋਲੀ ਪਿਆ ਸੀ। ਮਧੂਬਾਲਾ ਦੇ ਹਿੱਸੇ ਚੌਥਾ ਸਥਾਨ ਆਇਆ ਪਰ ਜਦੋਂ 1993 'ਚ ਇੱਕ ਹੋਰ ਸਰਵੇਖਣ ਕਰਵਾਇਆ ਗਿਆ ਤਾਂ ਉਸ 'ਚ ਮਧੂਬਾਲਾ ਨੂੰ ਪਹਿਲਾ ਸਥਾਨ ਹਾਸਲ ਹੋਇਆ ਅਤੇ ਦੂਜਾ ਤੇ ਤੀਜਾ ਸਥਾਨ ਕ੍ਰਮਵਾਰ ਨਰਗਿਸ ਤੇ ਮੀਨਾ ਕੁਮਾਰੀ ਨੂੰ ਮਿਲਿਆ।

ਮਧੂਬਾਲਾ ਦੀ ਪ੍ਰਸਿੱਧੀ ਦਾ ਡੰਕਾ ਹੌਲੀ-ਹੌਲੀ ਪੱਛਮੀ ਜਗਤ 'ਚ ਵੀ ਵੱਜਣ ਲੱਗ ਪਿਆ ਸੀ। ਉਸ ਦੀਆਂ ਕਈ ਤਸਵੀਰਾਂ ਵਿਦੇਸ਼ੀ ਰਸਾਲਿਆਂ ਦੇ ਮੁੱਖ ਪੰਨੇ ਦਾ ਸ਼ਿੰਗਾਰ ਬਣੀਆਂ। ਮਸ਼ਹੂਰ ਫਿਲਮ ਨਿਰਦੇਸ਼ਕ ਫਰੈਂਕ ਕਾਪਰਾ ਜਦੋਂ ਭਾਰਤ ਆਏ ਤਾਂ ਉਨ੍ਹਾਂ ਕਿਹਾ ਕਿ ਉਹ ਮਧੂਬਾਲਾ ਦੇ ਹੌਲੀਵੁੱਡ 'ਚ ਕੰਮ ਕਰਨ ਦਾ ਰਾਹ ਖੋਲ੍ਹ ਸਕਦੇ ਹਨ। ਮਸ਼ਹੂਰ ਫਿਲਮ ਪੱਤਰਕਾਰ ਬੀ.ਕੇ. ਕਰੰਜੀਆ ਨੇ ਆਪਣੀ ਸਵੈ-ਜੀਵਨੀ 'ਕਾਊਂਟਿੰਗ ਮਾਈ ਬਲੈਸਿੰਗਜ਼' ਵਿਚ ਲਿਖਦੇ ਹਨ, "ਜਦੋਂ ਮੈਂ ਇਸ ਪੇਸ਼ਕਸ਼ ਨੂੰ ਮਧੂਬਾਲਾ ਦੇ ਪਿਤਾ ਜੀ ਅਤਾਉੱਲਾ ਖਾਨ ਦੇ ਅੱਗੇ ਰੱਖਿਆ ਤਾਂ ਉਨ੍ਹਾਂ ਨੇ ਮਧੂਬਾਲਾ ਨੂੰ ਇਹ ਕਹਿੰਦੇ ਹੋਏ ਹਾਲੀਵੁੱਡ ਭੇਜਣ ਤੋਂ ਇਨਕਾਰ ਕਰ ਦਿੱਤਾ ਕਿ ਉਨ੍ਹਾਂ ਨੂੰ ਕਾਂਟੇ ਅਤੇ ਚਾਕੂ ਨਾਲ ਖਾਣਾ ਨਹੀਂ ਆਉਂਦਾ।"

ਮਧੂਬਾਲਾ ਦਾ ਜਨਮ 14 ਫਰਵਰੀ 1933 ਨੂੰ ਵੈਲੇਨਟਾਈਨ ਵਾਲੇ ਦਿਨ ਦਿੱਲੀ ਵਿਚ ਹੋਇਆ ਸੀ। ਉਹਦੇ ਬਚਪਨ ਦਾ ਨਾਮ ਮੁਮਤਾਜ਼ ਜਹਾਂ ਬੇਗਮ ਸੀ। ਮੁਮਤਾਜ਼ ਆਪਣੇ 11 ਭੈਣ-ਭਰਾਵਾਂ 'ਚੋਂ 5ਵੇਂ ਨੰਬਰ 'ਤੇ ਸੀ। ਉਹਨੇ 9 ਸਾਲ ਦੀ ਉਮਰ 'ਚ ਹੀ ਫਿਲਮਾਂ 'ਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ ਅਤੇ ਉਹਦੀ ਪਹਿਲੀ ਫਿਲਮ 'ਬਸੰਤ' ਸੀ। ਇਸ ਫਿਲਮ ਤੋਂ ਬਾਅਦ ਉਹ ਵਾਪਸ ਦਿੱਲੀ ਆ ਗਈ। ਫਿਰ ਉਹਨੂੰ ਬੰਬਈ ਤੋਂ ਅਮੀਆ ਚੱਕਰਵਰਤੀ ਦਾ ਸੱਦਾ ਆਇਆ ਜੋ ਆਪਣੀ ਫਿਲਮ 'ਜਵਾਰ ਭਾਟਾ' ਵਿਚ ਉਹਨੂੰ ਰੋਲ ਦੇਣਾ ਚਾਹੁੰਦੇ ਸਨ। ਉਹ ਬੰਬਈ ਤਾਂ ਗਈ ਪਰ ਕੁਝ ਕਾਰਨਾਂ ਕਾਰਨ ਉਹਨੂੰ ਇਸ ਫਿਲਮ 'ਚ ਰੋਲ ਨਾ ਮਿਲ ਸਕਿਆ। ਫਿਰ ਉਨ੍ਹਾਂ ਦੇ ਪਿਤਾ ਜੀ ਨੇ ਬੰਬਈ ਰਹਿਣ ਦਾ ਫੈਸਲਾ ਕਰ ਲਿਆ। ਉਹਦੀ ਮਿਹਨਤ ਦੇਖ ਕੇ ਮਸ਼ਹੂਰ ਅਦਾਕਾਰਾ ਦੇਵਿਕਾ ਰਾਣੀ ਬਹੁਤ ਪ੍ਰਭਾਵਿਤ ਹੋਈ। ਉਹਨੇ ਹੀ ਉਹਨੂੰ ਨਵਾਂ ਨਾਮ ਮਧੂਬਾਲਾ ਦਿੱਤਾ।

1948 'ਚ ਮਧੂਬਾਲਾ ਨੂੰ ਫਿਲਮ 'ਸ਼ਿੰਗਾਰ' ਵਿਚ ਸੁਰੱਈਆ ਨਾਲ ਸਹਿ-ਨਾਇਕਾ ਦੀ ਭੂਮਿਕਾ ਮਿਲੀ। ਹੌਲੀ-ਹੌਲੀ ਉਹਦੀ ਪ੍ਰਸਿੱਧੀ ਵਧਣ ਲੱਗੀ ਅਤੇ ਉਹਨੂੰ ਬਤੌਰ ਹੀਰੋਇਨ ਰੋਲ ਮਿਲਣ ਲੱਗੇ। ਮਸ਼ਹੂਰ ਨਿਰਦੇਸ਼ਕ ਕਿਦਾਰ ਸ਼ਰਮਾ ਨੇ ਉਹਨੂੰ ਫਿਲਮ 'ਨੀਲਕਮਲ' ਵਿਚ ਰਾਜ ਕਪੂਰ ਨਾਲ ਸਾਈਨ ਕੀਤਾ।

ਮਧੂਬਾਲਾ ਨੂੰ ਜਿਸ ਫਿਲਮ ਨੇ ਕੌਮੀ ਪਛਾਣ ਦਿੱਤੀ, ਉਹ ਫਿਲਮ ਸੀ 'ਮਹਿਲ'। ਇਹ ਅਧੂਰੇ ਪਿਆਰ ਦੀ ਕਹਾਣੀ ਸੀ ਜੋ ਇੱਕ ਜਨਮ ਤੋਂ ਦੂਜੇ ਜਨਮ ਤੱਕ ਚੱਲਦੀ ਹੈ। ਉਸ ਸਮੇਂ ਤੱਕ ਲਤਾ ਮੰਗੇਸ਼ਕਰ ਨੂੰ ਭਾਰਤੀ ਫਿਲਮ ਜਗਤ 'ਚ ਆਏ ਕਈ ਸਾਲ ਬੀਤ ਚੁੱਕੇ ਸਨ ਪਰ ਇਸ ਫਿਲਮ 'ਚ ਗਾਏ ਗੀਤ 'ਆਏਗਾ ਆਨੇ ਵਾਲਾ' ਨੇ ਉਹਨੂੰ ਪਲੇਬੈਕ ਗਾਇਕੀ ਦੇ ਖੇਤਰ 'ਚ ਸਿਖਰ 'ਤੇ ਪਹੁੰਚਾ ਦਿੱਤਾ। ਇਸ ਫਿਲਮ ਦੀ ਮੰਗ ਸੀ ਕਿ ਉਸ ਦੀ ਹੀਰੋਇਨ ਬੇਮਿਸਾਲ ਖੂਬਸੂਰਤ ਹੋਵੇ। ਕਮਾਲ ਅਮਰੋਹੀ ਨੇ ਮਧੂਬਾਲਾ ਨੂੰ ਇਸ ਫਿਲਮ ਲਈ ਚੁਣਿਆ ਜੋ ਉਸ ਸਮੇਂ ਕੋਈ ਵੱਡਾ ਨਾਮ ਨਹੀਂ ਸੀ।

ਫਿਲਮ ਕੰਪਨੀ ਬੰਬੇ ਟਾਕੀਜ਼ ਦਾ ਪੂਰਾ ਜ਼ੋਰ ਸੀ ਕਿ ਇਸ ਰੋਲ ਲਈ ਸੁਰੱਈਆ ਨੂੰ ਚੁਣਿਆ ਜਾਵੇ ਪਰ ਕਮਾਲ ਅਮਰੋਹੀ ਆਪਣੀ ਗੱਲ 'ਤੇ ਅੜੇ ਰਹੇ। ਉਸ ਸਮੇਂ ਮਧੂਬਾਲਾ ਮਹਿਜ਼ 16 ਸਾਲਾਂ ਦੀ ਸੀ, ਜਦਕਿ ਹੀਰੋ ਅਸ਼ੋਕ ਕੁਮਾਰ ਉਸ ਤੋਂ ਦੁੱਗਣੀ ਉਮਰ, ਭਾਵ 32 ਸਾਲਾਂ ਦੇ ਸਨ। ਮਧੂਬਾਲਾ ਨੇ ਇਸ ਪੂਰੀ ਫਿਲਮ ਨੂੰ ਆਪਣੇ ਮੋਢਿਆਂ 'ਤੇ ਚੁੱਕਿਆ ਅਤੇ ਫਿਲਮ ਨੇ ਬਾਕਸ ਆਫਿਸ 'ਤੇ ਸਾਰੇ ਰਿਕਾਰਡ ਤੋੜ ਦਿੱਤੇ।

1950 'ਚ ਮਧੂਬਾਲਾ ਦੀ ਸਿਹਤ ਅਚਾਨਕ ਖਰਾਬ ਹੋ ਗਈ ਸੀ। ਜਾਂਚ ਤੋਂ ਬਾਅਦ ਪਤਾ ਲੱਗਿਆ ਕਿ ਉਹਦੇ ਦਿਲ 'ਚ ਸੁਰਾਖ ਹੈ। ਉਸ ਸਮੇਂ ਭਾਰਤ 'ਚ ਦਿਲ ਦਾ ਅਪਰੇਸ਼ਨ ਕਠਿਨ ਮੰਨਿਆ ਜਾਂਦਾ ਸੀ। ਮਧੂਬਾਲਾ ਨੇ ਆਪਣੀ ਬਿਮਾਰੀ ਸਾਰਿਆਂ ਤੋਂ ਲੁਕਾ ਕੇ ਰੱਖੀ ਅਤੇ ਫਿਲਮਾਂ 'ਚ ਕੰਮ ਜਾਰੀ ਰੱਖਿਆ। 1954 'ਚ ਜਦੋਂ ਉਹ ਚੇਨਈ ਵਿਚ 'ਬਹੁਤ ਦਿਨ ਹੂਏ' ਦੀ ਸ਼ੂਟਿੰਗ ਕਰ ਰਹੀ ਸੀ ਤਾਂ ਉਹਨੂੰ ਖੂਨ ਦੀ ਉਲਟੀ ਆਈ ਅਤੇ ਉਹਦੀ ਬਿਮਾਰੀ ਦੀ ਖ਼ਬਰ ਚਾਰੇ ਪਾਸੇ ਅੱਗ ਵਾਂਗ ਫੈਲ ਗਈ। ਫਿਲਮ 'ਮੁਗ਼ਲ-ਏ-ਆਜ਼ਮ' ਦੀ ਕਾਸਟਿੰਗ ਕਰਦੇ ਹੋਏ ਕੇ. ਆਸਿਫ਼ ਨੇ ਇੱਕੋ ਵੇਲੇ ਕਈ ਮੁਸੀਬਤਾਂ ਨੂੰ ਸੱਦਾ ਦੇ ਦਿੱਤਾ ਸੀ।

ਰਾਜ ਕੁਮਾਰ ਕੇਸਵਾਨੀ ਆਪਣੀ ਕਿਤਾਬ 'ਦਾਸਤਾਨ-ਏ-ਮੁਗ਼ਲ-ਏ-ਆਜ਼ਮ' 'ਚ ਲਿਖਦੇ ਹਨ, "ਪ੍ਰਿਥਵੀਰਾਜ ਕਪੂਰ ਉਸ ਸਮੇਂ ਕਈ ਬਿਮਾਰੀਆਂ ਨਾਲ ਜੂਝ ਰਹੇ ਸਨ। ਮਧੂਬਾਲਾ ਵੀ ਦਿਲ ਦੀ ਬਿਮਾਰੀ ਕਾਰਨ ਕਈ ਬੰਦਸ਼ਾਂ 'ਚ ਜਕੜੀ ਹੋਈ ਸੀ। ਫਿਲਮ ਦੇ ਖਾਸੇ ਵੱਡੇ ਹਿੱਸੇ 'ਚ ਮਧੂਬਾਲਾ ਨੂੰ ਅਸਲੀ ਲੋਹੇ ਦੀਆਂ ਭਾਰੀ ਜ਼ੰਜੀਰਾਂ ਪਹਿਨਣੀਆਂ ਸਨ। ਕੈਦਖਾਨੇ 'ਚ ਜਦੋਂ ਮਧੂਬਾਲਾ 'ਤੇ 'ਬੇਕਸ ਪੇ ਕਰਮ ਕੀਜਿਏ ਸਰਕਾਰੇ ਮਦੀਨਾ' ਦਾ ਸੀਨ ਸ਼ੂਟ ਹੋਣਾ ਸੀ ਤਾਂ ਡਾਕਟਰਾਂ ਨੇ ਸਖ਼ਤ ਹਦਾਇਤ ਕੀਤੀ ਸੀ ਕਿ ਹਰ ਸਥਿਤੀ 'ਚ ਭਾਰ ਚੁੱਕਣ ਤੋਂ ਪਰਹੇਜ਼ ਕੀਤਾ ਜਾਵੇ ਪਰ ਮਧੂਬਾਲਾ ਨੇ ਉਹ ਗੀਤ ਫਿਲਮਾਇਆ।" ਮਧੂਬਾਲਾ ਦਾ ਸਰੀਰ ਬੇਵੱਸ ਜ਼ਰੂਰ ਸੀ ਪਰ ਉਹਦੇ ਇਰਾਦੇ ਪੱਕੇ ਸਨ।

'ਮੁਗ਼ਲ-ਏ-ਆਜ਼ਮ' ਮਧੂਬਾਲਾ ਦੇ ਕਰੀਅਰ ਦੀ ਆਖਰੀ ਫਿਲਮ ਸੀ। ਪਹਿਲਾਂ ਇਸ ਫਿਲਮ ਲਈ ਨਰਗਿਸ ਤੱਕ ਪਹੁੰਚ ਕੀਤੀ ਗਈ ਸੀ ਪਰ ਉਹਨੇ ਇਹ ਫਿਲਮ ਇਸ ਲਈ ਸਾਈਨ ਨਹੀਂ ਕੀਤੀ ਕਿ ਉਹ ਉਸ ਸਮੇਂ ਰਾਜ ਕਪੂਰ ਕੈਂਪ 'ਚ ਸੀ ਅਤੇ ਦਿਲੀਪ ਕੁਮਾਰ ਨਾਲ ਉਹਦੀ ਅਣਬਣ ਸੀ। ਫਿਰ ਇਹ ਫਿਲਮ ਨੂਤਨ ਨੂੰ ਆਫਰ ਕੀਤੀ ਗਈ ਪਰ ਉਹਨੇ ਵੀ ਇਨਕਾਰ ਕਰ ਦਿੱਤਾ। ਮਧੂਬਾਲਾ ਨੇ ਜਦੋਂ ਇਹ ਫਿਲਮ ਸਾਈਨ ਕੀਤੀ ਤਾਂ ਉਸ ਦੀ ਉਮਰ 20 ਸਾਲ ਸੀ। ਫਿਲਮ ਮੁਕੰਮਲ ਹੋਣ 'ਚ 8 ਸਾਲ ਲੱਗੇ। ਬਾਅਦ 'ਚ ਨਾਦਿਰਾ ਨੇ ਕਿਹਾ, "ਇਹ ਮਧੂਬਾਲਾ ਦੇ ਹੀ ਵੱਸ ਦੀ ਗੱਲ ਸੀ ਕਿ ਉਹ ਗੰਭੀਰ ਬਿਮਾਰ ਹੋਣ ਦੇ ਬਾਵਜੂਦ 8 ਸਾਲਾਂ ਇਹ ਰੋਲ ਕਰਦੇ ਰਹੇ।" ਇਹ ਉਸ ਜ਼ਮਾਨੇ ਦੀ ਸਭ ਤੋਂ ਮਹਿੰਗੀ ਫਿਲਮ ਸੀ ਅਤੇ ਤਿੰਨ ਭਾਸ਼ਾਵਾਂ ਹਿੰਦੀ, ਅੰਗਰੇਜ਼ੀ ਤੇ ਤਾਮਿਲ 'ਚ ਬਣਾਈ ਗਈ ਸੀ।



ਸਾਲ 1957 ਵਿਚ ਖਿੱਚੀ ਮਧੂ ਬਾਲਾ ਦੀ ਤਸਵੀਰ।

'ਮੁਗ਼ਲ-ਏ-ਆਜ਼ਮ' ਦਾ ਸਭ ਤੋਂ ਮਸ਼ਹੂਰ ਸੀਨ ਸੀ- ਜਦੋਂ ਦਿਲੀਪ ਕੁਮਾਰ ਮਧੂਬਾਲਾ ਦੇ ਬੁੱਲਾਂ ਨੂੰ ਇੱਕ ਖੰਭ ਨਾਲ ਛੂਹਦੇ ਹਨ। ਸੁਭਾਸ਼ ਘਈ ਦਾ ਕਹਿਣਾ ਹੈ ਕਿ ਆਸਿਫ਼ ਨੇ ਇਸ ਸੀਨ ਨੂੰ 'ਬਹੁਤ ਹੀ ਸੰਵੇਦਨਸ਼ੀਲ ਢੰਗ ਨਾਲ ਫਿਲਮਾਇਆ ਸੀ। ਇਸ ਸੀਨ ਦਾ ਅਸਰ ਕਿਸੇ ਚੁੰਮਣ ਵਾਲੇ ਸੀਨ ਨਾਲੋਂ ਕਿਤੇ ਵਧੇਰੇ ਸੀ।" ਮਹੇਸ਼ ਭੱਟ ਦੀਆਂ ਨਜ਼ਰਾਂ 'ਚ 'ਇਹ ਭਾਰਤੀ ਸਿਨੇਮਾ ਦਾ ਸ਼ਾਇਦ ਸਭ ਤੋਂ ਕਾਮੁਕ ਸੀਨ ਸੀ'।

ਬਾਅਦ 'ਚ ਕੇ ਆਸਿਫ਼ ਦੀ ਪਤਨੀ ਸਿਤਾਰਾ ਦੇਵੀ ਨੇ ਇੰਟਰਵਿਊ 'ਚ ਕਿਹਾ ਸੀ, "ਮੁਗ਼ਲ-ਏ-ਆਜ਼ਮ ਦੇ ਸੈੱਟ 'ਤੇ ਤਣਾਅ ਸੀ ਕਿਉਂਕਿ ਦਿਲੀਪ ਕੁਮਾਰ ਅਤੇ ਮਧੂਬਾਲਾ ਵਿਚਾਲੇ ਗੱਲਬਾਤ ਬਿਲਕੁਲ ਬੰਦ ਸੀ। ਦੱਬੀਆਂ ਹੋਈਆਂ ਭਾਵਨਾਵਾਂ ਉਸ ਸਮੇਂ ਸਾਹਮਣੇ ਆ ਗਈਆਂ ਸਨ ਜਦੋਂ ਇੱਕ ਸੀਨ 'ਚ ਦਿਲੀਪ ਕੁਮਾਰ ਨੇ ਮਧੂਬਾਲਾ ਦੀ ਗੱਲ੍ਹ 'ਤੇ ਇੰਨੀ ਜ਼ੋਰ ਨਾਲ ਥੱਪੜ ਮਾਰਿਆ ਕਿ ਇਸ ਨੂੰ ਦੇਖ ਹਰ ਕੋਈ ਦੰਗ ਰਹਿ ਗਿਆ।" ਅਜੀਤ ਦਾ ਕਹਿਣਾ ਹੈ, "ਸਾਰੇ ਸੋਚਣ ਲੱਗ ਪਏ ਕਿ ਹੁਣ ਅੱਗੇ ਕੀ ਹੋਵੇਗਾ? ਕੀ ਮਧੂਬਾਲਾ ਸੈੱਟ ਤੋਂ ਚਲੀ ਜਾਵੇਗੀ? ਸ਼ੂਟਿੰਗ ਰੱਦ ਕਰ ਦਿੱਤੀ ਜਾਵੇਗੀ? ਇਸ ਤੋਂ ਪਹਿਲਾਂ ਕਿ ਮਧੂਬਾਲਾ ਕੁਝ ਕਹਿੰਦੀ, ਆਸਿਫ਼ ਉਹਨੂੰ ਕੋਨੇ 'ਚ ਲਿਜਾ ਕੇ ਬੋਲੇ- 'ਮੈਂ ਅੱਜ ਬਹੁਤ ਖੁਸ਼ ਹਾਂ, ਇਹ ਸਪਸ਼ਟ ਹੈ ਕਿ ਉਹ ਤੈਨੂੰ ਅੱਜ ਵੀ ਪਿਆਰ ਕਰਦਾ ਹੈ। ਇਹ ਕੰਮ ਕਰਨ ਦੀ ਹਿੰਮਤ ਸਿਰਫ ਪ੍ਰੇਮੀ ਹੀ ਕਰ ਸਕਦਾ ਹੈ।" ਉਂਝ, 'ਮੁਗ਼ਲ-ਏ-ਆਜ਼ਮ' ਵਿਚ ਇੰਨਾ ਵਧੀਆ ਕੰਮ ਕਰਨ ਦੇ ਬਾਵਜੂਦ ਉਸ ਸਾਲ ਦਾ ਸਰਵੋਤਮ ਅਦਾਕਾਰਾ ਦਾ ਪੁਰਸਕਾਰ ਮਧੂਬਾਲਾ ਦੀ ਥਾਂ 'ਤੇ 'ਘੁੰਘਟ' ਫਿਲਮ ਲਈ ਬੀਨਾ ਰਾਏ ਨੂੰ ਮਿਲਿਆ।

ਦਿਲੀਪ ਕੁਮਾਰ ਆਪਣੀ ਸਵੈ-ਜੀਵਨੀ 'ਦ ਸਬਸਟੈਂਸ ਐਂਡ ਦਿ ਸ਼ੈਡੋ' ਵਿਚ ਲਿਖਦੇ ਹਨ, "ਮੈਂ ਮਧੂਬਾਲਾ ਵੱਲ ਆਕਰਸ਼ਿਤ ਸੀ, ਕਲਾਕਾਰ ਵਜੋਂ ਵੀ ਅਤੇ ਔਰਤ ਵਜੋਂ ਵੀ। ਉਹ ਬਹੁਤ ਹੀ ਖੁਸ਼ਮਿਜ਼ਾਜ ਅਤੇ ਫੁਰਤੀਲੀ ਔਰਤ ਸੀ। ਉਹਨੂੰ ਮੇਰੇ ਵਰਗੇ ਸ਼ਰਮੀਲੇ ਅਤੇ ਅੰਤਰਮੁਖੀ ਬੰਦੇ ਨਾਲ ਗੱਲਬਾਤ ਕਰਨ 'ਚ ਕੋਈ ਦਿੱਕਤ ਨਹੀਂ ਹੁੰਦੀ ਸੀ।" ਪਰ ਮਧੂਬਾਲਾ ਦੇ ਪਿਤਾ ਅਤਾਉੱਲਾ ਖਾਨ ਕਾਰਨ ਇਹ ਪ੍ਰੇਮ ਕਹਾਣੀ ਸਿਰੇ ਨਾ ਚੜ੍ਹ ਸਕੀ। ਉਹਦਾ ਮੰਨਣਾ ਸੀ ਕਿ ਦਿਲੀਪ ਕੁਮਾਰ ਉਮਰ 'ਚ ਮਧੂਬਾਲਾ ਤੋਂ ਵੱਡੇ ਹਨ।

ਖਤੀਜਾ ਅਕਬਰ ਮਧੂਬਾਲਾ ਦੀ ਜੀਵਨੀ 'ਆਈ ਵਾਂਟ ਟੂ ਲਿਵ ਦਿ ਸਟੋਰੀ ਆਫ ਮਧੂਬਾਲਾ' 'ਚ ਲਿਖਦੇ ਹਨ, "ਦਿਲੀਪ ਕੁਮਾਰ ਅਤੇ ਅਤਾਉੱਲਾ ਖਾਨ ਦਰਮਿਆਨ ਮਤਭੇਦ 'ਨਯਾ ਦੌਰ' ਦੀ ਸ਼ੂਟਿੰਗ ਦੌਰਾਨ ਉਭਰੇ ਸਨ। ਇਸ ਫਿਲਮ 'ਚ ਬੀ.ਆਰ. ਚੋਪੜਾ ਨੇ ਪਹਿਲਾਂ ਮਧੂਬਾਲਾ ਨੂੰ ਬਤੌਰ ਹੀਰੋਇਨ ਲਿਆ ਸੀ ਪਰ ਜਦੋਂ ਚੋਪੜਾ ਨੇ ਫਿਲਮ ਦੀ ਆਊਟਡੋਰ ਸ਼ੂਟਿੰਗ ਦੀ ਯੋਜਨਾ ਬਣਾਈ ਤਾਂ ਅਤਾਉੱਲਾ ਖਾਨ ਨੇ ਇਸ 'ਤੇ ਇਤਰਾਜ਼ ਕੀਤਾ। ਚੋਪੜਾ ਨੇ ਨਾ ਸਿਰਫ ਮਧੂਬਾਲਾ ਦੀ ਥਾਂ 'ਤੇ ਵੈਜੰਤੀਮਾਲਾ ਨੂੰ ਇਸ ਫਿਲਮ ਲਈ ਸਾਈਨ ਕੀਤਾ ਸਗੋਂ ਨਾਲ ਹੀ ਇਕਰਾਰਨਾਮੇ ਦੀਆਂ ਸ਼ਰਤਾਂ ਤੋੜਨ ਲਈ ਉਸ 'ਤੇ ਕੇਸ ਵੀ ਕੀਤਾ।" ਬਾਅਦ 'ਚ ਦੋਵਾਂ ਵਿਚਾਲੇ ਸਮਝੌਤੇ ਤੋਂ ਬਾਅਦ ਕੇਸ ਵਾਪਸ ਲੈ ਲਿਆ ਗਿਆ।

ਮਧੂਬਾਲਾ ਦੀ ਛੋਟੀ ਭੈਣ ਮਧੁਰ ਭੂਸ਼ਣ ਦਾ ਕਹਿਣਾ ਹੈ, "ਦਿਲੀਪ ਸਾਹਿਬ ਨੇ ਕਿਹਾ, ਚਲੋ ਅਸੀਂ ਵਿਆਹ ਕਰ ਲੈਂਦੇ ਹਾਂ। ਇਸ 'ਤੇ ਮਧੂਬਾਲਾ ਨੇ ਕਿਹਾ, ਵਿਆਹ ਤਾਂ ਮੈਂ ਜ਼ਰੂਰ ਕਰਾਂਗੀ ਪਰ ਪਹਿਲਾਂ ਤੁਸੀਂ ਮੇਰੇ ਪਿਤਾ ਜੀ ਤੋਂ ਮੁਆਫੀ ਮੰਗ ਲਓ ਪਰ ਦਿਲੀਪ ਕੁਮਾਰ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਮੇਰੀ ਭੈਣ ਨੇ ਤਾਂ ਇੱਥੋਂ ਤੱਕ ਕਿਹਾ ਕਿ ਘਰ 'ਚ ਹੀ ਉਨ੍ਹਾਂ ਦੇ ਗਲੇ ਲੱਗ ਜਾਓ ਪਰ ਦਿਲੀਪ ਕੁਮਾਰ ਇਸ 'ਤੇ ਵੀ ਰਾਜ਼ੀ ਨਾ ਹੋਏ।"

ਅਨਿਲ ਬਿਸਵਾਸ ਅਨੁਸਾਰ, ਫਿਲਮ ਇੰਡਸਟਰੀ 'ਚ ਮਧੂਬਾਲਾ ਤੋਂ ਵੱਧ ਮਿੱਠਬੋਲੜੀ ਅਤੇ ਲੋਕਾਂ ਦੀ ਇੱਜ਼ਤ ਕਰਨ ਵਾਲੀ ਔਰਤ ਹੋਰ ਕੋਈ ਨਹੀਂ ਸੀ। ਮਸ਼ਹੂਰ ਪੱਤਰਕਾਰ ਬੀ.ਕੇ. ਕਰੰਜੀਆ ਲਿਖਦਾ ਹੈ, "ਮੈਨੂੰ ਯਾਦ ਹੈ, ਕਿਵੇਂ ਮਧੂਬਾਲਾ ਮੇਰੀ ਧੀ ਰਤਨ ਨਾਲ ਕਵੇਟਾ ਟੈਰੇਸ ਸਥਿਤ ਸਾਡੇ ਫਲੈਟ 'ਚ ਲੁਕਣਮੀਟੀ ਖੇਡਦੀ ਸੀ। ਇੱਕ ਵਾਰ ਮੇਰੀ ਧੀ ਨੇ ਮੇਡੋ ਸਟ੍ਰੀਟ 'ਤੇ ਕੁੱਬਾ ਦੇ ਕਰੀਮ ਬੰਨ ਖਾਣ ਦੀ ਇੱਛਾ ਪ੍ਰਗਟ ਕੀਤੀ। ਅਗਲੇ ਹੀ ਦਿਨ ਮਧੂਬਾਲਾ ਦਾ ਡਰਾਇਵਰ ਕਰੀਮ ਬੰਨ ਦਾ ਵੱਡਾ ਗਿਫਟਰੈਪ ਡੱਬਾ ਘਰ ਛੱਡ ਗਿਆ ਸੀ।"

ਜਦੋਂ ਦਿਲੀਪ ਕੁਮਾਰ ਸਾਇਰਾ ਬਾਨੋ ਨਾਲ ਵਿਆਹ ਕਰ ਰਹੇ ਸਨ ਤਾਂ ਮਧੂਬਾਲਾ ਨੇ ਉਹਨੂੰ ਸੁਨੇਹਾ ਭੇਜਿਆ ਕਿ ਉਹ ਮਿਲਣਾ ਚਾਹੁੰਦੀ ਹੈ। ਜਦੋਂ ਦਿਲੀਪ ਕੁਮਾਰ ਉਹਨੂੰ ਮਿਲਣ ਗਿਆ ਤਾਂ ਮਧੂਬਾਲਾ ਬਹੁਤ ਕਮਜ਼ੋਰ ਹੋ ਗਈ ਸੀ। ਉਹਨੇ ਬਹੁਤ ਹੌਲੀ ਜਿਹੇ ਕਿਹਾ, "ਸਾਡੇ ਰਾਜਕੁਮਾਰ ਨੂੰ ਉਹਦੀ ਰਾਜਕੁਮਾਰੀ ਮਿਲ ਗਈ। ਮੈਂ ਬਹੁਤ ਖੁਸ਼ ਹਾਂ।"

ਜਦੋਂ ਮਧੂਬਾਲਾ ਬ੍ਰੀਚ ਕੈਂਡੀ ਹਸਪਤਾਲ 'ਚ ਆਖਰੀ ਸਾਹ ਲੈ ਰਹੀ ਸੀ ਤਾਂ ਬੀ.ਕੇ. ਕਰੰਜੀਆ ਉਹਨੂੰ ਮਿਲਣ ਵਾਲੇ ਸ਼ਾਇਦ ਆਖਰੀ ਸ਼ਖਸ ਸਨ। ਕਰੰਜੀਆ ਲਿਖਦੇ ਹਨ, "ਨੱਕ 'ਚ ਆਕਸੀਜਨ ਟਿਊਬ ਅਤੇ ਸਾਹ ਲੈਣ ਲਈ ਸੰਘਰਸ਼ ਕਰਦੀ ਮਧੂਬਾਲਾ ਉਸ ਸਮੇਂ ਵੀ ਖੂਬਸੂਰਤ ਲੱਗ ਰਹੀ ਸੀ। ਮੈਨੂੰ ਦੇਖਦਿਆਂ ਹੀ ਉਹ ਮੁਸਕਰਾਈ। ਮੈਂ ਉਹਦਾ ਹੱਥ ਆਪਣੇ ਹੱਥਾਂ 'ਚ ਲਿਆ ਅਤੇ ਅਸੀਂ ਚੁੱਪ-ਚਾਪ ਇੱਕ ਦੂਜੇ ਦੀਆਂ ਅੱਖਾਂ 'ਚ ਦੇਖਦੇ ਰਹੇ।" ਨਰਸ ਨੇ ਉਨ੍ਹਾਂ ਕੋਲ ਬੈਠਣ ਲਈ ਮੈਨੂੰ ਸਿਰਫ 5 ਮਿੰਟ ਦਿੱਤੇ ਪਰ ਮਧੂਬਾਲਾ ਨੇ ਮੇਰਾ ਹੱਥ ਹੀ ਨਾ ਛੱਡਿਆ। ਉਹਦੀਆਂ ਅੱਖਾਂ ਭਰ ਆਈਆਂ ਸਨ। ਮੈਂ ਹੌਲੀ ਜਿਹੀ ਆਪਣਾ ਹੱਥ ਛੁਡਾਇਆ ਅਤੇ ਦੋਵੇਂ ਹੱਥਾਂ ਨਾਲ ਉਹਦਾ ਹੱਥ ਫੜ ਲਿਆ। ਫਿਰ ਝੁਕਿਆ ਅਤੇ ਉਹਦੇ ਠੰਢਾ ਅਤੇ ਗਿੱਲਾ ਮੱਥਾ ਚੁੰਮਿਆ। ਮੇਰੀਆਂ ਅੱਖਾਂ ਵੀ ਭਰ ਆਈਆਂ ਅਤੇ ਮੈਂ ਇੰਦਰਮ ਕਮਰੇ 'ਚੋਂ ਬਾਹਰ ਚਲਾ ਗਿਆ। ਨਰਸ ਨੇ ਹੌਲੀ ਜਿਹੀ ਮਧੂਬਾਲਾ ਦੇ ਕਮਰੇ ਦਾ ਦਰਵਾਜ਼ਾ ਬੰਦ ਕੀਤਾ ਅਤੇ ਮੇਰੇ ਮੋਢੇ 'ਤੇ ਹੱਥ ਰੱਖ ਕੇ ਕਿਹਾ- 'ਦੁਆ ਕਰੋ'।"

ਅਗਲੇ ਦਿਨ 23 ਫਰਵਰੀ 1969, ਆਪਣੇ 36ਵੇਂ ਜਨਮ ਦਿਨ ਤੋਂ 9ਵੇਂ ਦਿਨ ਮਧੂਬਾਲਾ ਨੇ ਇਸ ਦੁਨੀਆ ਨੂੰ ਅਲਵਿਦਾ ਕਹਿ ਦਿੱਤਾ। ਉਸ ਦਿਨ ਦਿਲੀਪ ਕੁਮਾਰ ਮਦਰਾਸ ਵਿਚ ਸ਼ੂਟਿੰਗ ਕਰ ਰਿਹਾ ਸੀ। ਜਦੋਂ ਤੱਕ ਉਹ ਮੁੰਬਈ ਪੁੱਜਦਾ, ਮਧੂਬਾਲਾ ਨੂੰ ਦਫ਼ਨਾ ਦਿੱਤਾ ਗਿਆ ਸੀ। ਉਹ ਹਵਾਈ ਅੱਡੇ ਤੋਂ ਸਿੱਧਾ ਕਬਰਿਸਤਾਨ ਗਿਆ ਅਤੇ ਕਬਰ 'ਤੇ ਇੱਕ ਫੁੱਲ ਰੱਖ ਕੇ ਸ਼ਰਧਾਂਜਲੀ ਦਿੱਤੀ।





ਉਮਦਾ ਅਤੇ ਖੂਬਸੂਰਤ ਅਦਾਕਾਰਾ ਮਧੂ ਬਾਲਾ ਦੀਆਂ ਕੁਝ ਦਿਲਕਸ਼ ਤਸਵੀਰਾਂ।

# ਪਾਪੂਆ ਨਿਊ ਗਿੰਨੀ ਦੇ ਪ੍ਰਧਾਨ ਮੰਤਰੀ ਜੇਮਸ ਮਾਰਪੇ ਵਲੋਂ ਪ੍ਰੇਰਿਤ ਅੰਕੁਰ ਨਰੂਲਾ ਦਾ ਸਨਮਾਨ








ਪਾਪੂਆ ਨਿਊ ਗਿੰਨੀ (PNG) ਦੇ ਪ੍ਰਧਾਨ ਮੰਤਰੀ ਜੇਮਸ ਮਾਰਪੇ ਅਤੇ ਉਨ੍ਹਾਂ ਦੀ ਪਤਨੀ ਰਾਚੇਲ ਮਾਰਪੇ ਦੇ ਸੱਦੇ 'ਤੇ, ਪ੍ਰੇਰਿਤ ਅੰਕੁਰ ਯੂਸੁਫ਼ ਨਰੂਲਾ ਅਤੇ ਪਾਸਟਰ ਸੋਨੀਆ ਨਰੂਲਾ ਨੇ ਪ੍ਰਧਾਨ ਮੰਤਰੀ ਦਫ਼ਤਰ ਵਿਖੇ ਉਨ੍ਹਾਂ ਨਾਲ ਮੁਲਾਕਾਤ ਕੀਤੀ। ਇਸ ਮੌਕੇ ਸਮੁੱਚੇ ਪ੍ਰਧਾਨ ਮੰਤਰੀ ਦਫ਼ਤਰ ਨੇ ਅੰਕੁਰ ਨਰੂਲਾ ਦਾ ਨਿੱਘਾ ਸਵਾਗਤ ਕੀਤਾ ਅਤੇ ਪ੍ਰਧਾਨ ਮੰਤਰੀ ਜੇਮਸ ਮਾਰਪੇ ਨੇ ਉਨ੍ਹਾਂ ਨੂੰ 'THE APOSTLE OF PEACE' ਪੁਰਸਕਾਰ ਦਿੱਤਾ। ਸਨਮਾਨ ਮੌਕੇ ਕਿਹਾ ਗਿਆ, "ਇਹ ਸਨਮਾਨ ਤੁਹਾਨੂੰ ਲੋਕਾਂ ਵਿਚ ਪਿਆਰ, ਸਦਭਾਵਨਾ ਅਤੇ ਸ਼ਾਂਤੀ ਦੇ ਪ੍ਰਚਾਰ ਲਈ ਦਿੱਤਾ ਜਾ ਰਿਹਾ ਹੈ।"

ਮਾਣਯੋਗ ਪ੍ਰਧਾਨ ਮੰਤਰੀ ਜੇਮਸ ਮਾਰਪੇ ਨੇ ਪਾਸਟਰ ਨਰੂਲਾ ਜੀ ਦੇ ਕੰਮ ਦੀ ਪ੍ਰਸ਼ੰਸਾ ਕੀਤੀ ਅਤੇ ਭਾਰਤ ਅਤੇ ਪੀ.ਐਨ.ਜੀ. ਦੇ ਵਧਦੇ ਸਬੰਧਾਂ ਨੂੰ ਉਜਾਗਰ ਕੀਤਾ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵੀ ਪ੍ਰਸ਼ੰਸਾ ਕੀਤੀ। ਮਾਣਯੋਗ ਪ੍ਰਧਾਨ ਮੰਤਰੀ ਨਾਲ ਡਾਨ ਪੋਲੀ ਜੋ ਉਚੇਰੀ ਸਿੱਖਿਆ, ਖੋਜ, ਵਿਗਿਆਨ ਅਤੇ ਤਕਨਾਲੋਜੀ ਮੰਤਰੀ ਹਨ, ਨੇ ਅੰਕੁਰ ਯੂਸੁਫ਼ ਨਰੂਲਾ ਨੂੰ ਪੁਰਸਕਾਰ ਸੌਂਪਿਆ। ਇਸ ਮੌਕੇ ਪਾਸਟਰ ਸੋਨੀਆ ਨਰੂਲਾ ਜੀ ਭਾਰਤ ਤੋਂ ਆਏ ਅਤੇ ਸਰ ਡਾ. ਬਰਨਾਰਡ ਮਲਿਕ, ਪੀ.ਐਨ.ਜੀ. ਪ੍ਰਧਾਨ ਮੰਤਰੀ ਦੇ ਵਿਸ਼ੇਸ਼ ਦੂਤ ਪੁਰਸਕਾਰ ਸਮਾਰੋਹ ਦੇ ਗਵਾਹ ਬਣੇ।

ਇਸ ਮੌਕੇ ਅੰਕੁਰ ਨਰੂਲਾ ਜੀ ਨੇ ਗਵਾਹੀ ਦਿੱਤੀ ਕਿ ਉਹ ਮਸੀਹ ਵਿਚ ਕਿਵੇਂ ਆਏ। ਉਨ੍ਹਾਂ ਦੀ ਗਵਾਹੀ ਸੁਣ ਕੇ ਪ੍ਰਧਾਨ ਮੰਤਰੀ ਭਾਵੁਕ ਹੋ ਗਏ ਅਤੇ ਉਨ੍ਹਾਂ ਦੀਆਂ ਅੱਖਾਂ ਖੁਸ਼ੀ ਦੇ ਹੰਝੂਆਂ ਨਾਲ ਭਰ ਗਈਆਂ। ਇਸ ਮੌਕੇ ਪ੍ਰੇਰਿਤ ਜੀ ਨੇ ਭਾਰਤ ਵਿਚ ਪ੍ਰਭੂ ਯਿਸੂ ਮਸੀਹ ਦੇ ਪ੍ਰਚਾਰ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਪ੍ਰੇਰਿਤ ਅੰਕੁਰ ਨਰੂਲਾ ਜੀ ਭਾਰਤ ਦੀਆਂ ਸਭ ਵੱਡੀਆਂ ਚਰਚਾਂ ਦੇ ਪਾਸਟਰਾਂ ਵਿਚੋਂ ਇੱਕ ਹਨ। ਇਸ ਸਨਮਾਨ ਲਈ ਸਮੂਹ ਇਸਾਈ ਭਾਈਚਾਰੇ ਅਤੇ ਦੁਨੀਆ ਭਰ ਵਿਚ ਵਸਦੇ ਪੰਜਾਬੀਆਂ ਨੂੰ ਵਧਾਈ ਦਿੱਤੀ ਗਈ। ਇਸ ਪ੍ਰੇਰਿਤ ਅੰਕੁਰ ਯੂਸੁਫ਼ ਨਰੂਲਾ ਜੀ ਅਤੇ ਪਾਸਟਰ ਸੋਨੀਆ ਨਰੂਲਾ ਜੀ ਵੱਲੋਂ ਪ੍ਰਧਾਨ ਮੰਤਰੀ ਨੂੰ ਚਰਚ ਦੇ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ।

**ਵਲੋਂ : ਅੰਕੁਰ ਨਰੂਲਾ ; ਫੋਨ: +91 181-5207777**